ਰਜਿਸਟਰਡ ਪੋਸਟਲ ਰਜਿ: ਨੰ. Pb/PTA(0274)/2024-26,
ਸਾਲ (Year) 57
ਅੰਕ ਨੰਬਰ (Volume No.) 280
ਫ਼ੋਨ: +91- 92168-07500
E-mail: news@charhdikala.com
www.charhdikala.com

ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬਤ ਦਾ ਭਲਾ

# ਚੜ੍ਹਦੀਕਲਾ ***

DAILY CHARHDIKALA, PATIALA

ਬਾਨੀ : (ਸਵ.) ਗਿ. ਹਰਨਾਮ ਸਿੰਘ ਜੀ | ਮੁੱਖ ਸੰਪਾਦਕ : ਡਾ. ਜਗਜੀਤ ਸਿੰਘ ਦਰਦੀ | ਸੰਪਾਦਕ : ਹਰਪ੍ਰੀਤ ਸਿੰਘ ਦਰਦੀ

ਕੁੱਲ ਪੰਨੇ: 12 (Friday, 10 October, 2025) ਸ਼ੁੱਕਰਵਾਰ, 10 ਅਕਤੂਬਰ, 2025, 25 ਅੱਸੂ , ਨਾਨਕਸ਼ਾਹੀ ਸੰਮਤ 557, ਬਿਕ੍ਰਮੀ 2082/ PRGI (RNI) Regd. No. 22972/1972/ ਮੁੱਲ: 2 ਰੁਪਏ

## ਪੰਜਾਬ ਕੈਬਨਿਟ ਦੀ ਮੀਟਿੰਗ 13 ਨੂੰ

ਚੰਡੀਗੜ੍ਹ, 9 ਅਕਤੂਬਰ (ਚੜ੍ਹਦੀਕਲਾ ਬਿਊਰੋ) : ਮੁੱਖ ਮੰਤਰੀ ਭਗਵੰਤ ਮਾਨ ਨੇ 13 ਅਕਤੂਬਰ ਨੂੰ ਕੈਬਨਿਟ ਦੀ ਮੀਟਿੰਗ ਸੱਦੀ ਹੈ। ਇਹ ਮੀਟਿੰਗ ਮਾਨ ਦੀ ਅਗਵਾਈ ਹੇਠ ਚੰਡੀਗੜ੍ਹ ਵਿੱਚ ਹੋਵੇਗੀ। ਸੂਬੇ ਵਿੱਚ ਆਏ ਹੜ੍ਹਾਂ ਤੋਂ ਬਾਅਦ ਸਰਕਾਰ ਹੁਣ ਮੁੜ ਵਸੇਬੇ 'ਤੇ ਧਿਆਨ ਕੇਂਦਰਿਤ ਕਰ ਰਹੀ ਹੈ।

ਇਸ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਪੁਰਬ ਸਮਾਗਮਾਂ ਸੰਬੰਧੀ ਵੱਡੇ ਫੈਸਲੇ ਵੀ ਸ਼ਾਮਲ ਹੋਣਗੇ। ਹਾਲਾਂ ਕਿ ਇਸ ਮੀਟਿੰਗ ਦਾ ਏਜੰਡਾ ਬਾਅਦ ਵਿੱਚ ਜਾਰੀ ਕੀਤਾ ਜਾਵੇਗਾ। ਸੂਤਰਾਂ ਦਾ ਕਹਿਣਾ ਹੈ ਕਿ ਮੀਟਿੰਗ ਵਿੱਚ ਸ੍ਰੀ ਅਨੰਦਪੁਰ ਸਾਹਿਬ ਵਿੱਚ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਬੁਲਾਉਣ ਦੀ ਆਗਿਆ ਦੇਣ 'ਤੇ ਵੀ ਵਿਚਾਰ ਕੀਤਾ ਜਾ ਸਕਦਾ ਹੈ।




## ਭਾਰਤ-ਬਰਤਾਨੀਆ ਨੇ ਕੁਦਰਤੀ ਭਾਈਵਾਲ: ਮੋਦੀ

### ਯੂ.ਕੇ. 'ਚ ਤੁਹਾਡੀ ਮੇਜ਼ਬਾਨੀ ਕਰਨਾ, ਮੇਰੇ ਲਈ ਸਨਮਾਨ ਦੀ ਗੱਲ ਸੀ: ਸਟਾਰਮਰ

ਚੜ੍ਹਦੀਕਲਾ ਬਿਊਰੋ
================

ਮੁੰਬਈ, 9 ਅਕਤੂਬਰ: ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦੇਸ਼ ਦੀ ਵਿੱਤੀ ਰਾਜਧਾਨੀ ਵਿਚ ਬਰਤਾਨੀਆ ਦੇ ਪ੍ਰਧਾਨ ਮੰਤਰੀ ਕੀਰ ਸਟਾਰਮਰ ਨਾਲ ਮੁਲਾਕਾਤ ਕੀਤੀ। ਬਰਤਾਨੀਆ ਦੇ ਪ੍ਰਧਾਨ ਮੰਤਰੀ ਆਪਣੀ ਪਹਿਲੀ ਸਰਕਾਰੀ ਫੇਰੀ 'ਤੇ ਭਾਰਤ ਵਿਚ ਹਨ। ਦੋਵਾਂ ਆਗੂਆਂ ਨੇ ਹੱਥ ਮਿਲਾਏ ਅਤੇ ਖੁਸ਼ੀ ਦਾ ਆਦਾਨ-ਪ੍ਰਦਾਨ ਕੀਤਾ। ਸਟਾਰਮਰ ਨੇ ਮੁੰਬਈ ਵਿਚ ਵਿਆਪਕ ਗੱਲਬਾਤ ਦੀ ਇਕ ਲੜੀ ਆਯੋਜਤ ਕੀਤੀ। ਬਰਤਾਨੀਆ ਦੇ ਪ੍ਰਧਾਨ ਮੰਤਰੀ ਕੀਰ ਸਟਾਰਮਰ ਨਾਲ ਇਕ ਸਾਂਝੇ ਬਿਆਨ ਵਿਚ, ਪ੍ਰਧਾਨ ਮੰਤਰੀ ਮੋਦੀ ਨੇ ਕਿਹਾ,'ਪ੍ਰਧਾਨ ਮੰਤਰੀ ਸਟਾਰਮਰ ਦੀ ਅਗਵਾਈ ਵਿਚ, ਭਾਰਤ ਅਤੇ ਬਰਤਾਨੀਆ ਦੇ ਸਬੰਧਾਂ ਵਿਚ ਮਹੱਤਵਪੂਰਨ ਪ੍ਰਗਤੀ ਹੋਈ ਹੈ। ਇਸ ਜੁਲਾਈ ਵਿਚ, ਮੇਰੀ ਬਰਤਾਨੀਆ ਫੇਰੀ ਦੌਰਾਨ, ਅਸੀਂ ਇਤਿਹਾਸਕ ਵਿਆਪਕ ਆਰਥਿਕ ਅਤੇ ਵਪਾਰ ਸਮਝੌਤੇ (ਸੀ.ਈ.ਟੀ.ਏ.) 'ਤੇ ਦਸਤਖ਼ਤ ਕੀਤੇ ਸਨ।' ਪ੍ਰਧਾਨ ਮੰਤਰੀ ਨੇ ਕਿਹਾ, 'ਭਾਰਤ ਅਤੇ ਬਰਤਾਨੀਆ ਕੁਦਰਤੀ ਭਾਈਵਾਲ ਹਨ। ਲੋਕਤੰਤਰ, ਆਜ਼ਾਦੀ ਅਤੇ ਕਾਨੂੰਨ ਦੇ ਰਾਜ ਵਰਗੀਆਂ ਕਦਰਾਂ-ਕੀਮਤਾਂ ਵਿਚ ਆਪਸੀ ਵਿਸ਼ਵਾਸ ਸਾਡੇ ਸਬੰਧਾਂ ਦੀ ਨੀਂਹ ਵਿਚ ਹੈ। ਵਿਸ਼ਵ-ਵਿਆਪੀ ਅਸਥਿਰਤਾ ਦੇ (ਬਾਕੀ ਸਫਾ 2 'ਤੇ)



## ਬਾਲੀਵੁੱਡ ਨੂੰ ਉਤਸ਼ਾਹਿਤ ਕਰੇਗਾ ਯੂਕੇ; ਭਾਰਤ 'ਚ ਕੈਂਪਸਾਂ ਅਤੇ ਫ਼ੌਜੀ ਸਹਿਯੋਗ ਦਾ ਐਲਾਨ

ਚੜ੍ਹਦੀਕਲਾ ਬਿਊਰੋ
================

ਨਵੀਂ ਦਿੱਲੀ, 9 ਅਕਤੂਬਰ :ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਉਨ੍ਹਾਂ ਦੇ ਬਰਤਾਨਵੀ ਹਮਰੁਤਬਾ ਕੀਰ ਸਟਾਰਮਰ ਨੇ ਮੁੰਬਈ ਵਿੱਚ ਵਿਸ਼ੇਸ਼ ਮੁੱਦਿਆਂ 'ਤੇ ਕੇਂਦਰਿਤ ਦੁਵੱਲੀ ਮੀਟਿੰਗ ਕੀਤੀ। ਇਹ ਜੁਲਾਈ ਵਿੱਚ ਦੋਵਾਂ ਧਿਰਾਂ ਵੱਲੋਂ ਮੁਕਤ ਵਪਾਰ ਸਮਝੌਤੇ 'ਤੇ ਹਸਤਾਖਰ ਕਰਨ ਤੋਂ ਬਾਅਦ ਉਨ੍ਹਾਂ ਦੀ ਪਹਿਲੀ ਮੁਲਾਕਾਤ ਸੀ।

ਭਾਰਤ ਅਤੇ ਯੂਕੇ ਨੇ ਵੀਰਵਾਰ ਨੂੰ ਵਿਸ਼ੇਸ਼ ਖਣਿਜਾਂ ਵਿੱਚ ਵਿਆਪਕ ਸਹਿਯੋਗ ਦਾ ਐਲਾਨ ਕੀਤਾ, ਜਿਸ ਵਿੱਚ ਫ਼ੌਜੀ ਉਪਕਰਨਾਂ ਦਾ ਸਹਿ-ਵਿਕਾਸ ਅਤੇ ਭਾਰਤ ਵਿੱਚ ਯੂਕੇ-ਅਧਾਰਤ ਯੂਨੀਵਰਸਿਟੀਆਂ ਦੇ ਹੋਰ ਕੈਂਪਸ ਖੋਲ੍ਹਣੇ ਸ਼ਾਮਲ ਹਨ।

ਬ੍ਰਿਟਿਸ਼ ਪ੍ਰਧਾਨ ਮੰਤਰੀ ਨੇ ਯੂ.ਕੇ. ਵਿੱਚ ਹੋਰ ਬਾਲੀਵੁੱਡ ਫ਼ਿਲਮਾਂ ਬਣਾਉਣ ਲਈ ਇੱਕ ਸੌਦੇ ਦਾ ਐਲਾਨ ਕੀਤਾ। ਮੀਟਿੰਗ ਤੋਂ ਬਾਅਦ ਸਟਾਰਮਰ ਨਾਲ ਇੱਕ ਸਾਂਝੇ ਪ੍ਰੈਸ ਬਿਆਨ ਵਿੱਚ ਮੋਦੀ ਨੇ ਕਿਹਾ ਕਿ ਭਾਰਤ ਅਤੇ ਯੂ.ਕੇ. ਵਿਚਕਾਰ ਤਕਨਾਲੋਜੀ ਭਾਈਵਾਲੀ ਵਿੱਚ ਬੇਅੰਤ ਸਮਰੱਥਾ ਹੈ।ਮੋਦੀ ਨੇ ਕਿਹਾ, (ਬਾਕੀ ਸਫਾ 2 'ਤੇ)

### ਪੰਜਾਬ 'ਚ 3100 ਤੋਂ ਵੱਧ ਅਤਿ-ਆਧੁਨਿਕ ਸਟੇਡੀਅਮਾਂ ਦੇ ਨਿਰਮਾਣ ਪ੍ਰਾਜੈਕਟ ਦੀ ਸ਼ੁਰੂਆਤ

## ਸਟੇਡੀਅਮ ਨੌਜਵਾਨਾਂ ਨੂੰ ਨਸ਼ਿਆਂ ਦੀ ਲਤ ਤੋਂ ਦੂਰ ਰੱਖਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਣਗੇ: ਮਾਨ

### ਪੰਜਾਬ ਸਰਕਾਰ ਸਨਅਤੀ ਖੇਤਰ ਰਾਹੀਂ 4 ਲੱਖ ਨੌਕਰੀਆਂ ਦੇਵੇਗੀ: ਕੇਜਰੀਵਾਲ

ਜਗਸੀਰ ਭੁੱਲਰ
================

ਕਾਲਝਰਾਨੀ (ਬਠਿੰਡਾ), 9 ਅਕਤੂਬਰ : ਸੂਬੇ ਵਿੱਚ ਖੇਡ ਸੱਭਿਆਚਾਰ ਨੂੰ ਪ੍ਰਫੁੱਲਿਤ ਕਰ ਕੇ ਨਸ਼ਿਆਂ ਵਿਰੁੱਧ ਜੰਗ ਨੂੰ ਸਿਖ਼ਰ ਉੱਤੇ ਲੈ ਜਾਣ ਲਈ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਆਮ ਆਦਮੀ ਪਾਰਟੀ (ਆਪ) ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਅੱਜ 1194 ਕਰੋੜ ਰੁਪਏ ਦੀ ਲਾਗਤ ਨਾਲ ਸੂਬੇ ਭਰ ਵਿੱਚ 3100 ਤੋਂ ਵੱਧ ਅਤਿ-ਆਧੁਨਿਕ ਸਟੇਡੀਅਮ ਬਣਾਉਣ ਦੀ ਇਕ ਵੱਡ-ਆਕਾਰੀ ਯੋਜਨਾ ਦੀ ਸ਼ੁਰੂਆਤ ਕੀਤੀ।




ਇੱਥੇ ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪਹਿਲਾਂ ਖੇਡਾਂ ਦੇ ਖੇਤਰਾਂ ਵਿੱਚ ਬੁਨਿਆਦੀ ਢਾਂਚਾ ਨਿਗੂਣਾ ਸੀ ਪਰ ਹੁਣ ਆਧੁਨਿਕ ਖੇਡ ਮੈਦਾਨ ਬਣਾਏ ਜਾਣਗੇ। ਉਨ੍ਹਾਂ ਕਿਹਾ ਕਿ ਪੰਜਾਬ ਨੇ ਖੇਡਾਂ ਦੇ ਖ਼ੇਤਰ ਵਿੱਚ ਵੱਡਾ ਯੋਗਦਾਨ ਪਾਇਆ ਹੈ ਅਤੇ ਜਦੋਂ ਵੀ ਅੰਤਰਰਾਸ਼ਟਰੀ ਮੁਕਾਬਲਿਆਂ ਵਿੱਚ ਦੇਸ਼ ਦਾ ਝੰਡਾ ਲਹਿਰਾਇਆ ਜਾਂਦਾ ਹੈ ਤਾਂ ਇਹ ਸਾਰਿਆਂ ਲਈ ਮਾਣ ਵਾਲੀ ਗੱਲ ਹੁੰਦੀ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਬਹੁਤ ਮਾਣ ਅਤੇ ਸੰਤੁਸ਼ਟੀ ਦੀ ਗੱਲ ਹੈ ਕਿ ਚਾਰ ਕੌਮੀ ਟੀਮਾਂ ਦੀ ਕਪਤਾਨੀ ਪੰਜਾਬੀਆਂ ਵੱਲੋਂ ਕੀਤੀ ਜਾ ਰਹੀ ਹੈ, ਜਿਨ੍ਹਾਂ ਵਿੱਚ ਹਰਮਨਪ੍ਰੀਤ ਕੌਰ, ਸ਼ੁਭਮਨ ਗਿੱਲ ਅਤੇ ਹਰਮਨਪ੍ਰੀਤ ਸਿੰਘ ਸ਼ਾਮਲ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਅੱਜ ਨੌਂ ਪੰਜਾਬੀ ਖਿਡਾਰੀ ਕੌਮੀ ਹਾਕੀ ਟੀਮ ਦੇ ਮੈਂਬਰ ਹਨ, ਜੋ ਦਰਸਾਉਂਦਾ ਹੈ ਕਿ ਸੂਬਾ ਖੇਡਾਂ ਦੇ ਖੇਤਰ ਵਿੱਚ ਕਿਵੇਂ ਸ਼ਾਨਦਾਰ ਪ੍ਰਦਰਸ਼ਨ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੇ ਪੰਜਾਬ ਵਿੱਚ ਵਿਸ਼ਾਲ ਖੇਡ ਬੁਨਿਆਦੀ ਢਾਂਚਾ ਬਣਾਇਆ ਹੈ, ਜਿਸ ਕਾਰਨ ਇੱਕੋ ਪਰਿਵਾਰ ਦੀਆਂ ਤਿੰਨ ਪੀੜ੍ਹੀਆਂ ਹੁਣ 'ਖੇਡਾਂ ਵਤਨ ਪੰਜਾਬ ਦੀਆਂ' ਵਿੱਚ ਖੇਡਦੀਆਂ ਨਜ਼ਰ ਆ ਰਹੀਆਂ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਅੰਤਰਰਾਸ਼ਟਰੀ ਖੇਡਾਂ ਵਿੱਚ ਸੋਨ ਤਮਗ਼ਾ ਜੇਤੂਆਂ ਨੂੰ ਇਕ ਕਰੋੜ ਰੁਪਏ, ਚਾਂਦੀ ਤਮਗ਼ਾ ਜੇਤੂਆਂ ਨੂੰ 75 ਲੱਖ ਰੁਪਏ ਅਤੇ ਕਾਂਸੀ ਤਮਗ਼ਾ ਜੇਤੂਆਂ ਨੂੰ 50 ਲੱਖ ਰੁਪਏ ਦਿੰਦੀ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਇਸ ਦਾ ਉਦੇਸ਼ ਖਿਡਾਰੀਆਂ ਨੂੰ ਉਤਸ਼ਾਹਿਤ ਕਰਨਾ ਹੈ ਅਤੇ ਹੁਣ ਖਿਡਾਰੀਆਂ ਨੂੰ ਤੁਰੰਤ ਇਨਾਮ ਦਿੱਤੇ ਜਾਂਦੇ ਹਨ। ਇਕ ਮਿਸਾਲ ਦਿੰਦੇ ਹੋਏ ਉਨ੍ਹਾਂ ਕਿਹਾ ਕਿ ਭਾਰਤੀ ਹਾਕੀ ਟੀਮ ਦੇ ਹਰੇਕ ਪੰਜਾਬੀ ਖਿਡਾਰੀ ਨੂੰ ਤਮਗੇ ਜਿੱਤਣ ਉੱਤੇ ਇਕ-ਇਕ ਕਰੋੜ ਰੁਪਏ ਦਿੱਤੇ ਗਏ ਸਨ ਤਾਂ ਜੋ ਹੋਰ ਨੌਜਵਾਨ ਤਮਗੇ ਜਿੱਤਣ ਦੇ ਆਪਣੇ ਸੁਪਨਿਆਂ ਨੂੰ ਪੂਰਾ ਕਰਨ ਲਈ ਪ੍ਰੇਰਿਤ ਹੋ ਸਕਣ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪਹਿਲਾਂ ਖਿਡਾਰੀਆਂ ਨੂੰ ਪੈਸਿਆਂ ਲਈ ਲੰਮਾ ਸਮਾਂ ਇੰਤਜ਼ਾਰ ਕਰਨਾ ਪੈਂਦਾ ਸੀ ਪਰ ਹੁਣ ਨਕਦ ਇਨਾਮ ਤੁਰੰਤ ਦਿੱਤੇ ਜਾ ਰਹੇ ਹਨ।

ਬਾਦਲ ਪਰਿਵਾਰ ਦੀ ਆਲੋਚਨਾ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਨੇ ਲੰਬੇ ਸਮੇਂ ਤੱਕ ਸੱਤਾ ਦਾ ਆਨੰਦ ਮਾਣਿਆ ਅਤੇ ਆਪਣੇ ਕੁਸ਼ਾਸਨ ਦੌਰਾਨ ਉਹ ਫ਼ਿਲਮੀ ਸਿਤਾਰਿਆਂ 'ਤੇ ਪੈਸਾ ਲੁਟਾਉਂਦੇ ਸਨ। ਉਨ੍ਹਾਂ ਕਿਹਾ ਕਿ ਪਹਿਲਾਂ ਖੇਡ ਮੰਤਰੀਆਂ ਨੂੰ ਖੇਡਾਂ ਦੀ ਕੋਈ ਸਮਝ ਨਹੀਂ ਸੀ, ਰਾਜਨੀਤਿਕ ਆਗੂਆਂ ਦਾ ਖੇਡ ਐਸੋਸੀਏਸ਼ਨਾਂ 'ਤੇ ਕੰਟਰੋਲ ਸੀ ਅਤੇ ਉਹ ਸਰਕਾਰੀ ਖ਼ਰਚੇ 'ਤੇ ਸੁੱਖ ਸਹੂਲਤਾਂ ਦਾ ਆਨੰਦ ਮਾਣਦੇ ਸਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਨੇ 300 ਕੋਚ ਨਿਯੁਕਤ ਕੀਤੇ ਹਨ ਅਤੇ ਅੰਤਰਰਾਸ਼ਟਰੀ ਮੁਕਾਬਲਿਆਂ ਦੀ ਤਿਆਰੀ ਕਰਨ ਵਾਲੇ ਖਿਡਾਰੀਆਂ ਨੂੰ ਅੱਠ ਲੱਖ ਰੁਪਏ ਦਿੱਤੇ ਜਾਂਦੇ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਸਾਡੇ ਬੱਚਿਆਂ ਵਿੱਚ ਹੁਨਰ ਦੀ ਕੋਈ ਘਾਟ ਨਹੀਂ ਹੈ, ਜਿਸ ਕਾਰਨ ਸੂਬਾ ਸਰਕਾਰ ਭਵਿੱਖ ਵਿੱਚ (ਬਾਕੀ ਸਫਾ 2 'ਤੇ)

## ਹਿਮਾਚਲ 'ਵਰਸਿਟੀ 'ਚ ਏ.ਬੀ.ਵੀ.ਪੀ. ਤੇ ਐਸ.ਐਫ.ਆਈ. ਮੈਂਬਰਾਂ ਵਿਚਾਲੇ ਹਿੰਸਕ ਝੜਪ

ਸ਼ਿਮਲਾ, 9 ਅਕਤੂਬਰ (ਚੜ੍ਹਦੀਕਲਾ ਬਿਊਰੋ) : ਅੱਜ ਸਵੇਰੇ ਹਿਮਾਚਲ ਪ੍ਰਦੇਸ਼ ਯੂਨੀਵਰਸਿਟੀ (ਐਚ.ਪੀ.ਯੂ.) ਵਿੱਚ ਦੋ ਵਿਦਿਆਰਥੀ ਸੰਗਠਨਾਂ, ਸਟੂਡੈਂਟ ਫੈਡਰੇਸ਼ਨ ਆਫ਼ ਇੰਡੀਆ (ਐਸ.ਐਫ਼.ਆਈ.) ਅਤੇ ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ (ਏ.ਬੀ.ਵੀ.ਪੀ.) ਦੇ ਕਾਰਕੁੰਨਾਂ ਵਿਚਕਾਰ ਖ਼ੂਨੀ ਝੜਪ ਹੋ ਗਈ। ਦੋਵਾਂ ਸੰਗਠਨਾਂ ਦੇ 6 ਤੋਂ ਵੱਧ ਕਾਰਕੁੰਨ ਜ਼ਖ਼ਮੀ ਹੋ ਗਏ। ਇਹ ਝੜਪ ਸਮਰਹਿਲ ਚੌਕ ਵਿਖੇ ਯੂਨੀਵਰਸਿਟੀ ਦੇ ਗੇਟ 'ਤੇ ਹੋਈ। ਰਿਪੋਰਟਾਂ ਮੁਤਾਬਕ ਦੋਵੇਂ ਵਿਦਿਆਰਥੀ ਸੰਗਠਨ ਯੂਨੀਵਰਸਿਟੀ ਵਿੱਚ ਵਿਦਿਆਰਥੀਆਂ ਲਈ 'ਗੇਟ-ਵੈਲਕਮ' ਦਾ ਆਯੋਜਨ ਕਰ ਰਹੇ ਸਨ। ਘਟਨਾ ਦੌਰਾਨ, ਦੋਵਾਂ ਸਮੂਹਾਂ ਵਿਚਕਾਰ ਝਗੜਾ ਹੱਥੋਪਾਈ ਤੱਕ ਵੱਧ ਗਿਆ। ਕਾਰਕੁੰਨਾਂ ਨੇ ਇੱਕ-ਦੂਜੇ ਨੂੰ ਲੱਤਾਂ ਅਤੇ ਮੁੱਕੇ ਮਾਰੇ ਅਤੇ ਇੱਕ ਦੂਜੇ 'ਤੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਵੀ ਕੀਤਾ। ਇਸ ਹਮਲੇ (ਬਾਕੀ ਸਫਾ 2 'ਤੇ)

## ਹੰਗਰੀ ਦੇ ਲੇਖਕ ਲਾਸਜ਼ਲੋ ਕ੍ਰਾਸਨਾਹੋਰਕਾਈ ਨੂੰ ਮਿਲੇਗਾ ਸਾਹਿਤ ਦਾ ਨੋਬਲ ਪੁਰਸਕਾਰ

### ਭਾਰਤੀ ਮੂਲ ਦੇ ਸਲਮਾਨ ਰਸ਼ਦੀ ਵੀ ਸਨ ਦਾਅਵੇਦਾਰ

ਚੜ੍ਹਦੀਕਲਾ ਬਿਊਰੋ
================

ਸਟਾਕਹੋਮ, 9 ਅਕਤੂਬਰ: ਇਸ ਸਾਲ ਦਾ ਸਾਹਿਤ ਵਿੱਚ ਨੋਬਲ ਪੁਰਸਕਾਰ ਹੰਗਰੀ ਦੇ ਲੇਖਕ ਲਾਸਜ਼ਲੋ ਕ੍ਰਾਸਨਾਹੋਰਕਾਈ ਨੂੰ ਦਿੱਤਾ ਗਿਆ ਹੈ। ਭਾਰਤੀ ਮੂਲ ਦੇ ਸਲਮਾਨ ਰਸ਼ਦੀ ਵੀ ਇਸ ਵਾਰ ਨੋਬੇਲ ਪੁਰਸਕਾਰ ਦੀ ਦੌੜ ਵਿਚ ਸਨ। ਸਵੀਡਿਸ਼ ਅਕੈਡਮੀ ਨੇ ਵੀਰਵਾਰ ਨੂੰ ਇਸ ਦਾ ਐਲਾਨ ਕੀਤਾ। ਸਵੀਡਿਸ਼ ਅਕੈਡਮੀ ਨੇ ਕਿਹਾ ਕਿ ਲਾਸਜ਼ਲੋ ਦੀਆਂ ਰਚਨਾਵਾਂ ਬਹੁਤ ਪ੍ਰਭਾਵਸ਼ਾਲੀ ਅਤੇ ਦੂਰਦਰਸ਼ੀ ਹਨ। ਉਹ ਹਿੰਸਾ ਨਾਲ ਗ੍ਰਸਤ ਦੁਨੀਆਂ ਵਿੱਚ ਦਹਿਸ਼ਤ ਅਤੇ ਡਰ ਦੇ ਵਿਚਕਾਰ ਵੀ ਕਲਾ ਦੀ ਸ਼ਕਤੀ ਦਾ ਪ੍ਰਦਰਸ਼ਨ ਕਰਦੇ ਹਨ। ਲਾਸਜ਼ਲੋ ਨੂੰ 11 ਮਿਲੀਅਨ



ਸਵੀਡਿਸ਼ ਕ੍ਰੋਨਾ (10.3 ਕਰੋੜ), ਇੱਕ ਸੋਨੇ ਦਾ ਤਮਗ਼ਾ ਅਤੇ ਇੱਕ ਸਰਟੀਫਿਕੇਟ ਮਿਲੇਗਾ। ਇਹ ਪੁਰਸਕਾਰ 10 ਦਸੰਬਰ ਨੂੰ ਸਟਾਕਹੋਮ ਵਿੱਚ ਪੇਸ਼ ਕੀਤੇ ਜਾਣਗੇ। ਉਸ ਨੂੰ ਪਹਿਲਾਂ 2015 ਵਿੱਚ ਮੈਨ ਬੁੱਕਰ ਇੰਟਰਨੈਸ਼ਨਲ ਇਨਾਮ ਅਤੇ 2019 ਵਿੱਚ ਅਨੁਵਾਦਿਤ ਸਾਹਿਤ ਲਈ ਰਾਸ਼ਟਰੀ ਕਿਤਾਬ ਪੁਰਸਕਾਰ ਮਿਲਿਆ ਸੀ।

## ਸੁਪਰੀਮ ਕੋਰਟ ਵੱਲੋਂ ਬਿਹਾਰ ਕਾਨੂੰਨੀ ਸੇਵਾ ਅਥਾਰਟੀ ਨੂੰ ਵੋਟਰ ਸੂਚੀਆਂ 'ਚੋਂ ਕੱਢੇ ਗਏ ਵੋਟਰਾਂ ਦੀ ਮਦਦ ਦੇ ਨਿਰਦੇਸ਼

ਚੜ੍ਹਦੀਕਲਾ ਬਿਊਰੋ
================

ਨਵੀਂ ਦਿੱਲੀ, 9 ਅਕਤੂਬਰ : ਸੁਪਰੀਮ ਕੋਰਟ ਨੇ ਵੀਰਵਾਰ ਨੂੰ ਬਿਹਾਰ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ (ਬੀ.ਐਸ.ਐਲ.ਐਸ.ਏ.) ਨੂੰ ਨਿਰਦੇਸ਼ ਦਿੱਤਾ ਕਿ ਉਹ ਆਪਣੀਆਂ ਜ਼ਿਲ੍ਹਾ ਪੱਧਰੀ ਸੰਸਥਾਵਾਂ ਨੂੰ ਚੋਣ ਕਮਿਸ਼ਨ ਕੋਲ ਅਪੀਲ ਦਾਇਰ ਕਰਨ ਵਿੱਚ ਅੰਤਿਮ ਵੋਟਰ ਸੂਚੀਆਂ ਤੋਂ ਬਾਹਰ ਰੱਖੇ ਗਏ 3.66 ਲੱਖ ਵੋਟਰਾਂ ਦੀ ਸਹਾਇਤਾ ਕਰਨ ਲਈ ਨਿਰਦੇਸ਼ ਜਾਰੀ ਕਰੇ। ਸਿਖਰਲੀ ਅਦਾਲਤ ਨੇ ਕਿਹਾ ਕਿ ਉਸ ਨੂੰ ਉਮੀਦ ਸੀ ਕਿ ਰਾਜਨੀਤਿਕ ਪਾਰਟੀਆਂ ਮਾਮਲੇ ਵਿੱਚ ਧਿਰ ਬਣਾਏ ਜਾਣ ਤੋਂ ਬਾਅਦ ਵਿਸ਼ੇਸ਼ ਤੀਬਰ ਸੋਧ (ਐਸ.ਆਈ.ਆਰ.) ਅਭਿਆਸ ਬਾਰੇ ਆਪਣੀਆਂ ਸ਼ਿਕਾਇਤਾਂ ਉਠਾਉਣਗੀਆਂ, ਪਰ ਉਹ ਸੰਤੁਸ਼ਟ ਜਾਪਦੇ ਹਨ। ਸਿਖਰਲੀ ਅਦਾਲਤ ਨੇ ਕਿਹਾ ਕਿ ਚੋਣ ਕਮਿਸ਼ਨ ਦੁਆਰਾ ਐਸ.ਆਈ.ਆਰ. ਪ੍ਰਕਿਰਿਆ ਤੋਂ ਬਾਅਦ ਨਿਰਧਾਰਤ ਸਮਾਂ ਸੀਮਾ ਦੇ ਅੰਦਰ ਅਤੇ ਤਰਕਪੂਰਨ ਆਦੇਸ਼ ਰਾਹੀਂ ਵੋਟਰ ਸੂਚੀਆਂ ਤੋਂ ਬਾਹਰ ਰੱਖੇ ਗਏ ਵੋਟਰਾਂ ਦੀਆਂ ਅਪੀਲਾਂ ਦਾ ਨਿਪਟਾਰਾ ਕਰਨ ਦੇ ਸਵਾਲ 'ਤੇ 16 ਅਕਤੂਬਰ ਨੂੰ (ਬਾਕੀ ਸਫਾ 2 'ਤੇ)



### ਚੋਣ ਕਮਿਸ਼ਨ ਵੱਲੋਂ ਮੁੜ ਹਦਾਇਤ ਜਾਰੀ

## 'ਬਿਹਾਰ ਚੋਣਾਂ 'ਚ ਪਾਰਟੀਆਂ ਏ.ਆਈ. ਆਧਾਰਿਤ ਸਾਧਨਾਂ ਦੀ ਦੁਰਵਰਤੋਂ ਨਾ ਕਰਨ'

ਨਵੀਂ ਦਿੱਲੀ, 9 ਅਕਤੂਬਰ (ਚੜ੍ਹਦੀਕਲਾ ਬਿਊਰੋ) : ਚੋਣ ਕਮਿਸ਼ਨ ਨੇ ਬਿਹਾਰ ਵਿਧਾਨ ਸਭਾ ਚੋਣਾਂ ਵਿੱਚ ਆਰਟੀਫੀਸ਼ੀਅਲ ਇੰਟੈਲੀਜੈਂਸ (ਏ.ਆਈ.) ਦੀ ਦੁਰਵਰਤੋਂ ਕਰ ਕੇ ਕਿਸੇ ਹੋਰ ਦਾ ਚਿਹਰਾ ਲਾ ਕੇ ਦਿੱਤੀ ਗਈ ਜਾਣਕਾਰੀ ਜਾਂ ਜਾਣਕਾਰੀ ਨੂੰ ਤੋੜ-ਮਰੋੜ ਕੇ ਪੇਸ਼ ਕਰਨ ਵਿਰੁੱਧ ਸਿਆਸੀ ਪਾਰਟੀਆਂ ਨੂੰ ਚਿਤਾਵਨੀ ਦਿੱਤੀ ਹੈ। ਚੋਣ ਅਥਾਰਟੀ (ਬਾਕੀ ਸਫਾ 2 'ਤੇ)

### ਲਖੀਮਪੁਰ ਖੀਰੀ ਹਿੰਸਾ

## ਸਰਵਉੱਚ ਅਦਾਲਤ ਵੱਲੋਂ ਆਸ਼ੀਸ਼ ਮਿਸ਼ਰਾ ਨੂੰ ਦੀਵਾਲੀ ਲਈ ਘਰ ਜਾਣ ਦੀ ਖੁੱਲ੍ਹ

ਚੜ੍ਹਦੀਕਲਾ ਬਿਊਰੋ
================

ਨਵੀਂ ਦਿੱਲੀ, 9 ਅਕਤੂਬਰ :ਸੁਪਰੀਮ ਕੋਰਟ ਨੇ ਸਾਬਕਾ ਕੇਂਦਰੀ ਮੰਤਰੀ ਅਜੈ ਮਿਸ਼ਰਾ ਦੇ ਪੁੱਤਰ ਆਸ਼ੀਸ਼ ਮਿਸ਼ਰਾ, ਜੋ 2021 ਲਖੀਮਪੁਰ ਖੀਰੀ ਹਿੰਸਾ ਕੇਸ ਵਿਚ ਮੁਲਜ਼ਮ ਵਜੋਂ ਨਾਮਜ਼ਦ ਹੈ, ਨੂੰ 20 ਅਕਤੂਬਰ ਨੂੰ ਦੀਵਾਲੀ ਮੌਕੇ ਲਖੀਮਪੁਰ ਸਥਿਤ ਆਪਣੇ ਘਰ ਜਾਣ ਦੀ ਖੁੱਲ੍ਹ ਦੇ ਦਿੱਤੀ ਹੈ।




ਜਸਟਿਸ ਸੂਰਿਆ ਕਾਂਤ ਤੇ ਜਸਟਿਸ ਜੌਇਮਾਲਾ ਬਾਗਚੀ ਦੇ ਬੈਂਚ ਨੇ ਹਾਲਾਂਕਿ ਸਾਫ਼ ਕਰ ਦਿੱਤਾ ਕਿ ਆਪਣੇ ਪਰਿਵਾਰ ਨਾਲ ਦੀਵਾਲੀ ਮਨਾਉਣ ਜਾ ਰਿਹਾ ਆਸ਼ੀਸ਼ ਮਿਸ਼ਰਾ ਉਥੇ ਸਿਆਸੀ ਵਰਕਰਾਂ ਜਾਂ ਜਨਤਕ ਤੌਰ 'ਤੇ ਕਿਸੇ ਵੀ ਇਕੱਠ ਜਾਂ ਜਸ਼ਨ ਵਿਚ ਸ਼ਾਮਲ ਨਹੀਂ ਹੋਵੇਗਾ।

ਆਸ਼ੀਸ਼ ਮਿਸ਼ਰਾ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਸਿਧਾਰਥ ਦਵੇ ਨੇ ਕੋਰਟ ਨੂੰ ਅਪੀਲ ਕੀਤੀ ਕਿ ਆਸ਼ੀਸ਼ ਮਿਸ਼ਰਾ ਨੂੰ ਦੀਵਾਲੀ ਲਈ ਲਖੀਮਪੁਰ ਜਾਣ ਦੀ ਇਜਾਜ਼ਤ ਦਿੱਤੀ ਜਾਵੇ। ਦਵੇ ਨੇ ਵਾਅਦਾ ਕੀਤਾ ਕਿ ਉਸ ਦਾ ਮੁਵੱਕਿਲ 22 ਅਕਤੂਬਰ ਤੱਕ ਵਾਪਸ ਆ ਜਾਵੇਗਾ। ਕਾਬਿਲੇਗੌਰ ਹੈ ਕਿ ਸਿਖਰਲੀ ਅਦਾਲਤ ਨੇ ਮਿਸ਼ਰਾ ਨੂੰ ਮਾਮਲੇ ਦੀ ਸੁਣਵਾਈ ਜਾਰੀ ਰਹਿਣ ਤੱਕ ਲਖੀਮਪੁਰ ਤੋਂ ਬਾਹਰ ਰਹਿਣ ਦਾ ਨਿਰਦੇਸ਼ ਦਿੱਤਾ ਸੀ।

## ਸੀ.ਜੇ.ਆਈ. 'ਤੇ ਜੁੱਤੀ ਸੁੱਟਣ ਦੀ ਘਟਨਾ ਮਜ਼ਾਕ ਨਹੀਂ, ਇਹ ਸੁਪਰੀਮ ਕੋਰਟ ਦਾ ਅਪਮਾਨ: ਜਸਟਿਸ ਭੁਈਆਂ

ਚੜ੍ਹਦੀਕਲਾ ਬਿਊਰੋ
================

ਨਵੀਂ ਦਿੱਲੀ, 9 ਅਕਤੂਬਰ : ਸੁਪਰੀਮ ਕੋਰਟ ਵਿੱਚ 6 ਅਕਤੂਬਰ ਨੂੰ ਭਾਰਤ ਦੇ ਚੀਫ਼ ਜਸਟਿਸ (ਸੀ.ਜੇ. ਆਈ.) ਬੀ.ਆਰ. ਗਵਈ 'ਤੇ ਜੁੱਤੀ ਸੁੱਟੇ ਜਾਣ ਦੀ ਸ਼ਰਮਨਾਕ ਘਟਨਾ ਨੇ ਦੇਸ਼ ਭਰ ਵਿੱਚ ਹਲਚਲ ਮਚਾ ਦਿੱਤੀ।



ਇਸ ਘਟਨਾ ਨੇ ਸੁਪਰੀਮ ਕੋਰਟ ਦੇ ਅੰਦਰ ਇੱਕ ਗਰਮ ਬਹਿਸ ਛੇੜ ਦਿੱਤੀ ਹੈ। ਜਿੱਥੇ ਸੀ.ਜੇ.ਆਈ. ਗਵਈ ਨੇ ਇਸਨੂੰ 'ਭੁੱਲਿਆ ਹੋਇਆ ਅਧਿਆਇ' ਕਿਹਾ ਤੇ ਇਸ ਮਾਮਲੇ 'ਤੇ ਜ਼ਿਆਦਾ ਧਿਆਨ ਨਾ ਦੇਣ ਦੀ ਅਪੀਲ ਕੀਤੀ, ਉੱਥੇ ਉਨ੍ਹਾਂ ਦੇ ਸਾਥੀ ਜੱਜਾਂ ਅਤੇ ਸਾਲਿਸਿਟਰ ਜਨਰਲ ਨੇ ਇਸ ਨੂੰ ਸੁਪਰੀਮ ਕੋਰਟ ਦਾ ਅਪਮਾਨ ਕਿਹਾ। ਸੋਮਵਾਰ ਨੂੰ ਘਟਨਾ 'ਤੇ ਪ੍ਰਤੀਕਿਰਿਆ ਦਿੰਦੇ ਹੋਏ, ਸੀਜੇਆਈ ਬੀ.ਆਰ. ਗਵਈ ਨੇ ਅਦਾਲਤੀ ਕਾਰਵਾਈ ਦੌਰਾਨ ਕਿਹਾ,'ਮੈਂ ਅਤੇ ਮੇਰੇ ਵਿਦਵਾਨ ਭਰਾ (ਜਸਟਿਸ) ਸੋਮਵਾਰ ਨੂੰ ਵਾਪਰੀ ਘਟਨਾ ਤੋਂ ਬਹੁਤ ਹੈਰਾਨ ਹਾਂ, ਪਰ ਸਾਡੇ ਲਈ, ਇਹ ਇੱਕ ਭੁੱਲਿਆ ਹੋਇਆ ਅਧਿਆਇ ਹੈ।' ਉਨ੍ਹਾਂ ਨੇ ਇਸ ਘਟਨਾ ਨੂੰ ਘੱਟ ਸਮਝਿਆ ਅਤੇ ਅਦਾਲਤੀ ਕਾਰਵਾਈ ਜਾਰੀ ਰੱਖੀ। ਬਾਅਦ ਵਿੱਚ, ਉਨ੍ਹਾਂ ਨੇ ਆਪਣੇ ਸਾਥੀ ਜੱਜ ਦੀ ਟਿੱਪਣੀ ਦਾ ਸੰਖੇਪ ਵਿੱਚ ਜਵਾਬ ਦਿੱਤਾ, ਆਪਣੇ ਸਟੈਂਡ ਨੂੰ ਦੁਹਰਾਉਂਦੇ ਹੋਏ,'ਸਾਡੇ ਲਈ, ਇਹ ਇੱਕ ਭੁੱਲਿਆ ਹੋਇਆ ਅਧਿਆਇ ਹੈ।' ਸੀ.ਜੇ.ਆਈ. ਦੇ (ਬਾਕੀ ਸਫਾ 2 'ਤੇ)

## ਸੱਤ ਸਾਲ ਵਕਾਲਤ ਕਰਨ ਵਾਲੇ ਨਿਆਂਇਕ ਅਧਿਕਾਰੀ ਏ.ਡੀ.ਜੇ. ਬਣਨ ਦੇ ਹੱਕਦਾਰ: ਐਸ.ਸੀ.

ਨਵੀਂ ਦਿੱਲੀ, 9 ਅਕਤੂਬਰ (ਚੜ੍ਹਦੀਕਲਾ ਬਿਊਰੋ) : ਸੁਪਰੀਮ ਕੋਰਟ ਨੇ ਅੱਜ ਇਕ ਅਹਿਮ ਫੈਸਲੇ ਵਿਚ ਕਿਹਾ ਕਿ ਬੈਂਚ ਵਿਚ ਸ਼ਾਮਲ ਹੋਣ ਤੋਂ ਪਹਿਲਾਂ ਐਡਵੋਕੇਟ ਵਜੋਂ ਸੱਤ ਸਾਲ ਦੀ ਪ੍ਰੈਕਟਿਸ ਪੂਰੀ ਕਰ ਚੁੱਕੇ ਨਿਆਂਇਕ ਅਧਿਕਾਰੀਆਂ ਨੂੰ ਬਾਰ ਦੇ ਮੈਂਬਰਾਂ ਲਈ ਰਾਖਵੀਆਂ ਅਸਾਮੀਆਂ 'ਤੇ ਜ਼ਿਲ੍ਹਾ ਜੱਜ ਤੇ ਵਧੀਕ ਜ਼ਿਲ੍ਹਾ ਜੱਜ ਵਜੋਂ ਨਿਯੁਕਤੀ ਲਈ ਵਿਚਾਰਿਆ ਜਾ ਸਕਦਾ ਹੈ। ਚੀਫ਼ ਜਸਟਿਸ ਬੀ.ਆਰ.ਗਵਈ ਅਤੇ ਜਸਟਿਸ ਐਮ.ਐਮ. ਸੁੰਦਰੇਸ਼, ਅਰਵਿੰਦ ਕੁਮਾਰ, ਐਸ.ਸੀ. ਸ਼ਰਮਾ ਅਤੇ ਕੇ (ਬਾਕੀ ਸਫਾ 2 'ਤੇ)

## ਐਫ.ਆਈ.ਆਰ. ਦਰਜ ਹੋਣ ਤੱਕ ਨਾ ਪੋਸਟਮਾਰਟਮ ਹੋਵੇਗਾ ਤੇ ਨਾ ਸਸਕਾਰ ਕਰਾਂਗੇ: ਅਮਨੀਤ ਕੁਮਾਰ



ਚੜ੍ਹਦੀਕਲਾ ਬਿਊਰੋ
================

ਚੰਡੀਗੜ੍ਹ, 9 ਅਕਤੂਬਰ: ਹਰਿਆਣਾ ਦੇ ਆਈਪੀਐਸ ਅਧਿਕਾਰੀ ਦੀ ਮੌਤ ਹੋਣ ਤੋਂ ਬਾਅਦ ਉਨ੍ਹਾਂ ਦੀ ਪਤਨੀ ਨੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੂੰ ਸ਼ਿਕਾਇਤ ਸੌਂਪਦੇ ਹੋਏ ਕਿਹਾ ਕਿ ਜਦ ਤਕ ਖੁਦਕੁਸ਼ੀ ਲਈ ਜ਼ਿੰਮੇਵਾਰ ਅਧਿਕਾਰੀਆਂ ਖ਼ਿਲਾਫ਼ ਕੇਸ ਦਰਜ ਨਹੀਂ ਹੁੰਦਾ ਤਦ ਤਕ ਨਾ ਹੀ ਉਹ ਪੋਸਟ ਮਾਰਟਮ ਕਰਵਾਉਣਗੇ ਤੇ ਨਾ ਹੀ ਵਾਈ ਪੂਰਨ ਸਿੰਘ ਦਾ ਅੰਤਿਮ ਸਸਕਾਰ ਹੋਵੇਗਾ। ਉਨ੍ਹਾਂ ਕਿਹਾ ਕਿ ਮਾਮਲੇ ਦੇ 48 ਘੰਟੇ ਬੀਤਣ ਦੇ ਬਾਅਦ ਵੀ ਐਫ ਆਈ ਆਰ ਦਰਜ ਨਹੀਂ ਕੀਤੀ ਗਈ ਜਦਕਿ ਖੁਦਕੁਸ਼ੀ ਨੋਟ ਵਿਚ ਸਪਸ਼ਟ ਲਿਖਿਆ ਗਿਆ ਹੈ ਕਿ ਉਨ੍ਹਾਂ ਸਾਜ਼ਗਾਰ ਮਾਹੌਲ ਨਾ ਹੋਣ ਤੇ ਮਾਨਸਿਕ ਤਸੀਹੇ ਤੇ ਪ੍ਰੇਸ਼ਾਨੀ ਦੇ ਚੱਲਦਿਆਂ ਖੁਦਕੁਸ਼ੀ ਕੀਤੀ ਹੈ। (ਬਾਕੀ ਸਫਾ 2 'ਤੇ)

## ਪੰਜ ਤੱਤਾਂ ਵਿੱਚ ਵਿਲੀਨ ਹੋਇਆ ਰਾਜਵੀਰ ਜਵੰਦਾ

### ਅੰਤਿਮ ਯਾਤਰਾ ਵਿੱਚ ਵੱਡੀ ਗਿਣਤੀ ਪ੍ਰਸ਼ੰਸਕ ਸ਼ਾਮਲ ਹੋਏ

ਚੜ੍ਹਦੀਕਲਾ ਬਿਊਰੋ
================

ਮੰਡੀ ਅਹਿਮਦਗੜ੍ਹ/ ਜਗਰਾਉਂ, 9 ਅਕਤੂਬਰ :ਗਾਇਕ ਰਾਜਵੀਰ ਜਵੰਦਾ ਦਾ ਅੱਜ ਨਜ਼ਦੀਕੀ ਪਿੰਡ ਪੋਨਾ ਵਿਚ ਅੰਤਿਮ ਸੰਸਕਾਰ ਕਰ ਦਿੱਤਾ ਗਿਆ ਜਿਸ ਥਾਂ ਗਾਇਕ ਦਾ ਅੰਤਿਮ ਸਸਕਾਰ ਹੋਇਆ ਉਹ ਸਕੂਲ ਦੇ ਬਿਲਕੁਲ ਨਾਲ ਲੱਗਦੀ ਉਹੀ ਥਾਂ ਹੈ ਜਿੱਥੇ ਬਣੀ ਸਟੇਜ 'ਤੇ ਉਸ ਨੇ ਪਹਿਲੀ ਵਾਰ ਗਾਇਆ ਸੀ। ਆਪਣੀ ਗਾਇਕੀ ਰਾਹੀਂ ਦੁਨੀਆਂ ਭਰ ਵਿੱਚ ਧੁੰਮਾਂ ਪਾਉਣ ਵਾਲੇ ਰਾਜਵੀਰ ਜਵੰਦਾ ਦੀ ਅੰਤਿਮ ਯਾਤਰਾ ਸਮੇਂ ਮਾਹੌਲ ਬੇਹੱਦ ਗ਼ਮਗੀਨ ਹੋਇਆ। ਇਸ ਮੌਕੇ ਕਈ ਨਾਮੀਂ ਗਾਇਕ ਤੇ ਕਲਾਕਾਰ ਪੁੱਜੇ। ਇਸ ਤੋਂ ਇਲਾਵਾ ਸਿਆਸੀ ਤੇ ਸਮਾਜਿਕ ਆਗੂ ਵੀ ਵੱਡੀ ਗਿਣਤੀ ਵਿੱਚ ਰਾਜਵੀਰ ਜਵੰਦਾ ਦੀ ਅੰਤਿਮ ਯਾਤਰਾ ਵਿੱਚ ਸ਼ਾਮਲ ਹੋਏ। ਇਸ ਤੋਂ ਪਹਿਲਾਂ ਮੁੱਖ



ਮੰਤਰੀ ਭਗਵੰਤ ਮਾਨ ਨੇ ਮਰਹੂਮ ਗਾਇਕ ਦੇ ਘਰ ਜਾ ਕੇ ਪਰਿਵਾਰ ਨਾਲ ਦੁੱਖ ਵੰਡਾਇਆ।ਅੰਤਿਮ ਯਾਤਰਾ ਵਿੱਚ ਗਾਇਕ ਸਤਿੰਦਰ ਸਰਤਾਜ, ਬੱਬੂ ਮਾਨ, ਐਮੀ ਵਿਰਕ, ਮੁਹੰਮਦ ਸਦੀਕ, ਕਰਮਜੀਤ ਅਨਮੋਲ, ਸਰਦਾਰ ਸੋਹੀ, ਕੰਵਰ ਗਰੇਵਾਲ, ਮਨਕੀਰਤ ਔਲਖ, ਰਣਜੀਤ ਬਾਵਾ, ਜੱਸ ਬਾਜਵਾ, ਗਾਇਕਾ ਗੁਰਲੇਜ਼ ਅਖ਼ਤਰ, ਕੁਲਵਿੰਦਰ ਬਿੱਲਾ, (ਬਾਕੀ ਸਫਾ 2 'ਤੇ)

# ਬੀ.ਕੇ.ਆਈ. ਅੱਤਵਾਦੀ ਮਾਡਿਊਲ ਨਾਲ ਜੁੜੇ ਦੋ ਕਾਰਕੁੰਨ 2.5 ਕਿਲੋ ਆਰ.ਡੀ.ਐਕਸ ਅਧਾਰਤ ਆਈ.ਈ.ਡੀ. ਸਮੇਤ ਕਾਬੂ

## ਬੀ.ਕੇ.ਆਈ. ਮਾਸਟਰਮਾਈਂਡ ਰਿੰਦਾ ਦੇ ਨਿਰਦੇਸ਼ਾਂ 'ਤੇ ਯੂ.ਕੇ. ਹੈਂਡਲਰ ਨਿਸ਼ਾਨ ਜੌੜੀਆਂ ਤੇ ਆਦੇਸ਼ 'ਤੇ ਚਲਾਇਆ ਜਾ ਰਿਹਾ ਸੀ ਮਾਡਿਊਲ : ਡੀ.ਜੀ.ਪੀ.

ਚੰਡੀਗੜ੍ਹ/ਜਲੰਧਰ, 9 ਅਕਤੂਬਰ (ਚ.ਨ.ਸ.): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ਅਨੁਸਾਰ ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਦੇ ਮੱਦੇਨਜ਼ਰ ਚੱਲ ਰਹੀ ਮੁਹਿੰਮ ਦੌਰਾਨ ਪਾਕਿਸਤਾਨ ਦੀ ਆਈ.ਐਸ.ਆਈ. ਸਮਰਥਿਤ ਅੱਤਵਾਦੀ ਨੈੱਟਵਰਕ ਵਿਰੁੱਧ ਵੱਡੀ ਸਫਲਤਾ ਹਾਸਲ ਕਰਦਿਆਂ ਕਾਊਂਟਰ ਇੰਟੈਲੀਜੈਂਸ (ਸੀ.ਆਈ.) ਜਲੰਧਰ ਨੇ ਬੱਬਰ ਖਾਲਸਾ ਇੰਟਰਨੈਸ਼ਨਲ (ਬੀ.ਕੇ.ਆਈ.) ਅੱਤਵਾਦੀ ਮਾਡਿਊਲ ਦੇ ਦੋ ਕਾਰਕੁੰਨਾਂ ਨੂੰ, ਲਗਭਗ 2.5 ਕਿਲੋਗ੍ਰਾਮ ਆਰ.ਡੀ.ਐਕਸ-ਅਧਾਰਤ ਆਈ.ਈ.ਡੀ. ਅਤੇ ਇੱਕ ਰਿਮੋਟ ਕੰਟਰੋਲ ਸਮੇਤ ਗ੍ਰਿਫ਼ਤਾਰ ਕਰਕੇ ਗਿਰੋਹ ਦਾ ਪਰਦਾਫਾਸ਼ ਕੀਤਾ ਹੈ। ਇਹ ਜਾਣਕਾਰੀ ਅੱਜ ਪੁਲਿਸ ਡਾਇਰੈਕਟਰ ਜਨਰਲ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਇੱਥੇ ਦਿੱਤੀ। ਇਹ ਮਾਡਿਊਲ ਬੀ.ਕੇ.ਆਈ. ਦੇ ਮਾਸਟਰਮਾਈਂਡ ਹਰਵਿੰਦਰ ਸਿੰਘ ਉਰਫ ਰਿੰਦਾ ਦੇ ਨਿਰਦੇਸ਼ਾਂ 'ਤੇ ਯੂ.ਕੇ.-ਅਧਾਰਤ ਹੈਂਡਲਰਾ ਨਿਸ਼ਾਨ ਜੌੜੀਆਂ ਅਤੇ ਆਦੇਸ਼ ਜਮਾਰਾਏ ਦੁਆਰਾ ਚਲਾਇਆ ਜਾ ਰਿਹਾ ਸੀ।




ਗ੍ਰਿਫਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਗੁਰਜਿੰਦਰ ਸਿੰਘ ਉਰਫ ਰਿੰਕੂ ਵਾਸੀ ਪਿੰਡ ਅਠਵਾਲ (ਗੁਰਦਾਸਪੁਰ) ਅਤੇ ਦੀਵਾਨ ਸਿੰਘ ਉਰਫ ਨਿੱਕੂ ਵਾਸੀ ਨਿੱਕੋ ਸਰਾਂ ਕਲਾਂ (ਗੁਰਦਾਸਪੁਰ), ਵਜੋਂ ਹੋਈ ਹੈ। ਪੁਲਿਸ ਟੀਮਾਂ ਨੇ ਉਨ੍ਹਾਂ ਦੀ ਕਾਲੇ ਰੰਗ ਦੀ ਹੀਰੋ ਸਪਲੈਂਡਰ ਮੋਟਰਸਾਈਕਲ ਨੂੰ ਵੀ ਜ਼ਬਤ ਕੀਤਾ ਹੈ, ਜਿਸ 'ਤੇ ਉਹ ਸਵਾਰ ਸਨ।

ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਕਾਬੂ ਕੀਤੇ ਗਏ ਦੋਵੇਂ ਵਿਅਕਤੀਆਂ ਨੂੰ ਉਨ੍ਹਾਂ ਦੇ ਯੂ.ਕੇ.-ਅਧਾਰਤ ਸੰਚਾਲਕਾਂ ਨਿਸ਼ਾਨ ਜੌੜੀਆਂ ਅਤੇ ਆਦੇਸ਼ ਜਮਾਰਾਏ ਤੋਂ ਸਿੱਧੇ ਨਿਰਦੇਸ਼ ਮਿਲ ਰਹੇ ਸਨ। ਉਨ੍ਹਾਂ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਬਰਾਮਦ ਕੀਤਾ ਗਿਆ ਆਰਡੀਐਕਸ-ਅਧਾਰਤ ਆਈਈਡੀ ਮਿੱਥੇ ਹੋਏ ਅੱਤਵਾਦੀ ਹਮਲੇ ਲਈ ਵਰਤਿਆ ਜਾਣਾ ਸੀ।

ਕਾਰਵਾਈ ਸਬੰਧੀ ਵੇਰਵੇ ਸਾਂਝੇ ਕਰਦੇ ਹੋਏ, ਡੀਜੀਪੀ ਨੇ ਕਿਹਾ ਕਿ ਭਰੋਸੇਯੋਗ ਸੂਤਰਾਂ ਤੋਂ ਮਿਲੀ ਪੁਖ਼ਤਾ ਇਤਲਾਹ 'ਤੇ ਸੀ.ਆਈ. ਜਲੰਧਰ ਦੀਆਂ ਟੀਮਾਂ ਨੇ ਖੁਫੀਆ ਕਾਰਵਾਈ ਤਹਿਤ ਜਲੰਧਰ ਦੇ ਗੁਰੂ ਨਾਨਕਪੁਰਾ ਖੇਤਰ ਤੋਂ ਦੋਵਾਂ ਸ਼ੱਕੀਆਂ ਨੂੰ ਉਦੋਂ ਗ੍ਰਿਫਤਾਰ ਕੀਤਾ, ਜਦੋਂ ਉਹ ਖੇਪ ਨੂੰ ਕਿਸੇ ਹੋਰ ਟਿਕਾਣੇ 'ਤੇ ਪਹੁੰਚਾਉਣ ਜਾ ਰਹੇ ਸਨ।

ਉਨ੍ਹਾਂ ਕਿਹਾ ਕਿ ਇਸ ਮਾਮਲੇ ਵਿੱਚ ਅਗਲੇਰੇ-ਪਿਛਲੇਰੇ ਸਬੰਧ ਸਥਾਪਤ ਕਰਨ ਅਤੇ ਉਨ੍ਹਾਂ ਵਿਅਕਤੀਆਂ, ਜਿਨ੍ਹਾਂ ਨੂੰ ਖੇਪ ਡਿਲੀਵਰ ਕੀਤੀ ਜਾਣੀ ਸੀ, ਦੀ ਪਛਾਣ ਕਰਨ ਲਈ ਹੋਰ ਜਾਂਚ ਜਾਰੀ ਹੈ। ਜ਼ਿਕਰਯੋਗ ਹੈ ਕਿ ਪੁਲਿਸ ਸਟੇਸ਼ਨ ਐਸ.ਐਸ.ਓ.ਸੀ., ਅੰਮ੍ਰਿਤਸਰ ਵਿਖੇ ਗੈਰ-ਕਾਨੂੰਨੀ ਗਤੀਵਿਧੀਆਂ (ਰੋਕਥਾਮ) ਐਕਟ (ਯੂ.ਏ.ਪੀ.ਈ.) ਦੀ ਧਾਰਾ 10, 13, 15, 17, 18, 18-ਬੀ ਅਤੇ 20 ਅਤੇ ਵਿਸਫੋਟਕ ਪਦਾਰਥ ਐਕਟ ਦੀ ਧਾਰਾ 4 ਅਤੇ 5 ਤਹਿਤ ਐਫਆਈਆਰ ਨੰਬਰ 58 ਮਿਤੀ 08.10.2025 ਨੂੰ ਕੇਸ ਦਰਜ ਕੀਤੀ ਗਈ ਹੈ।

# ਪੰਜਾਬ ਸਰਕਾਰ ਵੱਲੋਂ ਰੀਅਲ ਅਸਟੇਟ ਖ਼ੇਤਰ 'ਚ ਵੱਡੇ ਬਦਲਾਅ ਲਈ ਰੋਡਮੈਪ ਤਿਆਰ ਕਰਨ ਲਈ ਸੈਕਟਰ-ਵਿਸ਼ੇਸ਼ ਕਮੇਟੀ ਗਠਿਤ

ਚੰਡੀਗੜ੍ਹ, 9 ਅਕਤੂਬਰ (ਚ.ਨ.ਸ.): ਪੰਜਾਬ ਸਰਕਾਰ ਵੱਲੋਂ ਰੀਅਲ ਅਸਟੇਟ ਖੇਤਰ ਵਿੱਚ ਸਾਕਾਰਾਤਮਕ ਬਦਲਾਅ ਲਈ ਇਕ ਸੈਕਟਰ-ਵਿਸੇਸ ਕਮੇਟੀ ਦਾ ਗਠਨ ਕੀਤਾ ਗਿਆ ਹੈ, ਜੋ ਸਰਕਾਰ ਅਤੇ ਰੀਅਲ ਅਸਟੇਟ ਉਦਯੋਗ ਦਰਮਿਆਨ ਭਾਈਵਾਲੀ ਨੂੰ ਉਤਸਾਹਿਤ ਕਰਨ ਦੇ ਉਦੇਸ਼ ਨਾਲ ਰੋਡਮੈਪ ਤਿਆਰ ਕਰੇਗੀ। ਇਸ ਕਮੇਟੀ ਦਾ ਗਠਨ ਮਕਾਨ ਉਸਾਰੀ ਅਤੇ ਸਹਿਰੀ ਵਿਕਾਸ ਵਿਭਾਗ ਅਧੀਨ ਕੀਤਾ ਗਿਆ ਹੈ ਅਤੇ ਇਸ ਦਾ ਉਦੇਸ਼ ਪੰਜਾਬ ਵਿੱਚ ਅਗਾਂਹਵਧੂ, ਪਾਰਦਰਸੀ ਅਤੇ ਨਿਵੇਸ-ਪੱਖੀ ਰੀਅਲ ਅਸਟੇਟ ਮਾਹੌਲ ਸਿਰਜਣ ਲਈ ਨੀਤੀ ਘੜਨ ਵਾਸਤੇ ਸੁਝਾਅ ਪ੍ਰਦਾਨ ਕਰਨਾ ਹੈ।



ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਪੰਜਾਬ ਦੇ ਮਕਾਨ ਉਸਾਰੀ ਤੇ ਸਹਿਰੀ ਵਿਕਾਸ ਮੰਤਰੀ ਹਰਦੀਪ ਸਿੰਘ ਮੁੰਡੀਆਂ ਨੇ ਦੱਸਿਆ ਕਿ ਇਸ ਪਹਿਲ ਤਹਿਤ ਰੀਅਲ ਅਸਟੇਟ ਖੇਤਰ ਦੇ ਪ੍ਰਮੁੱਖ ਭਾਈਵਾਲਾਂ ਦੇ ਸਰਗਰਮ ਸਹਿਯੋਗ ਰਾਹੀਂ ਇੱਕ ਬਿਹਤਰੀਨ ਨੀਤੀ ਮਾਡਲ ਤਿਆਰ ਕੀਤਾ ਜਾਵੇਗਾ। ਕੈਬਨਿਟ ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਸੂਬੇ ਦੇ ਮਕਾਨ ਉਸਾਰੀ ਤੇ ਸਹਿਰੀ ਵਿਕਾਸ ਖੇਤਰ ਵਿੱਚ ਟਿਕਾਊ ਵਿਕਾਸ, ਕਾਰੋਬਾਰ ਕਰਨ ਵਿੱਚ ਆਸਾਨੀ ਅਤੇ ਨਿਵੇਸ-ਪੱਖੀ ਮਾਹੌਲ ਸਿਰਜਣ ਲਈ ਵਚਨਬੱਧ ਹੈ।

ਉਨ੍ਹਾਂ ਦੱਸਿਆ ਕਿ ਇਸ ਕਮੇਟੀ ਵਿੱਚ ਦੀਪਕ ਗਰਗ (ਡਾਇਰੈਕਟਰ, ਮਾਰਬੇਲਾ ਗਰੁੱਪ) ਨੂੰ ਚੇਅਰਪਰਸਨ ਤੇ ਰੁਪਿੰਦਰ ਸਿੰਘ ਚਾਵਲਾ (ਐਮ.ਡੀ, ਸੀ.ਈ.ਈ. ਈ.ਐਨ.ਐਨ. ਪ੍ਰਮੋਟਰਜ ਐਂਡ ਡਿਵੈਲਪਰਜ ਪ੍ਰਾਈਵੇਟ ਲਿਮਟਿਡ) ਨੂੰ ਵਾਈਸ-ਚੇਅਰਮੈਨ ਵਜੋਂ ਸਾਮਲ ਕੀਤਾ ਗਿਆ ਹੈ। ਕਮੇਟੀ ਮੈਂਬਰਾਂ ਵਿੱਚ ਉਮੰਗ ਜਿੰਦਲ (ਸੀ.ਈ.ਓ, ਹੋਮਲੈਂਡ ਗਰੁੱਪ); ਸੁਖਦੇਵ ਸਿੰਘ (ਡਾਇਰੈਕਟਰ, ਏ.ਜੀ. ਆਈ. ਗਰੁੱਪ); ਪ੍ਰਦੀਪ ਕੁਮਾਰ ਬਾਂਸਲ (ਡਾਇਰੈਕਟਰ, ਐਚ.ਐਲ.ਪੀ. ਗਰੁੱਪ); ਬਲਜੀਤ ਸਿੰਘ (ਡਾਇਰੈਕਟਰ, ਜੁਬਲੀ ਗਰੁੱਪ); ਦੀਪਕ ਮਖੀਜਾ (ਬਿਜਨਸ ਹੈੱਡ ਪੰਜਾਬ, ਏਮਾਰ ਗਰੁੱਪ); ਰੁਪਿੰਦਰ ਸਿੰਘ ਗਿੱਲ (ਐਮ.ਡੀ, ਗਿਲਸਨਜ ਕੰਸਟ੍ਰਕਸਨ ਲਿਮਟਿਡ); ਰੋਹਿਤ ਸਰਮਾ (ਕਾਰਜਕਾਰੀ ਡਾਇਰੈਕਟਰ, ਡੀ.ਐਲ.ਐਫ. ਗਰੁੱਪ); ਕੇ.ਕੇ. ਸਰਮਾ ਕੁੱਕੂ (ਡਾਇਰੈਕਟਰ, ਐਸ.ਜੀ. ਗਰੁੱਪ); ਮੋਹਿੰਦਰ ਗੋਇਲ (ਚੇਅਰਮੈਨ, ਐਫੀਨਿਟੀ ਗਰੁੱਪ); ਵਰੁਣ ਧਾਮ (ਡਾਇਰੈਕਟਰ, ਕੇ.ਐਲ.ਵੀ. ਬਿਲਡਰਜ) ਸ਼ਾਮਲ ਹੋਣਗੇ ਜਦਕਿ ਅਮਰਿੰਦਰ ਸਿੰਘ ਮੱਲ੍ਹੀ, ਏ.ਸੀ.ਏ, ਗਮਾਡਾ ਮੈਂਬਰ ਸਕੱਤਰ ਵਜੋਂ ਕਾਰਜ ਕਰਨਗੇ।

ਕੈਬਨਿਟ ਮੰਤਰੀ ਨੇ ਦੱਸਿਆ ਕਿ ਇਸ ਕਮੇਟੀ ਦਾ ਮੁੱਖ ਕਾਰਜ ਸੂਬੇ ਦੇ ਵਿੱਤੀ ਅਤੇ ਸੰਰਚਨਾਤਮਕ ਢਾਂਚੇ ਨੂੰ ਧਿਆਨ ਵਿੱਚ ਰੱਖਦਿਆਂ ਪੰਜਾਬ ਦੇ ਰੀਅਲ ਅਸਟੇਟ ਖੇਤਰ ਮੁਤਾਬਕ ਸਰਕਾਰ ਨੂੰ ਢਾਂਚਾਗਤ ਅਤੇ ਵਿਹਾਰਕ ਨੀਤੀਗਤ ਇਨਪੁਟ ਪ੍ਰਦਾਨ ਕਰਨਾ ਹੈ। ਇਹ ਕਮੇਟੀ ਦੂਜੇ ਸੂਬਿਆਂ ਵੱਲੋਂ ਅਪਣਾਏ ਗਏ ਸਰਬੋਤਮ ਅਭਿਆਸਾਂ ਅਤੇ ਨੀਤੀਗਤ ਢਾਂਚੇ ਦਾ ਅਧਿਐਨ ਕਰੇਗੀ ਅਤੇ ਪੰਜਾਬ ਦੀਆਂ ਵਿਕਾਸ ਤਰਜੀਹਾਂ ਮੁਤਾਬਕ ਸਿਫਾਰਸਾਂ ਪ੍ਰਦਾਨ ਕਰੇਗੀ। ਇਹ ਕਮੇਟੀ ਨੋਟੀਫਿਕੇਸਨ ਜਾਰੀ ਹੋਣ ਤੋਂ ਛੇ ਹਫਤਿਆਂ ਦੇ ਅੰਦਰ ਆਪਣੀਆਂ ਲਿਖਤੀ ਸਿਫਾਰਸਾਂ ਪੇਸ ਕਰੇਗੀ। ਉਨ੍ਹਾਂ ਦੱਸਿਆ ਕਿ ਇਸ ਕਮੇਟੀ ਦੇ ਮੈਂਬਰ ਸਕੱਤਰ ਵੱਲੋਂ ਕਮੇਟੀ ਨੂੰ ਲੋੜੀਂਦੀ ਸਹਾਇਤਾ ਪ੍ਰਦਾਨ ਕੀਤੀ ਜਾਵੇਗੀ ਅਤੇ ਮੈਂਬਰ ਸਕੱਤਰ ਵੱਲੋਂ ਹੀ ਮੀਟਿੰਗਾਂ ਸਬੰਧੀ ਤਾਲਮੇਲ ਕਰਨ ਦੇ ਨਾਲ-ਨਾਲ ਕਾਰਵਾਈ ਦੇ ਮਿੰਟ ਵੀ ਤਿਆਰ ਕੀਤੇ ਜਾਣਗੇ। ਹਰਦੀਪ ਸਿੰਘ ਮੁੰਡੀਆਂ ਨੇ ਕਿਹਾ ਕਿ ਇਸ ਕਮੇਟੀ ਦਾ ਗਠਨ ਰੀਅਲ ਅਸਟੇਟ ਸੈਕਟਰ ਵਿੱਚ ਪਾਰਦਰਸਤਾ, ਜਵਾਬਦੇਹੀ ਅਤੇ ਨਿਵੇਸਕ-ਪੱਖੀ ਸੁਧਾਰਾਂ ਨੂੰ ਮਜਬੂਤ ਕਰਨ ਵੱਲ ਇੱਕ ਅਹਿਮ ਕਦਮ ਹੈ।

**ਢਾਂਚਾਗਤ ਤੇ ਪਾਰਦਰਸ਼ੀ ਰੀਅਲ ਅਸਟੇਟ ਈਕੋਸਿਸਟਮ ਸਿਰਜਣ ਲਈ ਖੇਤਰ-ਪੱਖੀ ਨੀਤੀਗਤ ਇਨਪੁਟ ਪ੍ਰਦਾਨ ਕਰੇਗੀ ਕਮੇਟੀ : ਮੁੰਡੀਆਂ**

# ਸ਼੍ਰੋਮਣੀ ਅਕਾਲੀ ਦਲ ਵੱਲੋਂ ਅਹੁਦੇਦਾਰਾਂ ਨੂੰ ਢੁੱਕਵੀਂ ਨੁਮਾਇੰਦਗੀ ਦਿੰਦਿਆਂ ਸੂਚੀ ਜਾਰੀ

ਅੰਮ੍ਰਿਤਸਰ, 9 ਅਕਤੂਬਰ (ਬਬਲੂ ਮਹਾਜਨ): ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਪ੍ਰਧਾਨ ਜੱਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਪਾਰਟੀ ਦੇ ਜੱਥੇਬੰਦਕ ਢਾਂਚੇ ਨੂੰ ਮਜ਼ਬੂਤ ਕਰਦੇ ਹੋਏ ਦੂਜੀ ਸੂਚੀ ਜਾਰੀ ਕੀਤੀ ਗਈ। ਜਾਰੀ ਸੂਚੀ ਵਿੱਚ ਨਵੀਂ ਲੀਡਰਸ਼ਿਪ ਦੇ ਉਭਾਰ ਵੱਲ ਖਾਸ ਧਿਆਨ ਦਿੱਤਾ ਗਿਆ ਹੈ। ਨਵੇਂ ਅਤੇ ਤਜਰਬੇਕਾਰ ਚਿਹਰਿਆਂ ਦੀ ਸੰਤੁਲਨ ਭਰਪੂਰ ਸੂਚੀ ਨੂੰ ਜਾਰੀ ਕੀਤਾ ਗਿਆ। ਸੂਚੀ ਵਿੱਚ ਖਾਸ ਗੱਲ ਰਹੀ ਹੈ ਪਾਰਟੀ ਵਰਕਰ ਦੀਆਂ ਭਾਵਨਾਵਾਂ ਤੇ ਪੂਰਾ ਪਹਿਰਾ ਦਿੱਤਾ ਗਿਆ ਹੈ। ਪਾਰਟੀ ਪ੍ਰਧਾਨ ਜੱਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੱਲੋ ਜਾਰੀ ਸੂਚੀ ਵਿੱਚ ਚਾਰ ਸਰਪ੍ਰਸਤ ਨਿਯੁਕਤ ਕੀਤੇ ਗਏ ਹਨ। ਜੱਥੇਦਾਰ ਗੁਰਪ੍ਰਤਾਪ ਸਿੰਘ ਵਡਾਲਾ ਨੂੰ ਪਾਰਟੀ ਦੇ ਸਕੱਤਰ ਜਨਰਲ ਵਜੋ ਸੇਵਾ ਦਾ ਮੌਕਾ ਦਿੱਤਾ ਗਿਆ ਹੈ ਜਦੋਂ ਕਿ ਸਾਬਕਾ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਖਜਾਨਚੀ ਨਿਯੁਕਤ ਕੀਤੇ ਗਏ ਹਨ। ਵਪਾਰ ਵਿੰਗ ਨੂੰ ਮਜ਼ਬੂਤ ਕਰਦੇ ਹੋਏ ਬਾਬੂ ਪ੍ਰਕਾਸ਼ ਚੰਦ ਗਰਗ ਨੂੰ ਪ੍ਰਧਾਨ ਅਤੇ ਕਪੂਰ ਚੰਦ ਬਾਂਸਲ ਨੂੰ ਸਕੱਤਰ ਨਿਯੁਕਤ ਕੀਤਾ ਗਿਆ।



ਸੀਨੀਅਰ ਮੀਤ ਪ੍ਰਧਾਨ ਵਜੋਂ ਅੱਠ ਨੇਤਾਵਾਂ ਨੂੰ ਜਗ੍ਹਾ ਦਿੱਤੀ ਗਈ ਹੈ ਜਦੋਂ ਕਿ ਸੱਤ ਮੀਤ ਪ੍ਰਧਾਨ ਲਗਾਏ ਗਏ ਹਨ। ਜਨਰਲ ਸਕੱਤਰ ਵਜੋਂ ਅੱਠ ਚਿਹਰੇ ਕਮਾਨ ਸੰਭਾਲਦੇ ਨਜਰ ਆਉਣਗੇ, ਜਦੋਂ ਕਿ 6 ਜੱਥੇਬੰਦਕ ਸਕੱਤਰ ਲਗਾਏ ਹਨ। ਬਹੁਤ ਹੀ ਸਤਿਕਾਰਯੋਗ ਸਖਸ਼ੀਅਤ ਬਾਬਾ ਸਰਬਜੋਤ ਸਿੰਘ ਜੀ ਬੇਦੀ, ਬਾਬਾ ਸੇਵਾ ਸਿੰਘ ਰਾਮਪੁਰ ਖੇੜਾ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜੱਥੇਦਾਰ ਪ੍ਰੋ ਮਨਜੀਤ ਸਿੰਘ ਜੀ ਅਤੇ ਸਰਦਾਰ ਰਵੀਇੰਦਰ ਸਿੰਘ ਪਾਰਟੀ ਦੇ ਸਰਪ੍ਰਸਤ ਨਿਯੁਕਤ ਕੀਤੇ ਗਏ ਹਨ। ਸੀਨੀਅਰ ਮੀਤ ਪ੍ਰਧਾਨ ਵਜੋਂ ਭਾਈ ਗੋਬਿੰਦ ਸਿੰਘ ਲੌਂਗੋਵਾਲ ਸਾਬਕਾ ਪ੍ਰਧਾਨ ਐਸਜੀਪੀਸੀ, ਸਾਬਕਾ ਮੰਤਰੀ ਜੱਥੇਦਾਰ ਸੁੱਚਾ ਸਿੰਘ ਛੋਟੇਪੁਰ, ਸਾਬਕਾ ਮੰਤਰੀ ਸਰਦਾਰ ਆਦੇਸ਼ ਪ੍ਰਤਾਪ ਸਿੰਘ ਕੈਰੋਂ, ਦਾਖਾ ਤੋ ਵਿਧਾਇਕ ਸਰਦਾਰ ਮਨਪ੍ਰੀਤ ਸਿੰਘ ਇਯਾਲੀ,ਸਾਬਕਾ ਵਿਧਾਇਕ ਗਗਨਦੀਪ ਸਿੰਘ ਬਰਨਾਲਾ, ਸਾਬਕਾ ਵਿਧਾਇਕ ਅਤੇ ਵਿਜਨ ਡਾਕੂਮੈਂਟ ਕਮੇਟੀ ਦੇ ਚੇਅਰਮੈਨ ਜੱਥੇਦਾਰ ਇਕਬਾਲ ਸਿੰਘ ਝੂੰਦਾਂ, ਸਾਬਕਾ ਵਿਧਾਇਕ ਅਤੇ ਐਸਜੀਪੀਸੀ ਮੈਬਰ ਜੱਥੇਦਾਰ ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ ਅਤੇ ਐਸਜੀਪੀਸੀ ਮੈਬਰ ਭਾਈ ਮਨਜੀਤ ਸਿੰਘ ਦੀ ਨਿਯੁਕਤੀ ਕੀਤੀ ਗਈ ਹੈ।

ਮੀਤ ਪ੍ਰਧਾਨ ਵਜੋਂ ਜੱਥੇਦਾਰ ਸੰਤਾ ਸਿੰਘ ਉਮੈਦਪੁਰੀ, ਸਾਬਕਾ ਮੰਤਰੀ ਸਰਵਨ ਸਿੰਘ ਫਿਲੌਰ, ਸਰਬਜੀਤ ਸਿੰਘ ਡੂੰਮਵਾਲੀ, ਜੱਥੇਦਾਰ ਮਹਿੰਦਰ ਸਿੰਘ ਹੁਸੈਨਪੁਰ, ਜੱਥੇਦਾਰ ਜਰਨੈਲ ਸਿੰਘ ਕਰਤਾਰਪੁਰ, ਸਾਬਕਾ ਮੈਂਬਰ ਪਾਰਲੀਮੈਂਟ ਬੀਬੀ ਪਰਮਜੀਤ ਕੌਰ ਗੁਲਸ਼ਨ ਤੇ ਮਹਿੰਦਰਪਾਲ ਸਿੰਘ ਬਨਾਕਾ ਦੀ ਨਿਯੁਕਤੀ ਕੀਤੀ ਗਈ ਹੈ। ਜਨਰਲ ਸਕੱਤਰ ਵਜੋਂ ਸਰਦਾਰ ਬਰਜਿੰਦਰ ਸਿੰਘ ਬਰਾੜ, ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ, ਬੀਬੀ ਕਿਰਨਜੋਤ ਕੌਰ, ਸਰਦਾਰ ਚਰਨਜੀਤ ਸਿੰਘ ਬਰਾੜ, ਸਰਦਾਰ ਜਸਵੀਰ ਸਿੰਘ ਘੁੰਮਣ, ਗੁਰਜੀਤ ਸਿੰਘ ਤਲਵੰਡੀ, ਯੁਵਰਾਜ ਸਿੰਘ ਤੇ ਭਰਪੂਰ ਸਿੰਘ ਧਾਂਦਰਾ ਦੀ ਨਿਯੁਕਤੀ ਕੀਤੀ ਗਈ ਹੈ। ਜੱਥੇਬੰਦਕ ਸਕੱਤਰ ਵਜੋਂ ਗਿਆਨੀ ਮਹਿੰਦਰ ਸਿੰਘ ਹਿਮਾਚਲ ਪ੍ਰਦੇਸ਼, ਐਸਜੀਪੀਸੀ ਮੈਂਬਰ ਸਤਵਿੰਦਰ ਸਿੰਘ ਟੌਹੜਾ, ਸਾਬਕਾ ਵਿਧਾਇਕ ਸੁਖਵਿੰਦਰ ਸਿੰਘ ਔਲਖ, ਸਰਦਾਰ ਦਵਿੰਦਰ ਸਿੰਘ ਸੇਖੋਂ, ਸਰਦਾਰ ਕਰਨ ਸਿੰਘ ਡੀਟੀਓ, ਅਤੇ ਅਜੇਪਾਲ ਸਿੰਘ ਮੀਰਾਂਕੋਟਾ ਦੀ ਨਿਯੁਕਤੀ ਕੀਤੀ ਗਈ ਹੈ।

# ਰਾਜਵੀਰ ਜਵੰਦਾ ਹਮੇਸ਼ਾ ਆਪਣੇ ਪ੍ਰਸ਼ੰਸਕਾਂ ਦੇ ਦਿਲਾਂ ਵਿੱਚ ਜਿਉਂਦਾ ਰਹੇਗਾ: ਮੁੱਖ ਮੰਤਰੀ

ਲੁਧਿਆਣਾ, 9 ਅਕਤੂਬਰ (ਵਿਸ਼ਾਲ ਸ਼ਰਮਾ) ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪ੍ਰਸਿੱਧ ਪੰਜਾਬੀ ਗਾਇਕ ਰਾਜਵੀਰ ਜਵੰਦਾ ਦੇ ਘਰ ਪੁੱਜ ਕੇ ਨੌਜਵਾਨ ਗਾਇਕ ਦੀ ਦੁਖਦਾਈ ਤੇ ਬੇਵਕਤੀ ਮੌਤ ਉੱਤੇ ਅਫ਼ਸੋਸ ਪ੍ਰਗਟਾਇਆ। ਕੁੱਝ ਦਿਨ ਪਹਿਲਾਂ ਹਾਦਸੇ ਦਾ ਸ਼ਿਕਾਰ ਹੋਏ ਰਾਜਵੀਰ ਜਵੰਦਾ ਦਾ ਕੱਲ੍ਹ ਮੋਹਾਲੀ ਦੇ ਇਕ ਪ੍ਰਾਈਵੇਟ ਹਸਪਤਾਲ ਵਿੱਚ ਦੇਹਾਂਤ ਹੋ ਗਿਆ ਸੀ। ਸਵੇਰੇ ਮਰਹੂਮ ਗਾਇਕ ਦੇ ਗ੍ਰਹਿ ਵਿਖੇ ਪੁੱਜੇ ਮੁੱਖ ਮੰਤਰੀ ਨੇ ਦੁੱਖ ਵਿੱਚ ਡੁੱਬੇ ਪਰਿਵਾਰਕ ਮੈਂਬਰਾਂ ਨਾਲ ਅਫ਼ਸੋਸ ਪ੍ਰਗਟਾਇਆ। ਉਨ੍ਹਾਂ ਕਿਹਾ ਕਿ ਨੌਜਵਾਨ ਗਾਇਕ ਦੇ ਦੇਹਾਂਤ ਨਾਲ ਸੂਬੇ ਦੇ ਸਮਕਾਲੀ ਸਾਹਿਤ, ਸੱਭਿਆਚਾਰ ਤੇ ਕਲਾ ਦੇ ਖ਼ੇਤਰ ਨੂੰ ਵੱਡਾ ਘਾਟਾ ਪਿਆ ਹੈ। ਇਸ ਮੌਕੇ ਭਾਵੁਕ ਹੋਏ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਜਵੰਦਾ ਭਰ ਜਵਾਨੀ ਵਿੱਚ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਆਖ ਗਿਆ। ਉਨ੍ਹਾਂ ਕਿਹਾ ਕਿ ਰਾਜਵੀਰ ਜਵੰਦਾ ਦੇ ਦੇਹਾਂਤ ਨਾਲ ਪੈਦਾ ਹੋਇਆ ਖਲਾਅ ਨੇੜ ਭਵਿੱਖ ਵਿੱਚ ਭਰਿਆ ਜਾਣਾ ਆਸਾਨ ਨਹੀਂ ਹੋਵੇਗਾ। ਮੁੱਖ ਮੰਤਰੀ ਨੇ ਲੱਖਾਂ ਪੰਜਾਬੀਆਂ ਦੇ ਦਿਲਾਂ ਉੱਤੇ ਰਾਜ ਕਰਨ ਵਾਲੇ ਨੌਜਵਾਨ ਗਾਇਕ ਰਾਜਵੀਰ ਜਵੰਦਾ ਦੀ ਸ਼ਾਨਦਾਰ ਪੇਸ਼ਕਾਰੀ ਨੂੰ ਚੇਤੇ ਕੀਤਾ। ਉਨ੍ਹਾਂ ਕਿਹਾ ਕਿ ਰਾਜਵੀਰ ਦੀ ਮੌਤ ਨਾਲ ਪੰਜਾਬੀ ਗਾਇਕੀ ਦੇ ਇਕ ਯੁੱਗ ਦਾ ਅੰਤ ਹੋ ਗਿਆ।



ਉਨ੍ਹਾਂ ਕਿਹਾ ਕਿ ਰਾਜਵੀਰ ਹਮੇਸ਼ਾ ਆਪਣੇ ਪ੍ਰਸੰਸਕਾਂ ਦੇ ਚੇਤਿਆਂ ਵਿੱਚ ਵਸਿਆ ਰਹੇਗਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਰਾਜਵੀਰ ਨੇ ਪੰਜਾਬੀ ਕਲਾ ਤੇ ਸੱਭਿਆਚਾਰ ਦੀ ਤਰੱਕੀ ਲਈ ਅਹਿਮ ਯੋਗਦਾਨ ਦਿੱਤਾ। ਪਰਿਵਾਰ ਨਾਲ ਹਮਦਰਦੀ ਜ਼ਾਹਿਰ ਕਰਦਿਆਂ ਮੁੱਖ ਮੰਤਰੀ ਨੇ ਪਰਮਾਤਮਾ ਅੱਗੇ ਅਰਦਾਸ ਕੀਤੀ ਕਿ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖ਼ਸ਼ਣ ਅਤੇ ਪਰਿਵਾਰਕ ਮੈਂਬਰਾਂ, ਦੋਸਤਾਂ, ਸਨੇਹੀਆਂ ਤੇ ਲੱਖਾਂ ਸ਼ਰਧਾਲੂਆਂ ਨੂੰ ਇਹ ਨਾ ਪੂਰਿਆ ਜਾਣ ਵਾਲਾ ਘਾਟਾ ਸਹਿਣ ਦਾ ਹੌਸਲਾ ਦੇਣ।

ਉਨ੍ਹਾਂ ਕਿਹਾ ਕਿ ਰਾਜਵੀਰ ਜਵੰਦਾ ਆਪਣੇ ਸ਼ਾਨਦਾਰ ਗੀਤਾਂ ਰਾਹੀਂ ਆਪਣੇ ਲੱਖਾਂ ਪ੍ਰਸੰਸਕਾਂ ਦੇ ਦਿਲਾਂ ਵਿੱਚ ਹਮੇਸ਼ਾ ਜਿਉਂਦਾ ਰਹੇਗਾ। ਉਨ੍ਹਾਂ ਕਿਹਾ ਕਿ ਉਹ ਪੰਜਾਬੀ ਸੱਭਿਆਚਾਰ ਦਾ ਸਫ਼ੀਰ ਅਤੇ ਪੰਜਾਬ, ਪੰਜਾਬੀ ਤੇ ਪੰਜਾਬੀਅਤ ਨੂੰ ਪ੍ਰਣਾਇਆ ਹੋਇਆ ਸੀ, ਜੋ ਆਪਣੇ ਗੀਤਾਂ ਰਾਹੀਂ ਪ੍ਰਸੰਸਕਾਂ ਦੇ ਦਿਲਾਂ ਵਿੱਚ ਹਮੇਸ਼ਾ ਵਸਦਾ ਰਹੇਗਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬੀ ਗਾਇਕੀ ਦਾ ਪ੍ਰਤੀਕ ਜਵੰਦਾ ਹਮੇਸ਼ਾ ਉੱਭਰ ਰਹੇ ਕਲਾਕਾਰਾਂ ਲਈ ਪ੍ਰੇਰਨਾ ਦਾ ਸਰੋਤ ਬਣਿਆ ਰਹੇਗਾ।

# ਮੋਹਿੰਦਰ ਭਗਤ ਵੱਲੋਂ ਪੈਸਕੋ ਦੇ 47ਵੇਂ ਸਥਾਪਨਾ ਦਿਵਸ ਮੌਕੇ ਸਾਨਦਾਰ ਸੇਵਾਵਾਂ ਲਈ ਸ਼ਲਾਘਾ

## ਪੰਜਾਬ ਸਰਕਾਰ ਸਾਬਕਾ ਸੈਨਿਕਾਂ ਤੇ ਉਨ੍ਹਾਂ ਦੇ ਪਰਿਵਾਰਾਂ ਦੀ ਭਲਾਈ ਲਈ ਵਚਨਬੱਧ

ਚੰਡੀਗੜ੍ਹ, 9 ਅਕਤੂਬਰ (ਚ.ਨ.ਸ.): ਪੰਜਾਬ ਦੇ ਰੱਖਿਆ ਸੇਵਾਵਾਂ ਭਲਾਈ, ਸੁਤੰਤਰਤਾ ਸੈਨਾਨੀ ਤੇ ਬਾਗਬਾਨੀ ਮੰਤਰੀ ਮੋਹਿੰਦਰ ਭਗਤ ਨੇ ਪੰਜਾਬ ਐਕਸ-ਸਰਵਿਸਮੈਨ ਕਾਰਪੋਰੇਸਨ (ਪੈਸਕੋ) ਦੇ 47ਵੇਂ ਸਥਾਪਨਾ ਦਿਵਸ ਮੌਕੇ ਅਦਾਰੇ ਦੇ ਸਾਰੇ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਵਧਾਈਆਂ ਦਿੱਤੀਆਂ ਹਨ। ਮੰਤਰੀ ਭਗਤ ਨੇ ਪੈਸਕੋ ਵੱਲੋਂ ਪਿਛਲੇ ਇੱਕ ਸਾਲ ਦੌਰਾਨ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਅਧੀਨ 6000 ਤੋਂ ਵੱਧ ਸਾਬਕਾ ਸੈਨਿਕਾਂ ਨੂੰ ਰੁਜਗਾਰ ਮੁਹੱਈਆ ਕਰਵਾਉਣ ਲਈ ਸਾਲਾਘਾ ਕੀਤੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੀਆਂ ਭਲਾਈ ਤੇ ਪੁਨਰਵਾਸ ਨੀਤੀਆਂ ਅਨੁਸਾਰ ਪੈਸਕੋ ਵੱਲੋਂ ਕੀਤਾ ਗਿਆ ਇਹ ਇੱਕ ਮਹੱਤਵਪੂਰਣ ਉਪਰਾਲਾ ਹੈ ਜਿਸ ਦਾ ਮਕਸਦ ਸਾਬਕਾ ਸੈਨਿਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਸਮਾਜਿਕ ਤੇ ਆਰਥਿਕ ਤਰੱਕੀ ਨੂੰ ਯਕੀਨੀ ਬਣਾਉਣਾ ਹੈ।



ਮੰਤਰੀ ਭਗਤ ਨੇ ਪੈਸਕੋ ਵੱਲੋਂ ਰਾਜ ਦੀਆਂ ਅਹਿਮ ਸੰਪਤੀਆਂ ਦੀ ਸੁਰੱਖਿਆ ਕਰਨ ਅਤੇ ਵੱਖ-ਵੱਖ ਸਰਕਾਰੀ ਵਿਭਾਗਾਂ ਤੇ ਸੰਸਥਾਵਾਂ ਨੂੰ ਸੇਵਾਵਾਂ ਪ੍ਰਦਾਨ ਕਰਨ ਵਿੱਚ ਨਿਭਾਈ ਜਾ ਰਹੀ ਭੂਮਿਕਾ ਦੀ ਵੀ ਪ੍ਰਸੰਸਾ ਕੀਤੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸਾਬਕਾ ਸੈਨਿਕਾਂ ਉਨ੍ਹਾਂ ਦੇ ਪਰਿਵਾਰਾਂ ਦੀ ਭਲਾਈ ਪ੍ਰਤੀ ਪੂਰੀ ਤਰ੍ਹਾਂ ਵਚਨਬੱਧ ਹੈ। ਉਨ੍ਹਾਂ ਨੇ ਸਾਬਕਾ ਸੈਨਿਕਾਂ ਨੂੰ "ਇਮਾਨਦਾਰੀ, ਨਿਸਠਾ ਅਤੇ ਮਿਹਨਤ ਦੇ ਪ੍ਰਤੀਕ" ਵਜੋਂ ਵਰਣਨ ਕੀਤਾ।

ਮੰਤਰੀ ਮੋਹਿੰਦਰ ਭਗਤ ਨੇ ਪੈਸਕੋ ਦੇ ਨਿਰੰਤਰ ਵਿਕਾਸ ਅਤੇ ਸਫਲਤਾ ਲਈ ਆਪਣੀਆਂ ਸੁਭਕਾਮਨਾਵਾਂ ਪ੍ਰਗਟਾਈਆਂ ਤੇ ਵਿਸਵਾਸ ਜਤਾਇਆ ਕਿ ਪੈਸਕੋ ਪੰਜਾਬ ਅਤੇ ਇਸ ਦੇ ਲੋਕਾਂ ਦੀ ਸੇਵਾ ਵਿੱਚ ਆਪਣੀ ਮਹੱਤਵਪੂਰਨ ਭੂਮਿਕਾ ਨੂੰ ਹੋਰ ਮਜਬੂਤੀ ਨਾਲ ਜਾਰੀ ਰੱਖੇਗਾ।

# ਸ੍ਰੀ ਗੁਰੂ ਤੇਗ਼ ਬਹਾਦਰ ਜੀ ਦਾ 350ਵਾਂ ਸ਼ਹੀਦੀ ਦਿਵਸ ਦੇ ਮੱਦੇਨਜ਼ਰ ਹਰਜੋਤ ਸਿੰਘ ਬੈਂਸ ਵੱਲੋਂ ਸ੍ਰੀ ਅਨੰਦਪੁਰ ਸਾਹਿਬ ਨੂੰ ਆਵਾਜਾਈ ਸੁਚਾਰੂ ਬਣਾਉਣ ਲਈ ਸੜਕਾਂ ਅਪਗ੍ਰੇਡ ਕਰਨ ਦੇ ਹੁਕਮ

ਚੰਡੀਗੜ੍ਹ, 9 ਅਕਤੂਬਰ (ਚ.ਨ.ਸ.): ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਅੱਜ ਲੋਕ ਨਿਰਮਾਣ ਵਿਭਾਗ (ਪੀ.ਡਬਲਯੂ.ਡੀ.) ਅਤੇ ਹੋਰ ਸਬੰਧਤ ਅਧਿਕਾਰੀਆਂ ਨੂੰ ਸ੍ਰੀ ਅਨੰਦਪੁਰ ਸਾਹਿਬ ਨੂੰ ਜਾਣ ਵਾਲੀਆਂ ਸਾਰੀਆਂ ਸੜਕਾਂ ਨੂੰ ਤੁਰੰਤ ਅਪਗ੍ਰੇਡ ਕਰਨ ਅਤੇ ਨਵੰਬਰ ਦੇ ਅੱਧ ਤੱਕ ਇਹਨਾਂ ਸੜਕਾਂ ਨੂੰ ਪੂਰੀ ਤਰ੍ਹਾਂ ਕਾਰਜਸੀਲ ਕਰਨ ਦੀ ਹਦਾਇਤ ਕੀਤੀ ਹੈ ਤਾਂ ਜੋ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350ਵੇਂ ਸਹੀਦੀ ਦਿਵਸ ਸਬੰਧੀ ਸਮਾਗਮਾਂ ਵਿੱਚ ਪਹੁੰਚਣ ਵਾਲੇ ਲੱਖਾਂ ਸਰਧਾਲੂਆਂ ਲਈ ਸੁਚਾਰੂ ਅਤੇ ਸੁਰੱਖਿਅਤ ਆਵਾਜਾਈ ਨੂੰ ਯਕੀਨੀ ਬਣਾਇਆ ਜਾ ਸਕੇ। ਇਨ੍ਹਾਂ ਇਤਿਹਾਸਕ ਸਮਾਗਮਾਂ ਦੀਆਂ ਤਿਆਰੀਆਂ ਦਾ ਜਾਇਜਾ ਲੈਣ ਲਈ ਬੈਂਸ ਨੇ ਰੋਪੜ ਦੇ ਜ਼ਿਲ੍ਹਾ ਅਧਿਕਾਰੀਆਂ ਅਤੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਪੰਜਾਬ ਸਿਵਲ ਸਕੱਤਰੇਤ ਵਿਖੇ ਇੱਕ ਉੱਚ ਪੱਧਰੀ ਮੀਟਿੰਗ ਦੀ ਪ੍ਰਧਾਨਗੀ ਕੀਤੀ। ਮੀਟਿੰਗ ਦੌਰਾਨ ਉਨ੍ਹਾਂ ਨੇ ਸੜਕੀ ਬੁਨਿਆਦੀ ਢਾਂਚੇ 'ਤੇ ਵਿਸੇਸ ਜੋਰ ਦਿੰਦਿਆਂ ਸਾਰੀਆਂ ਬੁਨਿਆਦੀ ਸਹੂਲਤਾਂ ਨੂੰ ਸਮੇਂ ਸਿਰ ਯਕੀਨੀ ਬਣਾਉਣ ਸਬੰਧੀ ਸਖਤ ਹਦਾਇਤਾਂ ਦਿੱਤੀਆਂ।

ਸਿੱਖਿਆ ਮੰਤਰੀ ਨੇ ਜੋਰ ਦੇ ਕੇ ਕਿਹਾ ਕਿ ਪਵਿੱਤਰ ਸਹਿਰ ਨੂੰ ਨਿਰਵਿਘਨ ਸੰਪਰਕ ਪ੍ਰਦਾਨ ਕਰਨਾ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਸਭ ਤੋਂ ਵੱਡੀ ਤਰਜੀਹ ਹੈ। ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਸ੍ਰੀ ਅਨੰਦਪੁਰ ਸਾਹਿਬ ਨੂੰ ਜਾਣ ਵਾਲੀਆਂ ਸਾਰੀਆਂ ਪਹੁੰਚ ਸੜਕਾਂ ਸਹੀ ਹਾਲਤ ਵਿੱਚ ਹੋਣ, ਜਿਸ ਨਾਲ ਭਾਰਤ ਅਤੇ ਵਿਦੇਸਾਂ ਤੋਂ ਆਉਣ ਵਾਲੀਆਂ ਸੰਗਤਾਂ ਲਈ ਸੁਰੱਖਿਅਤ ਅਤੇ ਆਰਾਮਦਾਇਕ ਯਾਤਰਾ ਯਕੀਨੀ ਬਣਾਈ ਜਾ ਸਕੇ।




ਵਿਆਪਕ ਪ੍ਰਬੰਧਾਂ ਦਾ ਵੇਰਵਾ ਦਿੰਦੇ ਹੋਏ, ਬੈਂਸ ਨੇ ਕਿਹਾ ਕਿ ਮਜਬੂਤ ਸੜਕੀ ਬੁਨਿਆਦੀ ਢਾਂਚੇ ਦੇ ਨਾਲ-ਨਾਲ, ਸਰਕਾਰ ਮੁੱਖ ਮਾਰਗਾਂ ਤੇ ਸੰਗਤ ਦੇ ਇਕੱਤਰਤਾ ਵਾਲੇ ਸਥਾਨਾਂ 'ਤੇ ਸਟਰੀਟ ਲਾਈਟਾਂ, ਢੁਕਵੀਂ ਸਫਾਈ, ਪੀਣ ਵਾਲੇ ਪਾਣੀ ਦੀ ਸਹੂਲਤ ਤੇ ਲੋੜੀਂਦੀ ਗਿਣਤੀ ਵਿੱਚ ਜਨਤਕ ਪਖਾਨਿਆਂ ਨੂੰ ਯਕੀਨੀ ਬਣਾ ਰਹੀ ਹੈ। ਉਨ੍ਹਾਂ ਸਰਧਾਲੂਆਂ ਦੀ ਸਹੂਲਤ ਲਈ ਢੁਕਵੇਂ ਸੰਕੇਤ ਬੋਰਡ , ਲਾਈਟਿੰਗ ਅਤੇ ਪਹੁੰਚਯੋਗ ਡਾਕਟਰੀ ਸਹੂਲਤਾਂ ਵਾਲੇ ਨਿਰਧਾਰਤ ਪਾਰਕਿੰਗ ਖੇਤਰ ਸਥਾਪਤ ਕਰਨ 'ਤੇ ਵੀ ਜੋਰ ਦਿੱਤਾ।

ਸੰਗਤਾਂ ਦੇ ਰੂਹਾਨੀ ਅਨੁਭਵ ਨੂੰ ਹੋਰ ਬਿਹਤਰ ਤੇ ਰਮਣੀਕ ਬਣਾਉਣ ਲਈ ਬੈਂਸ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਅਤੇ ਖੇਤਰ ਦੇ ਪਵਿੱਤਰ ਧਾਰਮਿਕ ਅਸਥਾਨਾਂ ਦੇ ਇਤਿਹਾਸ ਤੇ ਮਹੱਤਵ ਨੂੰ ਦਰਸਾਉਣ ਲਈ ਵੱਖ-ਵੱਖ ਪ੍ਰਮੁੱਖ ਸਥਾਨਾਂ 'ਤੇ ਐਲਈਡੀ ਸਕ੍ਰੀਨਾਂ ਲਗਾਉਣ ਦੇ ਨਿਰਦੇਸ ਵੀ ਦਿੱਤੇ। ਪੰਜਾਬ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਉਂਦੇ ਹੋਏ ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਲੋਕ ਨਿਰਮਾਣ ਵਿਭਾਗ, ਸਥਾਨਕ ਸਰਕਾਰਾਂ, ਸੈਰ-ਸਪਾਟਾ, ਪੁਲਿਸ, ਸਿਹਤ ਅਤੇ ਬਿਜਲੀ ਸਮੇਤ ਸਾਰੇ ਵਿਭਾਗਾਂ ਨੂੰ ਪੂਰਨ ਤਾਲਮੇਲ ਨਾਲ ਕੰਮ ਕਰਨ ਅਤੇ ਸਾਰੇ ਪ੍ਰਬੰਧਾਂ ਨੂੰ ਅਗਾਊਂ ਪੂਰਾ ਕਰਨ ਦੇ ਨਿਰਦੇਸ ਦਿੱਤੇ ਗਏ ਹਨ। ਉਨ੍ਹਾਂ ਅਧਿਕਾਰੀਆਂ ਨੂੰ ਅਪੀਲ ਕੀਤੀ ਕਿ ਉਹ ਸਮਾਗਮਾਂ ਦੌਰਾਨ ਸਫਾਈ, ਅਨੁਸਾਸਨ ਅਤੇ ਸਰਧਾਲੂ ਦੀ ਸਹੂਲਤ ਮੁਤਾਬਿਕ ਸੁਚੱਜੇ ਪ੍ਰਬੰਧਾਂ ਨੂੰ ਯਕੀਨੀ ਬਣਾਉਣ।

ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਸਰਕਾਰ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸਹੀਦੀ ਸਮਾਗਮ ਵਿੱਚ ਸਾਮਲ ਹੋਣ ਵਾਲੇ ਸਾਰੇ ਸਰਧਾਲੂਆਂ ਲਈ ਇੱਕ ਯਾਦਗਾਰੀ, ਸੁਰੱਖਿਅਤ ਅਤੇ ਰਮਣੀਕ -ਰੂਹਾਨੀ ਅਨੁਭਵ ਯਕੀਨੀ ਬਣਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਮੀਟਿੰਗ ਵਿੱਚ ਮੌਜੂਦ ਪ੍ਰਮੁੱਖ ਅਧਿਕਾਰੀਆਂ ਵਿੱਚ ਵਧੀਕ ਡਿਪਟੀ ਕਮਿਸਨਰ, ਰੋਪੜ ਪੂਜਾ ਸਿਆਲ, ਐਸ.ਡੀ.ਐਮ. ਜਸਪ੍ਰੀਤ ਸਿੰਘ, ਆਰ.ਟੀ.ਏ.ੇ ਗੁਰਵਿੰਦਰ ਸਿੰਘ ਜੌਹਲ, ਬੀਬੀਐਮਬੀ ਦੇ ਮੁੱਖ ਇੰਜੀਨੀਅਰ ਸੀ.ਪੀ. ਸਿੰਘ, ਐਕਸੀਅਨ ਹਰਜੋਤ ਵਾਲੀਆ, ਐਕਸੀਅਨ ਹਰਜੀਤ ਸਿੰਘ, ਐਕਸੀਅਨ ਐਸ.ਐਸ. ਭੁੱਲਰ ਸਮੇਤ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਸਾਮਲ ਸਨ।

# ਗੁਰਦੁਆਰਾ ਸਿੰਘ ਸ਼ਹੀਦਾਂ ਸੋਹਾਣਾ ਵਿਖੇ ਸ੍ਰੀ ਦਰਬਾਰ ਸਾਹਿਬ ਵਿੱਚ ਪ੍ਰਕਾਸ਼ ਅਸਥਾਨ ਤੇ ਸੋਨਾ ਚੜ੍ਹਾਉਣ ਦੀ ਸੇਵਾ ਮੁਕੰਮਲ



ਮੋਹਾਲੀ, 9 ਅਕਤੂਬਰ (ਹਰਦੀਪ ਕੌਰ): ਧੰਨ ਧੰਨ ਅਮਰ ਸ਼ਹੀਦ ਜੱਥੇਦਾਰ ਬਾਬਾ ਹਨੂੰਮਾਨ ਸਿੰਘ ਜੀ ਦੇ ਸ਼ਹੀਦੀ ਅਸਥਾਨ ਗੁਰਦੁਆਰਾ ਸਿੰਘ ਸ਼ਹੀਦਾਂ ਸੋਹਾਣਾ ਵਿਖੇ ਬ੍ਰਹਮਗਿਆਨੀ ਸੰਤ ਬਾਬਾ ਅਜੀਤ ਸਿੰਘ ਜੀ ਹੰਸਾਲੀ ਵਾਲਿਆਂ ਦੇ ਅਸ਼ੀਰਵਾਦ ਸਦਕਾ ਸ੍ਰੀ ਦਰਬਾਰ ਸਾਹਿਬ ਵਿੱਚ ਪ੍ਰਕਾਸ਼ ਅਸਥਾਨ ਤੇ ਸੋਨੇ ਦੀ ਸੇਵਾ ਮੁਕੰਮਲ ਕਰਵਾਈ ਗਈ। ਇਸ ਕਾਰਜ ਲਈ ਸਵੇਰੇ 9 ਵਜੇ ਸ੍ਰੀ ਸਹਿਜ ਪਾਠ ਜੀ ਦੇ ਭੋਗ ਪਾਏ ਗਏ, ਇਸ ਉਪਰੰਤ ਪੰਜ ਪਿਆਰਿਆਂ ਵਲੋਂ ਅਰਦਾਸ ਕੀਤੀ ਗਈ। ਸੰਤ ਬਾਬਾ ਪਰਮਜੀਤ ਸਿੰਘ ਜੀ ਹੰਸਾਲੀ ਸਾਹਿਬ ਵਾਲਿਆਂ ਵਲੋਂ ਸੰਗਤਾਂ ਦੇ ਠਾਠਾਂ ਮਾਰਦੇ ਇਕੱਠ ਵਿੱਚ ਜੈਕਾਰਿਆਂ ਦੀ ਗੂੰਜ ਨਾਲ ਸੋਨੇ ਦੇ ਆਖਰੀ ਪਤਰੇ ਲਵਾ ਕੇ ਸੇਵਾ ਮੁਕੰਮਲ ਕਰਵਾਈ ਗਈ। ਇਸ ਮੋਕੇ ਪਰਮਿੰਦਰ ਸਿੰਘ, ਕਈ ਉੱਘੇ ਸਿਆਸੀ ਆਗੂ, ਪਿੰਡ ਅਤੇ ਇਲਾਕੇ ਦੇ ਪਤਵੰਤੇ ਸਜਣ ਉਚੇਚੇ ਤੌਰ ਤੇ ਹਾਜਰ ਸਨ।

ਇਸ ਮੋਕੇ ਪ੍ਰਬੰਧਕ ਕਮੇਟੀ ਗੁਰਦੁਆਰਾ ਸਿੰਘ ਸ਼ਹੀਦਾਂ ਸੋਹਾਣਾ ਦੇ ਮੁੱਖ ਸੇਵਾਦਾਰ ਹਰਜਿੰਦਰ ਸਿੰਘ ਤੇ ਸਤਵਿੰਦਰ ਸਿੰਘ ਸੋਢੀ ਨੇ ਦੱਸਿਆ ਕਿ ਸ੍ਰੀ ਦਰਬਾਰ ਸਾਹਿਬ ਵਿੱਚ 28 ਫੁੱਟ ਲੰਬਾਈ, 28 ਫੁੱਟ ਚੌੜਾਈ ਅਤੇ 38 ਫੁੱਟ ਉਚਾਈ ਵਾਲੇ ਪ੍ਰਕਾਸ਼ ਅਸਥਾਨ ਤੇ ਡਾਟ ਰੂਪ ਵਿੱਚ ਸੋਨੇ ਦੇ ਕਢਾਈ ਵਾਲੇ ਪਤਰੇ ਚੜ੍ਹਾਉਣ ਦੀ ਸੇਵਾ ਪਿਛਲੇ ਲੰਮੇ ਸਮੇਂ ਤੋਂ ਸਮੂਹ ਸੰਗਤ ਦੇ ਸਹਿਯੋਗ ਨਾਲ ਚੱਲ ਰਹੀ ਸੀ, ਜੋ ਅੱਜ ਮੁਕੰਮਲ ਕਰਵਾਈ ਗਈ ਹੈ। ਉਨ੍ਹਾਂ ਦੱਸਿਆ ਕਿ ਗੁਰਦੁਆਰਾ ਸਾਹਿਬ ਵਿਖੇ ਦੀਵਾਨ ਹਾਲ ਅਤੇ ਬਹੁਮੰਜਿਲੀ ਕਾਰ ਪਾਰਕਿੰਗ ਦੀ ਸੇਵਾ ਵੀ ਸਮੂਹ ਸੰਗਤ ਤੇ ਸਹਿਯੋਗ ਨਾਲ ਕਰਵਾਈ ਜਾ ਰਹੀ ਹੈ। ਇਸ ਮੋਕੇ ਕਈ ਤਰ੍ਹਾਂ ਦੀਆਂ ਮਿਠਾਈਆਂ ਅਤੇ ਗੁਰੂ ਕਾ ਲੰਗਰ ਸੰਗਤਾਂ ਨੂੰ ਅਤੁੱਟ ਵਰਤਾਇਆ ਗਿਆ।

# ਦਿੱਲੀ ਗੁਰਦੁਆਰਾ ਕਮੇਟੀ ਨੇ ਪੰਜਾਬ ਦੇ ਹੜ੍ਹ ਪੀੜ੍ਹਤਾਂ ਲਈ ਹੋਰ ਲੋੜੀਂਦਾ ਸਮਾਨ ਉਪਲਬਧ ਕਰਵਾਇਆ : ਕਾਲਕਾ, ਕਾਹਲੋਂ

ਨਵੀਂ ਦਿੱਲੀ, 9 ਅਕਤੂਬਰ (ਅੰਮ੍ਰਿਤਪਾਲ ਸਿੰਘ): ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਨੇ ਦੱਸਿਆ ਕਿ ਦਿੱਲੀ ਗੁਰਦੁਆਰਾ ਕਮੇਟੀ ਨੇ ਪੰਜਾਬ ਵਿਚ ਹੜ੍ਹ ਪੀੜ੍ਹਤ ਇਲਾਕਿਆਂ ਅਜਨਾਲਾ, ਰਮਦਾਸ ਤੇ ਡੇਰਾ ਬਾਬਾ ਨਾਨਕ ਵਿਚ ਲੋਕਾਂ ਨੂੰ ਲੋੜੀਂਦਾ ਹਰ ਸਮਾਨ ਉਪਲਬਧ ਕਰਵਾਇਆ ਹੈ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਾਲਕਾ ਤੇ ਕਾਹਲੋਂ ਨੇ ਕਿਹਾ ਕਿ ਦਿੱਲੀ ਤੇ ਦੇਸ਼ ਵਿਦੇਸ਼ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਉਹਨਾਂ ਨੇ ਟਰੱਕਾਂ ਦੇ ਟਰੱਕ ਭਰ ਕੇ ਸਮੱਗਰੀ ਪੰਜਾਬ ਦੇ ਹੜ੍ਹ ਪੀੜ੍ਹਤ ਇਲਾਕਿਆਂ ਵਾਸਤੇ ਭੇਜੀ ਜਿਸ ਵਿਚ ਘਰੇਲੂ ਜ਼ਰੂਰਤ ਦਾ ਸਮਾਨ ਜਿਹਨਾਂ ਵਿਚ ਗੱਦੇ, ਮੰਜੇ, ਬਿਸਤਰੇ, ਮੱਛਰ ਦਾਨੀਆਂ ਅਤੇ ਹੋਰ ਸਮੱਗਰੀ ਸ਼ਾਮਲ ਸੀ, ਉਹ ਸਭ ਹੜ੍ਹ ਪੀੜ੍ਹਤ ਇਲਾਕਿਆਂ ਵਾਸਤੇ ਭੇਜੀ ਗਈ ਜੋ ਜ਼ਰੂਰਤਮੰਦਾਂ ਨੂੰ ਵੰਡੀ ਗਈ।



ਉਹਨਾਂ ਦੱਸਿਆ ਕਿ ਇਸੇ ਤਰੀਕੇ ਪੰਜਾਬ ਦੇ ਹੜ੍ਹ ਪੀੜ੍ਹਤ ਪਿੰਡਾਂ ਵਿਚ ਜਿਹੜੀ ਫਸਲ ਦਾ ਨੁਕਸਾਨ ਹੋਇਆ ਹੈ ਤੇ ਜਿਥੇ ਹੁਣ ਕਣਕ ਬੀਜਣ ਵਾਸਤੇ ਬੀਜਾਂ ਤੇ ਖਾਦਾਂ ਦੀ ਜ਼ਰੂਰਤ ਹੈ, ਉਸਦੀ ਸਮੀਖਿਆ ਸਾਡੇ ਪੰਜਾਬ ਦੇ ਚੇਅਰਮੈਨ ਮਨਜੀਤ ਸਿੰਘ ਭੋਮਾ ਦੀ ਅਗਵਾਈ ਹੇਠ ਟੀਮ ਕਰ ਰਹੀ ਰਹੀ ਹੈ ਅਤੇ ਅਸੀਂ ਕਿਸਾਨਾਂ ਨੂੰ ਬੀਜ ਤੇ ਖਾਦ ਸਮੇਤ ਲੋੜੀਂਦੀ ਹਰ ਮਦਦ ਪ੍ਰਦਾਨ ਕਰਾਂਗੇ।ਕਾਲਕਾ ਤੇ ਕਾਹਲੋਂ ਨੇ ਕਿਹਾ ਕਿ ਹੜ੍ਹ ਪੀੜ੍ਹਤਾਂ ਦੀ ਮਦਦ ਵਾਸਤੇ ਸੰਗਤਾਂ ਨੇ ਵੱਧ ਚੜ੍ਹ ਕੇ ਯੋਗਦਾਨ ਦਿੱਤਾ ਹੈ ਜਿਸ ਵਾਸਤੇ ਉਹ ਸੰਗਤਾਂ ਦੇ ਤਹਿ ਦਿਲੋਂ ਧੰਨਵਾਦੀ ਹਨ। ਉਹਨਾਂ ਕਿਹਾ ਕਿ ਔਖੇ ਵੇਲੇ ਜਿਥੇ ਪੰਜਾਬ ਸਾਰੇ ਦੇਸ਼ ਨਾਲ ਖੜ੍ਹਾ ਹੁੰਦਾਸੀ, ਇਸ ਵਾਸਤੇ ਪੰਜਾਬ ਦੇ ਔਖੇ ਵੇਲੇ ਸੰਗਤ ਪੰਜਾਬੀਆਂ ਦੇ ਨਾਲ ਡੱਟ ਕੇ ਖੜ੍ਹੀ ਹੋਈ ਹੈ। ਉਹਨਾਂ ਕਿਹਾ ਕਿ ਪੰਜਾਬੀਆਂ ਨੂੰ ਚਿੰਤਾ ਕਰਨ ਦੀ ਕੋਈ ਜ਼ਰੂਰਤ ਨਹੀਂ ਹੈ। ਉਹਨਾਂ ਕਿਹਾ ਕਿ ਸਮੁੱਚੀ ਦੁਨੀਆਂ ਪੰਜਾਬੀਆਂ ਦੇ ਮੋਢੇ ਦੇ ਨਾਲ ਮੋਢਾ ਲਗਾ ਕੇ ਖੜ੍ਹੀ ਹੈ ਤੇ ਪੰਜਾਬ ਨੂੰ ਆਪਣੇ ਪੈਰਾਂ ਸਿਰ ਹੋਣ ਵਿਚ ਲੋੜੀਂਦੀ ਹਰ ਮਦਦ ਪ੍ਰਦਾਨ ਕੀਤੀ ਜਾਵੇਗੀ।

# "ਯੁੱਧ ਨਸ਼ਿਆਂ ਵਿਰੁੱਧ" ਦੇ 222ਵੇਂ ਦਿਨ 17.7 ਕਿਲੋ ਹੈਰੋਇਨ ਡਰੱਗ ਮਨੀ ਸਮੇਤ 77 ਨਸ਼ਾ ਤਸਕਰ ਕਾਬੂ

ਚੰਡੀਗੜ੍ਹ, 9 ਅਕਤੂਬਰ (ਚ.ਨ.ਸ.): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਸੂਬੇ ਵਿੱਚੋਂ ਨਸ਼ਿਆਂ ਦੇ ਖਾਤਮੇ ਲਈ ਵਿੱਢੀ ਨਸ਼ਾ ਵਿਰੁੱਧ ਜੰਗ "ਯੁੱਧ ਨਸ਼ਿਆਂ ਵਿਰੁੱਧ" ਨੂੰ ਲਗਾਤਾਰ 222ਵੇਂ ਦਿਨ ਵੀ ਜਾਰੀ ਰੱਖਦਿਆਂ, ਪੰਜਾਬ ਪੁਲਿਸ ਨੇ ਅੱਜ 290 ਥਾਵਾਂ 'ਤੇ ਛਾਪੇਮਾਰੀ ਕੀਤੀ, ਜਿਸ ਦੌਰਾਨ ਸੂਬੇ ਭਰ ਵਿੱਚ 59 ਐਫਆਈਆਰਜ਼ ਦਰਜ ਕਰਕੇ 77 ਨਸਾ ਤਸਕਰਾਂ ਨੂੰ ਗ੍ਰਿਫਤਾਰ ਕੀਤਾ ਹੈ। ਇਸ ਨਾਲ, 222 ਦਿਨਾਂ ਵਿੱਚ ਗ੍ਰਿਫਤਾਰ ਕੀਤੇ ਗਏ ਕੁੱਲ ਨਸਾ ਤਸਕਰਾਂ ਦੀ ਗਿਣਤੀ 32,432 ਹੋ ਗਈ ਹੈ।

ਇਸ ਛਾਪੇਮਾਰੀ ਦੌਰਾਨ ਗ੍ਰਿਫਤਾਰ ਕੀਤੇ ਗਏ ਨਸਾ ਤਸਕਰਾਂ ਦੇ ਕਬਜੇ ਵਿੱਚੋਂ 17.7 ਕਿਲੋ ਹੈਰੋਇਨ, 501 ਗ੍ਰਾਮ ਅਫੀਮ, 26,983 ਨਸੀਲੀਆਂ ਗੋਲੀਆਂ/ਕੈਪਸੂਲ ਅਤੇ 15.09 ਲੱਖ ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਗਈ ਹੈ। ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਪੁਲਿਸ ਕਮਿਸ਼ਨਰਾਂ, ਡਿਪਟੀ ਕਮਿਸ਼ਨਰਾਂ ਅਤੇ ਸੀਨੀਅਰ ਪੁਲਿਸ ਸੁਪਰਡੈਂਟ ਨੂੰ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਲਈ ਕਿਹਾ ਗਿਆ ਹੈ। ਪੰਜਾਬ ਸਰਕਾਰ ਨੇ ਨਸ਼ਿਆਂ ਵਿਰੁੱਧ ਜੰਗ ਦੀ ਨਿਗਰਾਨੀ ਲਈ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਅਗਵਾਈ ਵਿੱਚ 5 ਮੈਂਬਰੀ ਕੈਬਨਿਟ ਸਬ ਕਮੇਟੀ ਦਾ ਵੀ ਗਠਨ ਕੀਤਾ ਹੈ। ਇਸ ਆਪਰੇਸ਼ਨ ਦੌਰਾਨ 62 ਗਜਟਿਡ ਅਧਿਕਾਰੀਆਂ ਦੀ ਨਿਗਰਾਨੀ ਹੇਠ 1000 ਤੋਂ ਵੱਧ ਪੁਲਿਸ ਮੁਲਾਜਮਾਂ ਵਾਲੀਆਂ 120 ਤੋਂ ਵੱਧ ਪੁਲਿਸ ਟੀਮਾਂ ਨੇ ਰਾਜ ਭਰ ਵਿੱਚ 290 ਛਾਪੇ ਮਾਰੇ ਹਨ। ਦਿਨ ਭਰ ਚੱਲੇ ਇਸ ਆਪ੍ਰੇਸਨ ਦੌਰਾਨ ਪੁਲਿਸ ਟੀਮਾਂ ਨੇ 311 ਸੱਕੀ ਵਿਅਕਤੀਆਂ ਦੀ ਵੀ ਜਾਂਚ ਕੀਤੀ ਹੈ। ਸੂਬਾ ਸਰਕਾਰ ਵੱਲੋਂ ਸੂਬੇ ਵਿੱਚੋਂ ਨਸ਼ਿਆਂ ਦੇ ਖਾਤਮੇ ਲਈ ਤਿੰਨ-ਪੱਖੀ ਰਣਨੀਤੀ - ਇਨਫੋਰਸਮੈਂਟ, ਡੀ-ਅਡਿਕਸਨ ਅਤੇ ਪ੍ਰੀਵੈਨਸਨ (ਈਡੀਪੀ) - ਲਾਗੂ ਕੀਤੀ ਗਈ ਹੈ ਅਤੇ ਪੰਜਾਬ ਪੁਲਿਸ ਨੇ "ਡੀ-ਅਡਿਕਸਨ" ਹਿੱਸੇ ਵਜੋਂ 27 ਵਿਅਕਤੀਆਂ ਨੂੰ ਨਸਾ ਛੁਡਾਊ ਅਤੇ ਮੁੜ ਵਸੇਬਾ ਇਲਾਜ ਕਰਵਾਉਣ ਲਈ ਰਾਜੀ ਕੀਤਾ ਹੈ।

**ਪੰਜਾਬ ਨੈਸ਼ਨਲ ਬੈਂਕ**

ਸੰਪਤੀ ਰਿਕਵਰੀ ਮੈਨੇਜਮੈਂਟ ਬ੍ਰਾਂਚ (ਏਆਰਐਮਬੀ), ਪਲਾਟ ਨੰਬਰ 10-ਬੀ, ਬੀ-ਬਲਾਕ,
ਰਣਜੀਤ ਐਵੀਨਿਊ, ਜ਼ਿਲ੍ਹਾ ਸ਼ਾਪਿੰਗ ਕੰਪਲੈਕਸ, ਅੰਮ੍ਰਿਤਸਰ 143001
ਈਮੇਲ: cs8186@pnb.co.in

ਮਿਤੀ: 09-10-2025

**ਸ਼੍ਰੀਮਤੀ ਸ਼ਮਾ ਰਾਣੀ ਪਤਨੀ ਸ਼੍ਰੀ ਤਰਸੇਮ ਕੁਮਾਰ ਨਈਅਰ,**
1357, ਵਾਰਡ ਨੰਬਰ 5, ਗਲੀ ਮਹਿਲਕਾਸਾ, ਜੰਡਿਆਲਾ ਗੁਰੂ, ਅੰਮ੍ਰਿਤਸਰ, ਪੰਜਾਬ 143115

**ਵਿਸ਼ਾ: ਮੈਸ. ਐਸਜੀ ਐਗਰੋ ਫੂਡਜ਼ ਦੇ ਐਨਪੀਏ ਖਾਤੇ ਵਿੱਚ ਗਿਰਵੀ ਰੱਖੀ ਗਈ ਜਾਇਦਾਦ ਦਾ ਭੌਤਿਕ ਕਬਜ਼ਾ**

ਉਪਰੋਕਤ ਵਿਸ਼ੇ ਦੇ ਹਵਾਲੇ ਨਾਲ, ਇਹ ਸੂਚਿਤ ਕੀਤਾ ਜਾਂਦਾ ਹੈ ਕਿ ਵਿੱਤੀ ਸੰਪਤੀਆਂ ਦੀ ਸੁਰੱਖਿਆ ਅਤੇ ਪੁਨਰ ਨਿਰਮਾਣ ਅਤੇ ਸੁਰੱਖਿਆ ਵਿਆਜ ਐਕਟ, 2002 ("ਸਰਫਾਇਸੀ ਐਕਟ") ਦੀ ਧਾਰਾ 13(2) ਦੇ ਤਹਿਤ ਜਾਰੀ 21-09-2018 ਦੇ ਮੰਗ ਨੋਟਿਸ ਦੇ ਅਨੁਸਾਰ, ਬੈਂਕ ਨੇ ਸੁਰੱਖਿਅਤ ਸੰਪਤੀਆਂ ਦਾ ਕਾਨੂੰਨੀ ਤੌਰ 'ਤੇ ਕਬਜ਼ਾ ਲੈ ਲਿਆ ਹੈ।

ਕਬਜ਼ਾ ਲੈਣ ਦੀ ਪ੍ਰਕਿਰਿਆ ਦੌਰਾਨ, ਉਕਤ ਅਹਾਤੇ ਦੇ ਅੰਦਰ ਪਈਆਂ ਕਿਸੇ ਵੀ ਵਸਤੂ (ਕੀਮਤੀ ਜਾਂ ਹੋਰ) ਨੂੰ ਹਟਾਉਣ / ਇਕੱਠਾ ਕਰਨ ਦੀ ਸਲਾਹ ਦਿੱਤੀ ਗਈ ਸੀ; ਹਾਲਾਂਕਿ, ਅਜਿਹੀ ਬੇਨਤੀ 'ਤੇ ਕੋਈ ਧਿਆਨ ਨਹੀਂ ਦਿੱਤਾ ਗਿਆ ਸੀ। ਇਸ ਅਨੁਸਾਰ, ਕਾਨੂੰਨ ਅਨੁਸਾਰ ਬੈਂਕ ਦੁਆਰਾ ਸੁਰੱਖਿਅਤ ਸੰਪਤੀਆਂ ਦਾ ਕਬਜ਼ਾ ਮੰਨਿਆ ਗਿਆ ਸੀ।

**ਜਾਇਦਾਦ ਦਾ ਵੇਰਵਾ:** 8 ਮਰਲੇ ਦੀ ਜਾਇਦਾਦ, ਪੁਰਾਣਾ ਖਾਨਾ ਸ਼ੁਮਾਰੀ ਨੰਬਰ ਬੀ-1/575 ਅਤੇ ਨਵਾਂ ਖਾਨਾ ਸ਼ੁਮਾਰੀ ਨੰਬਰ 1357, ਵਾਕੀਆ ਰਕਬਾ ਅੰਦਰ ਆਬਾਦੀ ਜੰਡਿਆਲਾ ਗੁਰੂ, ਤਹਿਸੀਲ ਅਤੇ ਜ਼ਿਲ੍ਹਾ ਅੰਮ੍ਰਿਤਸਰ-1 ਵਿਖੇ ਸਥਿਤ ਹੈ।

(ਵਰਤਮਾਨ ਵਿੱਚ ਜਾਇਦਾਦ 18-08-2025 ਦੀ ਨਿਲਾਮੀ ਦੁਆਰਾ 29.20 ਲੱਖ ਰੁਪਏ ਵਿੱਚ ਵੇਚੀ ਗਈ ਹੈ) ਤੁਹਾਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਪਰੋਕਤ ਵਸਤੂਆਂ ਦੀ ਡਿਲਿਵਰੀ ਸਾਡੇ ਦਫ਼ਤਰ ਤੋਂ ਪਹਿਲਾਂ ਸਲਾਹ-ਮਸ਼ਵਰੇ ਅਤੇ ਮਿਤੀ ਅਤੇ ਸਮਾਂ ਨਿਰਧਾਰਤ ਕਰਕੇ, ਨਿੱਜੀ ਤੌਰ 'ਤੇ ਕਰੋ, ਪਰ ਕਿਸੇ ਵੀ ਸਥਿਤੀ ਵਿੱਚ ਇਸ ਨੋਟਿਸ ਦੀ ਪ੍ਰਾਪਤੀ ਤੋਂ ਸੱਤ (07) ਦਿਨਾਂ ਤੋਂ ਬਾਅਦ ਨਹੀਂ।

ਇਹ ਹੋਰ ਸਪੱਸ਼ਟ ਕੀਤਾ ਜਾਂਦਾ ਹੈ ਕਿ ਬੰਦ ਦਰਵਾਜ਼ਿਆਂ ਦੇ ਪਿੱਛੇ ਪਈਆਂ ਕੋਈ ਵੀ ਵਸਤੂਆਂ, ਜਿਨ੍ਹਾਂ ਲਈ ਤੁਸੀਂ ਚਾਬੀਆਂ / ਪਹੁੰਚ ਪ੍ਰਦਾਨ ਕਰਨ ਵਿੱਚ ਅਸਫਲ ਰਹੇ ਹੋ, ਨੂੰ ਸ਼ਹੀਦ ਵਸਤੂ ਸੂਚੀ ਮੰਨਿਆ ਜਾਵੇਗਾ ਅਤੇ ਬਾਅਦ ਵਿੱਚ ਇਸ ਸੰਬੰਧੀ ਕੋਈ ਵੀ ਦਾਅਵਾ ਨਹੀਂ ਕੀਤਾ ਜਾਵੇਗਾ।

ਇਹ ਹੋਰ ਸਪੱਸ਼ਟ ਕੀਤਾ ਜਾਂਦਾ ਹੈ ਕਿ ਨਿਰਧਾਰਤ ਸਮੇਂ ਦੇ ਅੰਦਰ ਜਵਾਬ ਦੇਣ ਜਾਂ ਕਾਰਵਾਈ ਕਰਨ ਵਿੱਚ ਤੁਹਾਡੀ ਅਸਫਲਤਾ ਜਾਂ ਭੁੱਲ ਨੂੰ ਉਕਤ ਵਸਤੂਆਂ ਨੂੰ ਸਵੀਕਾਰ ਕਰਨ ਤੋਂ ਇਨਕਾਰ ਮੰਨਿਆ ਜਾਵੇਗਾ, ਅਤੇ ਬੈਂਕ ਨੂੰ ਸਰਫਾਇਸੀ ਐਕਟ, 2002 ਅਤੇ ਇਸਦੇ ਅਧੀਨ ਬਣਾਏ ਗਏ ਨਿਯਮਾਂ ਦੇ ਅਨੁਸਾਰ ਸਖਤੀ ਨਾਲ ਉਕਤ ਵਸਤੂ ਸੂਚੀ ਨਾਲ ਨਜਿੱਠਣ ਜਾਂ ਨਿਪਟਾਉਣ ਦੀ ਆਜ਼ਾਦੀ ਹੋਵੇਗੀ।

ਕਿਰਪਾ ਕਰਕੇ ਧਿਆਨ ਦਿਓ ਕਿ ਸ਼ਿਫਟਿੰਗ, ਲਿਫਟਿੰਗ, ਨਿਗਰਾਨੀ ਅਤੇ ਦੇਖਭਾਲ, ਜਾਂ ਅਜਿਹੀਆਂ ਵਸਤੂਆਂ ਦੀ ਹਿਰਾਸਤ ਨਾਲ ਜੁੜੇ ਕਿਸੇ ਵੀ ਅਚਨਚੇਤੀ ਖਰਚੇ ਨਾਲ ਸਬੰਧਤ ਸਾਰੇ ਖਰਚੇ ਇਕੱਲੇ ਤੁਹਾਡੇ ਦੁਆਰਾ ਹੀ ਸਹਿਣ ਕੀਤੇ ਜਾਣਗੇ।

**ਅਧਿਕਾਰਤ ਅਧਿਕਾਰੀ, ਪੰਜਾਬ ਨੈਸ਼ਨਲ ਬੈਂਕ (ਸੁਰੱਖਿਅਤ ਕਰਜ਼ਦਾਤਾ)**



# ਮਾਝਾ-ਦੁਆਬਾ

ਆਸ ਪਾਸ



## 350 ਸਾਲਾ ਸ਼ਹੀਦੀ ਨਗਰ ਕੀਰਤਨ ਮਨਮਾੜ ਤੋਂ ਉਲ੍ਹਾਸਨਗਰ (ਮੁੰਬਈ) ਲਈ ਰਵਾਨਾ



ਅੰਮ੍ਰਿਤਸਰ, 9 ਅਕਤੂਬਰ (ਗੁਰਦਿਆਲ ਸਿੰਘ): ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਸਾਕੇ ਦੀ 350 ਸਾਲਾ ਸ਼ਤਾਬਦੀ ਦੇ ਸਬੰਧ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਦੁਆਰਾ ਧੋਬੜੀ ਸਾਹਿਬ ਆਸਾਮ ਤੋਂ ਆਰੰਭ ਹੋਇਆ ਸ਼ਹੀਦੀ ਨਗਰ ਕੀਰਤਨ ਅੱਜ ਗੁਰਦੁਆਰਾ ਲੰਗਰ ਸਾਹਿਬ ਮਨਮਾੜ ਤੋਂ ਆਪਣੇ ਅਗਲੇ ਪੜਾਅ ਸੁਲ੍ਹਾਸਨਗਰ ਮੁੰਬਈ ਲਈ ਰਵਾਨਾ ਹੋਇਆ। ਨਗਰ ਕੀਰਤਨ ਦੀ ਰਵਾਨਗੀ ਤੋਂ ਪਹਿਲਾਂ ਗੁਰਦੁਆਰਾ ਸਾਹਿਬ ਵਿਖੇ ਧਾਰਮਿਕ ਦੀਵਾਨ ਸਜਾਏ ਗਏ, ਜਿਸ ਵਿਚ ਸ੍ਰੀ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਜਥੇ ਨੇ ਗੁਰਬਾਣੀ ਕੀਰਤਨ ਕੀਤਾ। ਇਸ ਦੌਰਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਪਰਵਿੰਦਰਪਾਲ ਸਿੰਘ ਨੇ ਸੰਗਤਾਂ ਨਾਲ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ। ਉਨ੍ਹਾਂ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਜੀਵਨ ਇਤਿਹਾਸ ਬਾਰੇ ਵਿਚਾਰ ਕਰਦਿਆਂ ਸੰਗਤਾਂ ਨੂੰ ਗੁਰਮਤਿ ਅਨੁਸਾਰੀ ਜੀਵਨ ਬਤੀਤ ਕਰਨ ਦੀ ਪ੍ਰੇਰਨਾ ਕੀਤੀ।

ਇਸੇ ਦੌਰਾਨ ਹੈੱਡ ਪ੍ਰਚਾਰਕ ਭਾਈ ਜਗਦੇਵ ਸਿੰਘ ਨੇ ਵੀ ਹਾਜ਼ਰੀ ਭਰੀ। ਨਗਰ ਕੀਰਤਨ ਦੀ ਰਵਾਨਗੀ ਸਮੇਂ ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਨੇ ਪੰਜ ਪਿਆਰੇ ਸਾਹਿਬਾਨ ਤੇ ਹਾਜ਼ਰ ਪ੍ਰਮੁੱਖ ਸ਼ਖ਼ਸੀਅਤਾਂ ਨੂੰ ਸਿਰੋਪਾਓ ਦਿੱਤੇ। ਨਗਰ ਕੀਰਤਨ ਪ੍ਰਤੀ ਸੰਗਤਾਂ ਵਿੱਚ ਵੱਡਾ ਉਤਸ਼ਾਹ ਸੀ ਤੇ ਰਸਤੇ ਵਿਚ ਵੱਖ-ਵੱਖ ਥਾਵਾਂ 'ਤੇ ਸੰਗਤਾਂ ਵੱਲੋਂ ਸ਼ਰਧਾ ਨਾਲ ਸਵਾਗਤ ਕੀਤਾ ਗਿਆ। ਇਸੇ ਦੌਰਾਨ ਸੰਗਤਾਂ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਲਕੀ 'ਤੇ ਫੁੱਲਾਂ ਦੀ ਵਰਖਾ ਕਰਕੇ ਗੁਰੂ ਸਾਹਿਬ ਨੂੰ ਸਤਿਕਾਰ ਭੇਟ ਕੀਤਾ। ਨਾਸਕ ਤੋਂ ਵਿਧਾਇਕ ਸੀਮਾ ਮਹੇਸ਼ ਹਿਰੇ ਤੇ ਹੋਰ ਸਥਾਨਕ ਆਗੂਆਂ ਨੇ ਵੀ ਨਗਰ ਕੀਰਤਨ ਦੌਰਾਨ ਸ਼ਮੂਲੀਅਤ ਕਰਕੇ ਗੁਰੂ ਸਾਹਿਬ ਪ੍ਰਤੀ ਸ਼ਰਧਾ ਪ੍ਰਗਟਾਈ।

ਇਸ ਮੌਕੇ ਸ਼੍ਰੋਮਣੀ ਕਮੇਟੀ ਮੈਂਬਰ ਗੁਰਿੰਦਰਪਾਲ ਸਿੰਘ ਗੋਰਾ, ਜਥੇਦਾਰ ਮੰਗਵਿੰਦਰ ਸਿੰਘ ਖਾਪੜਖੇੜੀ, ਜਥੇਦਾਰ ਬਾਵਾ ਸਿੰਘ ਗੁਮਾਨਪੁਰਾ, ਅਮਰਜੀਤ ਸਿੰਘ ਬੰਡਾਲਾ, ਅਮਰਜੀਤ ਸਿੰਘ ਭਲਾਈਪੁਰ, ਬਾਬਾ ਰਣਜੀਤ ਸਿੰਘ ਤੇ ਬਾਬਾ ਧੀਰਜ ਸਿੰਘ, ਮੀਤ ਸਕੱਤਰ ਗੁਰਦਿਆਲ ਸਿੰਘ, ਰਾਮ ਸਿੰਘ ਰਾਠੌਰ, ਇੰਚਾਰਜ ਮਲਕੀਤ ਸਿੰਘ, ਵਧੀਕ ਮੈਨੇਜਰ ਯੁਵਰਾਜ ਸਿੰਘ, ਸਹਾਇਕ ਸੁਪ੍ਰਿੰਟੈਂਡੈਂਟ ਪ੍ਰਭਜੋਤ ਸਿੰਘ ਸਮੇਤ ਵੱਡੀ ਗਿਣਤੀ ਸੰਗਤਾਂ ਹਾਜ਼ਰ ਸਨ।

## ਧਾਲੀਵਾਲ ਨੇ 4.37 ਕਰੋੜ ਦੇ ਵਿਕਾਸ ਕਾਰਜਾਂ ਦੇ ਰੱਖੇ ਨੀਂਹ ਪੱਥਰ

ਅਜਨਾਲਾ, 9 ਅਕਤੂਬਰ (ਸੁਖਦੇਵ ਸਿੰਘ ਖਾਲਸਾ): ਹਲਕਾ ਵਿਧਾਇਕ ਤੇ ਸਾਬਕਾ ਕੈਬਨਿਟ ਮੰਤਰੀ ਪੰਜਾਬ ਕੁਲਦੀਪ ਸਿੰਘ ਧਾਲੀਵਾਲ ਨੇ ਹਲਕੇ 'ਚ ਹੜ੍ਹਾਂ ਦੀ ਮਾਰ ਪਿਛੋਂ ਅਜਨਾਲਾ ਹਲਕੇ 'ਚ 4 ਕਰੋੜ 37 ਲੱਖ ਰੁਪਏ ਦੀ ਲਾਗਤ ਨਾਲ



ਵਿਕਾਸ ਕਾਰਜਾਂ ਦੇ ਨੀਂਹ ਪੱਥਰ ਰੱਖੇ ਤੇ ਨੀਂਹ ਪੱਥਰ ਰੱਖਣ ਤੋਂ ਬਾਅਦ ਸਮਾਗਮਾਂ ਨੂੰ ਸੰਬੋਧਨ ਕਰਦਿਆਂ ਧਾਲੀਵਾਲ ਨੇ ਸਪੱਸ਼ਟ ਕੀਤਾ ਕਿ ਪੰਜਾਬ 'ਚ ਪਿਛਲੇ 75 ਸਾਲਾਂ ਤੋਂ ਉੱਤਰ ਕਾਟੋ ਮੈਂ ਚੜਾਂ ਦੀ ਗਿਣੀ ਮਿੱਥੀ ਨੀਤੀ ਤਹਿਤ ਰਾਜ ਕਰਦੀਆਂ ਰਹੀਆਂ ਹਨ। ਕਾਂਗਰਸ ਤੇ ਅਕਾਲੀ -ਭਾਜਪਾ ਸਰਕਾਰਾਂ ਵਲੋਂ ਸਾਜਿਸ਼ਾਂ ਤਹਿਤ ਵੋਟਰਾਂ ਨੂੰ ਗੁੰਮਰਾਹ ਕਰਨ ਲਈ ਇਕ ਦੂਜੇ ਪ੍ਰਤੀ ਦੂਸ਼ਣਬਾਜ਼ੀ ਦੀ ਰਾਜਨੀਤੀ ਨੂੰ ਕੇਂਦਰ ਬਿੰਦੂ ਬਣਾ ਕੇ ਤੇ ਕਥਿਤ ਤੌਰ ਤੇ ਫੈਲਾਏ ਗਏ ਭ੍ਰਿਸ਼ਟਾਚਾਰ ਦੇ ਵਿਰੋਧ ਅੰਦੋਲਣ 'ਚੋਂ ਨਿਕਲੀ ਆਮ ਆਦਮੀ ਪਾਰਟੀ ਦੀ ਪੰਜਾਬ 'ਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਨੇ ਭ੍ਰਿਸ਼ਟਾਚਾਰ ਨੂੰ ਇਕ ਅੰਦੋਲਣ ਵੱਜੋਂ ਹੀ ਲਿਆ ਤੇ ਰਵਾਇਤੀ ਪਾਰਟੀਆਂ ਵਾਂਗ ਇਕ ਦੂਜੇ ਪ੍ਰਤੀ ਦੂਸ਼ਣਬਾਜ਼ੀ ਤੇ ਨਫਰਤ ਨੂੰ ਸੂਬੇ ਦੀ ਰਾਜਨੀਤੀ ਦਾ ਕੇਂਦਰ ਬਿੰਦੂ ਬਣਾਉਣ ਦੀ ਬਜਾਏ ਸੂਬਾ ਮਾਨ ਸਰਕਾਰ ਨੇ ਪਿਛਲੇ ਸਾਢੇ ਤਿੰਨਾਂ ਸਾਲਾਂ 'ਚ ਮੁਫਤ ਸਿੱਖਿਆ, ਸਿਹਤ, ਬਿਜਲੀ, 56 ਹਜਾਰ ਬੇਰੁਜਗਾਰਾਂ ਨੂੰ ਨੌਕਰੀਆਂ, ਸਾਬਕਾ ਸਰਕਾਰਾਂ ਵਲੋਂ ਨਿੱਜੀ ਹੱਥਾਂ 'ਚ ਦੇਣ ਲਈ ਵਿਕਰੀ ਤੇ ਲਾਏ ਗੋਇੰਦਵਾਲ ਥਰਮਲ ਪਲਾਂਟ ਨੂੰ ਖਰੀਦ ਕੇ ਸਰਕਾਰੀ ਹੱਥਾਂ 'ਚ ਦੇਣ, ਨਸ਼ਾ ਤੇ ਗੈਂਗਸਟਰ ਮਾਫੀਆ ਨੂੰ ਖਤਮ ਕਰਨ ਆਦਿ ਤੇ ਖੇਤਰਾਂ 'ਚ ਵਿਕਾਸ, ਰੁਜਗਾਰ ਵਰਗੇ ਮੌਕੇ ਪੈਦਾ ਕੀਤੇ । ਉਨ੍ਹਾਂ ਨੇ ਸਮਾਰੋਹਾਂ ਨੂੰ ਸੰਬੋਧਨ ਕਰਦਿਆਂ ਪੰਜਾਬ, ਪੰਜਾਬੀ, ਪੰਜਾਬੀਅਤ ਦੇ ਹਿਤੈਸ਼ੀਆਂ ਨੂੰ ਸੱਦਾ ਦਿੱਤਾ ਕਿ ਉਨ੍ਹਾਂ ਲਈ ਹੁਣ ਜਾਗਣ ਦਾ ਵੇਲਾ ਆ ਗਿਆ ਹੈ, ਤਾਂ ਜੋ ਔਖੀ ਘੜੀ 'ਚ ਹੜ੍ਹ ਪੀੜਤਾਂ ਨਾਲ ਦੁੱਖ ਵੰਡਾਉਣ ਦੀ ਬਜਾਏ ਹੜਾਂ ਤੇ ਸਿਆਸੀ ਰੋਟੀਆਂ ਸੇਕਣ ਦੀ ਰਾਜਨੀਤੀ ਕਰ ਰਹੀਆਂ ਸਾਬਕਾ ਸਰਕਾਰਾਂ ਨਾਲ ਜੁੜੀਆਂ ਰਾਜਸੀ ਪਾਰਟੀਆਂ ਦਾ ਪੰਜਾਬ ਤੇ ਸਰਬੱਤ ਦੇ ਭਲੇ ਲਈ ਹੱਥ ਠੋਕਾ ਨਾ ਬਣਿਆ ਜਾਵੇ।

ਧਾਲੀਵਾਲ ਨੇ ਨੀਂਹ ਪੱਥਰ ਰੱਖਣ ਸਮਾਰੋਹਾਂ ਦੌਰਾਨ 24.97 ਲੱਖ ਰੁਪਏ ਦੀ ਲਾਗਤ ਵਾਲੇ ਲਿੰਕ ਸੜਕ ਤੇੜਾ ਕਲਾਂ ਤੋਂ ਮੁਕਾਮ, 31.2 ਲੱਖ ਰੁਪਏ ਦੀ ਲਾਗਤ ਨਾਲ ਜੈਲਦਾਰ ਦੇ ਘਰ ਨੂੰ ਜਾਂਦੀ ਫਿਰਨੀ ਤੇੜਾ ਕਲਾਂ , 43.33 ਲੱਖ ਰੁਪਏ ਦੀ ਲਾਗਤ ਨਾਲ ਲਿੰਕ ਸੜਕ ਸਾਰੰਗਦੇਵ ਗੰਮਚੁੱਕ ਰੋਡ ਤੋਂ ਅਬਾਦੀ ਸੋਹਣ ਸਿੰਘ ਵਾਲਾ, 2.7 ਕਰੋੜ ਰੁਪਏ ਦੀ ਲਾਗਤ ਨਾਲ ਮਾਰਕੀਟ ਕਮੇਟੀ ਅਜਨਾਲਾ ਅਧੀਨ ਪੈਂਦੀਆਂ ਵੱਖ ਵੱਖ ਦਾਣਾ ਮੰਡੀਆਂ ਦੇ ਸਟੀਲ ਕਵਰ ਸ਼ੈਡਾਂ ਦੀ ਉਸਾਰੀ, ਇਸੇ ਤਰਾਂ ਮੰਡੀ ਅਵਾਣ ਵਿਖੇ 1 ਕਰੋੜ 1 ਲੱਖ ਰੁਪਏ ਦੀ ਲਾਗਤ ਨਾਲ ਨਵੇਂ ਕਵਰ ਸ਼ੈੱਡ ਤੇ 29.17 ਲੱਖ ਰੁਪਏ ਦੀ ਲਾਗਤ ਨਾਲ ਰਮਦਾਸ ਕਾਮਲਪੁਰਾ ਰੋਡ ਤੋਂ ਕੋਟ ਗੁਰਬਖਸ਼ ਵਿਕਾਸ ਪ੍ਰੋਜੈਕਟਾਂ ਦੇ ਨੀਂਹ ਪੱਥਰ ਜਿੰਦਾਬਾਦ ਨਾਅਰਿਆਂ ਦੀ ਗੂੰਜ ਦਰਮਿਆਨ ਰੱਖੇ। ਧਾਲੀਵਾਲ ਨੇ ਮੌਕੇ ਤੇ ਮੌਜੂਦ ਅਧਿਕਾਰੀਆਂ ਨੂੰ ਇਨ੍ਹਾਂ ਵਿਕਾਸ ਕਾਰਜਾਂ ਨੂੰ ਗੁਣਵੱਤਾ ਤੇ ਪਾਰਦਰਸ਼ਤਾ ਦੇ ਮਿਆਰ ਤਹਿਤ ਨਿਰਧਾਰਿਤ ਸਮੇਂ ਅੰਦਰ ਮੁਕੰਮਲ ਕਰਨ ਦੇ ਆਦੇਸ਼ ਜਾਰੀ ਕੀਤੇ। ਇਸ ਮੌਕੇ ਤੇ ਖੁਸ਼ਪਾਲ ਸਿੰਘ ਧਾਲੀਵਾਲ, ਪੀਏ ਮੁਖਤਾਰ ਸਿੰਘ ਬਲੜਵਾਲ, ਮਾਰਕੀਟ ਕਮੇਟੀ ਚੇਅਰਮੈਨ ਬਲਦੇਵ ਸਿੰਘ ਬੱਬੂ ਚੇਤਨਪੁਰਾ, ਓਐਸਡੀ ਗੁਰਜੰਟ ਸਿੰਘ ਸੋਹੀ, ਚੇਅਰਮੈਨ ਗੁਰਸ਼ਰਨ ਸਿੰਘ ਜੈਲਦਾਰ, ਸਰਪੰਚ ਮਨਦੀਪ ਸਿੰਘ ਖੋਜੀ ਤੇੜਾ, ਪ੍ਰਧਾਨ ਭੱਟੀ ਜਸਪਾਲ ਸਿੰਘ ਢਿਲੋਂ, ਸ਼ਹਿਰੀ ਪ੍ਰਧਾਨ ਤੇ ਚੇਅਰਮੈਨ ਅਮਿਤ ਔਲ, ਤੋਂ ਇਲਾਵਾ ਵੱਖ ਵੱਖ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ।

## ਬਾਬਾ ਦੀਪ ਸਿੰਘ ਚੈਰੀਟੇਬਲ ਟਰੱਸਟ ਵਿਖੇ ਸ੍ਰੀ ਗੁਰੂ ਰਾਮਦਾਸ ਜੀ ਦੇ ਗੁਰਪੁਰਬ ਨੂੰ ਸਮਰਪਿਤ ਮਹਾਨ ਰੈਨ ਸਬਾਈ ਕੀਰਤਨ ਦਰਬਾਰ



ਅੰਮ੍ਰਿਤਸਰ, 9 ਅਕਤੂਬਰ (ਬਬਲੂ ਮਹਾਜਨ): ਬਾਬਾ ਦੀਪ ਸਿੰਘ ਚੈਰੀਟੇਬਲ ਟਰੱਸਟ ਦੇ ਮੁੱਖ ਸੇਵਾਦਾਰ ਭਾਈ ਗੁਰਇਕਬਾਲ ਸਿੰਘ ਜੀ ਤੇ ਭਾਈ ਅਮਨਦੀਪ ਸਿੰਘ ਜੀ ਵੱਲੋਂ ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਗੁਰਪੁਰਬ ਨੂੰ ਸਮਰਪਿਤ ਮਹਾਨ ਰੈਨ ਸਬਾਈ ਕੀਰਤਨ ਦਰਬਾਰ ਦਾਤਾ ਬੰਦੀ ਛੋੜ ਪਬਲਿਕ ਸਕੂਲ, ਅੱਡਾ ਬਾਉਲੀ, ਰਾਮ ਤੀਰਥ ਰੋਡ ਸ੍ਰੀ ਅੰਮ੍ਰਿਤਸਰ ਵਿਖੇ ਕਰਵਾਇਆ ਗਿਆ। ਸਮਾਗਮ ਵਿਚ ਸਿੱਖ ਪੰਥ ਦੀਆਂ ਮਹਾਨ ਸ਼ਖਸ਼ੀਅਤਾਂ, ਸਿੰਘ ਸਾਹਿਬਾਨ, ਸੰਤ ਮਹਾਪੁਰਸ਼, ਭਾਈ ਗੁਰਇਕਬਾਲ ਸਿੰਘ ਜੀ, ਭਾਈ ਅਮਨਦੀਪ ਸਿੰਘ ਜੀ ਬੀਬੀ ਕੌਲਾਂ ਵਾਲੇ, ਭਾਈ ਗੁਰਚਰਨ ਸਿੰਘ ਕਥਾ ਵਾਚਕ, ਭਾਈ ਵਰਿੰਦਰ ਸਿੰਘ ਕੰਗ, ਲੁਧਿਆਣੇ ਵਾਲੇ ਭਈ ਵਰਿਆਮ ਸਿੰਘ ਕਥਾਵਾਚਕ, ਭਾਈ ਗੁਰਦੇਵ ਸਿੰਘ ਆਸਟ੍ਰੇਲੀਆ ਵਾਲੇ,ਬਾਬਾ ਦੀਪ ਸਿੰਘ ਗੁਰਮਤਿ ਗਿਆਨ ਸੰਗੀਤ ਅਕੈਡਮੀ ਦੇ ਵਿਦਿਆਰਥੀਆਂ ਨੇ ਸੰਗਤਾਂ ਨੂੰ ਗੁਰੂ ਜਸ ਸੁਣਾ ਕੇ ਨਿਹਾਲ ਕੀਤਾ। ਸਮਾਗਮ ਦੀ ਅਰੰਭਤਾ ਸ੍ਰੀ ਜਪੁਜੀ ਸਾਹਿਬ ਦੇ ਪਾਠ, ਸ੍ਰੀ ਚੌਪਈ ਸਾਹਿਬ ਦੇ ਪਾਠ ਅਤੇ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਨਾਲ ਹੋਈ। ਉਪਰੰਤ ਭਾਈ ਅਮਨਦੀਪ ਸਿੰਘ ਜੀ ਨੇ ਕਥਾ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਭਾਈ ਸਾਜਨਪ੍ਰੀਤ ਸਿੰਘ ਵੱਲੋਂ ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਦੇ ਗੁਰਪੁਰਬ ਨੂੰ ਸਮਰਪਿਤ ਗਾਇਨ ਕੀਤਾ ਸ਼ਬਦ ਰਿਲੀਜ਼ ਕੀਤਾ ਗਿਆ। ਜਿਸ ਦਾ ਪੋਸਟਰ ਭਾਈ ਗੁਰਇਕਬਾਲ ਸਿੰਘ ਅਤੇ ਭਾਈ ਅਮਨਦੀਪ ਸਿੰਘ ਜੀ ਨੇ ਆਪਣੇ ਕਰ ਕਮਲਾਂ ਨਾਲ ਰਿਲੀਜ਼ ਕੀਤਾ। ਜੈਕਾਰਿਆਂ ਦੀ ਗੂੰਜ ਵਿੱਚ ਸੰਗਤਾਂ ਨੇ ਅਸੀਸਾਂ ਦਿੱਤੀਆਂ। ਇਸ ਮੌਕੇ ਭਾਈ ਅਮਨਦੀਪ ਸਿੰਘ ਵੱਲੋਂ ਭਾਈ ਗੁਰਇਕਬਾਲ ਸਿੰਘ ਜੀ ਬੀਬੀ ਕੌਲਾਂ ਵਾਲਿਆਂ ਦਾ ਵਿਸ਼ੇਸ਼ ਤੌਰ ਤੇ ਸਨਮਾਨ ਕੀਤਾ। ਗੁਰੂ ਕੇ ਲੰਗਰ ਅਟੁੱਟ ਵਰਤੇ। ਇਸ ਮੌਕੇ ਭਾਈ ਅਮਤੇਸ਼ਵਰ ਸਿੰਘ, ਭਾਈ ਰੋਬਿਨ ਸਿੰਘ, ਭਾਈ ਅਵਤਾਰ ਸਿੰਘ, ਭਾਈ ਸਿਮਰਨਜੀਤ ਸਿੰਘ, ਹਰਪ੍ਰੀਤ ਸਿੰਘ ਪ੍ਰੀਤ ਭਾਈ ਜਸਬੀਰ ਸਿੰਘ ਹਾਜ਼ਰ ਸਨ।

## ਸ਼ਹੀਦ ਭਾਈ ਹਰਜਿੰਦਰ ਸਿੰਘ ਜਿੰਦਾ ਤੇ ਭਾਈ ਸੁਖਦੇਵ ਸਿੰਘ ਸੁੱਖਾ ਦੀ ਬਰਸੀ ਮਨਾਈ



ਅੰਮ੍ਰਿਤਸਰ, 9 ਅਕਤੂਬਰ (ਗੁਰਦਿਆਲ ਸਿੰਘ): ਸਿੱਖ ਕੌਮ ਦੇ ਮਹਾਨ ਸ਼ਹੀਦ ਭਾਈ ਹਰਜਿੰਦਰ ਸਿੰਘ ਜਿੰਦਾ ਤੇ ਭਾਈ ਸੁਖਦੇਵ ਸਿੰਘ ਸੁੱਖਾ ਦੀ ਸਾਲਾਨਾ ਬਰਸੀ ਸ਼੍ਰੋਮਣੀ ਕਮੇਟੀ ਵੱਲੋਂ ਸ੍ਰੀ ਦਰਬਾਰ ਸਾਹਿਬ ਸਮੂਹ ਵਿਖੇ ਸਥਿਤ ਗੁਰਦੁਆਰਾ ਸ਼ਹੀਦ ਬਾਬਾ ਗੁਰਬਖਸ਼ ਸਿੰਘ ਵਿਖੇ ਮਨਾਈ ਗਈ। ਇਸ ਮੌਕੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਗੁਰਦੇਵ ਸਿੰਘ ਖਾਲਸਾ ਦੇ ਜਥੇ ਨੇ ਨੇ ਗੁਰਬਾਣੀ ਕੀਰਤਨ ਕੀਤਾ, ਅਰਦਾਸ ਭਾਈ ਬਲਜੀਤ ਸਿੰਘ ਨੇ ਕੀਤੀ ਤੇ ਪਾਵਨ ਹੁਕਮਨਾਮਾ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਬਲਜੀਤ ਸਿੰਘ ਨੇ ਸਰਵਣ ਕਰਵਾਇਆ। ਇਸ ਮੌਕੇ ਸਿੰਘ ਸਾਹਿਬ ਗਿਆਨੀ ਬਲਜੀਤ ਸਿੰਘ ਨੇ ਕਿਹਾ ਕਿ ਭਾਈ ਹਰਜਿੰਦਰ ਸਿੰਘ ਜਿੰਦਾ ਤੇ ਭਾਈ ਸੁਖਦੇਵ ਸਿੰਘ ਸੁੱਖਾ ਕੌਮੀ ਸ਼ਹੀਦ ਹਨ, ਜਿਨ੍ਹਾਂ ਨੇ ਕੌਮ ਖਾਤਰ ਸ਼ਹਾਦਤ ਪ੍ਰਾਪਤ ਕੀਤੀ। ਉਨ੍ਹਾਂ ਕਿਹਾ ਕਿ ਇਨ੍ਹਾਂ ਸਿੰਘਾਂ ਵੱਲੋਂ ਕੌਮੀ ਜਜ਼ਬੇ ਖ਼ਾਤਰ ਦਿੱਤੀਆਂ ਸ਼ਹਾਦਤਾਂ ਨੂੰ ਕੌਮ ਹਮੇਸ਼ਾਂ ਸਜਦਾ ਕਰਦੀ ਹੈ। ਇਸ ਮੌਕੇ ਸ਼ਹੀਦਾਂ ਦੇ ਪਰਿਵਾਰਕ ਮੈਂਬਰਾਂ ਭਾਈ ਭੁਪਿੰਦਰ ਸਿੰਘ, ਬੀਬੀ ਕੁਲਵੰਤ ਕੌਰ, ਬੀਬੀ ਸੁਰਜੀਤ ਕੌਰ ਤੇ ਭਾਈ ਨਿਰਮਲ ਸਿੰਘ ਸਮੇਤ ਹੋਰਾਂ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਗੁਰੂ ਬਖ਼ਸ਼ਿਸ਼ ਸਿਰੋਪਾਓ ਦਿੱਤੇ ਗਏ।

ਇਸ ਮੌਕੇ ਸ਼੍ਰੋਮਣੀ ਕਮੇਟੀ ਮੈਂਬਰ ਐਡ. ਭਗਵੰਤ ਸਿੰਘ ਸਿਆਲਕਾ, ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਭਗਵੰਤ ਸਿੰਘ ਧੰਗੇੜਾ ਤੋਂ ਇਲਾਵਾ ਸੁਪ੍ਰਿੰਟੈਂਡੈਂਟ ਨਿਸ਼ਾਨ ਸਿੰਘ, ਮਲਕੀਤ ਸਿੰਘ ਬਹਿੜਵਾਲ, ਮੈਨੇਜਰ ਨਰਿੰਦਰ ਸਿੰਘ ਮਥਰੇਵਾਲ, ਜਸਪਾਲ ਸਿੰਘ ਢੱਡੇ, ਵਧੀਕ ਮੈਨੇਜਰ ਬਿਕਰਮਜੀਤ ਸਿੰਘ ਝੰਗੀ, ਭਾਈ ਦਲਜੀਤ ਸਿੰਘ ਬਿੱਟੂ, ਕਰਨੈਲ ਸਿੰਘ ਪੀਰਮੁਹੰਮਦ, ਜਰਨੈਲ ਸਿੰਘ ਸਖੀਰਾ, ਬੇਅੰਤ ਸਿੰਘ ਖਿਆਲਾ, ਹਰਬੀਰ ਸਿੰਘ ਸੰਧੂ ਆਦਿ ਹਾਜ਼ਰ ਸਨ।

## ਬੀਬੀ ਕੌਲਾਂ ਜੀ ਭਲਾਈ ਕੇਂਦਰ ਨੇ ਹੜ੍ਹ ਪੀੜਤਾਂ ਮੁੜ ਵਸੇਬੇ ਲਈ ਗਾਵਾਂ ਤੇ ਮੱਝਾਂ ਭੇਜੀਆਂ

ਅਮ੍ਰਿਤਸਰ, 9 ਅਕਤੂਬਰ (ਬਬਲੂ ਮਹਾਜਨ): ਬੀਬੀ ਕੌਲਾਂ ਜੀ ਭਲਾਈ ਕੇਂਦਰ ਵਿਖੇ ਪਹੁੰਚੇ, ਜਿੱਥੇ ਹੜ ਪੀੜਤ ਪਰਿਵਾਰਾਂ ਨੂੰ ਮੁੜ ਵਸੇਬਾ ਦੇ ਤਹਿਤ ਮੱਝਾਂ



ਅਤੇ ਗਾਵਾਂ ਦਿੱਤੀਆਂ ਗਈਆਂ। ਭਾਈ ਗੁਰਇਕਬਾਲ ਸਿੰਘ ਜੀ ਨੇ ਦੱਸਿਆ ਉਨ੍ਹਾਂ ਦੱਸਿਆ ਕਿ ਇਹ ਸਮਾਂ ਸਿਰਫ਼ ਰਾਹਤ ਨਹੀਂ, ਬਲਕਿ ਮੁੜ ਵਸੇਬੇ ਤੇ ਨਵੀਂ ਜ਼ਿੰਦਗੀ ਸ਼ੁਰੂ ਕਰਨ ਦਾ ਹੈ।

ਬੀਬੀ ਕੌਲਾਂ ਜੀ ਭਲਾਈ ਕੇਂਦਰ ਵੱਲੋਂ ਹੜ ਕਾਰਨ ਪਸ਼ੂ ਗੁਆ ਚੁੱਕੇ, ਗਰੀਬ ਪਰਿਵਾਰਾਂ ਨੂੰ ਇੱਕ-ਇੱਕ ਮੱਝ ਜਾਂ ਗਾਂ ਦਿੱਤੀ ਜਾ ਰਹੀ ਹੈ।ਅੱਜ ਭਾਈ ਮਨਦੀਪ ਸਿੰਘ ਭੋਲੂ ਨੇ ਦੱਸਿਆ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੀ ਯੋਗ ਅਗਵਾਈ ਹੇਠ ਚਾਰ ਮੱਝਾਂ ਗਾਵਾਂ ਹੜ ਪੀੜਤ ਇਲਾਕਿਆਂ ਵਿੱਚ ਜਾ ਕੇ ਦਿੱਤੀਆਂ ਗਈਆਂ। ਉਨ੍ਹਾਂ ਕਿਹਾ ਕਿ ਰਾਸ਼ਨ,ਦਵਾਈਆਂ,ਮੈਡੀਕਲ ਕਿੱਟ,ਮੱਛਰਦਾਨੀਆਂ, ਤਰਪਾਲਾ,ਬੱਚਿਆਂ ਦੇ ਡਾਈਪਰ, ਕੋਟੀਆਂ, ਚਾਦਰਾਂ ਤੋਂ ਲੈ ਕੇ ਹੁਣ ਪਸ਼ੂਆਂ ਦੀ ਭਰਪਾਈ ਅਤੇ ਸਕੂਲ ਬੈਗ ਤੱਕ ਦੀ ਸਹਾਇਤਾ ਹੜ ਪੀੜਤਾਂ ਲਈ ਜੀਵਨ ਰੇਖਾ ਸਾਬਤ ਹੋ ਰਹੀਆ ਹਨ।ਇਸ ਮੋਕੇ ਭਾਈ ਭਾਈ ਗੁਰਇਕਬਾਲ ਸਿੰਘ ਨੇ ਇਹ ਵੀ ਦੱਸਿਆ ਕਿ ਆਉਣ ਵਾਲੇ ਦਿਨਾਂ ਵਿੱਚ ਬਾਲੇ ਇੱਟਾਂ, ਸੀਮਟ, ਟਾਈਲਾਂ ਦੀ ਵੀ ਸੇਵਾ ਕੀਤੀ ਜਾਵੇਗੀ, ਤਾਂ ਜੋ ਹੜ ਨਾਲ ਨੁਕਸਾਨੇ ਘਰਾਂ ਦੀ ਮੁਰੰਮਤ ਹੋ ਸਕੇ।ਭਾਈ ਗੁਰਇਕਬਾਲ ਸਿੰਘ ਜੀ ਦੇ ਸਾਰੇ ਪੈਰੋਕਾਰ ਤੇ ਭਲਾਈ ਕੇਂਦਰ ਟਰੱਸਟ ਦੇ ਸੇਵਾਦਾਰ ਰੋਜ਼ਾਨਾ ਮੈਦਾਨ ਵਿਚ ਉਤਰੇ ਹੋਏ ਹਨ, ਜੋ ਘਰ ਘਰ ਜਾ ਕੇ ਹਾਲਾਤਾਂ ਦੀ ਅਸੈਸਮੈਂਟ ਕਰ ਰਹੇ ਹਨ ਤੇ ਸੇਵਾ ਪਹੁੰਚਾ ਰਹੇ ਹਨ।ਇਹ ਸੇਵਾ ਸਿਰਫ ਰਾਹਤ ਨਹੀਂ, ਨਵੀਂ ਜੀਵਨ ਰੇਖਾ ਹੈ, ਜੋ ਹੜ ਪੀੜਤਾਂ ਨੂੰ ਉਡੀਕ ਰਹੀ ਸੀ। ਇਸ ਮੌਕੇ ਮਨਦੀਪ ਸਿੰਘ ਭੋਲੂ, ਭਾਈ ਨਰਿੰਦਰ ਸਿੰਘ, ਗੋਲਡੀ ਵੀਰ ਜੀ, ਪ੍ਰੀਤਮ ਸਿੰਘ, ਚਮਕੌਰ ਸਿੰਘ, ਜਤਿੰਦਰ ਸਿੰਘ, ਭਾਈ ਸਰਵਣ ਸਿੰਘ ਅਤੇ ਹੋਰ ਵੀ ਸੇਵਾਦਾਰ ਮੌਜੂਦ ਸਨ।

## ਸਿੱਖਿਆ ਵਿਭਾਗ ਪੰਜਾਬ ਵੱਲੋਂ ਮਾਪੇ-ਅਧਿਆਪਕ ਮਿਲਣੀ 17 ਨੂੰ : ਜ਼ਿਲ੍ਹਾ ਸਿੱਖਿਆ ਅਧਿਕਾਰੀ

ਅੰਮ੍ਰਿਤਸਰ, 9 ਅਕਤੂਬਰ (ਬਬਲੂ ਮਹਾਜਨ): ਸਿੱਖਿਆ ਵਿਭਾਗ ਪੰਜਾਬ ਵਲੋਂ ਸਰਕਾਰੀ ਸਕੂਲਾਂ ਅੰਦਰ ਸਿੱਖਿਆ ਹਾਸਲ ਕਰ ਰਹੇ ਵਿਦਿਆਰਥੀਆਂ ਦੀ ਵਿਦਿਅਕ ਤੇ ਸਹਾਇਕ ਵਿਦਿਅਕ ਗਤੀਵਿਧੀਆਂ ਸੰਬੰਧੀ ਕਾਰਗੁਜਾਰੀ ਤੋਂ ਮਾਪਿਆਂ ਨੂੰ ਜਾਣੂੰ ਕਰਵਾਉਣ ਲਈ ਸੂਬੇ ਦੇ ਸਰਕਾਰੀ ਸਕੂਲਾਂ ਵਿੱਚ 13 ਅਕਤੂਬਰ ਨੂੰ ਕਰਵਾਈ ਜਾਣ ਵਾਲੀ ਮਾਪੇ-ਅਧਿਆਪਕ ਮਿਲਣੀ ਦੇ ਸਮੇਂ ਵਿੱਚ ਤਬਦੀਲੀ ਕਰਦਿਆਂ ਹੁਣ 17 ਅਕਤੂਬਰ ਨੂੰ ਮਾਪੇ ਅਧਿਆਪਕ ਮਿਲਣੀ ਦਾ ਆਯੋਜਨ ਕੀਤਾ ਜਾਵੇਗਾ। ਇਸ ਸਬੰਧੀ ਵਿਸਥਾਰਿਤ ਜਾਣਕਾਰੀ ਦਿੰਦਿਆਂ ਰਜੇਸ਼ ਕੁਮਾਰ ਸ਼ਰਮਾ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿੱ), ਕੰਵਲਜੀਤ ਸਿੰਘ ਸੰਧੂ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿੱ), ਸ੍ਰੀ ਰਜੇਸ਼ ਖੰਨਾ ਅਤੇ ਸ਼੍ਰੀਮਤੀ ਇੰਦੂ ਬਾਲਾ ਮੰਗੋਤਰਾ (ਦੋਵੇਂ ਡਿਪਟੀ ਡੀ.ਈ.ਓ.) ਵਲੋਂ ਸਾਂਝੇ ਤੌਰ ਤੇ ਦੱਸਿਆ ਕਿ 17 ਅਕਤੂਬਰ ਨੂੰ ਜ਼ਿਲ੍ਹੇ ਦੇ ਸਮੂਹ ਸਰਕਾਰੀ ਪ੍ਰਾਇਮਰੀ, ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਹੋਣ ਵਾਲੀ ਮਾਪੇ-ਅਧਿਆਪਕ ਮਿਲਣੀ ਦੌਰਾਨ ਪਹਿਲੀ ਤੋਂ ਪੰਜਵੀ, ਛੇਵੀਂ ਤੋਂ ਅੱਠਵੀਂ ਅਤੇ ਨੌਵੀਂ ਤੋਂ ਦਸਵੀਂ ਕਮਾਤ ਦੇ ਬੱਚਿਆਂ ਦੀ ਸਤੰਬਰ ਮਹੀਨੇ ਵਿੱਚ ਹੋਈ ਟਰਮ ਪ੍ਰੀਖਿਆ-1 ਦੀ ਪ੍ਰਗਤੀ ਬਾਰੇ ਮਾਪਿਆਂ ਨਾਲ ਵਿਦਿਆਰਥੀਆਂ ਦੀ ਕਾਰਗੁਜਾਰੀ ਤੇ ਹੋਰ ਉਪਲਬਧੀਆਂ ਸਬੰਧੀ ਵਿਚਾਰ ਚਰਚਾ ਹੋਵੇਗੀ। ਉਨ੍ਹਾਂ ਦੱਸਿਆ ਕਿ ਮਾਪੇ-ਅਧਿਆਪਕ ਮਿਲਣੀ ਦਾ ਸਮਾਂ ਸਵੇਰੇ 9 ਵਜੇ ਤੋਂ ਦੁਪਹਿਰ 1 ਵਜੇ ਤੱਕ ਹੋਵੇਗਾ। ਇਸ ਸਮੇਂ ਪਰਮਿੰਦਰ ਸਿੰਘ ਸਰਪੰਚ ਜ਼ਿਲ੍ਹਾ ਮੀਡੀਆ ਕੋਆਰਡੀਨੇਟਰ, ਕਰਨਦੀਪ ਸਿੰਘ ਜ਼ਿਲ੍ਹਾ ਐਮ.ਆਈ.ਐਸ. ਕੋਆਰਡੀਨੇਟਰ, ਰੁਪਿੰਦਰ ਸਿੰਘ ਏ.ਪੀ.ਸੀ. (ਜਨਰਲ) ਸਮੇਤ ਹੋਰ ਸਿੱਖਿਆ ਕਰਮਚਾਰੀ ਹਾਜ਼ਰ ਸਨ।



## 4150 ਕਰੋੜ ਦੀ ਲਾਗਤ ਨਾਲ ਸੂਬੇ ਦੀਆਂ ਲਿੰਕ ਸੜਕਾਂ ਦਾ ਹੋਵੇਗਾ ਨਿਰਮਾਣ : ਈ.ਟੀ.ਓ.



ਜੰਡਿਆਲਾ ਗੁਰੂ, 9 ਅਕਤੂਬਰ (ਰਾਮ ਸ਼ਰਨਜੀਤ ਸਿੰਘ): ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸੂਬੇ ਦੇ ਲੋਕਾਂ ਨੂੰ ਵੱਡਾ ਤੋਹਫਾ ਦਿੰਦੇ ਹੋਏ 4150.42 ਕਰੋੜ ਰੁਪਏ ਦੀ ਲਾਗਤ ਨਾਲ ਸੂਬੇ ਵਿੱਚ 19491 ਕਿਲੋਮੀਟਰ ਪੇਂਡੂ ਲਿੰਕ ਸੜਕਾਂ ਦੀ ਮੁਰੰਮਤ ਅਤੇ ਅਪਗ੍ਰੇਡ ਕਰਨ ਲਈ ਪ੍ਰੋਜੈਕਟ ਸ਼ੁਰੂ ਕਰ ਦਿੱਤਾ ਹੈ, ਜਿਸ ਨਾਲ ਲੋਕਾਂ ਨੂੰ ਆਵਾਜਾਈ ਵਿੱਚ ਵੱਡੀ ਰਾਹਤ ਮਿਲੇਗੀ। ਇਨਾਂ ਸ਼ਬਦਾਂ ਦਾ ਪ੍ਰਗਟਾਵਾ ਲੋਕ ਨਿਰਮਾਣ ਵਿਭਾਗ ਦੇ ਕੈਬਨਿਟ ਮੰਤਰੀ ਸ ਹਰਭਜਨ ਸਿੰਘ ਈਟੀਓ ਨੇ ਜੰਡਿਆਲਾ ਗੁਰੂ ਹਲਕੇ ਵਿੱਚ ਗਹਿਰੀ ਮੰਡੀ ਤੋਂ ਮਲਕਪੁਰ ਤੋਂ ਵਡਾਲਾ ਜੌਹਲ, ਸਰਕਾਰੀ ਹਾਈ ਸਕੂਲ ਵਡਾਲਾ ਜੌਹਲ ਤੋਂ ਸ਼ਮਸ਼ਾਨਘਾਟ ਵਡਾਲਾ ਜੌਹਲ ਅਤੇ ਮਹਿਤਾ ਰੋਡ ਤੋਂ ਰਸੂਲਪੁਰ ਕਲਾਂ ਵਿਖੇ ਸੜਕਾਂ ਦੀ ਉਸਾਰੀ ਦੇ ਕੰਮ ਦਾ ਨੀਂਹ ਪੱਥਰ ਰੱਖਣ ਪਿਛੋਂ ਕੀਤਾ। ਉਨਾਂ ਦੱਸਿਆ ਕਿ ਇਨਾਂ ਸੜਕਾਂ ਦੀ ਕੁਲ ਲੰਬਾਈ 5.98 ਕਿਲੋਮੀਟਰ ਹੈ, ਜਿਸ ਤੇ 1 ਕਰੋੜ 16 ਲੱਖ 24 ਹਜ਼ਾਰ ਰੁਪਏ ਦੀ ਲਾਗਤ ਆਵੇਗੀ ਅਤੇ ਇਨਾਂ ਸੜਕਾਂ ਦੀ ਉਸਾਰੀ ਦਾ ਕੰਮ ਮੰਡੀ ਬੋਰਡ ਫੰਡਜ਼ ਸਕੀਮ ਅਧੀਨ ਕੀਤਾ ਜਾਵੇਗਾ। ਲੋਕ ਨਿਰਮਾਣ ਮੰਤਰੀ ਨੇ ਦੱਸਿਆ ਕਿ ਇਹ ਸਾਰੀਆਂ ਸੜਕਾਂ ਜਲਦੀ ਹੀ ਮੁਕੰਮਲ ਕਰ ਦਿੱਤੀਆਂ ਜਾਣਗੀਆਂ। ਕੈਬਨਿਟ ਮੰਤਰੀ ਨੇ ਦੱਸਿਆ ਕਿ ਇਹਨਾਂ ਸੜਕਾਂ ਦੀ ਖਾਸ ਮੁਰੰਮਤ ਹੋਣ ਨਾਲ ਇਥੋਂ ਦੇ ਵਸਨੀਕਾਂ ਨੂੰ ਆਵਾਜਾਈ ਵਿੱਚ ਕਾਫੀ ਰਾਹਤ ਮਿਲੇਗੀ।

ਇਸ ਮੌਕੇ ਸਰਦਾਰ ਈਟੀਓ ਨੇ ਸਬੰਧਤ ਅਧਿਕਾਰੀਆਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਵਿਕਾਸ ਕਾਰਜਾਂ ਵਿੱਚ ਕਿਸੇ ਕਿਸਮ ਦੀ ਢਿੱਲ ਮੱਠ ਬਰਦਾਸ਼ਤ ਨਹੀਂ ਕੀਤੀ ਜਾਵੇਗੀ ਉਹਨਾਂ ਕਿਹਾ ਕਿ ਸਾਰੀਆਂ ਸੜਕਾਂ ਦੀ ਕਵਾਲਿਟੀ ਬਿਹਤਰ ਹੋਣੀ ਚਾਹੀਦੀ ਹੈ ਅਤੇ ਸਾਰੇ ਕੰਮ ਸਮੇਂ ਸੀਮਾ ਵਿੱਚ ਮੁਕੰਮਲ ਹੋਣੇ ਚਾਹੀਦੇ ਹਨ। ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਨੇ ਕਿਹਾ ਕਿ ਅਸੀਂ ਇਹਨਾਂ ਕੰਮਾਂ ਦੇ ਆਧਾਰ ਉੱਤੇ ਹੀ ਲੋਕਾਂ ਦੀ ਕਚਹਿਰੀ ਵਿੱਚ ਜਾਵਾਂਗੇ ਅਤੇ ਵੱਡੀ ਫਰਕ ਨਾਲ ਮੁੜ ਜਿੱਤ ਪ੍ਰਾਪਤ ਕਰਾਂਗੇ। ਉਨਾਂ ਕਿਹਾ ਕਿ ਇਹ ਪੰਜਾਬ ਦੇ ਇਤਿਹਾਸ ਵਿੱਚ ਪਹਿਲੀ ਵਾਰ ਹੋਇਆ ਹੈ ਕਿ ਕਰੀਬ 19500 ਕਿਲੋਮੀਟਰ ਲਿੰਕ ਸੜਕਾਂ ਦੀ ਉਸਾਰੀ ਸ਼ੁਰੂ ਕੀਤੀ ਹੈ। ਉਨਾਂ ਦੱਸਿਆ ਕਿ ਅਸੀਂ ਲੋਕਾਂ ਨਾਲ ਜੋ ਵਆਦੇ ਕੀਤੇ ਸੀ, ਉਨਾਂ ਨੂੰ ਹਰ ਹੀਲੇ ਪੂਰਾ ਕਰਾਂਗੇ।

## ਡੀ.ਏ.ਵੀ. ਸਕੂਲ 'ਚ ਮਹਿੰਦੀ ਮੁਕਾਬਲੇ ਕਰਵਾਏ




ਦੀਨਾਨਗਰ, 9 ਅਕਤੂਬਰ (ਡਾ. ਰਮੇਸ਼ ਸਰੰਗਲ): ਐੱਸ ਐੱਸ ਡੀ ਏ ਵੀ ਸੀਨੀਅਰ ਸੈਕੰਡਰੀ ਸਕੂਲ ਅਵਾਂਖਾ, ਦੀਨਾਨਗਰ ਦੇ ਪ੍ਰਧਾਨ ਅਰਵਿੰਦ ਮਹਿਤਾ ਦੀ ਪ੍ਰਧਾਨਗੀ ਹੇਠ ਮਹਿੰਦੀ ਪ੍ਰਤੀਯੋਗਿਤਾ ਕਰਵਾਈ ਗਈ। ਇਸ ਵਿੱਚ ਪੰਜਵੀਂ ਤੋ ਬਾਰਵੀਂ ਜਮਾਤ ਦੇ ਵਿਦਿਆਰਥੀਆਂ ਨੇ ਹਿੱਸਾ ਲਿਆ। ਪ੍ਰਤੀਯੋਗਿਤਾ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਨੇ ਮਹਿੰਦੀ ਦੇ ਪਰੰਪਰਿਕ ਤੇ ਕਲਾਤਮਿਕ ਡਿਜਾਇਨ ਬਣਾਏ। ਪ੍ਰਤੀਯੋਗਤਾ ਦੇ ਪਹਿਲੇ ਦੌਰ ਵਿੱਚ ਪੰਜਵੀਂ ਤੋਂ ਅੱਠਵੀਂ ਜਮਾਤ ਦੇ ਵਿਦਿਆਰਥੀਆਂ ਨੇ ਭਾਗ ਲਿਆ। ਵਾਨਿਕਾ, ਸਮਾਇਰਾ, ਮੀਨਾਕਸ਼ੀ, ਆਰਾਧਿਆ, ਪ੍ਰਨੀਤੀ, ਰੀਤਿਕਾ ਮਹਿਰਾ ਨੇ ਪਹਿਲਾ ਸਥਾਨ, ਬੇਲਾ, ਕਨਿਕਾ, ਮੀਨਾਕਸ਼ੀ, ਭੂਮਿਕਾ, ਰਾਧਿਕਾ ਨੇ ਦੂਸਰਾ ਸਥਾਨ, ਮਾਨਵੀ, ਹਰਸ਼ਿਤਾ, ਯਸ਼ਿਕਾ, ਚੇਤਨਾ, ਸਿਮਰਨ ਨੇ ਤੀਸਰਾ ਸਥਾਨ, ਮਹਿਕ, ਸਮਰਿਤੀ, ਰੁਪਾਲੀ, ਮਨਚਾਹਤ, ਜੀਵਿਕਾ ਨੇ ਚੌਥਾ ਸਥਾਨ ਪ੍ਰਾਪਤ ਕੀਤਾ। ਪ੍ਰਤੀਯੋਗਤਾ ਦੇ ਦੂਸਰੇ ਦੌਰ ਵਿੱਚ ਨੌਵੀ ਜਮਾਤ ਤੋ ਬਾਰਵੀਂ ਜਮਾਤ ਦੇ ਵਿਦਿਆਰਥੀਆਂ ਨੇ ਭਾਗ ਲਿਆ। ਗੀਤਾ, ਅਕਸ਼ਰਾ, ਨਿਸ਼ੀਕਾ, ਅੰਜਲੀ, ਸੁਹਾਣਾ, ਮੰਨਤ, ਸਮਰਿਤੀ ਤੇ ਸੁਰਭੀ ਨੇ ਪਹਿਲਾ ਸਥਾਨ ਜਸ਼ਨਦੀਪ, ਸ਼ਰੁਤਿ, ਸਮਤਾ, ਦੀਕਸ਼ਾ, ਨੰਦਨੀ ਨੇ ਦੂਸਰਾ ਸਥਾਨ, ਨਵਿਆ, ਵੰਸ਼ਿਕਾ, ਕਵਿਤਾਨੇ ਤੀਸਰਾ ਸਥਾਨ ਤੇ ਦਨਿਸ਼ਾ, ਲਵਲੀਨ, ਆਰਤੀ ਠਾਕੁਰ ਨੇ ਚੌਥਾ ਸਥਾਨ ਪ੍ਰਾਪਤ ਕੀਤਾ। ਇਸ ਮੌਕੇ ਤੇ ਪ੍ਰਿੰਸੀਪਲ ਰਚਨਾ ਸੈਣੀ, ਸਿੱਖਿਆ ਸਲਾਹਕਾਰ ਸੁਸ਼ੀਲ ਕੁਮਾਰ ਨੇ ਜੇਤੂ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ। ਇਸ ਮੌਕੇ ਤੇ ਸਮੂਹ ਸਟਾਫ ਹਾਜਰ ਸੀ।

## ਸੈਂਟਰਲ ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲ ਦੇ ਵਿਦਿਆਰਥੀਆਂ ਵੱਲੋਂ ਜ਼ਿਲ੍ਹਾ ਪ੍ਰਾਇਮਰੀ ਖੇਡਾਂ ਤੇ ਐਥਲੈਟਿਕਸ ਮੁਕਾਬਲਿਆਂ 'ਚ ਸ਼ਾਨਦਾਰ ਪ੍ਰਦਰਸ਼ਨ

ਪੱਟੀ, 9 ਅਕਤੂਬਰ (ਪਵਨ ਕੁਮਾਰ): ਸ਼ਹੀਦ ਭਗਤ ਸਿੰਘ ਸਿੱਖਿਆ ਸੰਸਥਾਵਾਂ ਪੱਟੀ ਦੀ ਸਿਰਮੌਰ ਸਿੱਖਿਆ ਸੰਸਥਾ ਸੈਂਟਰਲ ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲ ਪੱਟੀ ਦੇ ਵਿਦਿਆਰਥੀ ਜਿੱਥੇ ਵਿਦਿਅਕ ਮੁਕਾਬਲਿਆਂ ਤੇ ਹੋਰ ਸਹਿਗਤੀਵਿਧੀਆਂ ਵਿੱਚ ਆਪਣੀ ਝੰਡੀ ਕਾਇਮ ਕੀਤੇ ਹੋਏ ਹਨ ਉਥੇ ਹੀ ਖੇਡਾਂ ਦੇ ਖੇਤਰ ਵਿੱਚ ਵੀ ਬਿਹਤਰੀਨ ਪ੍ਰਦਰਸ਼ਨ ਕਰ ਰਹੇ ਹਨ ਜਿਸ ਦੀ ਮਿਸਾਲ ਹਾਲ ਵਿੱਚ ਹੀ ਸੰਪੂਰਨ ਹੋਇਆ ਪ੍ਰਾਇਮਰੀ ਖੇਡਾਂ ਅਤੇ ਜਿਲਾ ਪੱਧਰੀ ਅਥਲੈਟਿਕਸ ਮੁਕਾਬਲਿਆਂ ਵਿੱਚ ਦੇਖਣ ਨੂੰ ਮਿਲੀ। ਕਲਸਟਰ ਪੱਧਰੀ ਪ੍ਰਾਇਮਰੀ ਖੇਡਾਂ ਵਿੱਚੋ ਖੋ-ਖੋ ਲੜਕੀਆਂ ਦੂਸਰਾ ਸਥਾਨ, ਖੋ-ਖੋ ਲੜਕੇ ਤੀਜਾ ਸਥਾਨ ਬੈਡਮਿੰਟਨ ਦੋਨੋ ਮੁੰਡੇ ਅਤੇ ਕੁਵੀਆ ਪਹਿਲਾ ਸਥਾਨ ਰੱਸਾ ਕਸ਼ੀ ਮੁੰਡੇ ਪਹਿਲਾ ਸਥਾਨ ਹਾਸਿਲ ਕਰਨ ਵਿੱਚ ਸਫਲ ਰਹੇ ਇਹ ਸਾਰੇ ਮੁਕਾਬਲੇ ਅੰਡਰ 11 ਦੇ ਤਹਿਤ ਕਰਵਾਏ ਗਏ। ਇਸੇ ਤਰਾਂ ਜਿਲਾਂ ਪੱਧਰੀ ਹੋਏ।ਅਥਲੈਟਿਕਸ ਮੁਕਾਬਲਿਆਂ ਵਿੱਚ ਵੀ ਅੰਡਰ 14 400 ਮੀਟਰ ਪਹਿਲਾ ਸਥਾਨ ਰਿਲੇ 4/100 ਪਹਿਲਾ ਸਥਾਨ ਲੰਬੀ ਛਾਲ- ਪਹਿਲਾ, ਡਿਸਕਸਥੋ ਦੂਜਾ- ਤੀਜਾ, 100 ਮੀਟਰ ਦੌੜ ਤੀਜਾ ਸਥਾਨ,



600 ਮੀਟਰ ਦੌੜ ਪਹਿਲਾ ਸਥਾਨ ਅਤੇ ਅੰਡਰ -17 ਵਰਗ 4/400 ਰਿਲੇ ਪਹਿਲਾ ਸਥਾਨ, ਲੰਬੀ ਛਾਲ- ਪਹਿਲਾ, ਤੀਜਾ, ਸਥਾਨ, ਉਚੀ ਛਾਲ ਦੂਜਾ ਸਥਾਨ , ਡਿਸਕਸ ਥ੍ਰੋ ਤੀਜਾ ਸਥਾਨ 4/400 ਰਿਲੇ ਤੀਜਾ ਸਥਾਨ ਹਾਸਿਲ ਕਰਕੇ ਆਪਣਾ ਲੋਹਾ ਮਨਵਾਇਆ।ਚੇਅਰਮੈਨ ਡਾ. ਰਾਜੇਸ਼ ਭਾਰਦਵਾਜ, ਮੈਨੇਜਿੰਗ ਡਾਇਰੈਕਟਰ ਕਮ ਪ੍ਰਿੰਸੀਪਲ ਡਾ. ਮਰਿਦੁਲਾ ਭਾਰਦਵਾਜ ਤੇ ਡਾਇਰੈਕਟਰ ਸਤਿਅਮ ਤੇ ਸ਼ੁਭੀ ਭਾਰਦਵਾਜ ਨੇ ਇਹਨਾਂ ਸਾਰੇ ਹੀ ਖਿਡਾਰੀਆ ਨੂੰ ਮੁਬਾਰਕਬਾਦ ਦਿੱਤੀ ਅਤੇ ਕਿਹਾ ਕਿ ਅਗਲੇ ਮੁਕਾਬਲਿਆ ਵਿੱਚ ਵੀ ਇਸੇਤਰਾਂ ਸ਼ਾਨਦਾਰ ਪ੍ਰਦਰਸ਼ਨ ਕਰਨ ਜਿਸ ਨਾਲ ਸਕੂਲ ਦਾ ਨਾਮ ਰੌਸ਼ਨ ਹੋਵੇ।

## ਆਜ਼ਾਦ ਪ੍ਰੈੱਸ ਕਲੱਬ ਦੇ ਪੱਤਰਕਾਰ ਭਾਈਚਾਰੇ ਦੀ ਮੀਟਿੰਗ ਭਲਕੇ

ਤਰਨਤਾਰਨ, 9 ਅਕਤੂਬਰ (ਪੱਤਰ ਪ੍ਰੇਰਕ): ਆਜ਼ਾਦ ਪ੍ਰੈੱਸ ਕਲੱਬ ਭਿੱਖੀਵਿੰਡ ਦੀ ਮਹੀਨਾ ਵਾਰ ਮੀਟਿੰਗ ਚਾਂਦ ਪੈਲੇਸ ਖਾਲੜਾ ਰੋਡ ਭਿੱਖੀਵਿੰਡ ਵਿਖੇ 11 ਅਕਤੂਬਰ ਦਿਨ ਸ਼ਨੀਵਾਰ ਨੂੰ ਟਾਈਮ 2 ਵੱਜੇ ਦੇ ਕਰੀਬ ਹੋਵੇਗੀ। ਜਿਸ ਵਿੱਚ ਆਜ਼ਾਦ ਪ੍ਰੈਸ ਕਲੱਬ ਭਿੱਖੀਵਿੰਡ ਦਾ ਸਮੂਹ ਪੱਤਰਕਾਰ ਭਾਈਚਾਰਾ ਸ਼ਮੂਲੀਅਤ ਕਰੇਗਾ। ਇਸ ਮੀਟਿੰਗ ਵਿੱਚ ਪੱਤਰਕਾਰਾਂ ਨੂੰ ਆ ਰਹੀਆਂ ਦਰਪੇਸ਼ ਮੁਸ਼ਕਿਲਾ ਸਬੰਧੀ ਵੀ ਵਿਚਾਰ ਵਟਾਂਦਰਾ ਕੀਤਾ ਜਾਵੇਗਾ। ਇਸ ਮੌਕੇ ਗੱਲਬਾਤ ਕਰਦਿਆਂ ਸੂਬਾ ਵਾਈਸ ਪ੍ਰਧਾਨ ਸਵਿੰਦਰ ਸਿੰਘ ਬਲੇਰ ਨੇ ਕਿਹਾ ਕਿ 11 ਅਕਤੂਬਰ ਦਿਨ ਸ਼ਨੀਵਾਰ ਨੂੰ ਰੱਖੀ ਗਈ ਇਸ ਮੀਟਿੰਗ ਵਿੱਚ ਆਜ਼ਾਦ ਪ੍ਰੈਸ ਕਲੱਬ ਭਿੱਖੀਵਿੰਡ ਅਤੇ ਚੰਡੀਗੜ੍ਹ ਪੰਜਾਬ ਜਰਨਲਿਸਟ ਐਸੋਸੀਏਸ਼ਨ ਵਿੱਚ ਹੋਰ ਪੱਤਰਕਾਰ ਵੀਰ ਸ਼ਾਮਿਲ ਹੋਣਗੇ ਜਿਨ੍ਹਾਂ ਦਾ ਆਜ਼ਾਦ ਪ੍ਰੈਸ ਕਲੱਬ ਦੇ ਪੱਤਰਕਾਰ ਜ਼ੋਰਦਾਰ ਸਵਾਗਤ ਕਰਨਗੇ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਚਾਨਣ ਸਿੰਘ ਸੰਧੂ ਤੇ ਸਰਬਜੀਤ ਸਿੰਘ ਛੀਨਾ ਨੇ ਕਿਹਾ ਕਿ 11 ਅਕਤੂਬਰ ਨੂੰ ਹੋਣ ਜਾ ਰਹੀ ਮੀਟਿੰਗ ਵਿੱਚ ਬਣਦੇ ਸਮੇਂ ਮੁਤਾਬਿਕ ਪੱਤਰਕਾਰ ਵੀਰਾ ਨੂੰ ਅਹੁਦੇਦਾਰੀਆਂ ਦੇ ਕੇ ਨਿਵਾਜਿਆ ਜਾਵੇਗਾ। ਇਸ ਮੌਕੇ ਬਲੇਹਰ ਨੇ ਆਜ਼ਾਦ ਪ੍ਰੈਸ ਕਲੱਬ ਭਿੱਖੀਵਿੰਡ ਦੇ ਪੱਤਰਕਾਰ ਤੇ ਯੂਨੀਅਨ ਵਿੱਚ ਨਵੇਂ ਸ਼ਾਮਿਲ ਹੋ ਰਹੇ ਪੱਤਰਕਾਰਾ ਨੂੰ ਬੇਨਤੀ ਕੀਤੀ ਕਿ ਆਪਣੀ ਇੱਕ ਪਾਸਪੋਰਟ ਸਾਈਜ਼ ਫੋਟੋ ਅਤੇ ਆਧਾਰ ਦੀ ਇੱਕ ਫੋਟੋ ਕਾਪੀ ਜਰੂਰ ਨਾਲ ਲੈ ਕੇ ਆਉਣ ਤਾਂ ਜੋ ਯੂਨੀਅਨ ਦੇ ਕਾਰਡ ਬਣਾਕੇ ਦਿੱਤੇ ਜਾ ਸੱਕਣ । ਅਖੀਰ ਵਿੱਚ ਉਹਨਾਂ ਸਮੂਹ ਪੱਤਰਕਾਰ ਵੀਰਾ ਨੂੰ ਬੇਨਤੀ ਕੀਤੀ ਕਿ ਟਾਈਮ ਵਿੱਚੋ ਟਾਈਮ ਕੱਢਕੇ ਇਸ ਮੀਟਿੰਗ ਵਿੱਚ ਦੁਪਹਿਰ 2 ਵੱਜੇ ਦੇ ਕਰੀਬ ਪਹੁੰਚ ਜਾਣ।



ਇਸ ਮੌਕੇ ਸੂਬਾ ਵਾਈਸ ਪ੍ਰਧਾਨ ਸਵਿੰਦਰ ਸਿੰਘ ਬਲੇਹਰ ਜ਼ਿਲ੍ਹਾ ਪ੍ਰਧਾਨ ਚਾਨਣ ਸਿੰਘ ਸੰਧੂ, ਸੀਨੀਅਰ ਮੀਤ ਪ੍ਰਧਾਨ ਸਰਬਜੀਤ ਸਿੰਘ ਛੀਨਾ, ਬਲਾਕ ਪੱਟੀ ਪ੍ਰਧਾਨ ਹੈਪੀ ਸਭਰਾਂ ਮਨਜੀਤ ਸਿੰਘ ਰੰਧਾਵਾ ਬਲਾਕ ਪ੍ਰਧਾਨ ਝਬਾਲ ਨੇ ਇਸ ਮੀਟਿੰਗ ਨੂੰ ਕਾਮਯਾਬ ਕਰਨ ਦੀ ਅਪੀਲ ਕੀਤੀ।

## ਪਰਾਲ਼ੀ ਦੀ ਸਾਂਭ-ਸੰਭਾਲ ਲਈ ਜਾਗਰੂਕਤਾ ਕੈਂਪ ਲਗਾਇਆ



ਅਜਨਾਲਾ/ਚੇਤਨਪੁਰਾ, 9 ਅਕਤੂਬਰ (ਸੁਖਦੇਵ ਸਿੰਘ ਖਾਲਸਾ): ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁਡੀਆਂ ਤੇ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਸਾਕਸ਼ੀ ਸਾਹਨੀ ਦੇ ਦਿਸ਼ਾ ਨਿਰਦੇਸ਼ ਤਹਿਤ ਤੇ ਮੁੱਖ ਖੇਤੀਬਾੜੀ ਅਫਸਰ ਡਾ ਬਲਜਿੰਦਰ ਸਿੰਘ ਭੁੱਲਰ ਤੇ ਡਾ ਹਰਪ੍ਰੀਤ ਸਿੰਘ ਪੱਟੀ ਬਲਾਕ ਖੇਤੀਬਾੜੀ ਅਫਸਰ ਵੇਰਕਾ ਦੀ ਅਗਵਾਈ 'ਚ ਵਿਸਥਾਰ ਅਫਸਰ ਪ੍ਰਭਦੀਪ ਸਿੰਘ ਗਿੱਲ ਚੇਤਨਪੁਰਾ ਤੇ ਸੰਦੀਪ ਕੁਮਾਰ ਸਬ ਇੰਸਪੈਕਟਰ ਨੇ ਅੱਜ ਪਰਾਲੀ ਦੀ ਸੁਚੱਜੀ ਵਰਤੋਂ ਬਾਰੇ ਬਲਾਕ ਵਿੱਚ ਲਗਾਤਾਰਤਾ ਨਾਲ ਜਾਗਰੂਕਤਾ ਕੈਂਪ ਲਗਾ ਕੇ ਖੇਤੀਬਾੜੀ ਅਧਿਕਾਰੀਆਂ ਨੇ ਗੱਲਬਾਤ ਕਰਦਿਆ ਦੱਸਿਆ ਕਿ ਧੋਲ ਕਲਾ, ਧੌਲ ਖੁਰਦ, ਨੰਗਲੀ, ਵਡਾਲਾ ਭਿੱਟੇਵੱਡ, ਗੌਂਸਾਬਾਦ, ਕੋਟਲਾ ਦਲ ਸਿੰਘ, ਕਾਲੇ, ਹਮੀਦਪੁਰ, ਘੰਣੂਪੁਰ, ਕੋਟ ਖਾਲਸਾ, ਮਾਹਲ, ਆਦਿ ਪਿੰਡਾਂ ਵਿੱਚ ਕਿਸਾਨਾ ਨਾਲ ਪਰਾਲੀ ਨੂੰ ਅੱਗ ਲਗਾਉਣ ਨਾਲ ਹੋਣ ਵਾਲੇ ਨੁਕਸਾਨ ਬਾਰੇ ਜਾਣਕਾਰੀ ਦਿੱਤੀ। ਉਹਨਾ ਵੱਲੋਂ ਇਸ ਦੀ ਸੰਭਾਲ ਲਈ ਖੇਤੀਬਾੜੀ ਵਿਭਾਗ ਵੱਲੋਂ ਸਬਸਿਡੀ ਤੇ ਦਿੱਤੀ ਜਾਂਦੀ ਮਸ਼ੀਨਰੀ ਜਿਸ ਵਿੱਚ ਸੁਪਰਸੀਡਰ, ਸਰਫੇਸ ਸੀਡਰ, ਮਲਚਰ, ਬੇਲਰ, ਰੇਕਰ, ਜ਼ੀਰੋ ਡਰਿੱਲ, ਉਲਟਾਵੇ ਹੱਲ ਆਦਿ ਬਾਰੇ ਵਿਸਥਾਰ ਨਾਲ ਦੱਸਿਆ ਗਿਆ। ਇਸ ਮੋਕੇ ਮੌਜੂਦਾ ਫ਼ਸਲ ਝੋਨੇ/ਬਾਸਮਤੀ ਬਾਰੇ ਗੱਲਬਾਤ ਕਰਦਿਆ ਅਧਿਕਾਰੀਆ ਨੇ ਕਿਸਾਨਾਂ ਨੂੰ ਝੋਨੇ ਵਿੱਚ ਖਾਦਾਂ ਅਤੇ ਦਵਾਈਆਂ ਬਾਰੇ ਵਿਸ਼ੇਸ਼ ਜਾਣਕਾਰੀ ਦਿੱਤੀ।ਉਹਨਾ ਯੂਰੀਆ ਖਾਦ ਦੀ ਬੇਲੋੜੀ ਵਰਤੋਂ ਨਾ ਕਰਨ ਸਬੰਧੀ ਸੁਝਾਅ ਦਿੱਤਾ ਜਿਸ ਦੋਰਾਨ ਝੋਨੇ/ਬਾਸਮਤੀ ਵਿੱਚ ਕੀੜੇ-ਮਕੌੜੇ ਅਤੇ ਦਵਾਈਆਂ ਸਬੰਧੀ ਅਹਿਮ ਜਾਣਕਾਰੀ ਦਿੱਤੀ।

## 'ਆਪ' ਨੇ ਸ਼ਮਸ਼ੇਰ ਸਿੰਘ ਭੁੱਲਰ ਨੂੰ ਸੋਸ਼ਲ ਮੀਡੀਆ ਕੁਆਰਡੀਨੇਟਰ ਕੀਤਾ ਨਿਯੁਕਤ

ਜੰਡਿਆਲਾ ਗੁਰੂ, 9 ਅਕਤੂਬਰ (ਰਾਮ ਸ਼ਰਨਜੀਤ ਸਿੰਘ): ਹਲਕਾ ਜੰਡਿਆਲਾ ਦੇ ਹਰਮਨ ਪਿਆਰੇ ਵਿਧਾਇਕ ਅਤੇ ਕੈਬਨਿਟ ਮੰਤਰੀ ਹਰਭਜਨ ਸਿੰਘ ਈ.ਟੀ.ਓ ਵੱਲੋਂ ਜਿੱਥੇ ਹਲਕੇ ਦੇ ਵਿਕਾਸ ਨੂੰ ਤਰਜੀਹ ਦਿੱਤੀ ਜਾ ਰਹੀ ਉੱਥੇ ਕੈਬਨਿਟ ਵਿੱਚ ਮੰਤਰੀ ਹੋਣ ਦੇ ਨਾਤੇ ਪੰਜਾਬ ਦੀ ਜਿੰਮੇਵਾਰੀ ਵੀ ਸੰਭਾਲ ਰਹੇ ਹਨ ਇਨਾਂ ਗੱਲਾਂ ਦਾ ਪ੍ਰਗਟਾਵਾ ਕਰਦਿਆ ਹੋਇਆ ਸਮਸ਼ੇਰ ਸਿੰਘ ਭੁੱਲਰ ਨੇ ਅੱਗੇ ਕਿਹਾ ਕਿ ਆਮ ਆਦਮੀ ਪਾਰਟੀ ਪ੍ਰਤੀ ਨਿਭਾਈ ਗਈ ਵਫਾਦਾਰੀ ਨੂੰ ਵੇਖਦਿਆਂ ਹੋਇਆਂ ਆਮ ਆਦਮੀ ਪਾਰਟੀ ਦੇ ਕਨਵੀਨਰ ਸ੍ਰੀ ਅਰਵਿੰਦ ਕੇਜਰੀਵਾਲ ਵੱਲੋਂ ਹਰੇਕ ਵਰਕਰ ਦਾ ਬਣਦਾ ਮਾਨ ਸਨਮਾਨ ਦਿੱਤਾ ਜਾਂਦਾ ਹੈ ਜਿਸ ਦੇ ਚੱਲਦਿਆਂ ਬੀਤੇ ਦਿਨ ਅਰਵਿੰਦ ਕੇਜਰੀਵਾਲ, ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਤੇ ਹਰਭਜਨ ਸਿੰਘ ਈਟੀਓ ਵੱਲੋਂ ਮੈਨੂੰ ਹਲਕੇ ਦਾ ਸੋਸ਼ਲ ਮੀਡੀਆ ਕੋਆਰਡੀਨੇਟਰ ਲਗਾਇਆ ਗਿਆ ਹੈ ਜਿਸ ਸੰਬੰਧੀ ਮੈਂ ਪਾਰਟੀ ਹਾਈਕਮਾਂਡ ਦਾ ਧੰਨਵਾਦ ਕਰਦਾ ਹਾਂ ਅਤੇ ਪਾਰਟੀ ਪ੍ਰਤੀ ਦਿੱਤੀ ਗਈ ਜਿੰਮੇਵਾਰੀ ਨੂੰ ਪੂਰੀ ਤਨਦੇਹੀ ਨਾਲ ਨਿਭਾਵਾਂਗਾ! ਅੱਗੇ ਸਮਸ਼ੇਰ ਸਿੰਘ ਭੁੱਲਰ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਬਣਦਿਆਂ ਹੀ 600 ਯੂਨਿਟ ਹਰੇਕ ਵਰਗ ਨੂੰ ਬਿਨਾਂ ਕਿਸੇ ਦਫਤਰੀ ਭੱਜਦੌੜ ਦੇ ਮੁਆਫ ਕੀਤੇ ਅਤੇ ਪਿੰਡਾਂ ਦੀਆਂ ਲਿੰਕ ਸੜਕਾਂ ਨੂੰ ਚੌੜਾ ਕੀਤਾ ਜਾ ਰਿਹਾ ਹੈ ਇਨਾਂ ਨੀਤੀਆਂ ਤੋਂ ਲੋਕ ਪੂਰੀ ਤਰ੍ਹਾਂ ਸੰਤੁਸ਼ਟ ਹਨ ਅਤੇ 2027 ਵਿੱਚ ਵੀ ਆਮ ਆਦਮੀ ਪਾਰਟੀ ਨੂੰ ਮੌਕਾ ਦੇਣਾ ਚਾਹੁੰਦੇ ਹਨ ਇੱਥੇ ਇਹ ਵੀ ਦੱਸਣ ਯੋਗ ਹੈ ਕਿ ਭੁੱਲਰ ਪਰਿਵਾਰ ਜੋ ਸਵਰਗੀ ਚੇਅਰਮੈਨ ਸਕੱਤਰ ਸਿੰਘ ਭੁੱਲਰ ਦੇਵੀਦਾਸਪੁਰਾ ਜੰਡਿਆਲੇ ਹਲਕੇ ਦਾ ਸਿਆਸਤ ਵਿੱਚ ਥੰਮ ਮੰਨਿਆ ਗਿਆ ਸੀ ਹੁਣ ਉਹਨਾਂ ਦੇ ਛੋਟੇ ਭਰਾ ਅਮਰੀਕ ਸਿੰਘ ਸੋਢੀ ਭੁੱਲਰ ਸਿਆਸਤ ਵਿੱਚ ਬੁਲੰਦੀਆਂ ਨੂੰ ਛੂ ਰਹੇ ਹਨ ਅਤੇ ਜੰਡਿਆਲੇ ਹਲਕੇ ਦੇ ਪੂਰੇ ਹਰਮਨ ਪਿਆਰੇ ਲੀਡਰ ਹਨ



## ਖ਼ਾਲਸਾ ਕਾਲਜ ਦੇ ਵਿਦਿਆਰਥੀ ਨੇ ਜ਼ਿਲ੍ਹਾ ਰੈੱਡ ਰਨ 2025 'ਚ ਹਾਸਲ ਕੀਤਾ ਪਹਿਲਾ ਇਨਾਮ



ਅੰਮ੍ਰਿਤਸਰ, 9 ਅਕਤੂਬਰ (ਬਬਲੂ ਮਹਾਜਨ): ਖ਼ਾਲਸਾ ਕਾਲਜ ਦੇ ਵਿਦਿਆਰਥੀ ਨੇ ਜ਼ਿਲ੍ਹਾ ਪੱਧਰ ਰੈੱਡ ਰਨ (ਮੀਨੀ ਮੈਰਾਥਨ) 'ਚ ਸ਼ਾਨਦਾਰ ਪ੍ਰਦਰਸ਼ਨ ਕਰਕੇ ਪਹਿਲਾ ਸਥਾਨ ਪ੍ਰਾਪਤ ਕੀਤਾ ਹੈ। ਇਹ ਮੁਕਾਬਲਾ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਖੇ ਰੈੱਡ ਰੀਬਨ ਕਲੱਬ ਦੀ ਪਹਲ ਹੇਠ ਆਯੋਜਿਤ ਕੀਤਾ ਗਿਆ ਸੀ। ਜਿਸ 'ਚ ਵਿਦਿਆਰਥੀ ਨੂੰ ਸ਼ਾਨਦਾਰ ਪ੍ਰਦਰਸ਼ਨ ਲਈ 4,000 ਨਕਦ ਇਨਾਮ ਤੇ ਸਰਟੀਫਿਕੇਟ ਨਾਲ ਸਨਮਾਨਿਤ ਕੀਤਾ ਗਿਆ। ਇਸ ਉਪਲਬੱਧੀ 'ਤੇ ਕਾਲਜ ਪ੍ਰਿੰਸੀਪਲ ਡਾ. ਆਤਮ ਸਿੰਘ ਰੰਧਾਵਾ ਨੇ ਗਗਨਦੀਪ ਸਿੰਘ ਨੂੰ ਵਧਾਈ ਦਿੱਤੀ ਤੇ ਵਿਦਿਆਰਥੀਆਂ ਦੀ ਸਰਵਾਂਗੀਣ ਵਿਕਾਸ ਵਾਸਤੇ ਅਜਿਹੇ ਪ੍ਰੋਗਰਾਮਾਂ ਦੀ ਮਹੱਤਤਾ 'ਤੇ ਰੌਸ਼ਨੀ ਪਾਈ। ਉਨ੍ਹਾਂ ਕਿਹਾ ਕਿ ਇਸ ਮੈਰਾਥਨ ਦਾ ਆਯੋਜਨ ਸਿਹਤ, ਤੰਦਰੁਸਤੀ ਅਤੇ ਸਮਾਜਿਕ ਜ਼ਿੰਮੇਵਾਰੀ ਦਾ ਸੰਦੇਸ਼ ਦੇਣ ਲਈ ਕੀਤਾ ਗਿਆ ਸੀ, ਜਿਸ 'ਚ ਜ਼ਿਲ੍ਹੇ ਤੋਂ ਸੈਂਕੜਿਆਂ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਭਾਗ ਲਿਆ। ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਦੀ ਰਹਿਨੁਮਾਈ ਡਾ. ਰਣਦੀਪ ਸਿੰਘ ਅਤੇ ਡਾ. ਕਿਰਨਦੀਪ ਕੌਰ, ਨੋਡਲ ਅਫਸਰ ਰੈੱਡ ਰੀਬਨ ਕਲੱਬ ਨੇ ਕੀਤੀ, ਜਦਕਿ ਡਾ. ਦਲਜੀਤ ਸਿੰਘ, ਮੁਖੀ ਵਿਭਾਗ ਸਰੀਰਕ ਸਿੱਖਿਆ ਨੇ ਵਿਦਿਆਰਥੀਆਂ ਨੂੰ ਮਾਰਗਦਰਸ਼ਨ ਅਤੇ ਟ੍ਰੇਨਿੰਗ ਦਿੱਤੀ। ਉਨ੍ਹਾਂ ਕਿਹਾ ਕਿ ਉਕਤ ਕਾਰਜਕ੍ਰਮ ਦਾ ਸਮਾਪਨ ਟੀ-ਸ਼ਰਟਾਂ, ਸਰਟੀਫਿਕੇਟਾਂ ਅਤੇ ਇਨਾਮਾਂ ਦੇ ਵੰਡ ਨਾਲ ਹੋਇਆ।

## ਪਿੰਡ ਬੁਰਜ ਦੇਵਾ ਸਿੰਘ 'ਚ ਬਾਬਾ ਸੁੱਖਾ ਸਿੰਘ ਦਾ ਸਨਮਾਨ

ਚੋਹਲਾ ਸਾਹਿਬ, 9 ਅਕਤੂਬਰ (ਭਗਤ ਸਿੰਘ ਸੰਧੂ): ਪੰਜਾਬ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਵੱਖ-ਵੱਖ ਜਥੇਬੰਦੀਆਂ ਨੇ ਆਪੋ ਆਪਣਾ ਯੋਗਦਾਨ ਪਾਇਆ ਹੈ ਪ੍ਰੰਤੂ ਸੰਪਰਦਾਇ ਕਾਰ ਸੇਵਾ ਸਰਹਾਲੀ ਸਾਹਿਬ ਦੀਆਂ ਸੇਵਾਵਾਂ ਦੀ ਸੰਗਤਾਂ ਵਿਚ ਵੱਡੇ ਪੱਧਰ ਵਧਣ 'ਤੇ ਚਰਚਾ ਹੋ ਰਹੀ ਹੈ।



ਪਿੰਡ ਬੁਰਜ ਦੇਵਾ ਸਿੰਘ ਦੀ ਸੰਗਤ ਨੇ ਬੇਨਤੀ ਕਰਕੇ ਸੰਪਰਦਾਇ ਕਾਰ ਸੇਵਾ ਸਰਹਾਲੀ ਸਾਹਿਬ ਦੇ ਮੁਖੀ ਸੰਤ ਬਾਬਾ ਸੁੱਖਾ ਸਿੰਘ ਜੀ ਜੀ ਨੂੰ ਆਪਣੇ ਪਿੰਡ ਬੁਲਾਇਆ ਅਤੇ ਸੰਗਤਾਂ ਦੇ ਭਾਰੀ ਇਕੱਠ ਵਿਚ ਬਾਬਾ ਜੀ ਨੂੰ ਸਨਮਾਨ ਚਿੰਨ ਵਜੋਂ ਕਹੀ ਅਤੇ ਬਾਲਟਾ ਭੇਂਟ ਕੀਤਾ ਗਿਆ। ਇਸ ਮੌਕੇ ਬੋਲਦਿਆਂ ਸਤਨਾਮ ਸਿੰਘ ਨੇ ਆਖਿਆ, "ਸਰਹਾਲੀ ਸਾਹਿਬ ਵਾਲੇ ਬਾਬਾ ਜੀ ਨੇ ਹੜ੍ਹਾਂ ਮੌਕੇ ਬਹੁਤ ਵੱਡੇ ਸੇਵਾ ਕਾਰਜ ਕੀਤੇ ਹਨ। ਅਸੀਂ ਸਭ ਬੰਨ੍ਹਾਂ ਤੇ ਚਲਦੀ ਕਾਰ ਸੇਵਾ ਤੋਂ ਬਹੁਤ ਪ੍ਰਭਾਵਿਤ ਹੋਏ ਹਾਂ। ਮਹਾਪੁਰਖਾਂ ਨੇ ਜਿਹੜੇ ਪਾਵਨ ਕਰ ਕਮਲਾਂ ਨਾਲ ਕਹੀ ਚਲਾਈ ਹੈ, ਅਸੀਂ ਉਸ ਕਹੀ ਨੂੰ ਸਨਮਾਨ ਚਿੰਨ ਵਜੋਂ ਭੇਟ ਕਰ ਰਹੇ ਹਾਂ। ਅਸੀਂ ਆਪ ਵੀ ਬੰਨ੍ਹਾਂ ਦੀ ਸੇਵਾ ਤੇ ਜਾਂਦੇ ਰਹੇ ਹਾਂ। ਅਸੀਂ ਆਪਣੇ ਅੱਖੀਂ ਸੰਤ ਬਾਬਾ ਸੁੱਖਾ ਸਿੰਘ ਜੀ ਨੂੰ ਗਰਮੀ ਦੇ ਮੌਸਮ ਵਿਚ ਘੰਟਿਆਂ ਬੱਧੀ ਕਹੀ ਚਲਾਉਂਦੇ ਦੇਖਿਆ ਹੈ। ਸੇਵਾ ਦੀ ਐਸੀ ਮਿਸਾਲ ਅਸੀਂ ਪਹਿਲਾਂ ਕਦੇ ਨਹੀਂ ਦੇਖੀ ਸੀ। ਆਪ ਜੀ ਵੱਲੋਂ ਕਿਸੇ ਵੀ ਸੇਵਾ ਲਈ ਹੁਕਮ ਆਉਣ 'ਤੇ ਅਸੀਂ ਆਪਣੇ ਆਪ ਨੂੰ ਵਡਭਾਗੇ ਸਮਝਾਂਗੇ ।ਇਸ ਮੌਕੇ ਸੰਗਤਾਂ ਨੇ ਜੁੜ ਕੇ ਉੱਚੀ ਧੁਨ ਵਿਚ "ਸਤਿਨਾਮ ਵਾਹਿਗੁਰੂ" ਦਾ ਨਾਮ ਜਪਿਆ ਤੇ ਸੰਤ ਬਾਬਾ ਸੁੱਖਾ ਸਿੰਘ ਜੀ ਨੇ ਸੰਗਤ ਨਾਲ ਵਿਚਾਰਾਂ ਦੀ ਸਾਂਝ ਕੀਤੀ, ਆਪ ਜੀ ਨੇ ਆਖਿਆ, "ਮਨੁੱਖਾ ਜੀਵਨ ਦੀ ਸਫਲਤਾ ਦਾ ਰਸਤਾ ਜੋ ਗੁਰੂ ਸਾਹਿਬ ਨੇ ਸਮਝਾਇਆ ਹੈ, ਬਹੁਤ ਸਰਲ ਅਤੇ ਸਿੱਧਾ ਹੈ। ਸਾਨੂੰ ਸੇਵਾ ਅਤੇ ਸਿਮਰਨ ਦਾ ਅਮਲ ਕਮਾਉਣਾ ਚਾਹੀਦਾ ਹੈ। ਜੀਵਨ ਮਨੋਰਥ ਦੀ ਪ੍ਰਾਪਤੀ ਸੇਵਾ-ਸਿਮਰਨ ਰਾਹੀਂ ਹੀ ਹੋਣੀ ਹੈ। ਇਸ ਮੌਕੇ ਸਤਨਾਮ ਸਿੰਘ ਤੋਂ ਇਲਾਵਾ, ਖੁਸ਼ਪ੍ਰੀਤ ਸਿੰਘ ਆਸਟ੍ਰੇਲੀਆ, ਹਰਮਨਪ੍ਰੀਤ ਸਿੰਘ ਆਸਟ੍ਰੇਲੀਆ ਦਾ ਪਰਿਵਾਰ ਤੇ ਨਗਰ ਬੁਰਜ ਦੇਵਾ ਸਿੰਘ ਤੋਂ ਹੋਰ ਬੇਅੰਤ ਸੰਗਤਾਂ ਹਾਜ਼ਰ ਸਨ।

# 35 ਸਾਲਾਂ ਮਗਰੋਂ ਬਣੇਗੀ ਸ਼ਹੀਦ ਦੇ ਨਾਮ ’ਤੇ ਸੜਕ, ਮਨਵਿੰਦਰ ਸਿੰਘ ਗਿਆਸਪੁਰਾ ਨੇ ਰੱਖਿਆ ਨੀਂਹ ਪੱਥਰ



ਪਾਇਲ, ਖੰਨਾ, 9 ਅਕਤੂਬਰ (ਅਮਰਜੀਤ ਸਿੰਘ ਸੰਧੂ): : ਹਲਕਾ ਪਾਇਲ ਦੇ ਪਿੰਡ ਜੱਲ੍ਹਾ ਵਿੱਚ ਮਹਾਨ ਸ਼ਹੀਦ ਸਿਪਾਹੀ ਸ਼ੀਤਲ ਸਿੰਘ ਦੀ ਯਾਦ ਵਿੱਚ ਸੜਕ ਆਖਿਰਕਾਰ 35 ਸਾਲਾਂ ਬਾਅਦ ਮੁੜ ਬਣਾਈ ਜਾ ਰਹੀ ਹੈ। ਕਈ ਸਾਲਾਂ ਤੋਂ ਖਰਾਬ ਹਾਲਤ ਵਿੱਚ ਪਈ ਇਹ ਸੜਕ ਹੁਣ ਦੁਬਾਰਾ ਬਣਨ ਜਾ ਰਹੀ ਹੈ। ਇਸ ਮਹੱਤਵਪੂਰਨ ਸੜਕ ਨਾਲ ਕਰੀਬ 15 ਪਿੰਡ ਜੁੜੇ ਹੋਏ ਹਨ ਅਤੇ ਇਹ ਪਾਇਲ ਹਲਕੇ ਨੂੰ ਖੰਨਾ ਨਾਲ ਸਿੱਧਾ ਜੋੜਦੀ ਹੈ।

ਸੜਕ ਦੇ ਨਵੇਂ ਨਿਰਮਾਣ ਦਾ ਨੀਂਹ ਪੱਥਰ ‘ਆਪ’ ਵਿਧਾਇਕ ਮਨਵਿੰਦਰ ਸਿੰਘ ਗਿਆਸਪੁਰਾ ਨੇ ਰੱਖਿਆ। ਇਸ ਮੌਕੇ ਉਨ੍ਹਾਂ ਨੇ ਕਿਹਾ ਕਿ ਸ਼ਹੀਦਾਂ ਦੀ ਯਾਦ ਵਿਚ ਬਣੀਆਂ ਥਾਵਾਂ ਸਾਡੀ ਵਿਰਾਸਤ ਹਨ ਅਤੇ ਉਨ੍ਹਾਂ ਦੀ ਸੰਭਾਲ ਕਰਨਾ ਸਾਡਾ ਫਰਜ਼ ਹੈ। ਉਨ੍ਹਾਂ ਨੇ ਭਰੋਸਾ ਦਿੱਤਾ ਕਿ ਪਾਇਲ ਹਲਕੇ ਵਿੱਚ ਵਿਕਾਸ ਦੇ ਕੰਮਾਂ ਨੂੰ ਤੇਜ਼ੀ ਨਾਲ ਅੱਗੇ ਵਧਾਇਆ ਜਾਵੇਗਾ, ਖ਼ਾਸ ਕਰਕੇ ਉਹਨਾਂ ਇਲਾਕਿਆਂ ਵਿੱਚ ਜਿੱਥੇ ਸਾਲਾਂ ਤੋਂ ਲੋਕ ਬੁਨਿਆਦੀ ਸਹੂਲਤਾਂ ਤੋਂ ਵਾਂਝੇ ਰਹੇ ਹਨ।

ਯਾਦ ਰਹੇ ਕਿ ਸਿਪਾਹੀ ਸ਼ੀਤਲ ਸਿੰਘ ਨੇ 1965 ਦੀ ਭਾਰਤ-ਪਾਕਿਸਤਾਨ ਜੰਗ ਦੌਰਾਨ ਸ਼ਹੀਦੀ ਪ੍ਰਾਪਤ ਕੀਤੀ ਸੀ। ਉਨ੍ਹਾਂ ਦੀ ਯਾਦ ਵਿੱਚ ਬਣਿਆ ਇਹ ਮਾਰਗ ਕਈ ਸਾਲਾਂ ਤੋਂ ਟੁੱਟਿਆ ਪਿਆ ਸੀ, ਜਿਸ ਕਾਰਨ ਪਿੰਡ ਵਾਸੀਆਂ ਨੂੰ ਬਹੁਤ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਸੀ ।

ਪਿੰਡ ਦੇ ਸਰਪੰਚ ਲਛਮਣ ਸਿੰਘ ਨੇ ਕਿਹਾ ਕਿ ਸੜਕ ਦੇ ਨਿਰਮਾਣ ਨਾਲ ਪਿੰਡ ਵਾਸੀਆਂ ਨੂੰ ਬਹੁਤ ਵੱਡੀ ਰਾਹਤ ਮਿਲੇਗੀ। ਇਹ ਸੜਕ ਕਈ ਸਾਲਾਂ ਤੋਂ ਖਰਾਬ ਹਾਲਤ ਵਿੱਚ ਸੀ, ਪਰ ਹੁਣ ਪੰਜਾਬ ਸਰਕਾਰ ਨੇ ਸਾਡੀ ਲੰਬੇ ਸਮੇਂ ਤੋਂ ਲਟਕਦੀ ਮੰਗ ਪੂਰੀ ਕਰ ਦਿੱਤੀ ਹੈ। ਹੁਣ ਤੱਕ ਪਿਛਲੀਆਂ ਸਰਕਾਰਾਂ ਨੇ ਇਸਦੀ ਸਾਰ ਨਹੀਂ ਲਈ ਸੀ। ਮੁੱਖ ਮੰਤਰੀ ਪੰਜਾਬ ਸ੍ਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਨੇ ਲੋਕਾਂ ਦੀ ਬਾਂਹ ਫੜੀ ਹੈ।

ਇਸ ਮੌਕੇ ਆੜ੍ਹਤੀ ਐਸੋਸੀਏਸ਼ਨ ਪੰਜਾਬ ਦੇ ਮੀਤ ਪ੍ਰਧਾਨ ਏ.ਪੀ. ਜੱਲ੍ਹਾ, ਬੂਟਾ ਸਿੰਘ ਰਾਣੋ, ਕੌਂਸਲਰ ਸੁਖਪ੍ਰੀਤ ਸਿੰਘ ਸੋਹੀ, ਅਮਰਜੀਤ ਸਿੰਘ ਗਿੱਲ, ਮੋਹਨ ਸਿੰਘ ਪੰਚ, ਕੁਲਦੀਪ ਸਿੰਘ ਗਰਚਾ, ਫਤਹਿ ਸਿੰਘ, ਬਲਦੇਵ ਸਿੰਘ ਨੰਬਰਦਾਰ, ਦਰਸ਼ਨ ਸਿੰਘ, ਤੇਜਵੰਤ ਸਿੰਘ ਨੰਬਰਦਾਰ ਅਤੇ ਮੋਹਨਪ੍ਰੀਤ ਸਿੰਘ ਬੈਂਸ ਸਮੇਤ ਕਈ ਹੋਰ ਹਸਤੀਆਂ ਹਾਜ਼ਰ ਸਨ।

ਇਲਾਕੇ ਦੇ ਲੋਕਾਂ ਨੇ ਵਿਧਾਇਕ ਮਨਵਿੰਦਰ ਸਿੰਘ ਗਿਆਸਪੁਰਾ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਇਸ ਸੜਕ ਦੇ ਮੁੜ ਬਣਨ ਨਾਲ ਆਵਾਜਾਈ ਸੁਵਿਧਾਜਨਕ ਹੋਵੇਗੀ ਅਤੇ ਵਿਕਾਸ ਦਾ ਨਵਾਂ ਦੌਰ ਸ਼ੁਰੂ ਹੋਵੇਗਾ।

# ਡੀ.ਸੀ. ਵੱਲੋਂ ਚੱਲ ਰਹੀ ਝੋਨੇ ਦੀ ਖ਼ਰੀਦ ਦੀ ਸਮੀਖਿਆ



ਲੁਧਿਆਣਾ, 9 ਅਕਤੂਬਰ (ਵਿਸ਼ਾਲ ਸ਼ਰਮਾ): ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ ਨੇ ਵੀਰਵਾਰ ਨੂੰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਦੀ ਕਿਸਾਨਾਂ ਦੀ ਸਹਾਇਤਾ ਲਈ ਇੱਕ ਨਿਰਵਿਘਨ ਅਤੇ ਕੁਸ਼ਲ ਝੋਨੇ ਦੀ ਖਰੀਦ ਪ੍ਰਕਿਰਿਆ ਨੂੰ ਯਕੀਨੀ ਬਣਾਉਣ ਦੀ ਵਚਨਬੱਧਤਾ ਨੂੰ ਦੁਹਰਾਇਆ। ਜ਼ਿਲ੍ਹੇ ਵਿੱਚ ਚੱਲ ਰਹੇ ਝੋਨੇ ਦੀ ਖਰੀਦ ਕਾਰਜਾਂ ਦੀ ਸਮੀਖਿਆ ਦੌਰਾਨ ਹਿਮਾਂਸ਼ੂ ਜੈਨ ਨੇ ਪ੍ਰਸ਼ਾਸਨ ਦੇ ਝੋਨੇ ਦੇ ਹਰ ਦਾਣੇ ਨੂੰ ਤੁਰੰਤ ਅਤੇ ਬਿਨ੍ਹਾਂ ਕਿਸੇ ਪਰੇਸ਼ਾਨੀ ਦੇ ਚੁੱਕਣ ਦੇ ਸਮਰਪਣ ਤੇ ਜ਼ੋਰ ਦਿੱਤਾ। ਜ਼ਿਲ੍ਹਾ ਪ੍ਰਸ਼ਾਸਨ ਨੇ ਅਨਾਜ ਮੰਡੀਆਂ ਤੋਂ ਕਿਸਾਨਾਂ ਦੀ ਫਸਲ ਦੀ ਤੇਜ਼ੀ ਨਾਲ ਇਕੱਤਰਤਾ ਨੂੰ ਯਕੀਨੀ ਬਣਾਉਣ ਲਈ ਵਿਆਪਕ ਉਪਾਅ ਲਾਗੂ ਕੀਤੇ ਹਨ। ਹਿਮਾਂਸ਼ੂ ਜੈਨ ਨੇ ਦੱਸਿਆ ਕਿ ਸਾਰੇ ਉਪ ਮੰਡਲ ਮੈਜਿਸਟ੍ਰੇਟਾਂ ਅਤੇ ਖਰੀਦ ਏਜੰਸੀਆਂ ਦੇ ਮੁਖੀਆਂ ਨੂੰ ਕੁਸ਼ਲਤਾ ਅਤੇ ਪਾਰਦਰਸ਼ਤਾ ਬਣਾਈ ਰੱਖਣ ਲਈ ਕਾਰਜਾਂ ਦੀ ਨਿੱਜੀ ਤੌਰ ਤੇ ਨਿਗਰਾਨੀ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਤਾਜ਼ਾ ਅੰਕੜਿਆਂ ਅਨੁਸਾਰ ਜ਼ਿਲ੍ਹੇ ਵਿੱਚ ਇਸ ਸੀਜ਼ਨ ਦੌਰਾਨ ਹੁਣ ਤੱਕ 69,847 ਮੀਟ੍ਰਿਕ ਟਨ (ਐਮ.ਟੀ.) ਅਨਾਜ ਮੰਡੀਆਂ ਵਿੱਚ ਝੋਨੇ ਦੀ ਆਮਦ ਦਰਜ ਕੀਤੀ ਗਈ ਹੈ ਅਤੇ ਖਰੀਦ ਏਜੰਸੀਆਂ ਵੱਲੋਂ ਹੁਣ 63,431 ਮੀਟ੍ਰਿਕ ਟਨ ਝੋਨੇ ਖਰੀਦ ਕੀਤੀ ਜਾ ਚੁੱਕੀ ਹੈ। ਕਿਸਾਨਾਂ ਨੂੰ 151.94 ਕਰੋੜ ਰੁਪਏ ਦੀ ਅਦਾਇਗੀ ਕੀਤੀ ਜਾ ਚੁੱਕੀ ਹੈ, ਜਿਸ ਨਾਲ ਸਮੇਂ ਸਿਰ ਵਿੱਤੀ ਸਹਾਇਤਾ ਯਕੀਨੀ ਬਣਾਈ ਜਾ ਰਹੀ ਹੈ। ਇਸ ਪ੍ਰਕਿਰਿਆ ਨੂੰ ਹੋਰ ਸੁਚਾਰੂ ਬਣਾਉਣ ਲਈ ਡਿਪਟੀ ਕਮਿਸ਼ਨਰ ਨੇ ਇਸ ਗੱਲ ਤੇ ਜ਼ੋਰ ਦਿੱਤਾ ਕਿ ਅਨਾਜ ਮੰਡੀਆਂ ਵਿੱਚੋਂ ਝੋਨੇ ਦੀ ਤੁਰੰਤ ਲਿਫਟਿੰਗ ਕੀਤੀ ਜਾਵੇ। ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਗੁਣਵੱਤਾ ਨੂੰ ਯਕੀਨੀ ਬਣਾਉਣ ਅਤੇ ਸੁਚਾਰੂ ਖਰੀਦ ਨੂੰ ਯਕੀਨੀ ਬਣਾਉਣ ਲਈ 17 ਫੀਸਦੀ ਜਾਂ ਇਸ ਤੋਂ ਘੱਟ ਨਮੀ ਵਾਲਾ ਝੋਨਾ ਅਨਾਜ ਮੰਡੀਆਂ ਵਿੱਚ ਲਿਆਉਣ। ਇਸ ਤੋਂ ਇਲਾਵਾ ਹਿਮਾਂਸ਼ੂ ਜੈਨ ਨੇ ਫਸਲ ਦੀ ਨਮੀ ਦੇ ਪੱਧਰ ਨੂੰ ਘੱਟ ਕਰਨ ਲਈ ਕੰਬਾਈਨ ਹਾਰਵੈਸਟਰ ਦੇ ਕੰਮ ਕਰਨ ਦੇ ਘੰਟਿਆਂ (ਸਵੇਰੇ 10 ਵਜੇ ਤੋਂ ਸ਼ਾਮ 6 ਵਜੇ ਤੱਕ) ਦੀ ਸਖ਼ਤੀ ਨਾਲ ਪਾਲਣਾ ਕਰਨ ਦੇ ਆਦੇਸ਼ ਦਿੰਦਿਆਂ ਕਿਹਾ ਕਿ ਉਲੰਘਣਾਵਾਂ ਕਰਨ ’ਤੇ ਜੁਰਮਾਨੇ ਹੋ ਸਕਦੇ ਹਨ, ਜਿਸ ਵਿੱਚ ਉਪਕਰਣ ਜ਼ਬਤ ਕਰਨਾ ਵੀ ਸ਼ਾਮਲ ਹੈ। ਉਨ੍ਹਾਂ ਕਿਸਾਨਾਂ ਨੂੰ ਗੰਭੀਰ ਵਾਤਾਵਰਣ ਪ੍ਰਭਾਵਾਂ ਦਾ ਹਵਾਲਾ ਦਿੰਦੇ ਹੋਏ ਪਰਾਲੀ ਨੂੰ ਸਾੜਨ ਤੋਂ ਗੁਰੇਜ਼ ਕਰਨ ਦੀ ਅਪੀਲ ਕੀਤੀ।

# ਵਿਧਾਇਕਾ ਮਾਣੂੰਕੇ ਵੱਲੋਂ ਲੋਕਾਂ ਨੂੰ ਨਿਰਵਿਘਨ ਬਿਜਲੀ ਦੇਣ ਲਈ 37.68 ਕਰੋੜ ਦੇ ਨਵੇਂ ਪ੍ਰੋਜੈਕਟਾਂ ਦੀ ਸ਼ੁਰੂਆਤ

## ਨਵੀਂ ਬਣਾਈ ਇਮਾਰਤ ਤੇ 25 ਨਵੇਂ ਬਰੇਕਰਾਂ ਦਾ ਵੀ ਕੀਤਾ ਉਦਘਾਟਨ



ਜਗਰਾਓਂ, 9 ਅਕਤੂਬਰ (ਵਿਸ਼ਾਲ ਅੱਤਰੇ/ਆਰੀਅਨ ਅੱਤਰੇ ): ਹਲਕਾ ਜਗਰਾਉਂ ਦੇ ਲੋਕਾਂ ਨੂੰ ਨਿਰਵਿਘਨ ਅਤੇ ਪੂਰੀ ਬਿਜਲੀ ਸਪਲਾਈ ਦੇਣ ਲਈ ਵਿਧਾਇਕਾ ਬੀਬੀ ਸਰਵਜੀਤ ਕੌਰ ਮਾਣੂੰਕੇ ਵੱਲੋਂ 220 ਕੇਵੀ ਗਰਿੱਡ ਜਗਰਾਉਂ ਦੀ ਨਵੀਂ ਬਣੀ ਬਿਲਡਿੰਗ ਅਤੇ ਕਰੋੜਾਂ ਰੁਪਏ ਦੇ ਨਵੇਂ 25 ਬਰੇਕਰਾਂ ਦਾ ਉਦਘਾਟਨ ਕੀਤਾ ਗਿਆ ਅਤੇ ਜਗਰਾਉਂ ਡਵੀਜ਼ਨ ਅੰਦਰ 37.68 ਕਰੋੜ ਰੁਪਏ ਦੇ ਨਵੇਂ ਪ੍ਰੋਜੈਕਟਾਂ ਦੀ ਲੱਡੂ ਵੰਡਕੇ ਸ਼ੁਰੂਆਤ ਕੀਤੀ ਗਈ। ਇਸ ਮੌਕੇ ਰੱਖੇ ਗਏ ਪ੍ਰਭਾਗਸ਼ਾਲੀ ਸਮਾਗਮ ਨੂੰ ਸੰਬੋਧਨ ਕਰਦੇ ਹੋਏ ਵਿਧਾਇਕਾ ਸਰਵਜੀਤ ਕੌਰ ਮਾਣੂੰਕੇ ਨੇ ਆਖਿਆ ਪੰਜਾਬ ਸਰਕਾਰ ਵੱਲੋਂ ਮਾਣਯੋਗ ਮੁੱਖ ਮੰਤਰੀ ਸ੍ਰ.ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਹੇਠ ਅਤੇ ਮਾਣਯੋਗ ਬਿਜਲੀ ਮੰਤਰੀ ਸ੍ਰੀ ਸੰਜੀਵ ਅਰੋੜਾ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਲੋਕਾਂ ਨੂੰ ਨਿਰਵਿਘਨ ਅਤੇ ਪੂਰੀ ਬਿਜਲੀ ਸਪਲਾਈ ਦੇਣ ਲਈ ਬਿਜਲੀ ਕ੍ਰਾਂਤੀ ਮੁਹਿੰਮ ਦੀ ਸ਼ੁਰੂਆਤ ਕੀਤੀ ਗਈ ਹੈ, ਜਿਸ ਤਹਿਤ 220 ਕੇਵੀ ਗਰਿੱਡ ਜਗਰਾਉਂ ਵਿਖੇ ਅਧੂਰੀ ਪਈ ਨਵੀਂ ਬਿਲਡਿੰਗ ਦਾ ਕੰਮ ਮੁਕੰਮਲ ਕਰਵਾਇਆ ਗਿਆ ਹੈ ਅਤੇ ਗਰਿੱਡ ਅੰਦਰ ਮਿਆਦ ਪੁਗਾ ਚੁੱਕੇ ਬਰੇਕਰਾਂ ਨੂੰ ਬਦਲੀ ਕਰਕੇ ਕਰੋੜਾਂ ਰੁਪਏ ਦੀ ਲਾਗਤ ਨਾਲ 25 ਨਵੇਂ ਬਰੇਕਰ ਸਥਾਪਿਤ ਕਰਵਾਏ ਗਏ ਹਨ, ਤਾਂ ਜੋ ਜਗਰਾਉਂ ਹਲਕੇ ਦੇ ਲੋਕਾਂ ਨੂੰ ਬਿਜਲੀ ਦੇ ਕੱਟਾਂ ਤੋਂ ਰਾਹਤ ਮਿਲ ਸਕੇ। ਇਸ ਤੋਂ ਇਲਾਵਾ ਹਲਕੇ ਅੰਦਰ ਪਿੰਡ ਗਿੱਦੜਵਿੰਡੀ ਵਿਖੇ ਸਵਾ ਚਾਰ ਕਰੋੜ ਰੁਪਏ ਦੀ ਲਾਗਤ ਨਾਲ ਨਵੇਂ 66 ਕੇਵੀ ਗਰਿੱਡ ਦੇ ਨਿਰਮਾਣ ਦਾ ਕੰਮ ਸ਼ੁਰੂ ਹੋ ਚੁੱਕਾ ਹੈ, ਪਿੰਡ ਬੁਜਰਗ ਵਿੱਚ ਨਵਾਂ 66 ਕੇਵੀ ਗਰਿੱਡ ਬਣਾਉਣ ਲਈ ਮੰਨਜ਼ੂਰੀ ਮਿਲ ਚੁੱਕੀ ਹੈ ਅਤੇ 6.89 ਕਰੋੜ ਰੁਪਏ ਦੀ ਰਕਮ ਵੀ ਜਾਰੀ ਹੋ ਚੁੱਕੀ ਹੈ। ਇਸੇ ਤਰ੍ਹਾਂ ਹੀ ਪਿੰਡ ਭੰਮੀਪੁਰਾ ਵਿਖੇ ਵੀ ਨਵਾਂ 66 ਕੇਵੀ ਗਰਿੱਡ ਬਨਾਉਣ ਲਈ ਮੰਨਜ਼ੂਰੀ ਮਿਲ ਚੁੱਕੀ ਹੈ ਅਤੇ 6.62 ਕਰੋੜ ਰੁਪਏ ਦੀ ਰਕਮ ਜਾਰੀ ਹੋ ਚੁੱਕੀ ਹੈ ਅਤੇ ਪਿੰਡ ਕਾਉਂਕੇ ਕਲਾਂ ਵਿਖੇ ਨਵਾਂ 66 ਕੇਵੀ ਗਰਿੱਡ ਬਨਾਉਣ ਲਈ ਤਜਵੀਜ਼ ਪੰਜਾਬ ਸਰਕਾਰ ਨੂੰ ਭੇਜੀ ਜਾ ਚੁੱਕੀ ਹੈ। ਇਸ ਮੌਕੇ ਵਿਧਾਇਕਾ ਸਰਵਜੀਤ ਕੌਰ ਮਾਣੂੰਕੇ ਨੇ ਜਗਰਾਉਂ ਹਲਕੇ ਲਈ ਨਵੇਂ 37.68 ਕਰੋੜ ਰੁਪਏ ਦੇ ਨਵੇਂ ਪ੍ਰੋਜੈਕਟਾਂ ਦੀ ਸ਼ੁਰੂਆਤ ਕਰਦੇ ਹੋਏ । ਇਸ ਮੌਕੇ ਸਟੇਜ਼ ਦਾ ਸੰਚਾਲਨ ਪਰਮਜੀਤ ਸਿੰਘ ਚੀਮਾਂ ਵੱਲੋਂ ਬਾਖੂਬੀ ਨਿਭਾਇਆ ਗਿਆ। ਹੋਰਨਾਂ ਤੋਂ ਇਲਾਵਾ ਇਸ ਮੌਕੇ ਐਸ.ਐਚ.ਓ. ਸੁਰਜੀਤ ਸਿੰਘ ਸਦਰ ਜਗਰਾਉਂ, ਇੰਜ:ਗੁਰਪ੍ਰੀਤ ਸਿੰਘ ਕੰਗ ਐਸ.ਡੀ.ਓ.ਸਿਟੀ, ਇੰਜ:ਗੁਰਪ੍ਰੀਤ ਸਿੰਘ ਮੱਲ੍ਹੀ ਐਸ.ਡੀ.ਓ.ਦਿਹਾਤੀ, ਇੰਜ:ਹਰਮਨਦੀਪ ਸਿੰਘ ਐਸ.ਡੀ.ਓ.ਸਿੱਧਵਾਂ ਖੁਰਦ, ਸੁਖਮਿੰਦਰ ਸਿੰਘ ਸਟੈਨੋਂ, ਅਮਰਦੀਪ ਸਿੰਘ ਟੂਰੇ, ਕੌਂਸਲਰ ਅਮਰਜੀਤ ਸਿੰਘ ਮਾਲਵਾ, ਸਰਪੰਚ ਜਗਤਾਰ ਸਿੰਘ ਰਸੂਲਪੁਰ, ਸਰਪੰਚ ਹਰਦੀਪ ਸਿੰਘ ਬਰਸਾਲ, ਸ਼ਹਿਰੀ ਪ੍ਰਧਾਨ ਗੁਰਪ੍ਰੀਤ ਸਿੰਘ ਨੋਨੀ, ਧਰਮਿੰਦਰ ਸਿੰਘ ਧਾਲੀਵਾਲ, ਸਾਜਨ ਮਲਹੋਤਰਾ, ਜਗਸੀਰ ਸਿੰਘ ਪੰਚ ਗਾਲਿਬ ਰਣ ਸਿੰਘ, ਮਲਕੀਤ ਸਿੰਘ ਕੀਪਾ ਸ਼ੇਖਦੌਲਤ, ਤਰਸੇਮ ਸਿੰਘ ਅਲੀਗੜ, ਦਲਜੀਤ ਸਿੰਘ ਜੇਈ, ਮਨਪ੍ਰੀਤ ਸਿੰਘ ਜੇਈ, ਮੁਨੀਸ਼ ਕੁਮਾਰ ਜੇਈ, ਹਰਵਿੰਦਰ ਸਿੰਘ ਚੀਮਨਾਂ ਜੇਈ, ਮੋਹਿਤ ਕੁਮਾਰ ਜੇਈ, ਅਮ੍ਰਿਤਪਾਲ ਸਿੰਘ ਜੇਈ, ਜਗਜੀਤ ਸਿੰਘ ਫੋਰਮੈਨ, ਵਨੀਤਾ ਰਾਣੀ ਸੁਪਰਡੈਂਟ, ਜਸਪਾਲ ਕੌਰ, ਰਿਪਨਦੀਪ ਕੌਰ, ਹਰਗੁਨਦੀਪ ਸਿੰਘ ਲੇਖਾਕਾਰ, ਸੁਖਦੇਵ ਗਰਗ ਮਾਣੂੰਕੇ, ਦਵਿੰਦਰ ਸਿੰਘ ਢੋਲਣ, ਜਗਦੀਸ਼ ਸਿੰਘ ਲੱਖਾ, ਸੰਦੀਪ ਕੁਮਾਰ, ਪਰਮਵੀਰ ਸਿੰਘ, ਪ੍ਰਮੇਸ਼ਰ ਸਿੰਘ, ਸੁਮਿਤ ਕੁਮਾਰ ਗਿੱਲ, ਮਨਦੀਪ ਸਿੰਘ ਮੋਨੂੰ, ਪ੍ਰਦੀਪ ਸਿੰਘ ਕੈਸ਼ੀਅਰ, ਗੁਰਸ਼ਰਨਵੀਰ ਸਿੰਘ ਅਖਾੜਾ, ਸੁਰਿੰਦਰ ਸਿੰਘ ਛਿੰਦਾ ਕਲੇਰ, ਅਮਰਜੀਤ ਸਿੰਘ ਮਲਕ, ਲਪਿੰਦਰ ਸਿੰਘ, ਅਮ੍ਰਿਤਪਾਲ ਸਿੰਘ ਆਦਿ ਵੀ ਹਾਜ਼ਰ ਸਨ।

# ਵਿਸ਼ਵ ਭਰ ਦੇ ਡਾਕਟਰਾਂ ਵੱਲੋਂ ਪ੍ਰਮਾਣੂ ਹਥਿਆਰਾਂ ਦਾ ਪੂਰਨ ਖ਼ਾਤਮਾ ਕਰਨ ਦੀ ਮੰਗ



ਲੁਧਿਆਣਾ, 9 ਅਕਤੂਬਰ (ਰਵਿੰਦਰ ਸਿੰਘ ਨਿੱਝਰ) : ਦੁਨੀਆਂ ਭਰ ਦੇ ਡਾਕਟਰ ਅਤੇ ਸਿਹਤ ਕਰਮੀ ਇੰਟਰਨੈਸ਼ਨਲ ਫਿਜ਼ੀਸ਼ਅਨਜ਼ ਫਾਰ ਦ ਪ੍ਰਿਵੈਂਸ਼ਨ ਆਫ ਨਿਊਕਲੀਅਰ ਵਾਰ (IPPNW) ਦੇ 24ਵੇਂ ਵਿਸ਼ਵ ਮਹਾਂ ਸੰਮੇਲਨ ਵਿੱਚ ਨਾਗਾਸਾਕੀ, ਜਪਾਨ ਵਿਖੇ ਇਕੱਠੇ ਹੋਏ। ਇਹ ਸੰਮੇਲਨ ਪਰਮਾਣੂ ਬੰਬ ਹਮਲੇ ਦੀ 80ਵੀਂ ਵਰ੍ਹੇਗੰਢ ਦੇ ਮੌਕੇ ‘ਤੇ ਆਯੋਜਿਤ ਕੀਤਾ ਗਿਆ ਸੀ।

ਪ੍ਰਤੀਨਿਧੀਆਂ ਨੇ ਪਰਮਾਣੂ ਹਥਿਆਰਾਂ ਦੇ ਪੂਰਨ ਖਾਤਮੇ ਦੀ ਮੰਗ ਕੀਤੀ ਅਤੇ ਇਸ ਨੂੰ ਟ੍ਰੀਟੀ ਆਨ ਦ ਪ੍ਰੋਹਿਬਿਸ਼ਨ ਆਫ ਨਿਊਕਲੀਅਰ ਵੇਪਨਜ਼ (TPNW) ਰਾਹੀਂ ਲਾਗੂ ਕਰਨ ਲਈ ਸਾਰਿਆਂ ਨੂੰ ਅਪੀਲ ਕੀਤੀ। ਉਨ੍ਹਾਂ ਨੇ ਕਿਹਾ — ਪਰਮਾਣੂ ਜੰਗ ਦੀ ਸਥਿਤੀ ਵਿੱਚ ਹੋਏ ਨੁਕਸਾਨ ਦਾ ਮੈਡੀਕਲ ਸਾਇੰਸ ਕੋਲ ਕੋਈ ਇਲਾਜ ਨਹੀਂ, ਇਸ ਲਈ ਸਾਨੂੰ ਜਿਸਦਾ ਇਲਾਜ ਨਹੀਂ ਕੀਤਾ ਜਾ ਸਕਦਾ ਉਸਨੂੰ ਰੋਕਣਾ ਹੋਵੇਗਾ ।

ਸੰਮੇਲਨ ਵਿੱਚ ਯੂਕਰੇਨ, ਗਾਜ਼ਾ, ਸੂਡਾਨ ਅਤੇ ਟਿਗਰੇ ਸਮੇਤ ਹੋ ਰਹੀਆਂ ਜੰਗਾਂ ਦੀ ਨਿੰਦਾ ਕੀਤੀ ਗਈ ਅਤੇ ਵੱਡੀਆਂ ਤਾਕਤਾਂ ਵੱਲੋਂ ਪਰਮਾਣੂ ਹਥਿਆਰਾਂ ਦੀ ਵਰਤੋਂ ਦੀਆਂ ਧਮਕੀਆਂ ਨੂੰ ਮਨੁੱਖਤਾ ਲਈ ਗੰਭੀਰ ਖਤਰਾ ਦੱਸਿਆ ਗਿਆ।

ਪ੍ਰਤੀਨਿਧੀ ਮੰਡਲ ਨੇ ਵਾਪਸ ਆਉਣ ਤੇ ਦੱਸਿਆ ਕਿ ਡਾਕਟਰਾਂ ਅਤੇ ਸਿਹਤ ਕਰਮੀਆਂ ‘ਤੇ ਹੋ ਰਹੇ ਹਮਲਿਆਂ ਦੀ ਤਿੱਖੀ ਨਿੰਦਾ ਕਰਦੇ ਹੋਏ ਸੰਮੇਲਨ ਨੇ ਮਨੁੱਖਤਾ ਦੀ ਸੇਵਾ ਅਤੇ ਚਿਕਿਤਸਾ ਸਹਾਇਤਾ ਨੂੰ ਬਿਨਾ ਰੁਕਾਵਟ ਪਹੁੰਚਾਉਣ ਦੀ ਮੰਗ ਕੀਤੀ।

ਪ੍ਰਤੀਨਿਧੀਆਂ ਨੇ ਸਾਰੇ ਪਰਮਾਣੂ ਹਥਿਆਰਧਾਰੀ ਦੇਸ਼ਾਂ ਨੂੰ TPNW ਨਾਲ ਜੁੜਨ ਦੀ ਅਪੀਲ ਕੀਤੀ ਅਤੇ IPPNW ਦੀ ਇਤਿਹਾਸਕ ਭੂਮਿਕਾ ਨੂੰ ਯਾਦ ਕੀਤਾ, ਜਿਸਨੇ ਇੰਟਰਨੈਸ਼ਨਲ ਕੈਂਪੇਨ ਟੂ ਅਬਾਲਿਸ਼ ਨਿਊਕਲੀਅਰ ਵੇਪਨਜ਼ (ICAN) ਦੀ ਸ਼ੁਰੂਆਤ ਕੀਤੀ — ਜਿਸਨੂੰ 2017 ਦਾ ਨੋਬਲ ਸ਼ਾਂਤੀ ਇਨਾਮ ਮਿਲਿਆ ਸੀ।

ਦੱਖਣੀ ਏਸ਼ੀਆ ਸਬੰਧੀ ਸੈਸ਼ਨ ਵਿੱਚ ਨੇਪਾਲ, ਭਾਰਤ ਅਤੇ ਸ੍ਰੀਲੰਕਾ ਦੇ ਪ੍ਰਤੀਨਿਧੀਆਂ ਨੇ ਇਸ ਖੇਤਰ ਨੂੰ ਪਰਮਾਣੂ ਹਥਿਆਰ ਰਹਿਤ ਖੇਤਰ ਘੋਸ਼ਿਤ ਕਰਨ, ਵੀਜ਼ਾ ਦੇ ਸੁਵਿਧਾ ਨੂੰ ਸੁਖਾਲਾ ਬਣਾਉਣ ਦੀ ਮੰਗ ਕੀਤੀ ਅਤੇ ਸ਼ਾਂਤੀ, ਸਹਿਯੋਗ, ਸਿਹਤ, ਸਿੱਖਿਆ ਅਤੇ ਟਿਕਾਊ ਵਿਕਾਸ ‘ਚ ਨਿਵੇਸ਼ ਵਧਾਉਣ ‘ਤੇ ਜ਼ੋਰ ਦਿੱਤਾ।

ਭਾਰਤ ਤੋਂ 29 ਮੈਂਬਰਾਂ ਦਾ ਪ੍ਰਤੀਨਿਧਿਮੰਡਲ ਇਸ ਸੰਮੇਲਨ ਵਿੱਚ ਸ਼ਾਮਲ ਹੋਇਆ। ਇੰਡਿਅਨ ਡਾਕਟਰਜ਼ ਫਾਰ ਪੀਸ ਐਂਡ ਡਿਵੈਲਪਮੈਂਟ (IDPD) ਦੇ ਮਹਾਸਚਿਵ ਡਾ. ਸ਼ਕੀਲ-ਉਰ-ਰਹਮਾਨ ਨੂੰ IPPNW ਦੇ ਬੋਰਡ ਵਿੱਚ ਚੁਣਿਆ ਗਿਆ, ਜਿਸ ਨਾਲ ਵਿਸ਼ਵ ਸ਼ਾਂਤੀ ਅਤੇ ਨਿਸ਼ਸਤਰਤਾ ਅੰਦੋਲਨ ਵਿੱਚ ਭਾਰਤ ਦੀ ਭੂਮਿਕਾ ਹੋਰ ਮਜ਼ਬੂਤ ਹੋਈ।

# ਸਨਮਤੀ ਸਕੂਲ ਦੀ ਵਿਦਿਆਰਥਣ ਤਰਨਪ੍ਰੀਤ ਕੌਰ ਨੇ ਭਾਸ਼ਣ ਪ੍ਰਤੀਯੋਗਤਾ ’ਚ ਦੂਸਰਾ ਸਥਾਨ ਪ੍ਰਾਪਤ ਕੀਤਾ



ਜਗਰਾਓਂ, 9 ਅਕਤੂਬਰ (ਵਿਸ਼ਾਲ ਅੱਤਰੇ/ਆਰੀਅਨ ਅੱਤਰੇ )- ਸਨਮਤੀ ਵਿਮਲ ਜੈਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਜਗਰਾਉਂ ਦੇ ਵਿਦਿਆਰਥੀ ਜਿੱਥੇ ਖੇਡ ਜਗਤ ਵਿੱਦ ਖੇਤਰ ਤੇ ਹੋਰ ਸਮਾਜਿਕ ਗਤੀਵਿਧੀਆਂ ਵਿੱਚ ਆਪਣਾ ਨਾਂ ਰੌਸ਼ਨ ਕਰ ਰਹੇ ਨੇ ਉੱਥੇ ਹੀ ਉਹਨਾਂ ਨੇ ਭਾਰਤ ਵਿਕਾਸ ਪਰਿਸ਼ਦ ਵੱਲੋਂ ਕਰਵਾਏ ਗਏ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਵਸ ਨੂੰ ਸਮਰਪਿਤ ਭਾਸ਼ਣ ਪ੍ਰਤੀਯੋਗਤਾ ਵਿੱਚ ਆਪਣਾ ਦਬਦਬਾ ਜਾਰੀ ਰੱਖਿਆ ਇਸ ਸਬੰਧੀ ਸਕੂਲ ਦੇ ਪ੍ਰਿੰਸੀਪਲ ਮੈਡਮ ਸੁਪ੍ਰਿਆ ਖੁਰਾਨਾ ਨੇ ਦੱਸਿਆ ਕਿ ਸਾਡੇ ਸਕੂਲ ਦੀ ਗਿਆਰਵੀਂ ਜਮਾਤ ਸਾਇੰਸ ਗਰੁੱਪ ਦੀ ਵਿਦਿਆਰਥਣ ਤਰਨਪ੍ਰੀਤ ਕੌਰ ਨੇ ਇਸ ਪ੍ਰਤੀਯੋਗਤਾ ਵਚ ਦੂਸਰਾ ਸਥਾਨ ਹਾਸਿਲ ਕਰਕੇ ਸਕੂਲ ਅਧਿਆਪਕ ਅਤੇ ਆਪਣੇ ਮਾਪਿਆਂ ਦਾ ਨਾਂ ਰੌਸ਼ਨ ਕੀਤਾ ਇਸ ਮੌਕੇ ਤੇ ਪੰਜਾਬੀ ਅਧਿਆਪਕ ਮਲਕੀਤ ਕੌਰ, ਕੁਲਦੀਪ ਕੌਰ ਤੇ ਬੇਅੰਤ ਸਿੰਘ ਹਾਜ਼ਰ ਸਨ।

# ਭਾਰਤੀ ਵਿਕਾਸ ਪ੍ਰੀਸ਼ਦ ਜਗਰਾਓਂ ਨੇ ਭਾਸ਼ਣ ਮੁਕਾਬਲਾ ਕਰਵਾਇਆ



ਜਗਰਾਓਂ, 9 ਅਕਤੂਬਰ (ਵਿਸ਼ਾਲ ਅੱਤਰੇ/ਆਰੀਅਨ ਅੱਤਰੇ ):ਭਾਰਤੀ ਵਿਕਾਸ ਪ੍ਰੀਸ਼ਦ ਜਗਰਾਉਂ ਵੱਲੋਂ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਵਸ ’ਤੇ ਭਾਸ਼ਣ ਮੁਕਾਬਲਾ ਕਰਵਾਇਆ ਗਿਆ। ਇਸ ਭਾਸ਼ਣ ਮੁਕਾਬਲੇ ਵਿੱਚ ਸ਼ਹਿਰ ਦੇ ਨੌਂ ਸਕੂਲਾਂ ਨੇ ਹਿੱਸਾ ਲਿਆ। ਸ਼ਿਵਾਲਿਕ ਮਾਡਲ ਸਕੂਲ ਦੀ ਦਸਵੀਂ ਜਮਾਤ ਦੀ ਵਿਦਿਆਰਥਣ ਇਸ਼ਮੀਤ ਕੌਰ ਨੇ ਇਸ ਭਾਸ਼ਣ ਮੁਕਾਬਲੇ ਵਿੱਚ ਤੀਜਾ ਸਥਾਨ ਪ੍ਰਾਪਤ ਕੀਤਾ। ਪ੍ਰਿੰਸੀਪਲ ਮੈਡਮ ਨੀਲਮ ਸ਼ਰਮਾ ਨੇ ਵਿਦਿਆਰਥਣ ਇਸ਼ਮੀਤ ਕੌਰ ਨੂੰ ਇਸ ਵੱਡੀ ਸਫਲਤਾ ’ਤੇ ਵਧਾਈ ਦਿੱਤੀ ਅਤੇ ਸਕੂਲ ਦੇ ਸਾਰੇ ਵਿਦਿਆਰਥੀਆਂ ਨੂੰ ਅਜਿਹੇ ਮੁਕਾਬਲਿਆਂ ਵਿੱਚ ਹਿੱਸਾ ਲੈਣ ਲਈ ਉਤਸ਼ਾਹਿਤ ਕੀਤਾ। ਉਨ੍ਹਾਂ ਕਿਹਾ ਕਿ ਅਜਿਹੇ ਮੁਕਾਬਲੇ ਵਿਦਿਆਰਥੀਆਂ ਨੂੰ ਭਾਰਤੀ ਸੱਭਿਆਚਾਰ ਅਤੇ ਗੁਰੂਆਂ ਦੀਆਂ ਸਿੱਖਿਆਵਾਂ ਤੋਂ ਜਾਣੂੰ ਕਰਵਾਉਂਦੇ ਹਨ।

# ਸੰਯੁਕਤ ਕਿਸਾਨ ਮੋਰਚੇ ਨੇ ਡੀ.ਸੀ. ਦਫ਼ਤਰ ਅੱਗੇ ਲਗਾਇਆ ਧਰਨਾ

ਲੁਧਿਆਣਾ, 9 ਅਕਤੂਬਰ (ਰਵਿੰਦਰ ਸਿੰਘ ਨਿੱਝਰ): : ਅੱਜ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ’ਤੇ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਵਿੱਚ ਦਿੱਤੇ ਗਏ ਧਰਨੇ ਦੇ ਸੱਦੇ ਨੂੰ ਲਾਗੂ ਕਰਦਿਆਂ ਸੰਯੁਕਤ ਕਿਸਾਨ ਮੋਰਚੇ ਵਿੱਚ ਸ਼ਾਮਲ ਕਿਸਾਨ ਜਥੇਬੰਦੀਆਂ ਵੱਲੋਂ ਲੁਧਿਆਣਾ ਦੇ ਡਿਪਟੀ ਕਮਿਸ਼ਨਰ ਦੇ ਦਫ਼ਤਰ ਅੱਗੇ ਧਰਨਾ ਲਗਾਕੇ ਆਪਣੀਆਂ ਮੰਗਾਂ ਦੀ ਪੂਰਤੀ ਲਈ ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਅਤੇ ਪੰਜਾਬ ਦੇ ਮੁੱਖ ਮੰਤਰੀ ਸ੍ਰੀ ਭਗਵੰਤ ਸਿੰਘ ਮਾਨ ਨੂੰ ਮੰਗ ਪੱਤਰ ਭੇਜਿਆ ਗਿਆ। ਇਸ ਮੌਕੇ ’ਤੇ ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ), ਆਲ ਇੰਡੀਆ ਕਿਸਾਨ ਸਭਾ (ਅਜੇਭਵਨ), ਜਮਹੂਰੀ ਕਿਸਾਨ ਸਭਾ ਪੰਜਾਬ, ਭਾਰਤੀ ਕਿਸਾਨ ਯੂਨੀਅਨ ਡਕੌਂਦਾ (ਧਨੇਰ), ਭਾਰਤੀ ਕਿਸਾਨ ਯੂਨੀਅਨ ਡਕੌਂਦਾ ( ਬੁਰਜਗਿੱਲ), ਭਾਰਤੀ ਕਿਸਾਨ ਯੂਨੀਅਨ (ਲੱਖੋਵਾਲ), ਕਿਰਤੀ ਕਿਸਾਨ ਯੂਨੀਅਨ ਪੰਜਾਬ, ਭਾਰਤੀ ਕਿਸਾਨ ਯੂਨੀਅਨ (ਰਾਜੇਵਾਲ), ਕਿਰਤੀ ਕਿਸਾਨ ਯੂਨੀਅਨ, ਆਲ ਇੰਡੀਆ ਕਿਸਾਨ ਸਭਾ (ਹੱਨਨ ਮੁੱਲਾ), ਪੰਜਾਬ ਕਿਸਾਨ ਯੂਨੀਅਨ, ਦੇ ਆਗੂਆਂ ਹਰਦੇਵ ਸਿੰਘ ਸੰਧੂ, ਰਘਵੀਰ ਸਿੰਘ ਬੈਨੀਪਾਲ, ਸੁਦਾਗਰ ਸਿੰਘ ਘੁਡਾਣੀ, ਚਮਕੌਰ ਸਿੰਘ ਬਰਮੀ, ਮਹਿੰਦਰ ਸਿੰਘ ਕਮਾਲਪੁਰਾ, ਸਾਧੂ ਸਿੰਘ ਅੱਚਰਵਾਲ, ਜਗਤਾਰ ਸਿੰਘ ਦੇਹੜਕਾ, ਬੂਟਾ ਸਿੰਘ ਚਕਰ, ਅਵਤਾਰ ਸਿੰਘ ਮੇਹਲੋਂ, ਬੂਟਾ ਸਿੰਘ ਹਾਸ, ਬਲਰਾਜ ਸਿੰਘ ਕੋਟਉਮਰਾ, ਅਮਨਦੀਪ ਸਿੰਘ ਲੱਲਤੋਂ, ਮਨਪ੍ਰੀਤ ਸਿੰਘ ਸਿੱਧੂ, ਜਸਵੀਰ ਸਿੰਘ ਝੱਜ, ਬਲਵਿੰਦਰ ਸਿੰਘ, ਕਰਮਜੀਤ ਸਿੰਘ ਗਿੱਲ, ਚਰਨ ਸਿੰਘ ਨੂਰਪੁਰਾ, ਹਰਨੇਕ ਸਿੰਘ ਗੁੱਜਰਵਾਲ, ਯੁਵਰਾਜ ਸਿੰਘ ਘੁਡਾਣੀ, ਸੁਰਜੀਤ ਸਿੰਘ ਝੋਰੜਾ, ਜੁਗਿੰਦਰ ਸਿੰਘ ਢਿੱਲੋਂ ਨੇ ਧਰਨੇ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅਗਸਤ 2025 ਦੇ ਅਖੀਰਲੇ ਹਫਤੇ ਤੋਂ ਸ਼ੁਰੂ ਹੋਏ ਮੀਂਹ ਅਤੇ ਹੜ੍ਹਾਂ ਕਾਰਨ ਪੰਜਾਬ ਦੇ ਲੋਕਾਂ ਦਾ ਬਹੁਤ ਭਾਰੀ ਨੁਕਸਾਨ ਹੋਇਆ ਹੈ। ਲਗਭੱਗ 59 ਇਨਸਾਨਾਂ ਦੀ ਜਾਨ ਚਲੀ ਗਈ ਹੈ, ਘਰ ਢਹਿ ਗਏ ਹਨ, ਪਸ਼ੂ ਰੁੜ੍ਹ ਗਏ ਹਨ, ਜ਼ਮੀਨ ਦਰਿਆ ਬੁਰਦ ਹੋ ਗਈ ਹੈ, ਖੇਤਾਂ ਵਿੱਚ ਗਾਰ ਭਰ ਗਈ ਹੈ ਅਤੇ ਫਸਲਾਂ ਤਬਾਹ ਹੋ ਗਈਆਂ ਹਨ। ਅਜਿਹੇ ਹਾਲਾਤ ਵਿੱਚ ਕਿਸਾਨ ਜਥੇਬੰਦੀਆਂ, ਸਮਾਜਿਕ ਸੰਸਥਾਵਾਂ ਅਤੇ ਦਾਨੀ ਸੱਜਣਾਂ ਨੇ ਆਪਣੇ ਲੋਕਾਂ ਦੀ ਬਾਂਹ ਫੜਨ ਦੀ ਕੋਸ਼ਿਸ਼ ਕੀਤੀ ਹੈ ਪ੍ਰੰਤੂ ਹੜ੍ਹਾਂ ਨੂੰ ਪੱਕੇ ਤੌਰ ਤੇ ਰੋਕਣ ਲਈ ਪ੍ਰਬੰਧ ਕਰਨੇ ਅਤੇ ਹੜ੍ਹ ਪੀੜਤਾਂ ਦੇ ਮੁੜ ਵਸੇਵੇ ਦਾ ਪ੍ਰਬੰਧ ਕਰਨਾ ਅਤੇ ਹੋਏ ਨੁਕਸਾਨ ਦਾ ਮੁਆਵਜ਼ਾ ਦੇਣਾ ਸਰਕਾਰ ਦੀ ਜ਼ਿੰਮੇਵਾਰੀ ਹੈ। ਉਹਨਾਂ ਆਖਿਆ ਕਿ ਲੋਕਾਂ ਦੇ ਜਾਨ ਮਾਲ, ਫਸਲਾਂ, ਘਰਾਂ ਅਤੇ ਜ਼ਮੀਨਾਂ ਦੀ ਭਾਰੀ ਤਬਾਹੀ ਹੋਈ ਹੈ। ਇਸ ਲਈ ਪੰਜਾਬ ਸਰਕਾਰ, ਕੇਂਦਰ ਸਰਕਾਰ ਅਤੇ ਭਾਖੜਾ ਬਿਆਸ ਮੈਨੇਜਮੈਂਟ ਦੋਸ਼ੀ ਹਨ। ਭਾਰੀ ਮੀਂਹ ਦੀ ਭਵਿੱਖਬਾਣੀ ਦੇ ਬਾਵਜੂਦ ਦਰਿਆਵਾਂ, ਡਰੇਨਾਂ, ਧੁੱਸੀ ਬੰਨ੍ਹ, ਡੈਮਾਂ ਅਤੇ ਉਹਨਾਂ ਦੇ ਫਲੱਡ ਗੇਟਾਂ ਵਗੈਰਾ ਦੀ ਕੀਤੀ ਜਾਣ ਵਾਲੀ ਪਰਖ ਪੜਤਾਲ, ਸਫ਼ਾਈ ਅਤੇ ਮੁਰੰਮਤ ਕਰਨ ਵਿੱਚ ਭਾਰੀ ਲਾਪਰਵਾਹੀ ਦਿਖੀ ਹੈ। ਅਜਿਹੀ ਕੁਤਾਹੀ ਕਰਨ ਵਾਲੀ ਸਿਆਸੀ ਲੀਡਰਸ਼ਿਪ ਅਤੇ ਅਫ਼ਸਰਸ਼ਾਹੀ ਦੀ ਨਿਸ਼ਾਨਦੇਹੀ ਕੀਤੀ ਜਾਵੇ। ਇਸ ਦੀ ਅਦਾਲਤੀ ਜਾਂਚ ਕਰਕੇ ਲੋਕਾਂ ਦੇ ਜਾਨ-ਮਾਲ ਨਾਲ ਖੇਡਣ ਵਾਲਿਆਂ ਨੂੰ ਸਖਤ ਸਜ਼ਾਵਾਂ ਦਿੱਤੀਆਂ ਜਾਣ।

# ਪੀ.ਏ.ਯੂ. ਪੈਨਸ਼ਨਰਜ਼ ਐਸੋ: ਵੱਲੋਂ ਧਰਨਾ



ਲੁਧਿਆਣਾ, 9 ਅਕਤੂਬਰ (ਰਵਿੰਦਰ ਸਿੰਘ ਨਿੱਝਰ): : ਪੰਜਾਬ ਖੇਤੀ ਵਰਸਿਟੀ ਇਸ ਵੇਲੇ ਗੰਭੀਰ ਆਰਥਿਕ ਸੰਕਟ ਦਾ ਸਾਹਮਣਾ ਕਰ ਰਹੀ ਹੈ, ਕਿਉਂਕਿ ਪਿਛਲੇ ਤਿੰਨ ਮਹੀਨਿਆਂ ਤੋਂ ਯੂਨੀਵਰਸਿਟੀ ਨੂੰ ਸਰਕਾਰੀ ਗ੍ਰਾਂਟ ਨਹੀਂ ਮਿਲੀ। ਇਸ ਕਰਕੇ ਯੂਨੀਵਰਸਿਟੀ ਪ੍ਰਸ਼ਾਸਨ ਵਿਦਿਆਰਥੀਆਂ ਅਤੇ ਕਿਸਾਨਾਂ ਨਾਲ ਸੰਬੰਧਿਤ ਫੰਡਾਂ ਵਿੱਚੋਂ ਹੀ ਪੈਨਸ਼ਨ ਤੇ ਤਨਖਾਹਾਂ ਦਾ ਭੁਗਤਾਨ ਕਰਨ ਲਈ ਮਜਬੂਰ ਹੈ, ਇਹ ਗੱਲ ਡੀ.ਪੀ. ਮੌੜ, ਪ੍ਰਧਾਨ, ਪੀ.ਏ.ਯੂ. ਪੈਨਸ਼ਨਰਜ਼ ਐਂਡ ਰਿਟਾਇਰੀਜ਼ ਵੈਲਫੇਅਰ ਐਸੋਸੀਏਸ਼ਨ ਨੇ ਅੱਜ ਥਾਪਰ ਹਾਲ, ਪੀ.ਏ.ਯੂ. ਲੁਧਿਆਣਾ ਦੇ ਸਾਹਮਣੇ ਪੈਨਸ਼ਨਰਾਂ ਦੇ ਧਰਨਾ ਸਮਾਗਮ ਨੂੰ ਸੰਬੋਧਨ ਕਰਦਿਆਂ ਕਹੀ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਜਾਣਬੁੱਝ ਕੇ ਗ੍ਰਾਂਟਾਂ ਵਿੱਚ ਦੇਰੀ ਕਰ ਰਹੀ ਹੈ ਅਤੇ ਪੀ.ਏ.ਯੂ. ਪ੍ਰਸ਼ਾਸਨ ਨੂੰ ਪੈਨਸ਼ਨ ਅਤੇ ਤਨਖਾਹਾਂ ਦੇ ਬਿੱਲ ਡਾਇਰੈਕਟਰੇਟ ਪੱਧਰ ਦੇ ਦਫ਼ਤਰਾਂ ਰਾਹੀਂ ਭੇਜਣ ਲਈ ਮਜਬੂਰ ਕੀਤਾ ਜਾ ਰਿਹਾ ਹੈ।ਡੀ.ਪੀ. ਮੌੜ ਨੇ ਕਿਹਾ ਕਿ 1 ਜਨਵਰੀ 2016 ਤੋਂ ਲਾਗੂ ਸੋਧੇ ਤਨਖਾਹ ਸਕੇਲਾਂ ਅਧੀਨ ਪੈਨਸ਼ਨਰਾਂ ਦੇ ਬਕਾਇਆ (ਜੋ 1 ਅਪਰੈਲ 2025 ਤੋਂ ਦਿੱਤੇ ਜਾਣੇ ਸਨ) ਅਜੇ ਤੱਕ ਨਹੀਂ ਦਿੱਤੇ ਗਏ, ਜਦੋਂਕਿ ਪੰਜਾਬ ਸਰਕਾਰ ਦੇ ਪੈਨਸ਼ਨਰਾਂ ਨੂੰ ਪਿਛਲੇ ਛੇ ਮਹੀਨਿਆਂ ਤੋਂ ਇਹ ਭੁਗਤਾਨ ਕੀਤਾ ਜਾ ਰਿਹਾ ਹੈ। ਇਸਤੋਂ ਇਲਾਵਾ ਲੀਵ ਇਨਕੈਸ਼ਮੈਂਟ, ਮੈਡੀਕਲ ਬਿੱਲਾਂ ਅਤੇ ਐਲ.ਟੀ.ਏ. ਦੇ ਬਕਾਏ ਜੋ ਜੁਲਾਈ 2025 ਤੋਂ ਦੇਣੇ ਸਨ, ਉਹ ਵੀ ਅਜੇ ਤੱਕ ਨਹੀਂ ਦਿੱਤੇ ਗਏ। ਧਰਨੇ ਨੂੰ ਡਾ. ਐਚ.ਐਸ. ਕਿੰਗਰਾ (ਪ੍ਰਧਾਨ, ਪੀ.ਏ.ਯੂ. ਟੀਚਰ ਐਸੋਸੀਏਸ਼ਨ), ਬਲਦੇਵ ਸਿੰਘ ਵਾਲੀਆ (ਪ੍ਰਧਾਨ, ਪੀ.ਏ.ਯੂ. ਕਰਮਚਾਰੀ ਯੂਨੀਅਨ), ਅੰਗਰੇਜ਼ ਸਿੰਘ (ਪੀ.ਏ.ਯੂ. ਵਿਦਿਆਰਥੀ ਯੂਨੀਅਨ ਦੇ ਆਗੂ) ਅਤੇ ਕੁਲਮਨਬੀਰ ਸਿੰਘ ਗਿੱਲ (ਪ੍ਰਧਾਨ, ਵਰਕਾ ਮਿਲਕ ਪਲਾਂਟ ਕਰਮਚਾਰੀ ਯੂਨੀਅਨ), ਕਾਮਰੇਡ ਜੋਗਿੰਦਰ ਰਾਮ, ਪਰਮਜੀਤ ਸਿੰਘ ਗਿੱਲ ਅਤੇ ਡਾ. ਗੁਲਜ਼ਾਰ ਪੰਧੇਰ ਨੇ ਵੀ ਸੰਬੋਧਨ ਕੀਤਾ।

# ਮੰਤਰੀ ਅਰੋੜਾ ਵੱਲੋਂ ਸੜਕਾਂ ਨੂੰ ਵਿਸ਼ਵ ਪੱਧਰੀ ਮਿਆਰਾਂ ’ਤੇ ਅਪਗ੍ਰੇਡ ਕਰਨ ਲਈ ਮੀਟਿੰਗ



ਲੁਧਿਆਣਾ, 9 ਅਕਤੂਬਰ (ਵਿਸ਼ਾਲ ਸ਼ਰਮਾ): ਬਿਜਲੀ, ਉਦਯੋਗ ਅਤੇ ਵਣਜ, ਨਿਵੇਸ਼ ਪ੍ਰੋਤਸਾਹਨ ਅਤੇ ਪ੍ਰਵਾਸੀ ਭਾਰਤੀ ਮਾਮਲਿਆਂ ਦੇ ਮੰਤਰੀ ਸੰਜੀਵ ਅਰੋੜਾ ਨੇ ਸ਼ਹਿਰੀ ਸੜਕਾਂ ਦੇ ਬੁਨਿਆਦੀ ਢਾਂਚੇ ਨੂੰ ਵਿਸ਼ਵ ਪੱਧਰੀ ਮਿਆਰਾਂ ’ਤੇ ਬਦਲਣ ’ਤੇ ਕੇਂਦ੍ਰਿਤ ਸ਼ਹਿਰ-ਪੱਧਰੀ ਕਮੇਟੀ ਦੀ ਇੱਕ ਮੀਟਿੰਗ ਦੀ ਪ੍ਰਧਾਨਗੀ ਕੀਤੀ। ਇਹ ਮੀਟਿੰਗ ਸਰਾਭਾ ਨਗਰ ਵਿੱਚ ਨਗਰ ਨਿਗਮ ਦੇ ਜ਼ੋਨ ਡੀ ਦਫ਼ਤਰ ਵਿਖੇ ਹੋਈ। ਮੀਟਿੰਗ ਦੌਰਾਨ, ਪ੍ਰੋਜੈਕਟ ਅਧੀਨ ਚੁਣੀਆਂ ਗਈਆਂ ਸ਼ਹਿਰ ਦੀਆਂ ਸੜਕਾਂ ਨੂੰ ਬਦਲਣ ਲਈ ਪ੍ਰਸਤਾਵਿਤ ਯੋਜਨਾਵਾਂ ਬਾਰੇ ਵਿਸਥਾਰਪੂਰਵਕ ਵਿਚਾਰ-ਵਟਾਂਦਰਾ ਕੀਤਾ ਗਿਆ। ਸਲਾਹਕਾਰ ਫਰਮਾਂ ਨੂੰ ਨਿਰਦੇਸ਼ ਦਿੱਤੇ ਗਏ ਹਨ ਕਿ ਉਹ ਡਿਜ਼ਾਈਨ ਨੂੰ ਜਲਦੀ ਤੋਂ ਜਲਦੀ ਪੂਰਾ ਕਰਨ ਤਾਂ ਜੋ ਅਧਿਕਾਰੀ ਜ਼ਮੀਨੀ ਪੱਧਰ ’ਤੇ ਪ੍ਰੋਜੈਕਟਾਂ ਨਾਲ ਅੱਗੇ ਵਧ ਸਕਣ। ਪ੍ਰਸਤਾਵਿਤ ਡਿਜ਼ਾਈਨਾਂ ਬਾਰੇ ਪੇਸ਼ਕਾਰੀ ਪ੍ਰੋਜੈਕਟ ਲਈ ਨਿਯੁਕਤ ਕੀਤੀਆਂ ਗਈਆਂ ਸਲਾਹਕਾਰ ਫਰਮਾਂ - ਧਰੁਪਦ ਕੰਸਲਟੈਂਟ ਪ੍ਰਾਈਵੇਟ ਲਿਮਟਿਡ ਅਤੇ ਕਰੀਏਟਿਵ ਫੁੱਟਪ੍ਰਿੰਟਸ ਦੇ ਅਧਿਕਾਰੀਆਂ ਦੁਆਰਾ ਦਿੱਤੀ ਗਈ। ਸ਼ਹਿਰ ਵਿੱਚ ਦਾਖਲੇ ਦੇ ਸਥਾਨਾਂ ਦਾ ਸੁੰਦਰੀਕਰਨ ਅਤੇ ਜੰਕਸ਼ਨ ਸੁਧਾਰ ਵੀ ਪ੍ਰੋਜੈਕਟ ਦਾ ਹਿੱਸਾ ਹਨ। ਯਾਤਰੀਆਂ, ਸਾਈਕਲ ਸਵਾਰਾਂ ਅਤੇ ਪੈਦਲ ਚੱਲਣ ਵਾਲਿਆਂ ਸਮੇਤ ਹਰ ਵਰਗ ਦਾ ਧਿਆਨ ਰੱਖਿਆ ਜਾਵੇਗਾ ਅਤੇ ਸਬੰਧਤ ਖੇਤਰ ਦੀਆਂ ਜ਼ਰੂਰਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਸਟ੍ਰੈਚਾਂ ਦਾ ਪੁਨਰ ਵਿਕਾਸ ਕੀਤਾ ਜਾਵੇਗਾ। ਯਾਤਰੀਆਂ/ਪੈਦਲ ਯਾਤਰੀਆਂ ਦੀ ਸੁਰੱਖਿਆ, ਪਾਰਕਿੰਗ, ਲੈਂਡਸਕੇਪਿੰਗ/ਹਰਿਆਲੀ ਆਦਿ ਪਹਿਲ ਦੇ ਖੇਤਰਾਂ ਵਿੱਚ ਸ਼ਾਮਲ ਹੋਣਗੇ। ਸ਼ੇਰਪੁਰ ਚੌਕ ਤੋਂ ਜਗਰਾਉਂ ਪੁਲ, ਜਗਰਾਉਂ ਪੁਲ ਤੋਂ ਪੁਰਾਣੀ ਸਬਜ਼ੀ ਮੰਡੀ ਚੌਕ, ਫੁਹਾਰਾ ਚੌਕ ਤੋਂ ਭਾਰਤ ਨਗਰ ਚੌਕ, ਫੁਹਾਰਾ ਚੌਕ ਤੋਂ ਆਰਤੀ ਸਿਨੇਮਾ ਚੌਕ, ਚੌੜਾ ਬਾਜ਼ਾਰ ਚੌਕ ਤੋਂ ਘਾਸ ਮੰਡੀ ਚੌਕ, ਡੀਐਮਸੀ ਹਸਪਤਾਲ ਦੇ ਬਾਹਰ ਸੜਕ, ਫੀਲਡ ਗੰਜ ਤੋਂ ਸਿਵਲ ਹਸਪਤਾਲ ਸੜਕ, ਗਿੱਲ ਚੌਕ ਤੋਂ ਗਿੱਲ ਪਿੰਡ ਨੂੰ ਜਾਣ ਵਾਲੀ ਸੜਕ, ਮਾਡਲ ਟਾਊਨ ਸੜਕ ਆਦਿ ਨੂੰ ਇਸ ਪ੍ਰੋਜੈਕਟ ਅਧੀਨ ਮੁੜ ਵਿਕਸਤ ਕੀਤਾ ਜਾਵੇਗਾ। ਮੰਤਰੀ ਅਰੋੜਾ ਨੇ ਕਿਹਾ ਕਿ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਹੇਠ ਸੂਬਾ ਸਰਕਾਰ ਲਗਾਤਾਰ ਟਿਕਾਊ ਵਿਕਾਸ ਵੱਲ ਕੰਮ ਕਰ ਰਹੀ ਹੈ ਅਤੇ ਇਹ ਉਨ੍ਹਾਂ ਪ੍ਰਮੁੱਖ ਪ੍ਰੋਜੈਕਟਾਂ ਵਿੱਚੋਂ ਇੱਕ ਹੈ, ਜੋ ਗੁਣਵੱਤਾ ਵਾਲੇ ਬੁਨਿਆਦੀ ਢਾਂਚੇ ਦੇ ਵਿਕਾਸ ਲਈ ਕੀਤੇ ਜਾ ਰਹੇ ਹਨ। ਮੰਤਰੀ ਅਰੋੜਾ ਨੇ ਕਿਹਾ ਕਿ ਸਲਾਹਕਾਰ ਫਰਮਾਂ ਅਤੇ ਸਬੰਧਤ ਅਧਿਕਾਰੀਆਂ ਨੂੰ ਨਿਰਧਾਰਤ ਸਮੇਂ ਦੇ ਅੰਦਰ ਉਨ੍ਹਾਂ ਨੂੰ ਸੌਂਪੇ ਗਏ ਕੰਮਾਂ ਨੂੰ ਪੂਰਾ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ ਅਤੇ ਆਉਣ ਵਾਲੇ ਸਮੇਂ ਵਿੱਚ ਸ਼ਹਿਰ ਦੀਆਂ ਸੜਕਾਂ ਤੇ ਜਲਦੀ ਹੀ ਇੱਕ ਵੱਡਾ ਸਕਾਰਾਤਮਕ ਬਦਲਾਅ ਦੇਖਣ ਨੂੰ ਮਿਲੇਗਾ। ਮੀਟਿੰਗ ਵਿੱਚ ਪੰਜਾਬ ਵਿਕਾਸ ਕਮਿਸ਼ਨ ਤੋਂ ਜੈਸਮੀਨ ਸ਼ਾਹ, ਮੇਅਰ ਪ੍ਰਿੰਸੀਪਲ ਇੰਦਰਜੀਤ ਕੌਰ, ਪੁਲਿਸ ਕਮਿਸ਼ਨਰ ਸਵਪਨ ਸ਼ਰਮਾ, ਨਗਰ ਨਿਗਮ ਕਮਿਸ਼ਨਰ ਆਦਿੱਤਿਆ ਡਚਲਵਾਲ, ਏਡੀਸੀ ਰਾਕੇਸ਼ ਕੁਮਾਰ, ਐਸਡੀਐਮ ਪੂਨਮਪ੍ਰੀਤ ਕੌਰ, ਪੰਜਾਬ ਰੋਡ ਸੇਫਟੀ ਐਂਡ ਟ੍ਰੈਫਿਕ ਰਿਸਰਚ ਸੈਂਟਰ ਦੇ ਡਾਇਰੈਕਟਰ ਨਵਦੀਪ ਅਸੀਜਾ ਸਮੇਤ ਪੀਐਸਪੀਸੀਐਲ, ਪੀਡਬਲਯੂਡੀ ਆਦਿ ਦੇ ਹੋਰ ਅਧਿਕਾਰੀ ਮੌਜੂਦ ਸਨ।

# ਮੈਕਸ ਲੈਂਡ ਯੂਜ਼ ਦਾ ਕੀਤਾ ਜਾਵੇ ਪੱਕਾ ਹੱਲ : ਸਿੱਧੂ



ਲੁਧਿਆਣਾ, 9 ਅਕਤੂਬਰ (ਵਿਸ਼ਾਲ ਸ਼ਰਮਾ) : ਹਲਕਾ ਆਤਮ ਨਗਰ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਕੁਲਵੰਤ ਸਿੰਘ ਸਿੱਧੂ ਨੇ ਅੱਜ ਕਿਰਤ ਅਤੇ ਬਿਜਲੀ ਮੰਤਰੀ ਸ੍ਰੀ ਸੰਜੀਵ ਅਰੋੜਾ ਨੂੰ ਮਿਲ ਕੇ ਉਨ੍ਹਾਂ ਕੋਲ ਮਿਕਸ ਲੈਂਡ ਯੂਜ ਦਾ ਮੁੱਦਾ ਉਠਾਇਆ। ਵਿਧਾਇਕ ਸਿੱਧੂ ਨੇ ਆਖਿਆ ਕਿ ਉਨਾਂ ਦਾ ਹਲਕਾ ਆਤਮ ਨਗਰ ਇੱਕ ਅਜਿਹਾ ਹਲਕਾ ਹੈ, ਜਿਸ ਵਿੱਚ ਰਿਹਾਇਸ਼ੀ ਵਸਨੀਕਾਂ ਦੇ ਨਾਲ -ਨਾਲ ਛੋਟੇ ਸਨਤਕਾਰ ਵੀ ਰਹਿੰਦੇ ਹਨ ।ਜਿਨ੍ਹਾਂ ਨੇ ਆਪਣੇ ਘਰਾਂ ਵਿੱਚ ਹੀ ਛੋਟੀਆਂ ਸਨਅਤਾ ਲਗਾਈਆਂ ਹੋਈਆਂ ਹਨ। ਕਈ ਪਰਿਵਾਰ ਤਾਂ ਐਸੇ ਹਨ, ਜੋ 50-50 ਗਜ ਦੇ ਮਕਾਨਾਂ ਵਿੱਚ ਥੱਲੇ ਮਸ਼ੀਨਰੀ ਲਗਾਈ ਹੋਈ ਹੈ ਅਤੇ ਉੱਤੇ ਉਹਨਾਂ ਦੀ ਰਿਹਾਇਸ਼ ਹੈ, ਜਿਸ ਨਾਲ ਉਹ ਆਪਣੇ ਪਰਿਵਾਰ ਦਾ ਪੇਟ ਤਾਂ ਪਾਲਦੇ ਹੀ ਹਨ ਨਾਲ ਹੀ ਲੁਧਿਆਣਾ ਦੀ ਤਰੱਕੀ ਵਿੱਚ ਵੀ ਉਹਨਾਂ ਦਾ ਅਹਿਮ ਯੋਗਦਾਨ ਹੈ। ਅਜਿਹੇ ਛੋਟੇ ਸਨਤਕਾਰਾਂ ਦੇ ਉੱਤੇ ਹਮੇਸ਼ਾ ਮੈਕਸ ਲੈਂਡ ਯੂਜ ਨਾਮ ਦੀ ਇੱਕ ਭੈਅ ਦੀ ਤਲਵਾਰ ਲਟਕਦੀ ਰਹਿੰਦੀ ਹੈ, ਜਿਸ ਨੂੰ ਦੂਰ ਕਰਨ ਲਈ ਉਹ ਬਹੁਤ ਦੇਰ ਤੋਂ ਉਹਨਾਂ ਦਾ ਮੁੱਦਾ ਹਰ ਮੰਚ ’ਤੇ ਉਠਾਉਂਦੇ ਆਏ ਹਨ। ਵਿਧਾਨ ਸਭਾ ਵਿੱਚ ਵਿਧਾਇਕ ਕੁਲਵੰਤ ਸਿੰਘ ਸਿੱਧੂ ਨੇ ਇਸ ਮੁੱਦੇ ਨੂੰ ਬੜੀ ਗੰਭੀਰਤਾ ਨਾਲ ਭਾਵਨਾਤਮਕ ਤੌਰ ’ਤੇ ਉਠਾਇਆ ਸੀ, ਜਿਸ ਦੇ ਸਿੱਟੇ ਵਜੋਂ ਸਰਕਾਰ ਵੱਲੋਂ ਇਨ੍ਹਾਂ ਕਾਰੋਬਾਰੀਆਂ ਨੂੰ ਸਾਢੇ ਤਿੰਨ ਸਾਲ ਦਾ ਇੱਕ ਲੰਮਾ ਸਮਾਂ ਇਸੇ ਜਗ੍ਹਾ ’ਤੇ ਕੰਮ ਕਰਨ ਲਈ ਮਿਲ ਗਿਆ ਸੀ। ਸਰਕਾਰ ਵੱਲੋਂ ਮਿਲਿਆ ਉਹ ਸਮਾਂ ਨੇੜੇ ਆਉਣ ’ਤੇ ਅੱਜ ਵੀ ਉਹ ਇਸੇ ਸਿਲਸਿਲੇ ਵਿੱਚ ਕੈਬਨਟ ਮੰਤਰੀ ਸੰਜੀਵ ਅਰੋੜਾ ਨੂੰ ਮਿਲੇ ਅਤੇ ਉਨਾਂ ਕੋਲ ਇਸ ਮੁੱਦੇ ਨੂੰ ਪੱਕੇ ਤੌਰ ’ਤੇ ਹੱਲ ਕਰਨ ਦੀ ਅਪੀਲ ਕੀਤੀ ਅਤੇ ਜਿੰਨਾ ਚਿਰ ਇਹ ਮੁੱਦਾ ਹੱਲ ਨਹੀਂ ਹੋ ਜਾਂਦਾ ,ਉਨ੍ਹਾਂ ਚਿਰ ਇਹਨਾਂ ਛੋਟੇ ਸਨਤਕਾਰਾਂ ਨੂੰ ਇਸ ਸਮੇਂ ਵਿੱਚ ਐਕਸਟੈਂਸ਼ਨ ਦੇਣ ਦੀ ਬੇਨਤੀ ਕੀਤੀ ਤਾਂ ਜੋ ਇਹ ਸਨਤਕਾਰ ਬਿਨਾਂ ਕਿਸੇ ਭੈ ਤੋਂ ਆਪਣਾ ਕਾਰੋਬਾਰ ਚਲਦਾ ਰੱਖ ਸਕਣ। ਦੱਸ ਦਈਏ ਕਿ ਵਿਧਾਇਕ ਸਿੱਧੂ ਦੂਜੀਆਂ ਸਰਕਾਰਾਂ ਵੇਲੇ ਵੀ ਇਨ੍ਹਾਂ ਛੋਟੇ ਸਨਤਕਾਰਾਂ ਦੇ ਹੱਕ ਵਿੱਚ ਹਾਅ ਦਾ ਨਾਅਰਾ ਮਾਰਦੇ ਰਹੇ ਹਨ ਅਤੇ ਵਿਧਾਇਕ ਬਣਦੇ ਸਾਰ ਉਹਨਾਂ ਨੇ ਮੁੱਖ ਮੰਤਰੀ ਭਗਵੰਤ ਮਾਨ ਕੋਲੋਂ ਇਹਨਾਂ ਸਨਅਤਕਾਰਾਂ ਨੂੰ ਆਪਣਾ ਕਾਰੋਬਾਰ ਇਸੇ ਜਗ੍ਹਾ ’ਤੇ ਚਲਾਉਣ ਲਈ ਸਮਾਂ ਲੈ ਕੇ ਦਿੱਤਾ ਸੀ। ਵਿਧਾਇਕ ਸਿੱਧੂ ਨੇ ਕਿਹਾ ਕਿ ਅੱਜ ਵੀ ਉਹ ਆਪਣੇ ਹਲਕੇ ਦੇ ਇਹਨਾਂ ਸਾਨਤਕਾਰਾਂ ਦੇ ਹੱਕ ਵਿੱਚ ਡੱਟ ਕੇ ਖੜੇ ਹਨ ਅਤੇ ਸਰਕਾਰ ਨੂੰ ਬੇਨਤੀ ਕੀਤੀ ਹੈ ਕਿ ਇਹਨਾਂ ਛੋਟੇ ਸਨਤਕਾਰਾਂ ਦੇ ਸਿਰ ’ਤੇ ਹੱਥ ਰੱਖਿਆ ਜਾਵੇ, ਤਾਂ ਜੋ ਇਹ ਆਪਣੇ ਪਰਿਵਾਰ ਦੇ ਨਾਲ-ਨਾਲ ਆਪਣੇ ਦੇਸ਼ ਦੀ ਤਰੱਕੀ ਵਿੱਚ ਵੀ ਆਪਣਾ ਯੋਗਦਾਨ ਇਸੇ ਤਰ੍ਹਾਂ ਪਾਉਂਦੇ ਰਹਿਣ। ਵਿਧਾਇਕ ਸਿੱਧੂ ਵਲੋਂ ਕੈਬਨਿਟ ਮੰਤਰੀ ਸੰਜੀਵ ਅਰੋੜਾ ਕੋਲ ਨਿਊ ਜਨਤਾ ਨਗਰ, ਸ਼ਿਮਲਾਪੁਰੀ, ਚੇਤ ਸਿੰਘ ਨਗਰ, ਵਰਗੇ ਰਿਹਾਇਸ਼ੀ ਇਲਾਕਿਆਂ ਨੂੰ ਵੀ ਇਸ ਵਿੱਚ ਲਿਆਉਣ ਦੀ ਬੇਨਤੀ ਕੀਤੀ ਗਈ।

# ਏਟਕ ਵੱਲੋਂ ਨਵੀਂ ਮਸੌਦਾ ਲੇਬਰ ਨੀਤੀ ਪੂਰੀ ਤਰ੍ਹਾਂ ਰੱਦ

ਲੁਧਿਆਣਾ, 9 ਅਕਤੂਬਰ (ਰਵਿੰਦਰ ਸਿੰਘ ਨਿੱਝਰ): : ਆਲ ਇੰਡੀਆ ਟ੍ਰੇਡ ਯੂਨੀਅਨ ਕਾਂਗਰਸ (ਏਟਕ) ਨੇ ਨਵੀਂ ਦਿੱਲੀ ਤੋਂ ਜਾਰੀ ਕੀਤੀ ਗਈ ਮਸੌਦਾ ਲੇਬਰ ਨੀਤੀ ਲੇਬਰ ਸ਼ਕਤੀ ਨੀਤੀ 2025 ਨੂੰ ਪੂਰੀ ਤਰ੍ਹਾਂ ਰੱਦ ਕਰ ਦਿੱਤਾ ਹੈ। ਇਹ ਨੀਤੀ ਭਾਜਪਾ ਸਰਕਾਰ ਵੱਲੋਂ ਇੱਕਤਰਫਾ ਤੌਰ ’ਤੇ ਥੋਪੀ ਗਈ ਧੌਂਸ ਵਜੋਂ ਸਾਹਮਣੇ ਆਈ ਹੈ, ਜੋ ਕਿ ਸਥਾਪਤ ਤ੍ਰਿਪੱਖੀ ਪ੍ਰਕਿਰਿਆ ਦਾ ਸਾਫ਼ ਉਲੰਘਣ ਹੈ। ਇਹ ਗੰਭੀਰ ਅਤੇ ਗੈਰ-ਲੋਕਤਾਂਤਰਿਕ ਕਦਮ ਮਜ਼ਦੂਰਾਂ ਅਤੇ ਟ੍ਰੇਡ ਯੂਨੀਅਨਾਂ ਲਈ ਧੱਕਾ ਹੈ।ਏਟਕ ਨੇ ਲੇਬਰ ਅਤੇ ਰੋਜ਼ਗਾਰ ਮੰਤਰਾਲੇ ਤੋਂ ਮੰਗ ਕੀਤੀ ਹੈ ਕਿ ਉਹ ਤੁਰੰਤ ਇਹ ਮਸੌਦਾ ਵਾਪਸ ਲਏ ਅਤੇ ਕਿਸੇ ਵੀ ਜਨਮਤ ਤੋਂ ਪਹਿਲਾਂ ਕੇਂਦਰੀ ਟ੍ਰੇਡ ਯੂਨੀਅਨਾਂ ਨਾਲ ਵਿਚਾਰ- ਵਟਾਂਦਰਾ ਕਰੇ।ਸ਼੍ਰਮ ਨੀਤੀ ਦਾ ਅਰਥ ਹੈ — ਸਰਕਾਰ ਵੱਲੋਂ ਕੰਮ ਦੀਆਂ ਥਾਵਾਂ ਨੂੰ ਨਿਯਮਿਤ ਕਰਨ ਅਤੇ ਦੇਸ਼ ਦੇ ਰੋਜ਼ਗਾਰ ਢਾਂਚੇ ਨੂੰ ਪ੍ਰਬੰਧਿਤ ਕਰਨ ਲਈ ਇੱਕ ਸਮੁੱਚੀ ਰਣਨੀਤੀ, ਜੋ ਮਜ਼ਦੂਰਾਂ ਦੇ ਅਧਿਕਾਰਾਂ ਅਤੇ ਸੁਰੱਖਿਆ ਦੀ ਗਾਰੰਟੀ ਦਿੰਦੀ ਹੈ। ਭਾਰਤ ਵਿੱਚ ਐਸੀ ਨੀਤੀ ਤਿਆਰ ਕਰਨ ਤੋਂ ਪਹਿਲਾਂ ਟ੍ਰੇਡ ਯੂਨੀਅਨਾਂ ਨਾਲ ਸਲਾਹ-ਮਸ਼ਵਰਾ ਕਰਨਾ ਇੱਕ ਮਿਆਰੀ ਅਤੇ ਲਾਜ਼ਮੀ ਰਵਾਇਤ ਹੈ। ਇਹੀ ਪ੍ਰਕਿਰਿਆ ਨੀਤੀ ਨੂੰ ਜਾਇਜ਼ ਅਤੇ ਪ੍ਰਭਾਵਸ਼ਾਲੀ ਬਣਾਉਂਦੀ ਹੈ। ਟ੍ਰੇਡ ਯੂਨੀਅਨਾਂ ਨਾਲ ਵਿਚਾਰ-ਵਟਾਂਦਰਾ ਕੋਈ ਚੋਣ ਨਹੀਂ, ਸਗੋਂ ਸਫਲ ਲੇਬਰ ਨੀਤੀ ਦੀ ਨੀਂਹ ਹੈ।ਏਟਕ ਨੇ ਮੰਤਰਾਲੇ ਵੱਲੋਂ ਟ੍ਰੇਡ ਯੂਨੀਅਨਾਂ ਨਾਲ ਲਾਜ਼ਮੀ ਗੱਲਬਾਤ ਤੋਂ ਬਿਨਾਂ ਮਸੌਦਾ ਜਾਰੀ ਕਰਨ ਦੇ ਤਾਨਾਸ਼ਾਹੀ ਭਰੇ ਤਰੀਕੇ ਦੀ ਨਿੰਦਾ ਕੀਤੀ ਹੈ।ਰਾਸ਼ਟਰੀ ਲੇਬਰ ਨੀਤੀ ਵਿੱਚ ਰੋਜ਼ਗਾਰ ਸੁਰੱਖਿਆ, ਨਵੇਂ ਰੋਜ਼ਗਾਰ ਸਿਰਜਣ, ਸਮਾਜਿਕ ਸੁਰੱਖਿਆ (ਜਿਸ ਵਿੱਚ ਮਾਤ੍ਰਿਤਵ ਲਾਭ ਵੀ ਸ਼ਾਮਲ ਹੈ), ਕੰਮ ਦੇ ਘੰਟੇ, ਸੁਰੱਖਿਆ, ਹੁਨਰ ਵਿਕਾਸ ਆਦਿ ਸ਼ਾਮਲ ਹੋਣੇ ਚਾਹੀਦੇ ਹਨ। ਪਰ ਮੌਜੂਦਾ ਮਸੌਦਾ ਨੀਤੀ ਇਨ੍ਹਾਂ ਮਾਪਦੰਡਾਂ ‘ਤੇ ਖਰੀ ਨਹੀਂ ਉਤਰਦੀ। ਭਾਜਪਾ ਦੀ ਕਾਰਪੋਰੇਟ ਪੱਖੀ ਅਤੇ ਮਜ਼ਦੂਰ ਵਿਰੋਧੀ ਨੀਤੀਆਂ ਦੇ ਸੰਦਰਭ ਵਿੱਚ ਇਹ ਮਸੌਦਾ ਸਿਰਫ਼ ਆਪਣੇ ਮਜ਼ਦੂਰ ਵਿਰੋਧੀ ਰੁਝਾਨ ਨੂੰ ਜਾਇਜ਼ ਠਹਿਰਾਉਣ ਦੀ ਕੋਸ਼ਿਸ਼ ਲੱਗਦਾ ਹੈ।ਮਸੌਦੇ ਦੇ ਸੰਖੇਪ ਅਧਿਐਨ ਨਾਲ ਇਹ ਸਪਸ਼ਟ ਹੈ ਕਿ ਇਹ ਕੇਵਲ ਉਹਨਾਂ ਲੇਬਰ ਕੋਡਾਂ ਨੂੰ ਪੂਰਾ ਕਰਨ ਲਈ ਹੈ, ਜਿਨ੍ਹਾਂ ਦਾ ਕੇਂਦਰੀ ਟ੍ਰੇਡ ਯੂਨੀਅਨਾਂ ਵੱਲੋਂ ਤਿੱਖਾ ਵਿਰੋਧ ਕੀਤਾ ਗਿਆ ਸੀ। ਇਸ ਵਿੱਚ ਰੋਜ਼ਗਾਰ ਸੁਰੱਖਿਆ, ਨਵੇਂ ਰੋਜ਼ਗਾਰ ਸਿਰਜਣ ਅਤੇ ਘੱਟੋ-ਘੱਟ ਮਜ਼ਦੂਰੀ ਐਕਟ ਅਨੁਸਾਰ ਘੱਟੋ-ਘੱਟ ਮਜ਼ਦੂਰੀ ਦੇ ਲਾਜ਼ਮੀ ਪ੍ਰਾਵਧਾਨਾਂ ਬਾਰੇ ਕੋਈ ਠੋਸ ਨੀਤੀ ਨਹੀਂ ਹੈ। ਬਣਾਉਟੀ ਬੁੱਧੀ ਅਤੇ ਜਸਟ ਟ੍ਰਾਂਜ਼ੀਸ਼ਨ ਬਾਰੇ ਨੀਤੀ ਦੀ ਗੈਰਹਾਜ਼ਰੀ ਵਿੱਚ ਅਤੇ ਅਧੂਰੇ, ਸ਼ੱਕੀ ਡਾਟਾ ਪ੍ਰਣਾਲੀ ਦੇ ਪਿਛੋਕੜ ਵਿੱਚ, ਮਸੌਦੇ ਵਿੱਚ ਕੀਤੇ ਦਾਅਵੇ ਸਿਰਫ਼ ਅੱਖਾਂ ਵਿੱਚ ਘੱਟਾ ਪਾਉਣ ਵਰਗੇ ਹਨ,।ਏਟਕ ਲੇਬਰ ਸ਼ਕਤੀ ਨੀਤੀ 2025 ਦੇ ਮਸੌਦੇ ਨੂੰ ਰੱਦ ਕਰਦੀ ਹੈ ਅਤੇ ਮੰਤਰਾਲੇ ਤੋਂ ਮੰਗ ਕਰਦੀ ਹੈ ਕਿ ਇਸਨੂੰ ਤੁਰੰਤ ਵਾਪਸ ਲਿਆ ਜਾਵੇ ਤੇ ਕੇਂਦਰੀ ਟ੍ਰੇਡ ਯੂਨੀਅਨਾਂ ਨਾਲ ਸੰਵਾਦ ਸ਼ੁਰੂ ਕੀਤਾ ਜਾਵੇ, ਜਿਸ ਲਈ ਭਾਰਤੀ ਲੇਬਰ ਕਾਨਫਰੰਸ ਨੂੰ ਜਲਦ ਬੁਲਾਇਆ ਜਾਵੇ।

# ਜੀ.ਜੀ.ਐਨ.ਆਈ.ਵੀ.ਐਸ. ਦੇ ਵਿਦਿਆਰਥੀਆਂ ਵੱਲੋਂ ਮੀਰੇ ਐਸੈਟ ਸ਼ੇਅਰ ਖ਼ਾਨ ਦਾ ਦੌਰਾ

ਲੁਧਿਆਣਾ, 9 ਅਕਤੂਬਰ (ਕਰਨੈਲ ਸਿੰਘ ਐੱਮ.ਏ.) : ਗੁਜਰਾਂਵਾਲਾ ਗੁਰੂ ਨਾਨਕ ਇੰਸਟੀਚਿਊਟ ਆਫ ਵੋਕੇਸ਼ਨਲ ਸਟੱਡੀਜ਼ (GGNIVS) ਦੇ ਬਿਜ਼ਨਸ ਕਲੱਬ ਦੇ ਵਿਦਿਆਰਥੀਆਂ ਨੇ ਮੀਰੇ ਐਸੈਟ ਸ਼ੇਅਰ ਖਾਨ, ਫਿਰੋਜ਼ ਗਾਂਧੀ ਮਾਰਕਿਟ, ਲੁਧਿਆਣਾ ਦਾ ਦੌਰਾ ਕੀਤਾ, ਜਿਸਦਾ ਮਕਸਦ ਸ਼ੇਅਰ ਮਾਰਕਿਟ, ਮਿਊਚੁਅਲ ਫੰਡ ਅਤੇ ਵਿੱਤੀ ਖੇਤਰ ਵਿੱਚ ਕਰੀਅਰ ਦੇ ਮੌਕੇ ਬਾਰੇ ਤਜ਼ਰਬੇਕਾਰ ਜਾਣਕਾਰੀ ਪ੍ਰਾਪਤ ਕਰਨਾ ਸੀ।

ਇਸ ਦੌਰੇ ਦਾ ਮਕਸਦ ਕਲਾਸ ਛਰੂਮ ਸਿੱਖਿਆ ਅਤੇ ਅਸਲੀ ਦੁਨੀਆ ਦੇ ਤਜ਼ਰਬੇ ਵਿਚਲਾ ਫਰਕ ਘਟਾਉਣਾ ਸੀ। ਸ਼ੇਅਰਖਾਨ ਦੀ ਟੀਮ ਨੇ ਵਿਦਿਆਰਥੀਆਂ ਨੂੰ ਸਟਾਕ ਟ੍ਰੇਡਿੰਗ, ਇਨਵੈਸਟਮੈਂਟ ਸਟ੍ਰੈਟਜੀਜ਼, ਰਿਸਕ ਮੈਨੇਜਮੈਂਟ ਅਤੇ ਮਿਊਚੁਅਲ ਫੰਡ ਦੀ ਕਾਰਗੁਜ਼ਾਰੀ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਵਿਦਿਆਰਥੀਆਂ ਨੇ ਇਹ ਵੀ ਸਿੱਖਿਆ ਕਿ ਬਾਜ਼ਾਰ ਦੇ ਰੁਝਾਨ ਅਤੇ ਨਿਵੇਸ਼ਕਾਂ ਦਾ ਵਿਹਾਰ ਵਿੱਤੀ ਫੈਸਲਿਆਂ ਨੂੰ ਕਿਵੇਂ ਪ੍ਰਭਾਵਿਤ ਕਰਦਾ ਹੈ।

ਇਹ ਇੰਟਰਐਕਟਿਵ ਸੈਸ਼ਨ ਸ਼ੇਅਰਖਾਨ ਦੇ ਰਿਸੋਰਸ ਪਰਸਨ ਸ਼੍ਰੀ ਨਰੇਸ਼ ਵੱਲੋਂ ਕਰਵਾਇਆ ਗਿਆ, ਜਿਨ੍ਹਾਂ ਨੇ ਫਾਇਨੈਂਸ, ਸਟਾਕਬ੍ਰੋਕਿੰਗ ਅਤੇ ਇਨਵੈਸਟਮੈਂਟ ਐਡਵਾਈਜ਼ਰੀ ਸਰਵਿਸਿਜ਼ ਵਿੱਚ ਕਰੀਅਰ ਮੌਕਿਆਂ ਬਾਰੇ ਵੀ ਜਾਣਕਾਰੀ ਦਿੱਤੀ। ਵਿਦਿਆਰਥੀਆਂ ਨਾਲ ਪ੍ਰੋ. ਹਰਪ੍ਰੀਤ ਕੌਰ ਅਤੇ ਡਾ: ਵਿਸ਼ਾਲ ਕੰਤ ਵੀ ਨਾਲ ਸਨ, ਜਿਨ੍ਹਾਂ ਨੇ ਵਿਦਿਆਰਥੀਆਂ ਨੂੰ ਸਰਗਰਮ ਹਿੱਸਾ ਲੈਣ ਲਈ ਉਤਸ਼ਾਹਿਤ ਕੀਤਾ।

ਡਾਇਰੈਕਟਰ ਪ੍ਰੋ. ਮਨਜੀਤ ਸਿੰਘ ਛਾਬੜਾ ਨੇ ਬਿਜ਼ਨਸ ਕਲੱਬ ਵੱਲੋਂ ਅਜਿਹਾ ਵਿੱਦਿਅਕ ਦੌਰਾ ਆਯੋਜਿਤ ਕਰਨ ਦੀ ਪ੍ਰਸੰਸਾ ਕੀਤੀ ਅਤੇ ਕਿਹਾ ਕਿ ਇੰਡਸਟਰੀ ਨਾਲ ਸਿੱਧਾ ਸੰਪਰਕ ਵਿਦਿਆਰਥੀਆਂ ਦੀ ਰੁਜ਼ਗਾਰ ਯੋਗਤਾ ਨੂੰ ਵਧਾਉਂਦਾ ਹੈ ਅਤੇ ਉਨ੍ਹਾਂ ਨੂੰ ਕਾਰਪੋਰੇਟ ਦੁਨੀਆਂ ਬਾਰੇ ਅਸਲੀ ਸਮਝ ਦਿੰਦਾ ਹੈ।

# ਸਨਮਤੀ ਵਿਮਲ ਜੈਨ ਸਕੂਲ ’ਚ ਰਾਜਵੀਰ ਜਵੰਦਾ ਨੂੰ ਬੱਚਿਆਂ ਨੇ ਦਿੱਤੀ ਸ਼ਰਧਾਂਜਲੀ



ਜਗਰਾਓਂ, 9 ਅਕਤੂਬਰ ((ਦਵਿੰਦਰ ਜੈਨ): ਸਨਮਤੀ ਵਿਮਲ ਜੈਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਜਗਰਾਓਂ ਵਿਖੇ ਅੱਜ ਸਵੇਰ ਦੀ ਸਭਾ ਵੇਲੇ ਵਿਦਿਆਰਥੀਆਂ ਅਤੇ ਸਟਾਫ ਵੱਲੋਂ ਨਮ ਅੱਖਾਂ ਨਾਲ ਰਾਜਵੀਰ ਜਵੰਦਾ ਨੂੰ ਸ਼ਰਧਾਂਜਲੀ ਦਿੱਤੀ ਗਈ। ਇਸ ਮੌਕੇ ਸਕੂਲ ਦੇ ਪ੍ਰਧਾਨ ਰਮੇਸ਼ ਜੈਨ, ਸੈਕਟਰੀ ਮਹਾਵੀਰ ਜੈਨ ਅਤੇ ਪ੍ਰਿੰਸੀਪਲ ਸੁਪ੍ਰਿਆ ਖੁਰਾਣਾ ਨੇ ਦੱਸਿਆ ਕਿ ਰਾਜਵੀਰ ਸਿੰਘ ਜਵੰਧਾ ਪੁੱਤਰ ਸ਼੍ਰੀ ਕਰਮ ਸਿੰਘ ਵਾਸੀ ਪੋਨਾ ਜਿਸ ਨੇ ਨੌਵੀਂ ਕਲਾਸ ਵਿੱਚ ਸਕੂਲ ’ਚ ਦਾਖਲਾ ਲਿਆ ਸੀ ਅਤੇ ਆਪਣੀ ਪੜ੍ਹਾਈ ਇਸ ਸਕੂਲ ਵਿੱਚੋਂ ਪੂਰੀ ਕੀਤੀ ਜਿਵੇਂ ਸਕੂਲ ਵਿੱਚ ਇਹ ਸੋਗ ਸਮਾਚਾਰ ਪ੍ਰਾਪਤ ਹੋਇਆ ਕਿ ਰਾਜਵੀਰ ਜਵੰਦਾ ਸਾਡੇ ਵਿਚਕਾਰ ਨਹੀਂ ਰਹੇ ਤਾਂ ਸਕੂਲ ’ਚ ਸੋਗ ਦੀ ਲਹਿਰ ਦੌੜ ਪਈ ਜਵੰਦਾ ਨੇ ਛੋਟੀ ਜਿਹੀ ਉਮਰ ਵਿੱਚ ਵੱਡੀਆਂ ਉਪਲੱਬਧੀਆਂ ਹਾਸਿਲ ਕੀਤੀਆਂ ਅਤੇ ਇੱਕ ਮਸ਼ਹੂਰ ਸਿੰਗਰ ਵਜੋਂ ਜਾਣੇ ਜਾਣਨ ਲੱਗੇ। ਇਸ ਮੌਕੇ ਸਰਿਤਾ ਅਗਰਵਾਲ, ਅੰਜੂ ਕੌਸ਼ਲ, ਮਹਿਕ ਜਗੋਤਾ, ਪ੍ਰਭਜੋਤ ਕੌਰ, ਗਿਸ਼ੂ ਬੰਸਲ, ਵੀਰਪਾਲ ਕੌਰ, ਆਂਚਲ ਰਾਣੀ, ਜਸਵੀਰ ਕੌਰ, ਸੁਖਦੀਪ ਕੌਰ, ਸਨੀ ਪਾਸੀ, ਸਰਬਜੀਤ ਸਿੰਘ, ਬੇਅੰਤ ਸਿੰਘ ਆਦਿ ਹਾਜ਼ਰ ਸਨ।

# ਥਲ ਸੈਨਾ ਦੇ ਜਵਾਨਾਂ ਤੇ ਜਰਨੈਲਾਂ ਨੂੰ ਹਰ ਸਾਲ ਦੇਣਾ ਪਵੇਗਾ ਫਿਟਨੈੱਸ ਟੈਸਟ

### ☛ਨਵੇਂ ਫਿਟਨੈੱਸ ਮਾਪਦੰਡ ਤੈਅ, ਨਿਯਮ ਅਗਲੇ ਸਾਲ ਪਹਿਲੀ ਅਪ੍ਰੈਲ ਤੋਂ ਹੋਣਗੇ ਲਾਗੂ

ਨਵੀਂ ਦਿੱਲੀ, 9 ਅਕਤੂਬਰ (ਚ.ਨ.ਸ): ਭਾਰਤੀ ਥਲ ਸੈਨਾ ਨੇ ਨਵਾਂ ਫਿਟਨੈੱਸ ਮਾਪਦੰਡ ਪੇਸ਼ ਕੀਤੇ ਹਨ, ਜਿਸ ਤਹਿਤ ਅਗਨੀਵੀਰ ਤੋਂ ਲੈ ਕੇ ਜਨਰਲਾਂ (ਅਧਿਕਾਰੀਆਂ) ਤੱਕ ਸਾਰੇ ਰੈਂਕਾਂ ਦੇ ਜਵਾਨਾਂ ਲਈ ਸਰੀਰਕ ਪਰਖ ਲਾਜ਼ਮੀ ਕਰ ਦਿੱਤੀ ਗਈ ਹੈ।ਇਸ ਦਾ ਮਤਲਬ ਹੈ ਕਿ ਇਹ ਨੇਮ 13 ਲੱਖ ਜਵਾਨਾਂ ਵਾਲੇ ਪੂਰੇ ਬਲ 'ਤੇ ਲਾਗੂ ਹੋਣਗੇ। ਸੂਤਰਾਂ ਨੇ ਪੁਸ਼ਟੀ ਕੀਤੀ ਹੈ ਕਿ ਸੰਯੁਕਤ ਸਰੀਰਕ ਟੈਸਟ (ਸੀਪੀਟੀ) ਨਾਮੀ ਨਵਾਂ ਫਰੇਮਵਰਕ ਮੌਜੂਦਾ ਜੰਗੀ ਸਰੀਰਕ ਨਿਪੁੰਨਤਾ ਟੈਸਟ (ਬੀਪੀਈਟੀ) ਤੇ ਫਿਜ਼ੀਕਲ ਪ੍ਰੋਫੀਸ਼ਿਐਂਸੀ ਟੈਸਟ (ਪੀਪੀਟੀ) ਦਾ ਰਲੇਵਾਂ ਕਰਕੇ ਮੁਲਾਂਕਣ ਨੂੰ ਵਿਆਪਕ ਬਣਾਉਂਦਾ ਹੈ ਤੇ ਇਹ ਆਧੁਨਿਕ ਜੰਗ ਦੀਆਂ ਉਭਰਦੀਆਂ ਅਪਰੇਸ਼ਨਲ ਲੋੜਾਂ ਨੂੰ ਦਰਸਾਉਂਦਾ ਹੈ। ਇਹ ਟੈਸਟ ਸਾਲ 'ਚ ਦੋ ਵਾਰ ਲਿਆ ਜਾਵੇਗਾ ਤੇ 60 ਸਾਲ ਦੀ



ਉਮਰ ਤੱਕ ਦੇ ਸਾਰੇ ਕਰਮਚਾਰੀਆਂ 'ਤੇ ਲਾਗੂ ਹੋਵੇਗਾ। ਲੈਫਟੀਨੈਂਟ ਜਨਰਲ ਰੈਂਕ ਦੇ ਅਧਿਕਾਰੀ (ਜੋ ਫ਼ੌਜ ਮੁਖੀ ਤੋਂ ਬਾਅਦ ਸਭ ਤੋਂ ਸੀਨੀਅਰ ਹੁੰਦੇ ਹਨ) 60 ਸਾਲ ਦੀ ਉਮਰ ਵਿੱਚ ਸੇਵਾਮੁਕਤ ਹੁੰਦੇ ਹਨ। ਫ਼ੌਜ ਮੁਖੀ 62 ਸਾਲ ਦੀ ਉਮਰ ਤੱਕ ਸੇਵਾਵਾਂ ਦਿੰਦੇ ਹਨ। ਹੁਣ ਤੱਕ ਬੀ ਪੀਈਟੀ 45 ਸਾਲ ਦੀ ਉਮਰ ਤੱਕ ਤੇ ਪੀਪੀਟੀ 50 ਸਾਲ ਦੀ ਉਮਰ ਤੱਕ ਲਿਆ ਜਾਂਦਾ ਸੀ।ਇਹ ਨਵੇਂ ਨੇਮ 1 ਅਪ੍ਰੈਲ 2026 ਤੋਂ ਲਾਗੂ ਹੋਣਗੇ, ਜਦੋਂ ਕਿ ਥਲ ਸੈਨਾ ਦੀ ਹਰੇਕ ਯੂਨਿਟ ਵਿੱਚ ਇਸ ਦੀ ਤਿਆਰੀ 15 ਅਕਤੂਬਰ ਤੋਂ ਸ਼ੁਰੂ ਹੋ ਜਾਵੇਗੀ।ਟੈਸਟ ਦੇ ਮਾਪਦੰਡ ਹਰੇਕ ਉਮਰ ਵਰਗ ਲਈ ਵੱਖੋ-ਵੱਖਰੇ ਹੋਣਗੇ।ਟੈਸਟ ਲਈ ਭੂਗੋਲ ਤੇ ਜਲਵਾਯੂ ਜਿਸ ਜਗ੍ਹਾ 'ਤੇ ਟੈਸਟ ਹੋਣਾ ਹੈ, ਦੇ ਮਾਪਦੰਡਾਂ ਨੂੰ ਧਿਆਨ 'ਚ ਰੱਖਿਆ ਗਿਆ ਹੈ।ਇਸ ਵਿੱਚ 9,000 ਫੁੱਟ ਤੋਂ ਵੱਧ ਉਚਾਈ ਵਾਲੇ ਖੇਤਰਾਂ ਵਿੱਚ ਯੂਨਿਟਾਂ ਲਈ ਮਾਪਦੰਡਾਂ ਵਿੱਚ ਛੋਟ ਦਿੱਤੀ ਗਈ ਹੈ।

# ਜਲੰਧਰ-ਅੰਮ੍ਰਿਤਸਰ ਹਾਈਵੇਅ 'ਤੇ ਭਿਆਨਕ ਹਾਦਸੇ 'ਚ ਦੋ ਲੋਕਾਂ ਦੀ ਮੌਤ

ਜਲੰਧਰ, 9 ਅਕਤੂਬਰ (ਚ.ਨ.ਸ): ਬੁੱਧਵਾਰ ਤੜਕੇ ਕਰਤਾਰਪੁਰ ਨੇੜੇ ਜਲੰਧਰ-ਅੰਮ੍ਰਿਤਸਰ ਰਾਸ਼ਟਰੀ ਹਾਈਵੇਅ 'ਤੇ ਵਾਪਰੇ ਇੱਕ ਸੜਕ ਹਾਦਸੇ ਵਿੱਚ ਦੋ ਨੌਜਵਾਨਾਂ ਦੀ ਮੌਤ ਹੋ ਗਈ ਤੇ ਤਿੰਨ ਹੋਰ ਗੰਭੀਰ ਜ਼ਖਮੀ ਹੋ ਗਏ। ਮ੍ਰਿਤਕਾਂ ਦੀ ਪਛਾਣ ਚੰਦ (22) ਤੇ ਉਸਦੇ ਦੋਸਤ ਨਿਖਿਲ ਸ਼ਰਮਾ (21) ਵਜੋਂ ਹੋਈ ਹੈ, ਦੋਵੇਂ ਅੰਮ੍ਰਿਤਸਰ ਦੇ ਰਹਿਣ ਵਾਲੇ ਹਨ। ਜ਼ਖਮੀਆਂ ਸ਼ੁਭਮ ਕੁਮਾਰ, ਅਮਰੀਕ ਸਿੰਘ ਕੋਹਲੀ ਤੇ ਰੁਦਰ, ਸਾਰੇ ਵੀਹਵਿਆਂ ਦੇ ਦਹਾਕੇ ਵਿੱਚ ਨੂੰ ਗੰਭੀਰ ਸੱਟਾਂ ਲੱਗੀਆਂ ਤੇ ਉਨ੍ਹਾਂ ਨੂੰ ਇਲਾਜ ਲਈ ਜਲੰਧਰ ਤੇ ਅੰਮ੍ਰਿਤਸਰ ਦੇ ਵੱਖ-ਵੱਖ ਹਸਪਤਾਲਾਂ ਵਿੱਚ ਲਿਜਾਇਆ ਗਿਆ।ਪੁਲਿਸ ਦੇ ਅਨੁਸਾਰ ਹਾਦਸਾ ਸਵੇਰੇ 5 ਵਜੇ ਦੇ ਕਰੀਬ ਵਾਪਰਿਆ, ਜਦੋਂ ਮਾਰੂਤੀ ਬਲੇਨੋ ਕਾਰ, ਜਿਸ ਵਿੱਚ ਉਹ ਸਵਾਰ ਸਨ, ਲੋਹੇ ਦੀਆਂ ਰਾਡਾਂ ਨਾਲ ਭਰੇ ਇੱਕ ਖੜ੍ਹੇ ਟਰੱਕ ਨਾਲ ਟਕਰਾ ਗਈ।ਰਾਡਾਂ ਕਥਿਤ ਤੌਰ 'ਤੇ ਟਰੱਕ ਦੇ ਫਰੇਮ ਤੋਂ ਬਾਹਰ ਖਤਰਨਾਕ ਢੰਗ ਨਾਲ ਬਾਹਰ ਨਿਕਲ ਰਹੀਆਂ ਸਨ। ਇੱਕ ਪੁਲਿਸ ਅਧਿਕਾਰੀ ਨੇ ਕਿਹਾ ਕਿ ਟੱਕਰ ਦੇ ਪ੍ਰਭਾਵ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਲੋਹੇ ਦੀਆਂ ਰਾਡਾਂ ਸਾਹਮਣੇ ਬੈਠੇ ਦੋਵਾਂ ਮ੍ਰਿਤਕਾਂ ਦੇ ਸਰੀਰ ਦੇ ਉਪਰਲੇ ਹਿੱਸਿਆਂ ਵਿੱਚ ਵਿੰਨ੍ਹ ਗਈਆਂ।ਟੱਕਰ ਵਿੱਚ ਪੂਰੀ ਤਰ੍ਹਾਂ ਨੁਕਸਾਨੀ ਗਈ ਕਾਰ ਦੇ ਟੁੱਟੇ ਹੋਏ ਹਿੱਸਿਆਂ ਵਿੱਚੋਂ ਲਾਸ਼ਾਂ ਕੱਢਣ ਵਿੱਚ ਬਚਾਅ ਟੀਮਾਂ ਨੂੰ ਕਈ ਘੰਟੇ ਲੱਗ ਗਏ। ਹਾਦਸੇ ਤੋਂ ਬਾਅਦ ਟਰੱਕ ਡਰਾਈਵਰ ਮੌਕੇ ਤੋਂ ਭੱਜ ਗਿਆ।ਮ੍ਰਿਤਕਾਂ ਦੇ ਪਰਿਵਾਰਕ ਮੈਂਬਰਾਂ ਨੇ ਪੁਲਿਸ ਨੂੰ ਦੱਸਿਆ ਕਿ ਨੌਜਵਾਨ ਮੰਗਲਵਾਰ ਨੂੰ ਇੱਕ ਧਾਰਮਿਕ ਸਥਾਨ ਦੀ ਯਾਤਰਾ 'ਤੇ ਗਏ ਸਨ ਤੇ ਅੰਮ੍ਰਿਤਸਰ ਵਾਪਸ ਆ ਰਹੇ ਸਨ, ਜਦੋਂ ਇਹ ਹਾਦਸਾ ਵਾਪਰਿਆ।

# ਦੱਖਣੀ ਕਸ਼ਮੀਰ ਦੇ ਜੰਗਲਾਂ 'ਚ ਫੌਜ ਦੇ ਦੋ ਜਵਾਨ ਲਾਪਤਾ

ਸ੍ਰੀਨਗਰ, 9 ਅਕਤੂਬਰ (ਚ.ਨ.ਸ): ਦੱਖਣੀ ਕਸ਼ਮੀਰ ਦੇ ਅਨੰਤਨਾਗ ਜ਼ਿਲ੍ਹੇ ਦੇ ਜੰਗਲਾਤ ਖੇਤਰ ਵਿੱਚ ਥਲ ਸੈਨਾ ਦੇ ਦੋ ਜਵਾਨ ਲਾਪਤਾ ਹੋ ਗਏ ਹਨ, ਜਿਨ੍ਹਾਂ ਦੀ ਭਾਲ ਲਈ ਸੁਰੱਖਿਆ ਬਲਾਂ ਨੇ ਖਿੱਤੇ ਅੰਦਰ ਵੱਡੇ ਪੱਧਰ 'ਤੇ ਮੁਹਿੰਮ ਸ਼ੁਰੂ ਕੀਤੀ ਹੈ।ਸੈਨਾ ਦੇ ਸੂਤਰਾਂ ਨੇ ਅੱਜ ਦੱਸਿਆ ਕਿ ਦੋਵਾਂ ਜਵਾਨਾਂ ਨਾਲ 'ਸੰਪਰਕ ਟੁੱਟ ਗਿਆ' ਹੈ। ਇਹ ਜਵਾਨ ਅਨੰਤਨਾਗ ਜ਼ਿਲ੍ਹੇ ਦੇ ਕੋਕਰਨਾਗ ਦੇ ਗਡੂਲ ਦੇ ਜੰਗਲਾਂ ਵਿੱਚ ਚੱਲ ਰਹੀ ਅਤਿਵਾਦ ਵਿਰੋਧੀ ਮੁਹਿੰਮ ਦਾ ਹਿੱਸਾ ਸਨ ਤੇ ਸੋਮਵਾਰ ਸ਼ਾਮ ਤੋਂ ਫ਼ੌਜ ਉਨ੍ਹਾਂ ਨਾਲ ਸੰਪਰਕ ਸਥਾਪਤ ਕਰਨ ਵਿੱਚ ਅਸਮਰੱਥ ਰਹੀ ਹੈ।ਇਹ ਦੋਵੇਂ ਜੋ ਐਲੀਟ ਪੈਰਾ ਫੋਰਸਾਂ ਨਾਲ ਸਬੰਧਤ ਸਨ, ਉਨ੍ਹਾਂ ਹੋਰ ਸੁਰੱਖਿਆ ਬਲਾਂ ਦੀਆਂ ਟੀਮਾਂ ਨਾਲ ਜੰਗਲ ਖੇਤਰ ਵਿੱਚ ਮੌਜੂਦ ਸਨ, ਜਿਨ੍ਹਾਂ ਨੂੰ ਤਲਾਸ਼ੀ ਮੁਹਿੰਮਾਂ ਲਈ ਤਾਇਨਾਤ ਕੀਤਾ ਗਿਆ ਹੈ।ਉਨ੍ਹਾਂ ਕਿਹਾ ਕਿ ਅਸੀਂ ਇਲਾਕੇ ਵਿੱਚ ਤਲਾਸ਼ੀ ਮੁਹਿੰਮ ਸ਼ੁਰੂ ਕਰ ਦਿੱਤੀ ਹੈ ਤੇ ਲਾਪਤਾ ਹੋਏ ਜਵਾਨਾਂ ਨਾਲ ਸੰਪਰਕ ਸਥਾਪਤ ਕਰਨ ਦੀਆਂ ਕੋਸ਼ਿਸ਼ਾਂ ਜਾਰੀ ਹਨ।' ਕੋਕਰਨਾਗ ਦਾ ਗਡੂਲ ਸੰਘਣਾ ਜੰਗਲੀ ਖੇਤਰ ਹੈ।ਇਹ ਖੇਤਰ ਅਤੀਤ ਵਿੱਚ ਅਤਿਵਾਦੀਆਂ ਦੀ ਮੌਜੂਦਗੀ ਲਈ ਵੀ ਜਾਣਿਆ ਜਾਂਦਾ ਸੀ।ਨੇੜਲੇ ਪਿੰਡਾਂ ਦੇ ਲੋਕਾਂ ਦਾ ਕਹਿਣਾ ਹੈ ਕਿ ਦੋ ਜਵਾਨਾਂ ਨਾਲੋਂ ਸੰਪਰਕ ਟੁੱਟਣ ਤੋਂ ਬਾਅਦ ਵੱਡੇ ਪੱਧਰ 'ਤੇ ਤਲਾਸ਼ੀ ਮੁਹਿੰਮ ਚਲਾਈ ਜਾ ਰਹੀ ਹੈ।ਗਡੂਲ ਜੰਗਲ ਨੇੜੇ ਪੈਂਦੇ ਪਿੰਡ ਅਹਿਲਾਨ ਬਾਲਾ ਦੇ ਵਸਨੀਕ ਨੇ ਦੱਸਿਆ ਕਿ ਜਿਸ ਇਲਾਕੇ ਤੋਂ ਦੋ ਫੌਜੀ ਜਵਾਨ ਲਾਪਤਾ ਹੋਏ ਹਨ, ਉਹ ਆਖਰੀ ਪਿੰਡ ਤੋਂ ਲਗਭਗ ਨੌਂ ਕਿਲੋਮੀਟਰ ਦੂਰ ਹੈ।ਉਨ੍ਹਾਂ ਦੱਸਿਆ 'ਇਲਾਕੇ ਵਿੱਚ ਭਾਰੀ ਮੀਂਹ ਪੈ ਰਿਹਾ ਸੀ ਤੇ ਉਚੀਆਂ ਪਹਾੜੀਆਂ 'ਤੇ ਬਰਫ਼ਬਾਰੀ ਵੀ ਹੋਈ ਸੀ।ਇਹ ਦੱਸਣਾ ਬਹੁਤ ਮੁਸ਼ਕਲ ਹੈ ਕਿ ਉਹ ਕਿੱਥੇ ਗਏ ਹਨ।' ਜ਼ਿਕਰਯੋਗ ਹੈ ਕਿ ਗਡੂਲ ਦੇ ਜੰਗਲਾਂ ਵਿੱਚ ਅਤੀਤ ਵਿੱਚ ਵੀ ਅਤਿਵਾਦ ਨਾਲ ਸਬੰਧਤ ਗਤੀਵਿਧੀਆਂ ਦੀਆਂ ਖ਼ਬਰਾਂ ਆਈਆਂ ਹਨ। ਸਤੰਬਰ 2023 ਵਿੱਚ ਇਸੇ ਜੰਗਲੀ ਇਲਾਕੇ ਵਿੱਚ ਭਿਆਨਕ ਗੋਲੀਬਾਰੀ 'ਚ ਫੌਜ ਦੇ ਕਰਨਲ ਮਨਪ੍ਰੀਤ ਸਿੰਘ, ਮੇਜਰ ਆਸ਼ੀਸ਼ ਡੋਨਚੱਕ ਤੇ ਜੰਮੂ-ਕਸ਼ਮੀਰ ਦੇ ਡੀਐਸਪੀ ਹੁਮਾਯੂੰ ਮੁਜ਼ੰਮਿਲ ਸ਼ਹੀਦ ਹੋ ਗਏ ਸਨ।




# ਐਵਰੈਸਟ 'ਤੇ ਫਸੇ 850 ਤੋਂ ਵੱਧ ਲੋਕ ਬਚਾਏ

ਬੀਜਿੰਗ, 9 ਅਕਤੂਬਰ (ਚ.ਨ.ਸ): ਮਾਊਂਟ ਐਵਰੈਸਟ ਦੀਆਂ ਤਿੱਬਤੀ ਢਲਾਣਾਂ 'ਤੇ ਤਿੰਨ ਦਿਨਾਂ ਤੋਂ ਭਿਆਨਕ ਬਰਫੀਲੇ ਤੂਫਾਨ 'ਚ ਫਸੇ 850 ਤੋਂ ਵੱਧ ਪਰਬਤਰੋਹੀ ਬਚਾ ਲਏ ਗਏ ਹਨ। ਸਾਰੇ ਦੱਖਣੀ-ਪੱਛਮੀ ਤਿੱਬਤ ਖੁਦਮੁਖਤਿਆਰ ਖੇਤਰ ਦੇ ਸ਼ਿਗਾਜ਼ੇ ਸ਼ਹਿਰ ਦੇ ਡਿੰਗਰੀ ਕਾਊਂਟੀ 'ਚ ਪੁੱਜੇ ਹਨ। ਸ਼ਿਨਹੂਆ ਨੇ ਸੋਮਵਾਰ ਨੂੰ ਜਾਣਕਾਰੀ ਦਿੱਤੀ ਸੀ ਕਿ ਬਰਫੀਲੇ ਤੂਫਾਨ 'ਚ ਇਕ ਪਰਬਤਾਰੋਹੀ ਦੀ ਮੌਤ ਹੋ ਗਈ। ਤੂਫਾਨ ਕਾਰਨ ਮਾਊਂਟ ਐਵਰੈਸਟ ਦੇ ਤਿੱਬਤੀ ਹਿੱਸੇ 'ਚ ਇਕ ਹਜ਼ਾਰ ਤੋਂ ਵੱਧ ਪਰਬਤਾਰੋਹੀ ਫਸ ਗਏ ਸਨ। ਇਕ ਅਕਤੂਬਰ ਤੋਂ ਚੀਨ 'ਚ ਅੱਠ ਦਿਨਾਂ ਦੀਆਂ ਛੁੱਟੀਆਂ ਦੌਰਾਨ ਇਥੇ ਆਉਣ ਵਾਲੀਆਂ ਦੀ ਗਿਣਤੀ ਕਾਫੀ ਜ਼ਿਆਦਾ ਸੀ। ਸ਼ਨਿੱਚਰਵਾਰ ਨੂੰ ਸ਼ੁਰੂ ਹੋਏ ਬਰਫੀਲੇ ਤੂਫਾਨ ਕਾਰਨ ਭਾਰੀ ਬਰਫਬਾਰੀ ਹੋਈ, ਜਿਸ ਕਾਰਨ ਤੰਬੂ ਉਖੜ ਗਏ ਤੇ ਢੱਕੇ ਗਏ। ਇਸ ਕਾਰਨ ਉਨ੍ਹਾਂ ਦਾ ਹੇਠਾਂ ਉਤਰਨਾ ਬੇਹੱਦ ਮੁਸ਼ਕਲ ਹੋ ਗਿਆ। ਇਨ੍ਹਾਂ 'ਚ ਜ਼ਿਆਦਾਤਰ ਚੀਨੀ ਨਾਗਰਿਕ ਸਨ।



# ਆਲੂ ਉਤਪਾਦਕ ਨਿਰਾਸ਼, ਨਹੀਂ ਹੋ ਸਕੀ ਅਗੇਤੀ ਬਿਜਾਈ

### ☛ਖੇਤਾਂ 'ਚ ਪਾਣੀ ਭਰਨ ਤੇ ਝੋਨੇ ਦੀ ਵਾਢੀ ਲੇਟ ਹੋਣ ਕਾਰਨ ਆਲੂ ਦੀ ਬਿਜਾਈ ਵੀ ਪੱਛੜੀ

ਜਲੰਧਰ, 9 ਅਕਤੂਬਰ (ਚ.ਨ.ਸ): ਬਰਸਾਤੀ ਮੌਸਮ ਦੀ ਗੜਬੜੀ ਕਾਰਨ ਕਿਸਾਨਾਂ ਨੂੰ ਸਭ ਤੋਂ ਵੱਧ ਨੁਕਸਾਨ ਝੱਲਣਾ ਪਿਆ ਹੈ।ਮੀਂਹ ਤੇ ਹੜ੍ਹਾਂ ਦੇ ਪਾਣੀ ਨਾਲ ਜਿੱਥੇ ਝੋਨੇ ਦੀ ਫਸਲ ਬੁਰੀ ਖਰਾਬ ਹੋਈ ਹੈ, ਉਥੇ ਹੀ ਵਾਢੀ ਪੱਛੜਨ ਕਾਰਨ ਅਗਲੀਆਂ ਫਸਲਾਂ ਦੀ ਬਿਜਾਈ 'ਚ ਦੇਰੀ ਹੋਣ ਲੱਗੀ ਹੈ। ਪਹਿਲਾਂ ਹੀ ਵਾਢੀ ਦੇ ਸੀਜ਼ਨ ਦੀ ਸ਼ੁਰੂਆਤ ਦੇਰੀ ਨਾਲ ਹੋਣ ਦੌਰਾਨ ਪਿਛਲੇ ਦਿਨੀਂ ਮੁੜ ਲਗਾਤਾਰ ਪਏ ਮੀਂਹ ਕਾਰਨ ਝੋਨੇ ਦੀ ਵਾਢੀ ਕਰੀਬ 10 ਦਿਨ ਹੋਰ ਪੱਛੜ ਗਈ ਹੈ।ਇਸ ਦਾ ਸਭ ਤੋਂ ਵਧੇਰੇ ਅਸਰ ਆਲੂ ਦੀ ਫਸਲ 'ਤੇ ਪਿਆ ਹੈ, ਜਿਸ ਕਾਰਨ ਆਲੂ ਉਤਪਾਦਕਾਂ 'ਚ ਨਿਰਾਸ਼ਾ ਪਾਈ ਜਾ ਰਹੀ ਹੈ।ਵਿਸ਼ੇਸ਼ ਕਰਕੇ ਆਲੂ ਦੀ ਅਗੇਤੀ ਬਿਜਾਈ ਕਰਨ ਵਾਲੇ ਉਤਪਾਦਕਾਂ ਦਾ ਸੀਜ਼ਨ ਖਰਾਬ ਹੋ ਗਿਆ ਹੈ ਕਿਉਂਕਿ ਆਲੂ ਦੀ ਅਗੇਤੀ ਬਿਜਾਈ ਸਤੰਬਰ ਮਹੀਨੇ ਸ਼ੁਰੂ ਹੋ ਜਾਂਦੀ ਹੈ ਪਰ ਹੜ੍ਹ ਦੇ ਪਾਣੀ ਤੇ ਮੀਂਹਾਂ ਕਾਰਨ ਝੋਨੇ ਦੀ ਫਸਲ ਪੱਕਣ ਤੇ ਵਾਢੀ ਸ਼ੁਰੂ ਹੋਣ 'ਚ ਦੇਰੀ ਕਾਰਨ ਕਿਸਾਨ ਆਲੂ ਦੀ ਅਗੇਤੀ ਬਿਜਾਈ ਨਹੀਂ ਕਰ ਸਕੇ ਹਨ।ਇਸ ਦੇ ਨਾਲ ਹੀ ਆਲੂ ਦੀ ਬਿਜਾਈ ਅਕਤੂਬਰ ਮਹੀਨੇ 'ਚ ਸ਼ੁਰੂ ਹੋ ਜਾਂਦੀ ਹੈ ਪਰ ਝੋਨੇ ਦੀ ਵਾਢੀ 10 ਦਿਨ ਹੋਰ ਲੇਟ ਹੋਣ ਕਰਕੇ ਆਲੂ ਉਤਪਾਦਕਾਂ ਲਈ ਨਵੀਂ ਫਸਲ ਦੀ ਬਿਜਾਈ ਕਰਨ 'ਚ ਅੜਿੱਕਾ ਪੈ ਗਿਆ ਹੈ। ਇਸ ਲਈ ਆਲੂ ਦੀ ਬਿਜਾਈ ਆਮ ਦਿਨਾਂ ਦੇ ਮੁਕਾਬਲੇ 10-12 ਦਿਨ ਦੇਰੀ ਨਾਲ ਹੋਣ ਦੀ ਸੰਭਾਵਨਾ ਹੈ।ਬਾਗਬਾਨੀ ਵਿਭਾਗ ਮੁਤਾਬਕ ਸੂਬੇ 'ਚ ਪਿਛਲੇ ਸੀਜ਼ਨ 2023 'ਚ 1.20 ਲੱਖ ਹੈਕਟੇਅਰ ਰਕਬੇ 'ਚ ਆਲੂ ਦੀ ਬਿਜਾਈ ਕੀਤੀ ਗਈ ਸੀ। ਇਸ ਦਾ ਝਾੜ ਪ੍ਰਤੀ ਹੈਕਟੇਅਰ 28 ਟਨ ਸੀ ਤੇ ਕੁੱਲ ਉਤਪਾਦਨ 33, 29,000 ਮੀਟ੍ਰਿਕ ਟਨ ਹੋਇਆ ਸੀ।ਆਲੂ ਦੀ ਬਿਜਾਈ 'ਚ ਦੇਰੀ ਹੋਣ ਬਾਰੇ ਜਲੰਧਰ ਜ਼ਿਲ੍ਹੇ ਦੀ ਤਹਿਸੀਲ ਸ਼ਾਹਕੋਟ ਦੇ ਪਿੰਡ ਟੁਰਨਾ ਵਾਸੀ ਆਲੂ ਉਤਪਾਦਕ ਰਵਿੰਦਰ ਸਿੰਘ ਟੁਰਨਾ ਦਾ ਕਹਿਣਾ ਹੈ ਕਿ ਇਸ ਸਾਲ ਭਾਰੀ ਬਰਸਾਤ ਤੇ ਹੜ੍ਹਾਂ ਦੇ ਪਾਣੀ ਨੇ ਕਿਸਾਨਾਂ ਨੂੰ ਬੁਰੀ ਤਰ੍ਹਾਂ ਝੰਜੋੜ ਕੇ ਰੱਖ ਦਿੱਤਾ ਹੈ।ਪਹਿਲਾਂ ਉਨ੍ਹਾਂ ਦੀ ਝੋਨੇ ਦੀ ਫਸਲ ਬਰਬਾਦ ਹੋ ਗਈ ਤੇ ਹੁਣ ਆਲੂ ਦੀ ਫਸਲ ਵੀ ਲੇਟ ਹੋ ਰਹੀ ਹੈ।



# ਔਰਤਾਂ 'ਚ ਡਿਪ੍ਰੈਸ਼ਨ ਲਈ ਜੈਨੇਟਿਕ ਕਾਰਕਾਂ ਦਾ ਵੱਧ ਯੋਗਦਾਨ

ਕੈਨਬਰਾ, 9 ਅਕਤੂਬਰ (ਚ.ਨ.ਸ): ਆਸਟ੍ਰੇਲੀਆਈ ਖੋਜੀਆਂ ਦੀ ਟੀਮ ਨੇ ਪਹਿਲੀ ਵਾਰ ਪਤਾ ਲਗਾਇਆ ਹੈ ਕਿ ਔਰਤਾਂ ਦੇ ਮਰਦ ਡਿਪ੍ਰੈਸ਼ਨ ਕਿਵੇਂ ਮਹਿਸੂਸ ਕਰਦੇ ਹਨ। ਉਨ੍ਹਾਂ ਕਿਹਾ ਕਿ ਇਸ 'ਚ ਮਹੱਤਵਪੂਰਨ ਜੈਨੇਟਿਕ ਭਿੰਨਤਾਵਾਂ ਹਨ। ਇਹ ਅਧਿਐਨ ਡਿਪ੍ਰੈਸ਼ਨ ਦਾ ਸ਼ਿਕਾਰ ਹੋਣ 'ਤੇ ਜ਼ਿਆਦਾ ਬਿਹਤਰ ਤਰੀਕੇ ਨਾਲ ਇਲਾਜ ਦਾ ਰਾਹ ਖੋਲ੍ਹੇਗਾ। ਅਧਿਐਨ ਨੇਚਰ ਕਮਿਊਨਿਕੇਸ਼ਨ 'ਚ ਛਾਪਿਆ ਗਿਆ ਹੈ। ਵਿਗਿਆਨੀਆਂ ਨੇ ਪਾਇਆ ਕਿ ਜੈਨੇਟਿਕ ਕਾਰਕ ਔਰਤਾਂ 'ਚ ਡਿਪ੍ਰੈਸ਼ਨ ਦੇ ਖਤਰੇ 'ਚ ਮਰਦਾਂ ਦੇ ਮੁਕਾਬਲੇ ਜ਼ਿਆਦਾ ਯੋਗਦਾਨ ਦਿੰਦੇ ਹਨ। ਕਿਊਆਈਐਮਆਰ ਬਰਗਹੋਫਰ ਮੈਡੀਕਲ ਰਿਸਰਚ ਇੰਸਟੀਚਿਊਟ ਦੀ ਟੀਮ ਨੇ ਕਿਹਾ ਕਿ ਔਰਤਾਂ ਦੇ ਡੀਐਨਏ 'ਚ ਡਿਪ੍ਰੈਸ਼ਨ ਲਈ ਮਰਦਾਂ ਦੇ ਮੁਕਾਬਲੇ ਲਗਭਗ ਦੁੱਗਣੇ ਜੈਨੇਟਿਕ ਸੰਕੇਤ ਪਾਏ ਗਏ। ਸੀਨੀਅਰ ਖੋਜੀ ਡਾ. ਬ੍ਰਿਟਨੀ ਮਿਸ਼ੇਲ ਨੇ ਕਿਹਾ ਕਿ ਸਾਨੂੰ ਪਹਿਲਾਂ ਤੋਂ ਹੀ ਪਤਾ ਹੈ ਕਿ ਔਰਤਾਂ ਆਪਣੇ ਜੀਵਨਕਾਲ 'ਚ ਮਰਦਾਂ ਦੇ ਮੁਕਾਬਲੇ ਡਿਪ੍ਰੈਸ਼ਨ ਤੋਂ ਜ਼ਿਆਦਾ ਪ੍ਰਭਾਵਿਤ ਹੁੰਦੀਆਂ ਹਨ। ਇਹ ਵੀ ਜਾਣਦੇ ਹਾਂ ਕਿ ਡਿਪ੍ਰੈਸ਼ਨ ਇਕ ਤੋਂ ਦੂਜੇ ਵਿਅਕਤੀ 'ਚ ਅਲੱਗ ਦਿਸਦਾ ਹੈ। ਹੁਣ ਤਕ ਇਹ ਸਮਝਾਉਣ ਲਈ ਬਹੁਤ ਘੱਟ ਖੋਜਾਂ ਹੋਈਆਂ ਹਨ ਕਿ ਡਿਪ੍ਰੈਸ਼ਨ ਔਰਤਾਂ ਤੇ ਮਰਦਾਂ ਨੂੰ ਅਲੱਗ-ਅਲੱਗ ਕਿਉਂ ਪ੍ਰਭਾਵਿਤ ਕਰਦਾ ਹੈ, ਜਿਸ ਵਿਚ ਜੈਨੇਟਿਕ ਦੀ ਸੰਭਾਵਤ ਭੂਮਿਕਾ ਵੀ ਸ਼ਾਮਲ ਹੈ। ਇਸ ਅਧਿਐਨ 'ਚ ਟੀਮ ਨੇ ਸੱਤ ਹਜ਼ਾਰ ਡੀਐਨਏ ਤਬਦੀਲੀਆਂ ਦੀ ਪਛਾਣ ਕੀਤੀ ਹੈ, ਜਿਹੜੇ ਦੋਵਾਂ ਲਿੰਗਾਂ 'ਚ ਡਿਪ੍ਰੈਸ਼ਨ ਦਾ ਕਾਰਨ ਬਣ ਸਕਦੇ ਹਨ ਤੇ ਛੇ ਹਜ਼ਾਰ ਅਜਿਹੇ ਹੋਰ ਡੀਐਨ ਬਦਲਾਅ ਜਿਹੜੇ ਸਿਰਫ ਔਰਤਾਂ 'ਚ ਡਿਪ੍ਰੈਸ਼ਨ ਦਾ ਕਰਨ ਬਣ ਸਕਦੇ ਹਨ। ਖੋਜੀ ਡਾ. ਜੋਡੀ ਥਾਮਸ ਨੇ ਕਿਹਾ ਕਿ ਅਧਿਐਨ 'ਚ ਇਹ ਵੀ ਸਪੱਸ਼ਟ ਹੋਇਆ ਕਿ ਡਿਪ੍ਰੈਸ਼ਨ ਔਰਤਾਂ ਤੇ ਮਰਦਾਂ 'ਚ ਕਿਵੇਂ ਅਲੱਗ ਅਲੱਗ ਪ੍ਰਗਟ ਹੋ ਸਕਦਾ ਹੈ। ਟੀਮ ਨੇ ਪਾਇਆ ਕਿ ਡਿਪ੍ਰੈਸ਼ਨ ਨਾਲ ਜੁੜੇ ਜੈਨੇਟਿਕ ਕਾਰਕ ਔਰਤਾਂ 'ਚ ਮੈਟਾਬਾਲਿਕ ਲੱਛਣਾਂ ਤੋਂ ਜ਼ਿਆਦਾ ਓਵਰਲੈਪ ਕਰਦੇ ਹਨ।



# ਦੇਸ਼ ਭਗਤ ਗਲੋਬਲ ਸਕੂਲ ਵੱਲੋਂ ਸਵੱਛ ਭਾਰਤ ਮਿਸ਼ਨ ਇੰਟਰਨਸ਼ਿਪ ਤਹਿਤ 'ਸਵੱਛਤਾ ਹੀ ਸੇਵਾ' ਗਤੀਵਿਧੀਆਂ ਦਾ ਆਯੋਜਨ



ਮੰਡੀ ਗੋਬਿੰਦਗੜ੍ਹ, 9 ਅਕਤੂਬਰ (ਅੰਮ੍ਰਿਤਪਾਲ ਸਿੰਘ/ਸੂਦ): ਦੇਸ਼ ਭਗਤ ਗਲੋਬਲ ਸਕੂਲ ਵੱਲੋਂ 'ਸਵੱਛਤਾ ਹੀ ਸੇਵਾ-2025' ਥੀਮ ਵਾਲੇ ਸਵੱਛ ਭਾਰਤ ਮਿਸ਼ਨ ਇੰਟਰਨਸ਼ਿਪ ਦੇ ਤਹਿਤ ਵੱਖ-ਵੱਖ ਗਤੀਵਿਧੀਆਂ ਕਰਵਾਈਆਂ ਗਈਆਂ। ਇਸ ਇੰਟਰਨਸ਼ਿਪ ਵਿੱਚ ਚੌਥੀ ਤੋਂ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਰਚਨਾਤਮਕ ਸਫਾਈ ਪਹਿਲਕਦਮੀਆਂ ਵਿੱਚ ਸ਼ਾਮਲ ਕੀਤਾ ਗਿਆ। ਪ੍ਰੋਗਰਾਮ ਦੇ ਹਿੱਸੇ ਵਜੋਂ ਚੌਥੀ, ਅੱਠਵੀਂ ਤੋਂ +2 ਤੱਕ ਦੇ ਵਿਦਿਆਰਥੀਆਂ ਨੇ ਪੇਂਟਿੰਗ ਮੁਕਾਬਲੇ ਵਿੱਚ ਹਿੱਸਾ ਲਿਆ ਜਿਸ ਵਿੱਚ ਸਫਾਈ ਤੇ ਸਫਾਈ ਬਾਰੇ ਆਪਣੇ ਵਿਚਾਰਾਂ ਨੂੰ ਰਚਨਾਤਮਕ ਢੰਗ ਨਾਲ ਪ੍ਰਗਟ ਕੀਤਾ ਗਿਆ। ਇਸ ਤੋਂ ਇਲਾਵਾ ਉਨ੍ਹਾਂ ਆਪਣੀ ਪ੍ਰਤਿਭਾ ਤੇ ਵਾਤਾਵਰਣ ਜਾਗਰੂਕਤਾ ਦਾ ਪ੍ਰਦਰਸ਼ਨ ਕਰਦੇ ਹੋਏ 'ਬੈਸਟ ਆਊਟ ਆਫ਼ ਵੇਸਟ' ਦੀ ਧਾਰਨਾ ਰਾਹੀਂ ਨਵੀਨਤਾ ਤੇ ਸਥਿਰਤਾ 'ਤੇ ਜ਼ੋਰ ਦਿੱਤਾ। ਇਲਾਕੇ ਦੇ ਕਈ ਨੇੜਲੇ ਸਕੂਲ ਵੀ ਇਸ ਪਹਿਲਕਦਮੀ ਵਿੱਚ ਸ਼ਾਮਲ ਹੋਏ, ਜਿਸ ਨਾਲ ਭਾਈਚਾਰਕ ਸਹਿਯੋਗ ਵਧਿਆ। ਇਸ ਮੌਕੇ ਸੈਨੀਟੇਸ਼ਨ ਵਿਭਾਗ ਦੇ ਸੁਪਰਡੈਂਟ ਸੰਦੀਪ ਕੁਮਾਰ, ਕਮਿਊਨਿਟੀ ਫ਼ੈਸੀਲੀਟੇਟਰ ਹਰਪ੍ਰੀਤ ਸਿੰਘ ਤੇ ਸੈਨਟਰੀ ਇੰਸਪੈਕਟਰ ਸੰਯੋਗਿਤਾ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ ਤੇ ਵਿਦਿਆਰਥੀ ਤੇ ਸੰਸਥਾਵਾਂ ਦੀ ਸ਼ਲਾਘਾ ਕੀਤੀ। ਇਸ ਮੌਕੇ ਦੇਸ਼ ਭਗਤ ਗਲੋਬਲ ਸਕੂਲ ਦੇ ਚੇਅਰਮੈਨ ਡਾ. ਜ਼ੋਰਾ ਸਿੰਘ ਤੇ ਜਨਰਲ ਸਕੱਤਰ ਡਾ. ਤਜਿੰਦਰ ਕੌਰ ਨੇ ਇਸ ਪਹਿਲਕਦਮੀ ਦੀ ਸ਼ਲਾਘਾ ਕੀਤੀ ਤੇ ਵਿਦਿਆਰਥੀਆਂ ਨੂੰ ਇੱਕ ਸਾਫ਼ ਤੇ ਹਰੇ ਭਰੇ ਭਾਰਤ ਦੇ ਦ੍ਰਿਸ਼ਟੀਕੋਣ ਵਿੱਚ ਸਰਗਰਮੀ ਨਾਲ ਯੋਗਦਾਨ ਪਾਉਣ ਲਈ ਉਤਸ਼ਾਹਿਤ ਕੀਤਾ। ਇਸ ਮੌਕੇ ਪਹਿਲੇ ਤਿੰਨ ਸਥਾਨ ਲੈਣ ਵਾਲਿਆਂ ਦਾ ਸਨਮਾਨ ਵੀ ਕੀਤਾ ਗਿਆ।

# ਵਿਧਾਇਕ ਬੜਿੰਗ ਨੇ 10.77 ਕਰੋੜ ਵਾਲੇ ਬਿਜਲੀ ਪ੍ਰੋਜੈਕਟਾਂ ਦੀ ਕੀਤੀ ਸ਼ੁਰੂਆਤ



ਮੰਡੀ ਗੋਬਿੰਦਗੜ੍ਹ, 9 ਅਕਤੂਬਰ (ਸੂਦ): ਹਲਕਾ ਅਮਲੋਹ ਦੇ ਵਿਧਾਇਕ ਗੁਰਿੰਦਰ ਸਿੰਘ ਗੈਰੀ ਬੜਿੰਗ ਨੇ ਮੰਡੀ ਗੋਬਿੰਦਗੜ੍ਹ ਤੋਂ 'ਰੌਸ਼ਨ ਪੰਜਾਬ' ਮੁਹਿੰਮ ਦਾ ਆਗਾਜ਼ ਕਰਦਿਆਂ 10.77 ਕਰੋੜ ਦੀ ਲਾਗਤ ਵਾਲੇ ਬਿਜਲੀ ਪ੍ਰੋਜੈਕਟਾਂ ਦੀ ਰਸਮੀ ਸ਼ੁਰੂਆਤ ਕੀਤੀ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬਾ ਪਹਿਲਾਂ ਹੀ ਵਿਕਾਸ ਪੱਖੋਂ ਬੁਲੰਦੀਆਂ ਉਤੇ ਹੈ ਤੇ ਹੁਣ ਬਿਜਲੀ ਦੇ ਖੇਤਰ ਵਿੱਚ ਕ੍ਰਾਂਤੀਕਾਰੀ ਤਬਦੀਲੀਆਂ ਲਿਆਉਣ ਦੀ ਦਿਸ਼ਾ ਵਿੱਚ ਇਹ ਇੱਕ ਹੋਰ ਮੀਲ ਪੱਥਰ ਸਾਬਤ ਹੋਵੇਗਾ। ਉਨ੍ਹਾਂ ਦੱਸਿਆ ਕਿ ਇਹ ਪ੍ਰੋਜੈਕਟ ਪੰਜਾਬ ਵਿੱਚ 5000 ਕਰੋੜ ਦੀ ਲਾਗਤ ਨਾਲ ਹੋਣ ਵਾਲੇ ਬਿਜਲੀ ਬੁਨਿਆਦੀ ਢਾਂਚੇ ਦੇ ਸੁਧਾਰ ਕਾਰਜਾਂ ਦਾ ਹਿੱਸਾ ਹਨ। ਉਨ੍ਹਾਂ ਅਨਾਜ ਮੰਡੀ ਵਿੱਚ ਸਥਿਤ ਗਰਿੱਡ ਤੋਂ ਇਨ੍ਹਾਂ ਕਾਰਜਾਂ ਦੀ ਸ਼ੁਰੂਆਤ ਕਰਦਿਆਂ ਕਿਹਾ ਕਿ 66 ਕੇ.ਵੀ. ਤਲਵਾੜਾ ਵਿਖੇ 86.60 ਲੱਖ, ਅਨਾਜ ਮੰਡੀ ਵਿਖੇ 1 ਕਰੋੜ 3 ਲੱਖ ਤੇ ਸੈਂਟਰਲ ਗਰਿੱਡ ਵਿਖੇ 1 ਕਰੋੜ 41 ਲੱਖ ਨਾਲ ਚਾਰਦੀਵਾਰੀ ਦੀ ਉਸਾਰੀ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਨਵੇਂ ਪ੍ਰੋਜੈਕਟ ਤਹਿਤ ਮੰਡੀ ਗੋਬਿੰਦਗੜ੍ਹ ਦੇ ਸ਼ਹਿਰੀ ਹਿੱਸੇ ਵਿੱਚ 58 ਨਵੇਂ ਟਰਾਂਸਫਾਰਮਰ ਤੇ 52 ਪਹਿਲਾਂ ਤੋਂ ਸਥਾਪਤ ਟਰਾਂਸਫਾਰਮਰਾਂ ਦੀ ਸਮਰੱਥਾ ਵਿੱਚ ਵਾਧਾ ਕਰਨ 'ਤੇ 10.77 ਕਰੋੜ ਰੁਪਏ ਦੀ ਲਾਗਤ ਆਵੇਗੀ, ਜਿਸ ਨਾਲ ਲੋਕਾਂ ਨੂੰ ਨਿਰਵਿਘਨ ਬਿਜਲੀ ਸਪਲਾਈ ਯਕੀਨੀ ਬਣੇਗੀ ਤੇ ਇਸ ਮਿਸ਼ਨ ਤਹਿਤ ਮਿੱਥੇ ਟੀਚੇ ਨੂੰ ਸਾਕਾਰ ਕੀਤਾ ਜਾ ਸਕੇਗਾ। ਇਸ ਮੌਕੇ ਵਧੀਕ ਨਿਗਰਾਨ ਇੰਜਨੀਅਰ ਹਰਜਿੰਦਰਪਾਲ ਸਿੰਘ ਚਾਹਲ, ਇੰਜ: ਹਰਪ੍ਰੀਤ ਸਿੰਘ, ਵਿਨੀਤ ਲੂੰਬਾ, ਅਮਨਦੀਪ ਸਿੰਘ ਐਸਡੀਓ, ਰਣਜੀਤ ਸਿੰਘ ਪਨਾਗ, ਭੁਪਿੰਦਰ ਸਿੰਘ ਸੰਧੂ, ਨਰੇਸ਼ ਸ਼ਰਮਾ, ਅਮਨਿੰਦਰ ਸਿੰਘ ਗਰੇਵਾਲ, ਬਲਦੇਵ ਸ਼ਰਮਾ, ਕਨੂ ਸ਼ਰਮਾ ਤੇ ਬਲਵਿੰਦਰ ਖੰਨਾ ਹਾਜ਼ਰ ਸਨ।

# ਵਿਧਾਇਕ ਸਵਨਾ ਵੱਲੋਂ 92 ਕਰੋੜ ਦੇ ਕੰਮਾਂ ਦਾ ਸ਼ੁੱਭ ਆਰੰਭ

ਫਾਜ਼ਿਲਕਾ, 9 ਅਕਤੂਬਰ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਦੂਰਅੰਦੇਸ਼ੀ ਅਗਵਾਈ ਤੇ ਬਿਜਲੀ ਮੰਤਰੀ ਸ਼ਸੰਜੀਵ ਅਰੋੜਾ ਦੀ ਸਰਗਰਮ ਸੇਧ ਅਧੀਨ ਫਾਜ਼ਿਲਕਾ ਦੇ ਲੋਕਾਂ ਨੂੰ ਬਿਜਲੀ ਕੱਟਾਂ ਤੋਂ ਮੁਕਤੀ ਲਈ ਇਤਿਹਾਸਕ ਪਹਿਲ ਕਰਦੇ ਹੋਏ ਬਿਜਲੀ ਦੇ ਬੁਨਿਆਦੀ ਢਾਂਚੇ ਦੀ ਮਜ਼ਬੂਤੀ, ਨਿਰਵਿਘਨ ਸਪਲਾਈ ਤੇ ਨਵੀਨੀਕਰਨ ਤਹਿਤ ਜ਼ਿਲ੍ਹਾ ਫਾਜ਼ਿਲਕਾ ਦੇ 92 ਕਰੋੜ ਦੇ ਕੰਮਾਂ ਦਾ ਸ਼ੁੱਭ ਆਰੰਭ ਕੀਤਾ ਜਾ ਰਿਹਾ ਹੈ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਫਾਜ਼ਿਲਕਾ ਦੇ ਵਿਧਾਇਕ ਨਰਿੰਦਰ ਪਾਲ ਸਿੰਘ ਸਵਨਾ ਨੇ ਕੀਤਾ।ਇਸ ਲੜੀ ਤਹਿਤ ਮੰਡਲ ਫਾਜ਼ਿਲਕਾ ਵਿਖੇ ਪਹਿਲਾਂ ਚੱਲਦੇ 4 ਨੰਬਰ ਫੀਡਰਾਂ ਨੂੰ ਅੰਡਰ ਲੋਡ ਕੀਤਾ ਜਾਣਾ ਹੈ। 45 ਨੰਬਰ ਪਹਿਲਾਂ ਚੱਲਦੇ ਟਰਾਂਸਫਾਰਮਰਾਂ ਨੂੰ ਵੱਡੇ ਕੀਤੇ ਜਾਣ ਦੀ ਤਜਵੀਜ਼ ਤਿਆਰ ਕੀਤੀ ਜਾ ਚੁੱਕੀ ਹੈ।ਇਸ ਤੋਂ ਬਿਨ੍ਹਾਂ ਵੱਡਮੁੱਲੇ ਖਪਤਕਾਰਾਂ ਨੂੰ ਨਿਰਵਿਘਨ ਸਪਲਾਈ ਦੇਣ ਲਈ 43 ਨੰਬਰ ਨਵੇਂ ਟਰਾਂਸਫਾਰਮਰ ਰੱਖੇ ਜਾਣਗੇ। ਇਨ੍ਹਾਂ ਸਾਰੇ ਕੰਮਾਂ 'ਤੇ 409.8 ਲੱਖ ਰੁਪਏ ਖਰਚੇ ਜਾਣਗੇ। ਉਨ੍ਹਾਂ ਕਿਹਾ ਕਿ ਪੀ.ਐਸ.ਪੀ.ਸੀ.ਐਲ. ਫਾਜ਼ਿਲਕਾ ਦੇ ਸਮੂਹ ਅਫਸਰ ਅਤੇ ਕਰਮਚਾਰੀ ਵਧਾਈ ਦੇ ਪਾਤਰ ਹਨ।



# ਭੋਗਪੁਰ ਇਲਾਕੇ ਦੇ ਲੋਕ ਜੀਅ ਰਹੇ ਨੇ ਨਰਕ ਭਰੀ ਜ਼ਿੰਦਗੀ, ਪ੍ਰਸ਼ਾਸਨ ਤੋਂ ਮੁਸ਼ਕਲਾਂ ਦੇ ਹੱਲ ਦੀ ਮੰਗ

ਭੋਗਪੁਰ, 9 ਅਕਤੂਬਰ (ਅਮਰਜੀਤ ਸਿੰਘ ਸੈਣੀ ਜੰਡੀਰ): ਹਲਕਾ ਆਦਮਪੁਰ ਦਾ ਭੋਗਪੁਰ ਇਲਾਕਾ ਸਦਾ ਸੁਰਖੀਆਂ ਵਿੱਚ ਰਿਹਾ ਹੈ, ਕਦੇ ਸੀਵਰੇਜ ਦੇ ਗੰਦੇ ਪਾਣੀ ਦੇ ਨਿਕਾਸ ਨੂੰ ਲੈ ਕੇ, ਕਦੇ ਚੋਰੀਆਂ ਦੀਆਂ ਵਾਰਦਾਤਾਂ ਦੇ ਮਸਲਿਆਂ ਨੂੰ ਲੈ ਕੇ ਤੇ ਕਦੇ ਬਾਰ-ਬਾਰ ਟੁੱਟ ਰਹੀਆਂ ਸੜਕਾਂ ਗਲੀਆਂ ਨੂੰ ਲੈ ਕੇ, ਭੋਗਪੁਰ ਇਲਾਕੇ ਦੇ ਲੋਕ ਨਰਕ ਭਰੀ ਜ਼ਿੰਦਗੀ ਜਿਉਣ ਲਈ ਮਜਬੂਰ ਹਨ।ਅੱਜ ਲੋਕਾਂ ਨੇ ਚੜ੍ਹਦੀਕਲਾ ਟਾਈਮ ਟੀਵੀ ਦੇ ਪੱਤਰਕਾਰ ਅਮਰਜੀਤ ਸਿੰਘ ਸੈਣੀ ਨੂੰ ਫੋਨ ਕਰਕੇ ਬੁਲਾਇਆ ਤਾਂ ਉਥੋਂ ਦੇ ਨਰਕ ਭਰੇ ਹਾਲਾਤ ਦਿਖਾਏ ਤਾਂ ਪੱਤਰਕਾਰ ਜੰਡੀਰ ਸਾਰੇ ਹਾਲਾਤ ਕੈਮਰੇ ਵਿੱਚ ਕੈਦ ਕਰਕੇ ਅਧਿਕਾਰੀਆਂ ਨਾਲ ਫੋਨ 'ਤੇ ਗੱਲਬਾਤ ਕੀਤੀ ਤੇ ਸਾਰੇ ਹਾਲਾਤ ਮੀਡੀਆ ਰਾਹੀਂ ਲੋਕਾਂ ਕੋਲ ਪਹੁੰਚਾਉਣ ਦੇ ਉਪਰਾਲੇ ਕੀਤੇ। ਮੌਕੇ 'ਤੇ ਇਕੱਠੇ ਹੋਏ ਲੋਕਾਂ ਦਾ ਕਹਿਣਾ ਸੀ ਕਿ ਉਨ੍ਹਾਂ ਨੇ ਕਈ ਵਾਰ ਪ੍ਰਸ਼ਾਸਨ ਨੂੰ ਸ਼ਿਕਾਇਤਾਂ ਕੀਤੀਆਂ ਹਨ। ਪਰ ਕੋਈ ਵੀ ਸੁਣਵਾਈ ਨਹੀਂ ਹੋਈ।ਅੱਜ ਭੋਗਪੁਰ ਤੋਂ ਲੜੋਈ ਵਾਲੀ ਸੜਕ ਜੋ ਕਿ ਭਲੱਥ ਨੂੰ ਜਾਂਦੀ ਹੈ।ਲੋਕਾਂ ਨੇ ਕਿਹਾ ਕਿ ਪਿਛਲੇ ਇੱਕ ਹਫਤੇ ਤੋਂ ਪਾਈਪਾਂ ਪਾਉਣ ਵਾਲੇ ਸੜਕ ਨੂੰ ਪੁੱਟ ਕੇ ਸੁੱਟ ਗਏ ਸਨ ਤੇ ਆਪਣਾ ਕੰਮ ਪੂਰਾ ਕਰਕੇ ਖੱਡਿਆਂ ਵਿੱਚ ਥੋੜੀ ਬਹੁਤੀ ਮਿੱਟੀ ਪਾ ਕੇ ਫਾਰਮੈਲਟੀ ਪੂਰੀ ਕਰਕੇ ਚਲਦੇ ਬਣੇ।ਇਸ ਸਬੰਧੀ ਪੱਤਰਕਾਰ ਅਮਰਜੀਤ ਸਿੰਘ ਸੈਣੀ ਜੰਡੀਰ ਨੇ ਨਗਰ ਕੌਂਸਲ ਈਓ ਰਾਜੇਸ਼ ਓਬਰਾਏ ਨਾਲ ਲਾਈਵ ਮੋਬਾਇਲ ਫੋਨ 'ਤੇ ਗੱਲਬਾਤ ਕੀਤੀ ਤਾਂ ਉਹਨਾਂ ਪੱਲਾ ਝਾੜਦੇ ਹੋਏ ਕਿਹਾ ਕਿ ਇਹ ਕੰਮ ਪੀਡਬਲਯੂ ਵਾਲਿਆਂ ਦੇ ਹਨ।



# ਲਖਬੀਰ ਸਿੰਘ ਰਾਏ ਤੇ ਰੁਪਿੰਦਰ ਸਿੰਘ ਹੈਪੀ ਨੇ ਬਿਜਲੀ ਬੁਨਿਆਦੀ ਢਾਂਚੇ ਦਾ 66 ਕੇਵੀ ਗਰਿੱਡ ਅੱਤੇਵਾਲੀ ਤੋਂ ਕੀਤਾ ਆਗਾਜ਼

ਫ਼ਤਹਿਗੜ੍ਹ ਸਾਹਿਬ, 9 ਅਕਤੂਬਰ (ਹਰਪ੍ਰੀਤ ਕੌਰ ਟਿਵਾਣਾ): ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਵਿਕਾਸ ਪੱਖੀ ਸੋਚ ਸਦਕਾ ਸੂਬੇ ਦੇ ਲੋਕਾਂ ਨੂੰ 24 ਘੰਟੇ ਬਿਨਾਂ ਕੱਟ ਬਿਜਲੀ ਸਪਲਾਈ ਦੇਣ ਦੇ ਮੰਤਵ ਨਾਲ 5000 ਕਰੋੜ ਰੁਪਏ ਦੇ ਨਿਵੇਸ਼ ਕਰਨ ਦਾ ਫੈਸਲਾ ਕੀਤਾ ਗਿਆ ਹੈ, ਜਿਸ ਨਾਲ ਬਿਜਲੀ ਦੇ ਬੁਨਿਆਦੀ ਢਾਂਚੇ ਦੀ ਉਸਾਰੀ, ਵਾਧੇ ਤੇ ਨਵੀਨੀਕਰਨ ਕੀਤਾ ਜਾਵੇਗਾ।ਇਹ ਪ੍ਰਗਟਾਵਾ ਹਲਕਾ ਵਿਧਾਇਕ ਐਡਵੋਕੇਟ ਲਖਬੀਰ ਸਿੰਘ ਰਾਏ ਨੇ ਬਸੀ ਪਠਾਣਾ ਦੇ ਵਿਧਾਇਕ ਰੁਪਿੰਦਰ ਸਿੰਘ ਹੈਪੀ ਦੇ ਨਾਲ 66 ਕੇਵੀ ਗਰਿੱਡ ਅੱਤੇਵਾਲੀ ਵਿਖੇ ਪ੍ਰੋਜੈਕਟ ਦਾ ਸ਼ੁਭ ਆਰੰਭ ਕਰਨ ਮੌਕੇ ਕੀਤਾ।ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਵਿੱਚ 135 ਕਰੋੜ ਰੁਪਏ ਦੀ ਲਾਗਤ ਨਾਲ ਬਿਜਲੀ ਦੇ ਬੁਨਿਆਦੀ ਢਾਂਚੇ ਦੀ ਉਸਾਰੀ, ਵਾਧੇ ਤੇ ਨਵੀਨੀਕਰਨ ਨੂੰ ਯਕੀਨੀ ਬਣਾਇਆ ਜਾਵੇਗਾ।ਵਿਧਾਇਕ ਰਾਏ ਨੇ ਕਿਹਾ ਕਿ ਮੌਜੂਦਾ ਸੂਬਾ ਸਰਕਾਰ ਨੇ ਸੱਤਾ ਸੰਭਾਲਦੇ ਹੀ ਲੋਕਾਂ ਨੂੰ 300 ਯੂਨਿਟ ਮੁਫਤ ਬਿਜਲੀ ਦੇਣ ਦਾ ਫੈਸਲਾ ਕੀਤਾ ਸੀ, ਜਿਸ ਦਾ ਸੂਬੇ ਦੇ 90 ਫੀਸਦੀ ਘਰਾਂ ਨੂੰ ਲਾਭ ਪਹੁੰਚ ਰਿਹਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਅੱਜ ਸ਼ੁਰੂ ਹੋਏ ਇਸ ਪ੍ਰੋਜੈਕਟ ਦੇ ਨਾਲ ਨਵੇਂ ਸਬ ਸਟੇਸ਼ਨਾਂ ਦੀ ਉਸਾਰੀ, ਪੁਰਾਣੇ ਸਬ ਸਟੇਸ਼ਨਾਂ ਦੀ ਅਪਗ੍ਰੇਡੇਸ਼ਨ, ਨਵੇਂ ਟਰਾਂਸਫਾਰਮਰ ਲਗਾਉਣ ਦੇ ਨਾਲ ਕਈ ਮਹੱਤਵਪੂਰਨ ਕੰਮ ਕੀਤੇ ਜਾਣਗੇ ਤਾਂ ਜੋ ਲੋਕਾਂ ਨੂੰ ਨਿਰਵਿਘਨ ਬਿਜਲੀ ਸਪਲਾਈ ਮਿਲ ਸਕੇ।ਇਸ ਮੌਕੇ ਵਿਧਾਇਕ ਰੁਪਿੰਦਰ ਸਿੰਘ ਹੈਪੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਵਿਕਾਸ ਪੱਖੀ ਸੋਚ ਸਦਕਾ ਸੂਬਾ ਸਰਕਾਰ ਵੱਲੋਂ ਨਿਰੰਤਰ ਕੀਤੇ ਜਾ ਰਹੇ ਇਤਿਹਾਸਕ ਫੈਸਲਿਆਂ ਦੀ ਲੜੀ ਵਜੋਂ ਅੱਜ ਜਿਸ ਪ੍ਰੋਜੈਕਟ ਦੀ ਸ਼ੁਰੂਆਤ ਕੀਤੀ ਗਈ ਹੈ, ਉਹ ਆਪਣੇ ਆਪ ਵਿੱਚ ਇਤਿਹਾਸਕ ਹੈ ਕਿਉਂਕਿ ਇਸ ਤੋਂ ਪਹਿਲਾਂ ਦੀਆਂ ਸਰਕਾਰਾਂ ਨੇ ਕਦੇ ਵੀ ਇਸ ਵੱਲ ਧਿਆਨ ਨਹੀਂ ਦਿੱਤਾ।ਇਸ ਮੌਕੇ ਵਧੀਕ ਨਿਗਰਾਨ ਇੰਜੀਨੀਅਰ ਸੁਰਿੰਦਰ ਸਿੰਘ ਬੈਂਸ ਤੇ ਸੀਨੀਅਰ ਐਕਸੀਅਨ ਅਮਲੋਹ ਗੁਰਪ੍ਰੀਤ ਸਿੰਘ, ਆਪ ਦੇ ਮਹਿਲਾ ਵਿੰਗ ਦੀ ਜ਼ਿਲ੍ਹਾ ਪ੍ਰਧਾਨ ਰੀਨਾ ਰਾਣੀ, ਪਾਰਟੀ ਆਗੂ ਕੁਲਵਿੰਦਰ ਸਿੰਘ ਡੇਰਾ, ਰਾਜਦੀਪ ਸਿੰਘ ਰਾਜੂ, ਪ੍ਰਿਤਪਾਲ ਸਿੰਘ ਜੱਸੀ, ਰਮੇਸ਼ ਸੋਨੂੰ ਪਵੇਲ ਹਾਂਡਾ ਸਮੇਤ ਹੋਰ ਪਤਵੰਤੇ ਮੌਜੂਦ ਸਨ।



# ਗਊ ਸੇਵਾ ਸੰਮਤੀ ਦੀ ਅਗਵਾਈ ਹੇਠ ਪੂਰਨਮਾਸ਼ੀ ਦਾ ਦਿਹਾੜਾ ਗਊ ਪੂਜਾ ਨਾਲ ਮਨਾਇਆ

### ☛ਹਰ ਪੂਰਨਮਾਸ਼ੀ ਤੇ ਮੱਸਿਆ ਮੌਕੇ ਨਗਰ ਖੇੜੇ ਦੀ ਖੁਸ਼ੀ ਲਈ ਹੁੰਦੀ ਹੈ ਪੂਜਾ: ਭੂਸ਼ਨ ਸੂਦ

ਅਮਲੋਹ, 9 ਅਕਤੂਬਰ (ਜਸਵੰਤ ਸਿੰਘ): ਗਊ ਸੇਵਾ ਸਮਿਤੀ ਅਮਲੋਹ ਵੱਲੋਂ ਸ੍ਰੀ ਸੰਗਮੇਸ਼ਵਰ ਗਊਸ਼ਾਲਾ ਅਮਲੋਹ ਵਿਚ ਪੂਰਨਮਾਸ਼ੀ ਦਾ ਦਿਹਾੜਾ ਸਮਿਤੀ ਦੇ ਪ੍ਰਧਾਨ ਭੂਸ਼ਨ ਸੂਦ ਦੀ ਅਗਵਾਈ ਹੇਠ ਧੂਮ-ਧਾਮ ਨਾਲ ਮਨਾਇਆ ਗਿਆ। ਇਸ ਮੌਕੇ ਉਘੇ ਸਮਾਜ ਸੇਵੀ ਡਾ. ਰਘਬੀਰ ਸ਼ੁਕਲਾ ਅਤੇ ਉਨ੍ਹਾਂ ਦੀ ਪਤਨੀ ਸ਼ਸ਼ੀ ਬਾਲਾ ਨੇ ਪੂਜਾ ਦੀ ਰਸਮ ਅਦਾ ਕੀਤੀ। ਇਸ ਮੌਕੇ ਸਮਿਤੀ ਦੇ ਸਰਪਰਸਤ ਪ੍ਰੇਮ ਚੰਦ ਸ਼ਰਮਾ, ਪ੍ਰਧਾਨ ਭੂਸ਼ਨ ਸੂਦ, ਮੰਜੂ ਸੂਦ, ਵੈਦਿਕ ਸਨਾਤਨ ਭਵਨ ਅਮਲੋਹ ਦੇ ਸੰਚਾਲਕ ਸਾਸ਼ਤਰੀ ਗੁਰੂ ਦੱਤ ਸ਼ਰਮਾ, ਸੀਨੀਅਰ ਮੀਤ ਪ੍ਰਧਾਨ ਸੰਜੀਵ ਧੀਰ, ਜਨਰਲ ਸਕੱਤਰ ਮਾਸਟਰ ਰਜੇਸ਼ ਕੁਮਾਰ, ਸੁਰੇਸ਼ ਲੁਟਾਵਾ, ਮਾਨਵ ਭਲਾਈ ਮੰਚ ਦੇ ਪ੍ਰਧਾਨ ਮਾਸਟਰ ਮਨੋਹਰ ਲਾਲ ਵਰਮਾ, ਸ੍ਰੀ ਸੰਗਮੇਸ਼ਵਰ ਗਊਸ਼ਾਲਾ ਅਮਲੋਹ ਦੇ ਪ੍ਰਧਾਨ ਸ਼ਿਵ ਕੁਮਾਰ ਗਰਗ, ਰਾਜੇਸ਼ ਧੀਰ, ਜੁਆਇੰਟ ਸਕੱਤਰ ਸੁੰਦਰ ਲਾਲ ਝੱਟਾ, ਸਵਰਨਜੀਤ ਸਿੰਘ, ਦਿਨੇਸ਼ ਗੋਇਲ, ਡਾ. ਮਨਜੀਤ ਸਿੰਘ, ਪੱਪੀ ਤੱਗੜ, ਐਡਵੋਕੇਟ ਮੇਲਾ ਰਾਮ, ਜੁਗਲ ਗੋਇਲ, ਅਸ਼ੋਕ ਗੁਪਤਾ ਮੁਕਤਸਰ ਵਾਲੇ, ਰਵਿੰਦਰ ਕੁਮਾਰ, ਮੱਧੂ ਛਿੱਬਾ, ਮੋਹਿਤ ਛਿੱਬਾ, ਪਰਸ਼ੋਤਮ ਸ਼ੁਕਲਾ, ਜਗਦੀਪ ਸ਼ੁਕਲਾ, ਬਲਜਿੰਦਰ ਸ਼ੁਕਲਾ, ਰਿੱਤੂ ਸ਼ੁਕਲਾ, ਕਿਆਂਸ਼ ਸੂਦ ਅਤੇ ਗਿੰਨੀ ਸੂਦ ਆਦਿ ਹਾਜ਼ਰ ਸਨ। ਬਾਅਦ ਵਿਚ ਫ਼ਲ, ਖੀਰ, ਸਮੋਸੇ ਆਦਿ ਦਾ ਲੰਗਰ ਵੀ ਚਲਾਇਆ ਗਿਆ। ਪ੍ਰਧਾਨ ਭੂਸ਼ਨ ਸੂਦ ਅਤੇ ਸਰਪਰਸਤ ਪ੍ਰੇਮ ਚੰਦ ਸ਼ਰਮਾ ਨੇ ਦੱਸਿਆ ਕਿ ਹਰ ਮਹੀਨੇ ਦੀ ਪੂਰਨਮਾਸ਼ੀ ਤੇ ਮੱਸਿਆ ਨੂੰ ਨਗਰ ਖੇੜੇ ਦੀ ਖੁਸ਼ੀ ਲਈ ਗਊ ਪੂਜਾ ਕਰਵਾਈ ਜਾਂਦੀ ਹੈ, ਜਿਸ ਵਿਚ ਕੋਈ ਵੀ ਗਊ ਭਗਤ ਸ਼ਾਮਲ ਹੋ ਸਕਦਾ ਹੈ ਜਾਂ ਆਪਣੇ ਵਲੋਂ ਪੂਜਾ ਦੀ ਰਸਮ ਕਰਵਾ ਸਕਦਾ ਹੈ। ਉਨ੍ਹਾਂ ਇਲਾਕਾ ਨਿਵਾਸੀਆਂ ਨੂੰ ਪ੍ਰੋਗਰਾਮਾਂ ਵਿਚ ਵੱਧ ਚੜ੍ਹ ਕੇ ਸ਼ਾਮਲ ਹੋਣ ਦੀ ਅਪੀਲ ਕੀਤੀ। ਸਮਾਜ ਸੇਵੀ ਡਾ. ਰਘਬੀਰ ਸ਼ੁਕਲਾ ਨੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਸਮਿਤੀ ਵਲੋਂ ਕੀਤੇ ਜਾ ਰਹੇ ਸਮਾਜ ਅਤੇ ਧਾਰਮਿਕ ਸੇਵਾ ਦੇ ਕਾਰਜਾਂ ਦੀ ਸ਼ਲਾਘਾ ਕੀਤੀ।



# ਬਾਬਾ ਬੰਦਾ ਸਿੰਘ ਬਹਾਦਰ ਇੰਜੀ. ਕਾਲਜ 'ਚ ਆਈ.ਕੇ.ਜੀ. ਪੰਜਾਬ ਟੈਕਨੀਕਲ ਯੂਨੀਵਰਸਿਟੀ ਇੰਟਰ ਕਾਲਜ ਫੁੱਟਬਾਲ ਟੂਰਨਾਮੈਂਟ 2025 ਦਾ ਉਦਘਾਟਨ



ਫਤਹਿਗੜ੍ਹ ਸਾਹਿਬ, 9 ਅਕਤੂਬਰ (ਹਰਪ੍ਰੀਤ ਕੌਰ ਟਿਵਾਣਾ): ਆਈ. ਕੇ. ਜੀ. ਪੰਜਾਬ ਟੈਕਨੀਕਲ ਯੂਨੀਵਰਸਿਟੀ ਇੰਟਰ ਕਾਲਜ ਫੁੱਟਬਾਲ ਟੂਰਨਾਮੈਂਟ (ਮਰਦਾਂ ਲਈ) ਦਾ ਉਦਘਾਟਨ ਬਾਬਾ ਬੰਦਾ ਸਿੰਘ ਬਹਾਦਰ ਇੰਜੀਨੀਅਰਿੰਗ ਕਾਲਜ, ਫਤਹਿਗੜ੍ਹ ਸਾਹਿਬ ਵਿੱਚ ਕੀਤਾ ਗਿਆ।ਤਿੰਨ ਦਿਨਾਂ ਦਾ ਇਹ ਟੂਰਨਾਮੈਂਟ 8 ਤੋਂ 10 ਅਕਤੂਬਰ 2025 ਤੱਕ ਚੱਲੇਗਾ ਤੇ ਇਸ ਵਿੱਚ ਯੂਨੀਵਰਸਿਟੀ ਨਾਲ ਸਬੰਧਤ ਵੱਖ-ਵੱਖ ਕਾਲਜਾਂ ਦੇ ਵਿਦਿਆਰਥੀਆਂ ਨੇ ਉਤਸ਼ਾਹਪੂਰਵਕ ਭਾਗ ਲਿਆ ਹੈ। ਉਦਘਾਟਨ ਸਮਾਰੋਹ ਵਿੱਚ ਕਾਲਜ ਟਰੱਸਟੀ ਮੈਂਬਰ ਐਡਵੋਕੇਟ ਅਮਰਦੀਪ ਸਿੰਘ ਧਰਨੀ ਤੇ ਅਵਤਾਰ ਸਿੰਘ ਰੀਆ ਮੁੱਖ ਮਹਿਮਾਨ ਦੇ ਤੌਰ 'ਤੇ ਮੌਜੂਦ ਸਨ, ਜਿਨ੍ਹਾਂ ਨਾਲ ਪ੍ਰਿੰਸੀਪਲ ਡਾ. ਲਖਵੀਰ ਸਿੰਘ ਵੀ ਮੌਜੂਦ ਰਹੇ।ਇਸ ਮੌਕੇ 'ਤੇ ਵਿਸ਼ੇਸ਼ ਮਹਿਮਾਨ ਜਸਵੰਤ ਸਿੰਘ ਮੰਡੋਫਲ ਤੇ ਪ੍ਰਿਤਪਾਲ ਸਿੰਘ ਮੀਤ ਮੈਨੇਜਰ, ਗੁਰਦੁਆਰਾ ਫਤਿਹਗੜ੍ਹ ਸਾਹਿਬ ਵੀ ਹਾਜ਼ਰ ਸਨ।ਐਡਵੋਕੇਟ ਅਮਰਦੀਪ ਸਿੰਘ ਧਰਨੀ ਨੇ ਆਪਣੇ ਸੰਬੋਧਨ ਵਿਚ ਖਿਡਾਰੀਆਂ ਨੂੰ ਇਮਾਨਦਾਰੀ, ਜਜ਼ਬੇ ਤੇ ਖੇਡ ਭਾਵ ਨਾਲ ਖੇਡਣ ਲਈ ਉਤਸ਼ਾਹਿਤ ਕੀਤਾ। ਉਨ੍ਹਾਂ ਨੇ ਕਿਹਾ ਕਿ ਸੱਚੀ ਜਿੱਤ ਸਿਰਫ਼ ਟ੍ਰੌਫੀ ਜਿੱਤਣ ਵਿੱਚ ਨਹੀਂ, ਸਗੋਂ ਮੈਦਾਨ 'ਚ ਚਰਿੱਤਰ ਤੇ ਟੀਮ ਵਰਕ ਦਿਖਾਉਣ ਵਿੱਚ ਹੈ। ਉਨ੍ਹਾਂ ਬਾਬਾ ਬੰਦਾ ਸਿੰਘ ਬਹਾਦਰ ਇੰਜੀਨੀਅਰਿੰਗ ਕਾਲਜ ਦੀਆਂ ਖੇਡਾਂ ਤੇ ਸੱਭਿਆਚਾਰਕ ਗਤਿਵਿਧੀਆਂ ਵਿਚ ਕਾਮਯਾਬੀਆਂ ਦੀ ਪ੍ਰਸ਼ੰਸਾ ਕੀਤੀ। ਅਵਤਾਰ ਸਿੰਘ ਰੀਆ ਨੇ ਖੇਡਾਂ ਦੀ ਮਹੱਤਤਾ ਉਤੇ ਜ਼ੋਰ ਦਿੰਦੇ ਹੋਏ ਕਿਹਾ ਕਿ ਖੇਡਾਂ ਸਿਰਫ਼ ਸਰੀਰ ਨੂੰ ਤੰਦਰੁਸਤ ਨਹੀਂ ਰੱਖਦੀਆਂ, ਸਗੋਂ ਅਨੁਸ਼ਾਸਨ, ਸਹਿਯੋਗ ਤੇ ਦ੍ਰਿੜਤਾ ਵਰਗੇ ਜੀਵਨ ਦੇ ਅਹਿਮ ਸਬਕ ਵੀ ਸਿਖਾਉਂਦੀਆਂ ਹਨ।ਟਰੱਸਟ ਸੈਕਰੇਟਰੀ ਜਸਵਿੰਦਰ ਸਿੰਘ ਨੇ ਸਟਾਫ਼ ਦੀ ਮਿਹਨਤ ਤੇ ਸਮਰਪਣ ਦੀ ਸਰਾਹਨਾ ਕੀਤੀ। ਪਹਿਲੇ ਦਿਨ ਦੇ ਮੁਕਾਬਲੇ ਜੋਸ਼ ਤੇ ਮੁਕਾਬਲੇਬਾਜ਼ੀ ਨਾਲ ਭਰੇ ਹੋਏ ਸਨ, ਜਿਸ ਨੇ ਟੂਰਨਾਮੈਂਟ ਦੇ ਅਗਲੇ ਦਿਨਾਂ ਲਈ ਇੱਕ ਉਤਸ਼ਾਹਪੂਰਵਕ ਮਾਹੌਲ ਬਣਾਇਆ। ਇਸ ਸਮਾਰੋਹ ਨੂੰ ਹੋਰ ਮਹੱਤਵਪੂਰਨ ਬਣਾਉਂਦਿਆਂ ਰਮਨਪ੍ਰੀਤ ਕੌਂਥ, ਸੱਜਣ ਸਿੰਘ, ਸਤਵੀਰ ਸਿੰਘ, ਗੁਰਮੀਤ ਸਿੰਘ ਟੌਹੜਾ, ਹਰਜਿੰਦਰ ਸਿੰਘ, ਹਰਿੰਦਰ ਕੁਮਾਰ (ਪੀ.ਟੀ.ਯੂ.), ਮਨਿੰਦਰਜੀਤ ਸਿੰਘ ਚੀਮਾ (ਪੀ.ਟੀ.ਯੂ.) ਹਾਜ਼ਰ ਰਹੇ।

# ਵਿਧਾਇਕ ਭੁੱਲਰ ਨੇ ਬਿਜਲੀ ਦੇ ਬੁਨਿਆਦੀ ਢਾਂਚੇ ਦੀ ਉਸਾਰੀ, ਵਾਧੇ ਤੇ ਨਵੀਨੀਕਰਨ ਦੇ ਕੰਮਾਂ ਦਾ ਸ਼ੁੱਭ ਆਰੰਭ ਕੀਤਾ

ਫਿਰੋਜ਼ਪੁਰ, 9 ਅਕਤੂਬਰ (ਤਿਵਾੜੀ): ਮਾਣਯੋਗ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਦੂਰਅੰਦੇਸ਼ੀ ਅਗਵਾਈ ਤੇ ਮਾਣਯੋਗ ਬਿਜਲੀ ਮੰਤਰੀ ਸੰਜੀਵ ਅਰੋੜਾ ਦੀ ਸਰਗਰਮ ਸੇਧ ਅਧੀਨ ਅੱਜ ਵਿਧਾਇਕ ਫਿਰੋਜ਼ਪੁਰ ਸ਼ਹਿਰੀ ਰਣਬੀਰ ਸਿੰਘ ਭੁੱਲਰ ਵੱਲੋਂ ਬਿਜਲੀ ਦੇ ਬੁਨਿਆਦੀ ਢਾਂਚੇ ਦੀ ਉਸਾਰੀ, ਵਾਧੇ ਤੇ ਨਵੀਨੀਕਰਨ ਦੇ 139.79 ਕਰੋੜ ਰੁਪਏ ਨਾਲ ਹੋਣ ਵਾਲੇ ਕੰਮਾਂ ਦਾ ਜ਼ਿਲ੍ਹਾ ਪੱਧਰ 'ਤੇ ਸ਼ੁੱਭ ਆਰੰਭ ਕੀਤਾ ਗਿਆ। ਇਹ ਰਕਮ ਨਵੀਆਂ ਲਾਈਨਾਂ ਉਸਾਰਨ, ਨਵੇਂ ਟਰਾਂਸਫਾਰਮਰ ਲਗਾਉਣ, ਨਵੇਂ ਸਬ-ਸਟੇਸ਼ਨ ਬਣਾਉਣ ਤੇ ਪੁਰਾਣੇ ਸਿਸਟਮ ਵਿੱਚ ਸੁਧਾਰ ਕਰਦੇ ਹੋਏ ਇਸ ਦੀ ਸਮਰੱਥਾ ਵਿੱਚ ਵਾਧਾ ਆਦਿ ਕਰਨ ਲਈ ਖਰਚ ਕੀਤੀ ਜਾਵੇਗੀ।ਵਿਧਾਇਕ ਭੁੱਲਰ ਨੇ ਦੱਸਿਆ ਕਿ ਜ਼ਿਲ੍ਹਾ ਫਿਰੋਜ਼ਪੁਰ ਤੇ ਉਨ੍ਹਾਂ ਦੇ ਹਲਕੇ ਅਧੀਨ ਆਉਂਦੇ 66 ਕੇਵੀ ਸਬ-ਸਟੇਸ਼ਨ ਸਿਟੀ ਫਿਰੋਜ਼ਪੁਰ ਲਈ 66 ਕੇਵੀ ਸਪਲਾਈ ਦਾ ਬਦਲਵਾਂ ਪ੍ਰਬੰਧ ਕਰਨ ਲਈ ਲਗਭਗ 1.326 ਕਿਲੋਮੀਟਰ ਜ਼ਮੀਨਦੋਜ਼ 'ਤੇ 2.128 ਕਿਲੋਮੀਟਰ ਬਾਹਰੀ (ਓਵਰਹੈਡ) ਨਵੀਂ 66 ਕੇਵੀ ਲਾਈਨ ਪਾਈ ਜਾਣੀ ਹੈ। ਜਿਸ ਉਤੇ ਤਕਰੀਬਨ 10 ਕਰੋੜ ਰੁਪਏ ਦਾ ਖਰਚਾ ਆਉਣ ਦਾ ਅਨੁਮਾਨ ਹੈ।ਇਹ ਕੰਮ ਸ਼ੁਰੂ ਹੋ ਚੁੱਕਾ ਹੈ।ਪਹਿਲਾਂ ਇਸ ਸਬ-ਸਟੇਸ਼ਨ 'ਤੇ 66 ਕੇਵੀ ਲਾਈਨ ਦੀ ਇਕ ਹੀ ਸਪਲਾਈ ਆਉਂਦੀ ਸੀ।ਜਿਸ ਦੇ ਬੰਦ ਹੋ ਜਾਣ ਦੀ ਸੂਰਤ ਵਿੱਚ ਲਗਭਗ ਅੱਧੇ ਫਿਰੋਜ਼ਪੁਰ ਸ਼ਹਿਰ ਦੇ ਨਾਲ-ਨਾਲ ਜ਼ਰੂਰੀ ਸੇਵਾਵਾਂ ਦੀ ਸਪਲਾਈ ਵੀ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਜਾਂਦੀ ਸੀ।ਇਹ ਕੰਮ ਮੁਕੰਮਲ ਹੋ ਜਾਣ ਨਾਲ 1 ਲਾਈਨ ਦੀ ਸਪਲਾਈ ਬੰਦ ਹੋਣ ਦੀ ਸੂਰਤ ਵਿੱਚ ਦੂਸਰੀ ਲਾਈਨ ਤੋਂ ਬਿਜਲੀ ਸਪਲਾਈ ਚਾਲੂ ਰੱਖੀ ਜਾ ਸਕੇਗੀ।ਇਸੇ ਤਰ੍ਹਾਂ 66 ਕੇਵੀ ਸਬ-ਸਟੇਸ਼ਨ ਝੋਕ ਹਰੀਹਰ ਨੂੰ ਅਪਗ੍ਰੇਡ ਕਰਕੇ 220 ਕੇਵੀ ਸਮਰੱਥਾ ਦਾ ਕੀਤਾ ਜਾ ਰਿਹਾ ਹੈ।ਇਹ ਕੰਮ ਸਾਲ 2026 ਤੱਕ ਮੁਕੰਮਲ ਹੋਣ ਦੀ ਸੰਭਾਵਨਾ ਹੈ। ਇਸ ਮੌਕੇ ਬਿਜਲੀ ਵਿਭਾਗ ਦੇ ਅਧਿਕਾਰੀ ਐਸ.ਈ. ਧਰਮਪਾਲ, ਐਕਸੀਅਨ ਗਗਨਦੀਪ ਬੱਤਰਾ, ਫੁਮਣ ਸਿੰਘ, ਰਜਿੰਦਰ ਕੌਰ ਗਿੱਲ, ਕਰਮਜੀਤ ਸਿੰਘ ਗਿੱਲ, ਐਸਡੀਓ ਮਨਦੀਪ ਸਿੰਘ ਭੂਈ, ਅਨੁਭਵ, ਕੁਨਾਲ ਗੋਇਲ, ਕੁਲਦੀਪ ਸਿੰਘ, ਜਤਿੰਦਰ ਸੈਣੀ ਤੇ ਵਿਧਾਇਕ ਸਾਹਿਬਾਨ ਨਾਲ ਪਹੁੰਚੇ।ਉਨ੍ਹਾਂ ਦੇ ਟੀਮ ਮੈਂਬਰ ਨੇਕ ਪ੍ਰਤਾਪ ਸਿੰਘ, ਹਿਮਾਂਸ਼ੂ ਠੱਕਰ, ਗੁਰਭੇਜ ਸਿੰਘ, ਰਜਨੀਸ਼ ਸ਼ਰਮਾ, ਦਲੇਰ ਸਿੰਘ ਸਰਪੰਚ, ਸੁਰਜੀਤ ਸਿੰਘ ਬਲਾਕ ਪ੍ਰਧਾਨ, ਮਲਕੀਤ ਸਿੰਘ ਸਰਪੰਚ, ਦਲਬੀਰ ਸਿੰਘ ਸਰਪੰਚ, ਗੁਲਸ਼ਨ ਗੱਖੜ ਬਲਾਕ ਪ੍ਰਧਾਨ, ਸ਼ਰਨਜੀਤ ਸਿੰਘ ਲਹਿਰੀ ਹਾਜ਼ਰ ਸਨ।



# ਯੁਵਕ ਸੇਵਾਵਾਂ ਵਿਭਾਗ ਨੇ ਰੈੱਡ ਰਿਬਨ ਕਲੱਬਾਂ ਦੇ ਮੈਂਬਰਾਂ ਦੇ ਕਰਵਾਏ ਰੀਲ ਮੇਕਿੰਗ ਮੁਕਾਬਲੇ

ਫ਼ਿਰੋਜ਼ਪੁਰ, 9 ਅਕਤੂਬਰ (ਤਿਵਾੜੀ): ਡਾਇਰੈਕਟ ਯੁਵਕ ਸੇਵਾਵਾਂ ਵਿਭਾਗ ਪੰਜਾਬ ਚੰਡੀਗੜ੍ਹ ਦੇ ਆਦੇਸ਼ਾਂ ਅਨੁਸਾਰ ਪੰਜਾਬ ਰਾਜ ਏਡਜ਼ ਕੰਟਰੋਲ ਸੁਸਾਇਟੀ, ਚੰਡੀਗੜ੍ਹ ਦੇ ਸਹਿਯੋਗ ਨਾਲ ਜਸਪਾਲ ਸਿੰਘ ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਫਿਰੋਜ਼ਪੁਰ ਦੀ ਅਗਵਾਈ ਹੇਠ ਐਸ.ਬੀ.ਐਸ.ਐਸ. ਯੂਨੀਵਰਸਿਟੀ ਫਿਰੋਜ਼ਪੁਰ ਵਿਖੇ ਜ਼ਿਲ੍ਹਾ ਫਿਰੋਜ਼ਪੁਰ ਦੀਆਂ ਵੱਖ-ਵੱਖ ਸੰਸਥਾਵਾਂ ਵਿੱਚ ਚੱਲ ਰਹੀਆਂ ਰੈੱਡ ਰੀਬਨ ਕਲੱਬਾਂ ਦੇ ਮੈਂਬਰਾਂ ਦੇ ਨਸ਼ਿਆਂ ਤੇ ਖੂਨਦਾਨ ਕਰਨ ਆਦਿ ਵਿਸ਼ਿਆਂ 'ਤੇ ਜ਼ਿਲ੍ਹਾ ਪੱਧਰੀ ਰੀਲ ਮੇਕਿੰਗ ਮੁਕਾਬਲੇ ਕਰਵਾਏ ਗਏ।ਇਨ੍ਹਾਂ ਮੁਕਾਬਲਿਆਂ ਵਿੱਚ ਐਚ. ਕੇ. ਐਲ. ਕਾਲਜ ਆਫ ਨਰਸਿੰਗ ਗੁਰੂਹਰਸਹਾਏ ਨੇ ਪਹਿਲਾ ਸਥਾਨ, ਐਸ.ਬੀ.ਐਸ. ਕਾਲਜ ਆਫ ਨਰਸਿੰਗ ਸੋਢੇਵਾਲਾ ਨੇ ਦੂਸਰਾ ਸਥਾਨ ਤੇ ਡਾਇਟ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ। ਪਹਿਲਾ ਸਥਾਨ ਹਾਸਲ ਕਰਨ ਵਾਲੀ ਸੰਸਥਾ ਨੂੰ ਤਿੰਨ ਹਜ਼ਾਰ, ਦੋ ਹਜ਼ਾਰ ਦੂਜੀ ਪੁਜੀਸ਼ਨ ਤੇ ਤੀਜੇ ਸਥਾਨ 'ਤੇ ਆਉਣ ਵਾਲੀ ਸੰਸਥਾ ਨੂੰ ਇੱਕ ਹਜ਼ਾਰ ਰੁਪਏ ਨਗਦ ਇਨਾਮ ਦੇ ਕੇ ਉਤਸ਼ਾਹਿਤ ਕੀਤਾ ਗਿਆ। ਸਾਰੇ ਭਾਗੀਦਾਰਾਂ ਨੂੰ ਸਰਟੀਫਿਕੇਟ ਦੇ ਕੇ ਉਤਸ਼ਾਹਿਤ ਕੀਤਾ ਗਿਆ।ਜੱਜਮੈਂਟ ਦੀ ਭੂਮਿਕਾ ਰਮਨਦੀਪ ਕੌਰ ਕਾਊਂਸਲਰ, ਮੋਨਿਕਾ ਬੇਦੀ ਆਈ.ਸੀ.ਟੀ.ਸੀ. ਕਾਊਂਸਲਰ ਤੇ ਪਰਵੀਨ ਕੁਮਾਰੀ ਕਾਊਂਸਲਰ ਸਿਹਤ ਵਿਭਾਗ ਫਿਰੋਜ਼ਪੁਰ ਨੇ ਕੀਤੀ। ਇਸ ਸਮੇਂ ਜਸਪਾਲ ਸਿੰਘ ਸਹਾਇਕ ਡਾਇਰੈਕਟਰ ਵੱਲੋਂ ਉਨ੍ਹਾਂ ਨੌਜਵਾਨਾਂ ਨੂੰ ਰੈੱਡ ਰਿਬਨ ਕਲੱਬਾਂ ਅਧੀਨ ਨਸ਼ਿਆਂ, ਐਚ.ਆਈ.ਵੀ./ਏਡਜ਼, ਟੀ.ਬੀ ਤੋਂ ਬਚਾਅ ਤੇ ਖੂਨਦਾਨ ਸਬੰਧੀ ਆਮ ਲੋਕਾਂ ਨੂੰ ਜਾਗਰੂਕ ਕਰਨ ਬਾਰੇ ਪ੍ਰੇਰਿਤ ਕੀਤਾ ਗਿਆ।



# ਏਡੀਸੀ ਡਾ. ਬੇਦੀ ਨੇ ਲੜਕੀ ਨੂੰ ਉਚੇਰੀ ਸਿੱਖਿਆ ਪ੍ਰਦਾਨ ਕਰਵਾਉਣ ਲਈ ਐਮ.ਕਾਮ 'ਚ ਐਡਮਿਸ਼ਨ ਕਰਵਾਈ

ਗੁਰਦਾਸਪੁਰ, 9 ਅਕਤੂਬਰ (ਜਗੀਰ ਸਿੰਘ ਮੰਡ/ਸੁਰਿੰਦਰ ਸਿੰਘ ਬਸਰਾ): ਡਾ.ਹਰਜਿੰਦਰ ਸਿੰਘ ਬੇਦੀ ਵਧੀਕ ਡਿਪਟੀ ਕਮਿਸ਼ਨਰ (ਜ)



ਗੁਰਦਾਸਪੁਰ ਵੱਲੋਂ ਅੱਜ ਇੱਕ ਨੇਕ ਉਪਰਾਲਾ ਕਰਦਿਆਂ ਇੱਕ ਲੋੜਵੰਦ ਲੜਕੀ ਨੂੰ ਉਚੇਰੀ ਸਿੱਖਿਆ ਪ੍ਰਦਾਨ ਕਰਨ ਦੇ ਮੰਤਵ ਨਾਲ ਗੋਲਡਨ ਕਾਲਜ ਗੁਰਦਾਸਪੁਰ ਵਿਖੇ ਐਮ ਕਾਮ ਵਿੱਚ ਐਡਮਿਸ਼ਨ ਕਰਵਾਈ ਗਈ ਹੈ।ਇਸ ਮੌਕੇ ਗੱਲ ਕਰਦਿਆਂ ਡਾ.ਹਰਜਿੰਦਰ ਸਿੰਘ ਬੇਦੀ ਨੇ ਕਿਹਾ ਕਿ ਪਿੰਡ ਗਾਹਲੜੀ ਦੀ ਵਸਨੀਕ ਮਿਸ ਪ੍ਰੀਤੀ ਅੰਸ਼ ਪੁੱਤਰੀ ਪਲਵਿੰਦਰ ਕੁਮਾਰ ਤੇ ਕਮਲੇਸ਼ ਕੁਮਾਰੀ ਮਿਲੇ ਸਨ।ਉਨ੍ਹਾਂ ਨੇ ਦੱਸਿਆ ਕਿ ਲੜਕੀ ਪ੍ਰੀਤੀ ਅੰਸ਼ ਜਿਸ ਨੇ 12ਵੀਂ ਤੇ ਬੀ.ਕਾਮ ਦੀ ਪੜ੍ਹਾਈ ਪੂਰੀ ਕਰ ਚੁੱਕੀ ਹੈ ਤੇ ਹੁਣ ਅੱਗੇ ਪੜ੍ਹਨਾ ਚਾਹੁੰਦੀ ਹੈ। ਉਨ੍ਹਾਂ ਅੱਗੇ ਦੱਸਿਆ ਕਿ ਲੜਕੀ ਪ੍ਰੀਤੀ ਅੰਸ਼ ਨੂੰ ਉਚੇਰੀ ਸਿੱਖਿਆ ਦਿਵਾਉਣ ਦੇ ਮੰਤਵ ਨਾਲ ਗੋਲਡਨ ਕਾਲਜ ਗੁਰਦਾਸਪੁਰ ਵਿਖੇ ਐਮ.ਕਾਮ ਦੀ ਮੁਫਤ ਪੜ੍ਹਾਈ ਕਰਵਾਉਣ ਲਈ ਦਾਖਲਾ ਕਰਵਾਇਆ ਗਿਆ ਹੈ।ਇਸ ਮੌਕੇ ਪ੍ਰੀਤੀ ਅੰਸ਼ ਨੇ ਵਧੀਕ ਡਿਪਟੀ ਕਮਿਸ਼ਨਰ (ਜ) ਡਾ.ਹਰਜਿੰਦਰ ਸਿੰਘ ਬੇਦੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਸ ਨੂੰ ਪੜ੍ਹਾਈ ਦਾ ਬਹੁਤ ਸ਼ੌਂਕ ਸੀ, ਉਨ੍ਹਾਂ ਨੇ ਮੈਨੂੰ ਐਮ.ਕਾਮ ਵਿੱਚ ਦਾਖਲ ਦਿਵਾ ਕੇ ਮੇਰਾ ਅਧੂਰਾ ਸੁਪਨਾ ਪੂਰਾ ਕਰ ਦਿੱਤਾ ਹੈ।

# ਵਿੱਤੀ ਮਦਦ ਦੇ ਪੈਸਿਆਂ ਨਾਲ ਹਥਿਆਰ ਖ਼ਰੀਦ ਰਿਹੈ ਪਾਕਿਸਤਾਨ

## ☛ਮਈ-2025 'ਚ ਆਈਐਮਐਫ ਨੇ ਪਾਕਿ ਨੂੰ ਦਿੱਤੇ ਸੀ ਇੱਕ ਅਰਬ ਡਾਲਰ

ਨਵੀਂ ਦਿੱਲੀ, 9 ਅਕਤੂਬਰ (ਚ.ਨ.ਸ): ਭਾਰੀ ਆਰਥਿਕ ਬਦਹਾਲੀ 'ਚੋਂ ਲੰਘ ਰਿਹਾ ਪਾਕਿਸਤਾਨ ਆਪਣੇ ਅਰਥਚਾਰੇ ਨੂੰ ਬਚਾਉਣ ਲਈ ਅੰਤਰਰਾਸ਼ਟਰੀ ਮੁਦਰਾ ਫੰਡ (ਆਈਐਮਐਫ) ਤੋਂ ਮਈ-2025 'ਚ ਇੱਕ ਅਰਬ ਡਾਲਰ ਦੀ ਮਦਦ ਮਿਲਣ ਦੇ ਕੁਝ ਹੀ ਮਹੀਨਿਆਂ ਬਾਅਦ ਹਥਿਆਰਾਂ ਦੀ ਖ਼ਰੀਦਦਾਰੀ 'ਚ ਲੱਗ ਗਿਆ ਹੈ।ਮੰਗਲਵਾਰ (ਸੱਤ ਅਕਤੂਬਰ) ਨੂੰ ਅਮਰੀਕਾ ਨੇ ਪਾਕਿਸਤਾਨ ਨੂੰ 2.5 ਅਰਬ ਡਾਲਰ ਦੀ ਕੀਮਤ ਦੇ ਏਅਰ-ਟੂ-ਏਅਰ ਮਿਜ਼ਾਈਲ ਸਿਸਟਮ (ਏਆਈਐਮ-120 ਏਐਮਆਰਏਏਐਮ) ਖ਼ਰੀਦਣ ਦੇ ਮਤੇ ਨੂੰ ਮਨਜ਼ੂਰੀ ਦੇ ਦਿੱਤੀ।ਇਸ ਦੇ ਨਾਲ ਹੀ ਭਾਰਤ ਦੇ ਇਸ ਖ਼ਦਸ਼ੇ ਨੂੰ ਜ਼ੋਰ ਮਿਲਿਆ ਹੈ ਕਿ ਜਦੋਂ ਵੀ ਪਾਕਿਸਤਾਨ ਨੂੰ ਆਈਐਮਐਫ ਤੋਂ ਬੇਲਆਊਟ ਪੈਕੇਜ ਦਿੱਤਾ ਜਾਂਦਾ ਹੈ ਤਾਂ ਉਹ ਇਸ ਦੀ ਵਰਤੋਂ ਹਥਿਆਰ ਖ਼ਰੀਦਣ 'ਚ ਕਰਦਾ ਹੈ। ਆਈਐਮਐਫ ਦੀਆਂ ਸ਼ਰਤਾਂ ਦੀ ਗੱਲ ਕਰੀਏ ਤਾਂ ਪਾਕਿਸਤਾਨ ਸਿੱਧੇ ਤੌਰ 'ਤੇ ਉਸ ਤੋਂ ਮਿਲੀ ਵਿੱਤੀ ਮਦਦ ਨਾਲ ਰੱਖਿਆ ਯੰਤਰ ਨਹੀਂ ਖ਼ਰੀਦ ਸਕਦਾ। ਅਮਰੀਕਾ ਦੇਵੇਗਾ ਏਅਰ-ਟੂ-ਏਅਰ ਮਿਜ਼ਾਈਲ ਸਿਸਟਮ: ਪਾਕਿ ਨੂੰ ਏਐਮਆਰਏਏਐਮ ਮਿਜ਼ਾਈਲ ਸਿਸਟਮ ਅਮਰੀਕਾ ਦੇਵੇਗਾ, ਜਿਸ ਨੂੰ ਕਾਫੀ ਉਨਤ ਮੰਨਿਆ ਜਾ ਰਿਹਾ ਹੈ।ਇਹ ਹਵਾ 'ਚ 20 ਤੋਂ 160 ਕਿਲੋਮੀਟਰ ਦੀ ਦੂਰੀ 'ਤੇ ਉਡਾਣ ਭਰਨ ਵਾਲੀ




ਕਿਸੇ ਵੀ ਵਸਤੂ 'ਤੇ ਸਟੀਕ ਨਿਸ਼ਾਨਾ ਬਣਾ ਸਕਦਾ ਹੈ।ਪਾਕਿ ਜੇ ਇਹ ਖ਼ਰੀਦਦਾ ਹੈ ਤਾਂ ਇਸ ਨੂੰ ਐਫ-16 ਜੰਗੀ ਜਹਾਜ਼ਾਂ 'ਚ ਵਰਤਿਆ ਜਾ ਸਕਦਾ ਹੈ।ਆਪ੍ਰੇਸ਼ਨ ਸਿੰਦੂਰ 'ਚ ਭਾਰਤੀ ਹਵਾਈ ਫ਼ੌਜ ਨੇ ਜਿਸ ਤਰ੍ਹਾਂ ਪਾਕਿ ਨੂੰ ਨੁਕਸਾਨ ਪਹੁੰਚਾਇਆ ਹੈ, ਉਸ ਨੂੰ ਦੇਖਦੇ ਹੋਏ ਉਹ ਇਸ ਤਰ੍ਹਾਂ ਦੀ ਰੱਖਿਆ ਪ੍ਰਣਾਲੀ ਖ਼ਰੀਦਣ ਦੀ ਕੋਸ਼ਿਸ਼ ਕਰ ਰਿਹਾ ਹੈ।ਕੁਝ ਹੋਰ ਹੀ ਸੰਕੇਤ ਦਿੰਦੇ ਹਨ।ਆਈਐਮਐਫ ਤੋਂ ਮਿਲੇ ਬੇਲਆਊਟ ਪੈਕੇਜ ਦੇ ਤਹਿਤ ਨਿਰਧਾਰਿਤ ਰਕਮ ਪਾਕਿਸਤਾਨ ਦੇ ਸੈਂਟਰਲ ਬੈਂਕ ਨੂੰ ਟ੍ਰਾਂਸਫਰ ਕੀਤੀ ਜਾਂਦੀ ਹੈ।ਆਈਐਮਐਫ ਸਪੱਸ਼ਟ ਤੌਰ 'ਤੇ ਕਹਿੰਦਾ ਹੈ ਕਿ ਉਸ ਵੱਲੋਂ ਜਿਹੜੇ ਮੰਤਵਾਂ ਲਈ ਕਰਜ਼ਾ ਦਿੱਤਾ ਜਾਂਦਾ ਹੈ, ਉਸ ਤੋਂ ਇਲਾਵਾ ਹੋਰ ਕਿਤੇ ਇਸਦੀ ਵਰਤੋਂ ਨਹੀਂ ਕੀਤੀ ਜਾ ਸਕਦੀ।ਮਈ 'ਚ ਜੋ ਕਿਸ਼ਤ ਆਈਐਮਐਫ ਨੇ ਦਿੱਤੀ ਹੈ, ਉਸ ਲਈ 11 ਨਵੀਆਂ ਸ਼ਰਤਾਂ ਲਗਾਈਆਂ ਗਈਆਂ ਹਨ।ਹਾਲਾਂਕਿ, ਇਸ ਫ਼ੰਡ ਦੇ ਗ਼ੈਰ-ਪ੍ਰਤੱਖ ਵਰਤੋਂ ਦਾ ਖ਼ਦਸ਼ਾ ਹਮੇਸ਼ਾ ਰਹਿੰਦਾ ਹੈ ਤੇ ਭਾਰਤ ਵੱਲੋਂ ਇਸ ਸਬੰਧ 'ਚ ਪਹਿਲਾਂ ਵੀ ਚਿੰਤਾ ਪ੍ਰਗਟਾਈ ਗਈ ਹੈ।ਪਿਛਲੇ ਰਿਕਾਰਡ ਦੱਸਦੇ ਹਨ ਕਿ ਜਦੋਂ ਵੀ ਪਾਕਿਸਤਾਨ ਨੂੰ ਅੰਤਰਰਾਸ਼ਟਰੀ ਏਜੰਸੀਆਂ ਤੋਂ ਬੇਲਆਊਟ ਪੈਕੇਜ ਮਿਲਦਾ ਹੈ ਤਾਂ ਉਸਦਾ ਰੱਖਿਆ ਬਜਟ ਵੱਧ ਜਾਂਦਾ ਹੈ।ਪਾਕਿਸਤਾਨ ਦਾ ਰੱਖਿਆ ਬਜਟ ਕੁੱਲ ਬਜਟ ਦਾ 18 ਫ਼ੀਸਦੀ ਹੈ, ਜੋ ਸੰਘਰਸ਼ ਪ੍ਰਭਾਵਿਤ ਦੇਸ਼ਾਂ ਦੇ ਔਸਤ 10-14 ਫ਼ੀਸਦੀ ਤੋਂ ਵੱਧ ਹੈ। ਸਟਾਕਹੋਮ ਇੰਟਰਨੈਸ਼ਨਲ ਪੀਸ ਰਿਸਰਚ ਇੰਸਟੀਚਿਊਟ (ਸੀਪਰੀ) ਦਾ ਡਾਟਾ ਦੱਸਦਾ ਹੈ ਕਿ ਸਾਲ 1980-2023 ਵਿਚਾਲੇ ਜਦੋਂ ਵੀ ਪਾਕਿਸਤਾਨ ਨੂੰ ਆਈਐਮਐਫ ਤੋਂ ਵਿੱਤੀ ਮਦਦ ਦਿੱਤੀ ਗਈ ਹੈ, ਉਦੋਂ ਉਸ ਦੀ ਹਥਿਆਰ ਦਰਾਮਦ 20 ਫ਼ੀਸਦੀ ਤੱਕ ਵੱਧ ਗਈ ਹੈ। ਸਾਲ 1958 ਤੋਂ ਬਾਅਦ ਤੋਂ ਹੁਣ ਤੱਕ ਪਾਕਿਸਤਾਨ ਕੁੱਲ 24 ਵਾਰ ਵਿੱਤੀ ਮਦਦ ਲਈ ਆਈਐਮਐਫ ਤੱਕ ਪਹੁੰਚ ਕਰ ਚੁੱਕਾ ਹੈ।

# ਪੰਜਾਬ ਸਟੇਟ ਮਨਿਸਟਰੀਅਲ ਸਰਵਿਸ ਯੂਨੀਅਨ ਨੇ ਮੁਲਾਜ਼ਮ ਮੰਗਾਂ ਸਬੰਧੀ ਮੰਗ ਪੱਤਰ ਦਿੱਤਾ



ਗੁਰਦਾਸਪੁਰ, 9 ਅਕਤੂਬਰ (ਜਗੀਰ ਸਿੰਘ ਮੰਡ/ਐਮ. ਤਨਾਹਰ): ਪੰਜਾਬ ਸਟੇਟ ਮਨਿਸਟੀਰੀਅਲ ਸਰਵਿਸਿਜ਼ ਯੂਨੀਅਨ ਜ਼ਿਲ੍ਹਾ ਗੁਰਦਾਸਪੁਰ ਦੀ ਸਮੂਹ ਟੀਮ ਵੱਲੋਂ ਮਨਿਸਟੀਰੀਅਲ ਸਟਾਫ਼ ਦੀਆਂ ਮੰਗਾਂ ਬਾਬਤ ਮਾਣਯੋਗ ਮੁੱਖ ਮੰਤਰੀ ਪੰਜਾਬ ਦੇ ਨਾਮ ਮੰਗ ਪੱਤਰ ਮਾਣਯੋਗ ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ ਆਈ.ਏ.ਐਸ.ਜੀ. ਨੂੰ ਸੌਂਪਿਆ ਗਿਆ। ਡਿਪਟੀ ਕਮਿਸ਼ਨਰ ਵੱਲੋਂ ਜਥੇਬੰਦੀ ਦੇ ਆਗੂਆਂ ਨਾਲ ਮੰਗਾਂ ਬਾਰੇ ਵਿਸਥਾਰ ਪੂਰਵਕ ਚਰਚਾ ਕਰਨ ਉਪਰੰਤ ਸਹਿਮਤੀ ਜਤਾਉਂਦੇ ਹੋਏ ਸਿਫਾਰਸ਼ ਸਹਿਤ ਮੰਗ ਪੱਤਰ ਮੁੱਖ ਮੰਤਰੀ ਪੰਜਾਬ ਦੇ ਦਫਤਰ ਨੂੰ ਤੁਰੰਤ ਭੇਜਣ ਦੀ ਗੱਲ ਆਖੀ ਗਈ। ਇਸ ਮੌਕੇ ਸੂਬਾ ਚੇਅਰਮੈਨ ਰਘਬੀਰ ਸਿੰਘ ਬਡਵਾਲ, ਜ਼ਿਲ੍ਹਾ ਪ੍ਰਧਾਨ ਸਾਵਨ ਸਿੰਘ, ਜ਼ਿਲ੍ਹਾ ਜਨਰਲ ਸਕੱਤਰ ਗੁਰਜੀਤ ਸਿੰਘ ਰੰਧਾਵਾ ਤੇ ਮੈਨੂਅਲ ਨਾਹਰ, ਡੀਸੀ ਦਫਤਰ ਜ਼ਿਲ੍ਹਾ ਜਨਰਲ ਸਕੱਤਰ ਸਰਬਜੀਤ ਸਿੰਘ ਮੁਲਤਾਨੀ ਤੇ ਵਿਨੋਦ ਭਾਟੀਆ, ਹਰਪ੍ਰੀਤ ਸਿੰਘ ਹੈਪੀ, ਖ਼ਜ਼ਾਨਾ ਦਫ਼ਤਰ ਮਨਦੀਪ ਸਿੰਘ ਢਿੱਲੋਂ ਸਿਕੰਦਰ ਸਿੰਘ ਅੰਮ੍ਰਿਤਪਾਲ ਸਿੰਘ ਬਾਜਵਾ ਸੁਮਿਤ ਕੰਵਰ ਸਿੰਘ ਗੌਰਵਦੀਪ, ਪ੍ਰਭਜੋਤ ਸਿੰਘ ਭੂਮੀ ਰੱਖਿਆ ਦਫਤਰ ਤੇ ਲੋਕ ਨਿਰਮਾਣ ਵਿਭਾਗ ਤੋਂ ਰਵਿੰਦਰ ਕੁਮਾਰ, ਕਮਲਜੀਤ ਸਿੰਘ ਧਾਲੀਵਾਲ ਤੇ ਗੁਰਵਿੰਦਰ ਸਿੰਘ ਆਦਿ ਆਗੂ ਸ਼ਾਮਲ ਸਨ।

# ਜ਼ਿਲ੍ਹੇ 'ਚ 106 ਕਰੋੜ ਰੁਪਏ ਦੀ ਲਾਗਤ ਨਾਲ ਹੋਵੇਗਾ ਬਿਜਲੀ ਦੇ ਬੁਨਿਆਦੀ ਢਾਂਚੇ ਦਾ ਨਵੀਨੀਕਰਨ

## ☛ਪੰਜਾਬ ਰਾਜ ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਬੋਰਡ ਦੇ ਵਾਈਸ ਚੇਅਰਮੈਨ ਨੇ ਕਰਵਾਈ ਸ਼ੁਰੂਆਤ




ਨਵਾਂਸ਼ਹਿਰ, 9 ਅਕਤੂਬਰ (ਸੁਖਦੇਵ ਸਿੰਘ ਉੜਾਪੜ): ਪੰਜਾਬ ਸਰਕਾਰ ਵੱਲੋਂ ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹੇ ਵਿੱਚ ਬਿਜਲੀ ਦੇ ਬੁਨਿਆਦੀ ਢਾਂਚੇ ਦੀ ਮਜ਼ਬੂਤੀ, ਨਵੀਨੀਕਰਨ ਤੇ ਨਵੇਂ ਢਾਂਚੇ ਦੀ ਉਸਾਰੀ ਲਈ 106 ਕਰੋੜ ਰੁਪਏ ਦੀ ਲਾਗਤ ਨਾਲ ਪਾਵਰਕਾਮ ਨਾਲ ਸਬੰਧਤ ਵੱਖ-ਵੱਖ ਕੰਮ ਕਰਵਾਏ ਜਾਣਗੇ।ਪੰਜਾਬ ਰਾਜ ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਬੋਰਡ ਦੇ ਵਾਈਸ ਚੇਅਰਮੈਨ ਲਲਿਤ ਮੋਹਨ ਪਾਠਕ ਨੇ ਅੱਜ ਸਥਾਨਕ ਬੰਗਾ ਰੋਡ ਵਿਖੇ ਸਥਿਤ ਪਾਵਰਕਾਮ ਦੇ ਦਫ਼ਤਰ ਤੋਂ ਇਨ੍ਹਾਂ ਕੰਮਾਂ ਦੀ ਸ਼ੁਰੂਆਤ ਕਰਵਾਉਂਦਿਆਂ ਕਿਹਾ ਕਿ ਪੰਜਾਬ ਸਰਕਾਰ ਨੇ ਬਿਜਲੀ ਦੇ ਖੇਤਰ ਵਿੱਚ ਅਗਾਂਹਵਧੂ ਕਦਮ ਚੁੱਕੇ ਹਨ ਜਿਨ੍ਹਾਂ ਸਦਕਾ ਦੇਸ਼ ਵਿੱਚ ਬਿਜਲੀ ਖੇਤਰ ਨੂੰ ਨਵੀ ਮਜ਼ਬੂਤੀ ਮਿਲੀ ਹੈ।ਉਨ੍ਹਾਂ ਕਿਹਾ ਕਿ 106 ਕਰੋੜ ਰੁਪਏ ਦੀ ਲਾਗਤ ਵਾਲੇ ਕੰਮਾਂ ਦੇ ਮੁਕੰਮਲ ਹੋਣ ਨਾਲ ਜ਼ਿਲ੍ਹੇ ਵਿੱਚ ਬਿਜਲੀ ਸਪਲਾਈ ਹੋਰ ਸੁਚਾਰੂ ਹੋਵੇਗੀ।ਉਨ੍ਹਾਂ ਦੱਸਿਆ ਕਿ ਇਨ੍ਹਾਂ ਕਾਰਜਾਂ ਵਿਚ ਪਾਵਰਕਾਮ ਵੱਲੋਂ ਫੀਡਰ ਡੀਲੋਡਿੰਗ, 66 ਕੇ.ਵੀ. ਨਵੇਂ ਸਬ-ਸਟੇਸ਼ਨ, 66 ਕੇ.ਵੀ. ਨਵੀਆਂ ਲਾਈਨਾਂ ਆਦਿ ਮੁੱਖ ਤੌਰ 'ਤੇ ਸ਼ਾਮਲ ਹਨ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਬਿਜਲੀ ਮੰਤਰੀ ਸੰਜੀਵ ਅਰੋੜਾ ਦਾ ਪੰਜਾਬ ਨੂੰ ਬਿਜਲੀ ਕੱਟਾਂ ਤੋਂ ਮੁਕਤ ਕਰਨ ਦੇ ਕੰਮਾਂ ਦੀ ਸ਼ੁਰੂਆਤ ਲਈ ਧੰਨਵਾਦ ਕਰਦਿਆਂ ਲਲਿਤ ਮੋਹਨ ਪਾਠਕ ਨੇ ਕਿਹਾ ਕਿ ਸੂਬਾ ਸਰਕਾਰ ਨੇ ਇਹ ਕੰਮ ਸ਼ੁਰੂ ਕਰਵਾਕੇ ਬਿਜਲੀ ਖੇਤਰ ਵਿੱਚ ਇਤਿਹਾਸਕ ਪਹਿਲਕਦਮੀ ਕੀਤੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਬਿਜਲੀ ਕੱਟਾਂ ਤੋਂ ਮੁਕਤ ਕਰਨ ਲਈ ਕਰੀਬ 5000 ਕਰੋੜ ਰੁਪਏ ਦੇ ਪ੍ਰੋਜੈਕਟ ਨਾਲ ਬਿਜਲੀ ਨਾਲ ਸਬੰਧਤ ਸਮੁੱਚੇ ਨੈਟਵਰਕ ਦੀ ਕਾਇਆਕਲਪ ਹੋ ਜਾਵੇਗੀ ਕਿਉਂਕਿ ਬਿਜਲੀ ਖੇਤਰ ਵਿੱਚ ਲੋੜੀਂਦੇ ਸੁਧਾਰਾਂ ਲਈ ਵੱਡਾ ਨਿਵੇਸ਼ ਕੀਤਾ ਜਾ ਰਿਹਾ ਹੈ।ਇਸ ਮੌਕੇ ਮਾਰਕੀਟ ਕਮੇਟੀ ਦੇ ਚੇਅਰਮੈਨ ਗਗਨ ਅਗਨੀਹੋਤਰੀ, ਡਿਪਟੀ ਚੀਫ ਇੰਜੀਨੀਅਰ ਯੋਗੇਸ਼ ਕਪੂਰ, ਵਧੀਕ ਨਿਗਰਾਨ ਇੰਜੀਨੀਅਰ ਸੁਵਿਕਾਸ ਪਾਲ ਤੇ ਹੋਰ ਅਧਿਕਾਰੀ ਵੀ ਮੌਜੂਦ ਸਨ।

# ਬਲਾਕ ਗੁਰਦਾਸਪੁਰ 1 ਦੇ ਸੈਂਟਰ ਤਿੱਬੜ ਦੀਆਂ ਸਮੂਹ ਐਸ.ਐਮ.ਸੀ. ਕਮੇਟੀਆਂ ਦੀ ਟ੍ਰੇਨਿੰਗ ਕਰਵਾਈ

ਗੁਰਦਾਸਪੁਰ, 9 ਅਕਤੂਬਰ (ਸੰਧੂ/ਬਸਰਾ): ਸਕੂਲ ਸਿੱਖਿਆ ਵਿਭਾਗ ਪੰਜਾਬ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਮਾਣਯੋਗ ਜ਼ਿਲ੍ਹਾ ਸਿੱਖਿਆ ਅਫਸਰ ਪਰਮਜੀਤ ਤੇ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਗੁਰਇਕਬਾਲ ਸਿੰਘ ਗੁਰਾਇਆ ਦੀ ਯੋਗ ਅਗਵਾਈ ਹੇਠ ਬਲਾਕ ਗੁਰਦਾਸਪੁਰ 1 ਦੇ ਸੈਂਟਰ ਤਿੱਬੜ ਅਧੀਨ ਆਉਂਦੇ ਸਮੂਹ ਸਰਕਾਰੀ ਪ੍ਰਾਇਮਰੀ ਮਿਡਲ ਹਾਈ ਤੇ ਸੀਨੀਅਰ ਸੈਕੰਡਰੀ ਸਕੂਲਾਂ



ਦੀਆਂ ਐਸਐਮਸੀ ਕਮੇਟੀਆਂ ਦੀ ਟ੍ਰੇਨਿੰਗ-ਕਮ-ਵਰਕਸ਼ਾਪ ਸਰਕਾਰੀ ਸੀ.ਸੈ. ਸਕੂਲ ਤਿੱਬੜ ਵਿਖੇ ਕਰਵਾਈ ਗਈ।ਮੀਟਿੰਗ ਵਿੱਚ ਰਮਨ ਬਹਿਲ ਚੇਅਰਮੈਨ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਉਚੇਚੇ ਤੌਰ 'ਤੇ ਪਹੁੰਚੇ ਤੇ ਸਮੂਹ ਹਾਜ਼ਰ ਕਮੇਟੀ ਮੈਂਬਰਾਂ ਤੇ ਚੇਅਰਮੈਨਾਂ ਨੂੰ ਸੰਬੋਧਨ ਕਰਦੇ ਹੋਏ ਸਕੂਲ ਦੇ ਸਰਵਪੱਖੀ ਵਿਕਾਸ ਲਈ ਮਿਲ ਕੇ ਕੰਮ ਕਰਨ ਲਈ ਪ੍ਰੇਰਿਤ ਕੀਤਾ। ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਗੁਰਇਕਬਾਲ ਸਿੰਘ ਗੁਰਾਇਆ, ਅਸ਼ਵਨੀ ਕੁਮਾਰ ਕੋਆਰਡੀਨੇਟਰ ਸਿੱਖਿਆ ਕ੍ਰਾਂਤੀ ਹਲਕਾ ਗੁਰਦਾਸਪੁਰ ਵੱਲੋਂ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ ਗਈ।ਬਲਾਕ ਰਿਸੋਰਸ ਕੋਆਡੀਨੇਟਰ ਜਸਪਿੰਦਰ ਸਿੰਘ ਤੇ ਹਰਦੀਪ ਸਿੰਘ ਵੱਲੋਂ ਸਮੂਹ ਹਾਜ਼ਰ ਕਮੇਟੀ ਮੈਂਬਰਾਂ ਨੂੰ ਐਸਐਮਸੀ ਕਮੇਟੀ ਦੇ ਚੇਅਰਮੈਨ ਤੇ ਮੈਂਬਰਾਂ ਦੇ ਅਧਿਕਾਰਾਂ ਤੇ ਕਰਤਵਾਂ ਤੋਂ ਜਾਣੂ ਕਰਵਾਇਆ ਗਿਆ।ਸੈਂਟਰ ਮੁੱਖ ਅਧਿਆਪਕ ਪਰਮਜੀਤ ਸਿੰਘ ਵੱਲੋਂ ਸਮੂਹ ਪ੍ਰਬੰਧ ਵਧੀਆ ਢੰਗ ਨਾਲ ਕੀਤੇ ਗਏ ਸਨ।

# ਵਿਧਾਇਕ ਕਲਸੀ ਨੇ ਪਿੰਡਾਂ ਦੀ ਬਦਲੀ ਨੁਹਾਰ-ਪਿੰਡ ਪੈਰੋਸ਼ਾਹ ਤੋਂ ਸਤਕੋਹਾ ਵਿਖੇ ਸੜਕ ਬਣਾਉਣ ਦਾ ਕੀਤਾ ਉਦਘਾਟਨ



ਬਟਾਲਾ, 9 ਅਕਤੂਬਰ (ਬਲਵਿੰਦਰ ਸਿੰਘ ਪੰਜਗਰਾਈਂ/ਧੰਨਪਾਲ ਕਲਸੀ): ਪੰਜਾਬ ਦੇ ਕਾਰਜਕਾਰੀ ਪ੍ਰਧਾਨ ਤੇ ਵਿਧਾਇਕ ਅਮਨਸ਼ੇਰ ਸਿੰਘ ਕਲਸੀ ਵੱਲੋਂ ਬਟਾਲਾ ਵਿਧਾਨ ਸਭਾ ਹਲਕੇ ਅੰਦਰ ਕੀਤੇ ਜਾ ਰਹੇ ਵਿਕਾਸ ਕਾਰਜਾਂ ਦੀ ਮੁਹਿੰਮ ਤਹਿਤ ਪਿੰਡ ਪੈਰੋਸ਼ਾਹ ਤੋਂ ਸਤਕੋਹਾ ਵਾਸੀਆਂ ਦੀ ਚਿਰੋਕਣੀ ਮੰਗ ਪੂਰੀ ਕਰਦਿਆਂ ਸੜਕ ਬਣਾਉਣ ਦਾ ਨੀਂਹ ਪੱਥਰ ਪਿੰਡ ਦੇ ਮੋਹਤਬਰਾਂ ਦੀ ਹਾਜ਼ਰੀ ਵਿੱਚ ਰੱਖਿਆ।ਇਸ ਮੌਕੇ ਗੱਲ ਕਰਦਿਆਂ ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਲੋਕਾਂ ਦੇ ਸਰਬਪੱਖੀ ਵਿਕਾਸ ਤੇ ਭਲਾਈ ਸਕੀਮਾਂ ਦਾ ਲਾਭ ਪਾਰਦਰਸ਼ੀ ਢੰਗ ਨਾਲ ਦੇਣ ਲਈ ਵਚਨਬੱਧ ਹੈ ਤੇ ਵਿਕਾਸ ਕੰਮ ਤੇਜ਼ੀ ਨਾਲ ਕਰਵਾਏ ਜਾ ਰਹੇ ਹਨ।ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਕਰੀਬ ਸਾਢੇ ਤਿੰਨ ਕੁ ਸਾਲ ਦੇ ਕਾਰਜਕਾਲ ਦੌਰਾਨ ਹਰ ਵਰਗ ਦੇ ਹਿੱਤ ਵਿੱਚ ਇਤਿਹਾਸਕ ਫੈਸਲੇ ਲਏ ਹਨ ਤੇ ਲੋਕ ਭਲਾਈ ਸਕੀਮਾਂ ਦਾ ਲਾਭ ਹੇਠਲੇ ਪੱਧਰ ਤੱਕ ਪੁੱਜਦਾ ਕਰਨ ਨੂੰ ਯਕੀਨੀ ਬਣਾਇਆ ਗਿਆ ਹੈ।ਹਲਕਾ ਬਟਾਲਾ ਦੇ ਵਿਕਾਸ ਦੀ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਹਲਕੇ ਅੰਦਰ ਸਰਬਪੱਖੀ ਵਿਕਾਸ ਕੰਮ ਤੇਜ਼ੀ ਨਾਲ ਚੱਲ ਰਹੇ ਹਨ ਤੇ ਕਰੋੜਾਂ ਰੁਪਏ ਦੇ ਵਿਕਾਸ ਕੰਮ ਕਰਵਾਏ ਜਾ ਚੁੱਕੇ ਹਨ।ਬਟਾਲਾ ਸ਼ਹਿਰ ਦੀ ਵਿਕਾਸ ਪੱਖੋਂ ਨੁਹਾਰ ਬਦਲੀ ਜਾ ਰਹੀ ਹੈ, ਜਿਸ ਤਹਿਤ ਪਿੰਡਾਂ ਦੇ ਵਿੱਚ ਨੌਜਵਾਨਾਂ ਨੂੰ ਖੇਡਾਂ ਵੱਲ ਉਤਸ਼ਾਹਿਤ ਕਰਨ ਲਈ ਖੇਡ ਮੈਦਾਨ ਤਿਆਰ ਕੀਤੇ ਗਏ ਹਨ।ਪਿੰਡਾਂ ਵਿੱਚ ਸ਼ਾਨਦਾਰ ਪਾਰਕਾਂ ਦੀ ਉਸਾਰੀ ਕੀਤੀ ਗਈ ਹੈ।ਪਿੰਡਾਂ ਵਿੱਚ ਗੰਦੇ ਪਾਣੀ ਦੀ ਨਿਕਾਸੀ ਲਈ ਸੀਵਰੇਜ ਪਾਏ ਜਾ ਰਹੇ ਹਨ ਤੇ ਹਲਕੇ ਦੇ ਪਿੰਡਾਂ ਵਿੱਚ ਵਿਕਾਸ ਕਾਰਜ ਨਿਰੰਤਰ ਜਾਰੀ ਹਨ।ਇਸ ਮੌਕੇ ਮਨਦੀਪ ਸਿੰਘ ਗਿੱਲ ਜ਼ਿਲ੍ਹਾ ਯੂਥ ਪ੍ਰਧਾਨ ਗੁਰਦਾਸਪੁਰ, ਸਰਪੰਚ ਪੈਰੋਸ਼ਾਹ ਪ੍ਰਭਦੀਪਕ ਸਿੰਘ, ਸਰਪੰਚ ਸੁਚੇਤਗੜ੍ਹ ਹੈਪੀ, ਸਰਪੰਚ ਤਾਰਾਗੜ੍ਹ ਬਚਿੱਤਰ ਸਿੰਘ, ਰਣਜੀਤ ਸਿੰਘ ਮੌਜੂਦ ਸਨ।

# ਵਿਧਾਇਕ ਅਮਰਪਾਲ ਸਿੰਘ ਅੱਜ ਕਰਨਗੇ ਪਿੰਡਾਂ ਦੀਆਂ ਲਿੰਕ ਸੜਕਾਂ ਦੇ ਉਦਘਾਟਨ

ਬਟਾਲਾ/ਸ੍ਰੀ ਹਰਗੋਬਿੰਦਪੁਰ ਸਾਹਿਬ, 9 ਅਕਤੂਬਰ (ਡਾ. ਨਰਿੰਦਰ ਸਿੰਘ ਘੁਮਾਣ/ਜਗੀਰ ਸਿੰਘ ਮੰਡ/ਸੁਖ ਅੰਮ੍ਰਿਤ ਸਿੰਘ ਸੋਨੂੰ): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਸੂਬੇ ਦੇ ਪਿੰਡਾਂ ਦੇ ਵਿਕਾਸ ਕਾਰਜ ਲਈ ਸਫਲ ਉਪਰਾਲੇ ਕੀਤੇ ਹਨ, ਜਿਸ ਦੇ ਚੱਲਦਿਆਂ ਪਿੰਡਾਂ ਦੀਆਂ ਲਿੰਕ ਸੜਕਾਂ ਦੇ ਵਿਕਾਸ ਕੰਮ ਕਰਵਾਏ ਜਾ ਰਿਹੇ ਹਨ।ਇਸ ਮੌਕੇ ਜਾਣਕਾਰੀ ਦਿੰਦਿਆਂ ਪਰਮਬੀਰ ਸਿੰਘ ਰਾਣਾ ਸਲਾਹਕਾਰ ਵਿਧਾਇਕ ਸ੍ਰੀ ਹਰਗੋਬਿੰਦਪੁਰ ਸਾਹਿਬ ਨੇ ਦੱਸਿਆ ਕਿ 10 ਅਕਤੂਬਰ ਨੂੰ ਪਿੰਡ ਭੰਬੋਈ ਦੁਪਹਿਰ 12 ਵਜੇ, ਸ੍ਰੀ ਹਰਗੋਬਿੰਦਪੁਰ ਸਾਹਿਬ ਰੋਡ ਤੋਂ ਪਿੰਡ ਸੈਲੋਵਾਲ ਵਿਖੇ 1 ਵਜੇ, ਘੁਮਾਣ -ਭੱਟੀਵਾਲ ਤੋਂ ਬਟਾਲਾ ਸ੍ਰੀ ਹਰਗੋਬਿੰਦਪੁਰ ਸਾਹਿਬ ਰੋਡ 'ਤੇ ਦੁਪਹਿਰ 1.45, ਅੰਮ੍ਰਿਤਸਰ-ਸ੍ਰੀ ਹਰਗੋਬਿੰਦਪੁਰ ਸਾਹਿਬ ਰੋਡ ਤੋਂ ਵਾਇਆ ਗੁਰਦੁਆਰਾ ਤਪਿਆਣਾ ਸਾਹਿਬ ਡੇਰਾ ਬਾਬਾ ਜੈਮਲ ਸਿੰਘ ਘੁਮਾਣ ਦੁਪਹਿਰ 2.30 ਵਜੇ ਲਿੰਕ ਸੜਕਾਂ ਦੇ ਉਦਘਾਟਨ ਕੀਤੇ ਜਾਣਗੇ।ਉਨ੍ਹਾਂ ਅੱਗੇ ਕਿਹਾ ਕਿ ਵਿਧਾਇਕ ਐਡਵੋਕੇਟ ਅਮਰਪਾਲ ਸਿੰਘ ਕਿਸ਼ਨਕੋਟ ਦੀ ਅਗਵਾਈ ਹੇਠ ਹਲਕਾ ਸ੍ਰੀ ਹਰਗੋਬਿੰਦਪੁਰ ਸਾਹਿਬ ਵਿਖੇ ਸਰਬਪੱਖੀ ਵਿਕਾਸ ਕੰਮ ਤੇਜ਼ੀ ਨਾਲ ਚੱਲ ਰਹੇ ਹਨ।ਇਸ ਮੌਕੇ ਪੀਏ ਸੁਖਦੇਵ ਸਿੰਘ ਰੋਮੀ, ਪੀਏ ਰਾਜੂ ਭਿੰਡਰ, ਜ਼ਿਲ੍ਹਾ ਮੀਡੀਆ ਇੰਚਾਰਜ ਪਰਮਬੀਰ ਸਿੰਘ ਰਾਣਾ ਘੁਮਾਣ, ਜ਼ਿਲ੍ਹਾ ਜਨਰਲ ਸਕੱਤਰ ਬਲਜੀਤ ਸਿੰਘ ਜੋਨੀ ਘੁਮਾਣ, ਸੰਗਠਨ ਇੰਚਾਰਜ ਹਰਜਿੰਦਰ ਸਿੰਘ ਯਾਦਪੁਰ, ਬਲਾਕ ਪ੍ਰਧਾਨ ਜੱਜ ਸੰਦਲਪੁਰ, ਸੀਨੀਅਰ ਆਗੂ ਬਾਬਾ ਸੋਨੂੰ ਭੱਲਾ,



ਸੋਸ਼ਲ ਮੀਡੀਆ ਇੰਚਾਰਜ ਮੁਖਤਾਰ ਸਿੰਘ ਬੋਹਜਾ, ਸੋਸ਼ਲ ਮੀਡੀਆ ਇੰਚਾਰਜ ਸੁਖਦੇਵ ਸਿੰਘ ਸੱਖੋਵਾਲ, ਸਰਪੰਚ ਨਿਸ਼ਾਨ ਸਿੰਘ ਪਾਰਸ, ਸਰਪੰਚ ਬਲਜੀਤ ਸਿੰਘ ਪੇਜੋਚੱਕ, ਸਰਪੰਚ ਨਿਸ਼ਾਨ ਸਿੰਘ ਮੱਲ੍ਹੀ, ਬਲਾਕ ਪ੍ਰਧਾਨ ਨਰਿੰਦਰ ਸਿੰਘ ਰੰਧਾਵਾ, ਪ੍ਰਧਾਨ ਤਰਸੇਮ ਸਿੰਘ ਬਾਵਾ, ਗੁਰਪਾਲ ਸਿੰਘ ਕਾਕਾ ਉਧਨਵਾਲ, ਬਲਾਕ ਪ੍ਰਧਾਨ ਸਤਿੰਦਰ ਸਿੰਘ ਦਕੋਹਾ, ਸਰਪੰਚ ਨਿਰਵੈਰ ਸਿੰਘ ਦਕੋਹਾ, ਸਰਪੰਚ ਜੀਵਨ ਸਿੰਘ ਘੁਮਾਣ , ਹਲਕਾ ਮੀਡੀਆ ਇੰਚਾਰਜ ਸੂਬੇਦਾਰ ਨਰਿੰਦਰ ਸਿੰਘ ਰੰਗੜ-ਨੰਗਲ ਹਾਜ਼ਰ ਸਨ।

# ਹਰਮੀਤ ਸਿੰਘ ਕਾਲਕਾ ਨੇ ਡੇਰਾ ਬਾਬਾ ਨਾਨਕ ਪਹੁੰਚ ਕੇ ਹੜ੍ਹ ਪੀੜਤਾਂ ਨੂੰ ਵੰਡੀ ਰਾਹਤ ਸਮੱਗਰੀ

ਡੇਰਾ ਬਾਬਾ ਨਾਨਕ, 9 ਅਕਤੂਬਰ (ਹੈਪੀ ਕੋਟਲੀ): ਅੱਜ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਹਰਮੀਤ ਸਿੰਘ ਕਾਲਕਾ ਸਰਹੱਦੀ ਇਲਾਕੇ ਡੇਰਾ ਬਾਬਾ ਨਾਨਕ ਦੇ ਪਿੰਡ ਡੇਰਾ ਪਠਾਣਾਂ 'ਚ ਪਹੁੰਚੇ। ਇਸ ਮੌਕੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਵੱਲੋਂ ਪਿਛਲੇ ਰਾਵੀ ਦਰਿਆ 'ਚ ਆਏ



ਹੜ੍ਹਾਂ ਨੂੰ ਲੈ ਕੇ ਹੜ੍ਹ ਪ੍ਰਭਾਵਿਤ ਵੱਖ-ਵੱਖ ਪਿੰਡਾਂ ਦੇ ਲੋਕਾਂ ਨੂੰ ਰਾਹਤ ਸਮੱਗਰੀ ਵੰਡੀ ਗਈ ਗਈ। ਇਸ ਮੌਕੇ ਗੱਲਬਾਤ ਕਰਦਿਆਂ ਹਰਮੀਤ ਸਿੰਘ ਕਾਲਕਾ ਨੇ ਕਿਹਾ ਕਿ ਹੜ੍ਹਾਂ ਨੂੰ ਲੈ ਕੇ ਜਿਥੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ 'ਚ ਹੜ੍ਹ ਪੀੜਤ ਲੋਕਾਂ ਦੀ ਮਦਦ ਕਰ ਰਹੀ ਹੈ ਉਥੇ ਹੀ ਰਾਵੀ ਦਰਿਆ 'ਚ ਆਏ ਹੜ੍ਹਾਂ ਦੀ ਮਾਰ ਹੇਠ ਆਏ ਲੋਕਾਂ ਨੂੰ ਰਾਹਤ ਪਹੁੰਚਣ ਤੇ ਰਾਹਤ ਕੈਂਪਾ ਜ਼ਰੀਏ ਲੋਕਾਂ ਦੀ ਸਹਾਇਤਾ ਕੀਤੀ ਜਾ ਰਹੀ ਹੈ।ਉਨ੍ਹਾਂ ਕਿਹਾ ਕਿ ਡੇਰਾ ਬਾਬਾ ਨਾਨਕ ਦੇ ਪਿੰਡ ਡੇਰਾ ਪਠਾਣਾਂ ਵਿੱਚ ਲਗਾਇਆ ਇਹ ਪਹਿਲਾ ਕੈਂਪ ਸੀ ਜੋ 23 ਅਗਸਤ ਨੂੰ ਸ਼ੁਰੂ ਕੀਤਾ ਗਿਆ ਸੀ, ਇਹ ਕੈਂਪ ਅੱਜ ਵੀ ਚੱਲ ਰਿਹਾ ਹੈ ਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਰਕਰ ਵੱਲੋਂ ਵੱਖ-ਵੱਖ ਪਿੰਡਾਂ 'ਚ ਪਹੁੰਚ ਕੇ ਹੜ੍ਹ ਪੀੜਤ ਲੋਕਾਂ ਦੀਆਂ ਲਿਸਟਾਂ ਬਣਾਈਆਂ ਗਈਆਂ ਹਨ, ਉਸੇ ਤਹਿਤ ਅੱਜ ਜੋ ਰਾਹਤ ਸਮੱਗਰੀ ਵੰਡੀ ਜਾ ਰਹੀ ਹੈ।ਉਨ੍ਹਾਂ ਕਿਹਾ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਹ ਸੇਵਾ ਇਸੇ ਤਰ੍ਹਾਂ ਜਾਰੀ ਰਹੇਗੀ।ਇਸ ਦੇ ਨਾਲ ਹਰਮੀਤ ਸਿੰਘ ਕਾਲਕਾ ਨੇ ਕਿਹਾ ਕਿ ਜਲਦ ਹੀ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਹੜ੍ਹ ਦੇ ਪਾਣੀ ਨਾਲ ਨਸ਼ਟ ਹੋਈ ਹਜ਼ਾਰਾਂ ਏਕੜ ਝੋਨੇ ਦੀ ਫ਼ਸਲ ਵਾਲੀਆਂ ਜ਼ਮੀਨਾਂ ਪੱਧਰਾਂ ਕਰਨ ਲਈ ਡੀਜ਼ਲ ਤੇ ਕਣਕ ਦੇ ਬੀਜਾਂ ਦਾ ਪ੍ਰਬੰਧ ਕੀਤਾ ਜਾਵੇਗਾ।ਉਨ੍ਹਾਂ ਕਿਹਾ ਕਿ ਹੜ੍ਹ ਪੀੜਤ ਲੋਕਾਂ ਮਦਦ ਕਰਨ ਲਈ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਹਰ ਸੰਭਵ ਉਪਰਾਲੇ ਕਰੇਗੀ।ਇਸ ਮੌਕੇ ਜਗਦੀਪ ਸਿੰਘ ਕਾਹਲੋਂ ਜਨਰਲ ਸਕੱਤਰ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਮਨਜੀਤ ਸਿੰਘ ਭੋਮਾ ਚੇਅਰਮੈਨ ਧਰਮ ਪ੍ਰਚਾਰ ਕਮੇਟੀ ਪੰਜਾਬ, ਭੁਪਿੰਦਰ ਸਿੰਘ ਭੁੱਲਰ, ਗਰਮੀਤ ਸਿੰਘ ਭਾਟੀਆ, ਮਨਪ੍ਰੀਤ ਸਿੰਘ ਢਿੱਲੋਂ, ਮਲਕੀਤ ਸਿੰਘ ਮੰਨਾ ਨਾਗਰਾ, ਸ਼ਰਨਜੀਤ ਸਿੰਘ, ਸੁਖਵਿੰਦਰ ਸਿੰਘ ਮੱਲ੍ਹੀ, ਹਰਭੇਜ ਸਿੰਘ ਭੇਜਾ ਇਸ ਪਿੰਡ ਡੇਰਾ ਪਠਾਣਾਂ ਦੇ ਸਰਪੰਚ ਬੂਟਾ ਸਿੰਘ ਵੱਲੋਂ ਆਏ ਹੋਏ ਸਮੂਹ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰਾਂ ਦਾ ਧੰਨਵਾਦ ਕੀਤਾ ਗਿਆ।

# ਸ਼ਰਾਰਤੀ ਅਨਸਰਾਂ ਵੱਲੋਂ ਸੋਸ਼ਲ ਮੀਡੀਆ ਰਾਹੀਂ ਸਿੱਖ ਪ੍ਰੰਪਰਾਵਾਂ ਨੂੰ ਢਾਹ ਲਗਾਈ ਜਾ ਰਹੀ, ਜਿਸ ਨੂੰ ਰੋਕਿਆ ਜਾਣਾ ਜ਼ਰੂਰੀ: ਭਾਈ ਪੀਰਮੁਹੰਮਦ



ਹਰਚੋਵਾਲ/ਸ੍ਰੀ ਹਰਗੋਬਿੰਦਪੁਰ, 9 ਅਕਤੂਬਰ (ਡਾ.ਨਰਿੰਦਰ ਸਿੰਘ ਘੁਮਾਣ/ਜਗੀਰ ਸਿੰਘ ਮੰਡ): ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਮੁੱਖ ਬੁਲਾਰੇ ਤੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਸਰਪ੍ਰਸਤ ਪ੍ਰਧਾਨ ਭਾਈ ਕਰਨੈਲ ਸਿੰਘ ਪੀਰਮੁਹੰਮਦ ਨੇ ਅੱਜ ਪੱਤਰਕਾਰ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਅੱਜ ਪੰਥ ਦੀ ਚੜ੍ਹਦੀਕਲਾ ਲਈ ਅੱਗੇ ਆਉਣਾ ਚਾਹੀਦਾ ਹੈ।ਕੁਝ ਸ਼ਰਾਰਤੀ ਅਨਸਰਾਂ ਵੱਲੋਂ ਸੋਸ਼ਲ ਮੀਡੀਆ ਰਾਹੀਂ ਸਿੱਖ ਪ੍ਰੰਪਰਾਵਾਂ ਤੇ ਇਤਿਹਾਸਕ ਸਥਾਨਾਂ ਨੂੰ ਢਾਹ ਲਗਾਈ ਜਾ ਰਹੀ ਹੈ, ਜਿਸ ਨੂੰ ਰੋਕਿਆ ਜਾਣਾ ਜ਼ਰੂਰੀ ਹੈ, ਪਿਛਲੇ ਸਮੇਂ ਤੋਂ ਸਿੱਖ ਧਰਮ ਨਾਲ ਜੁੜੀਆਂ ਇਤਿਹਾਸਕ ਸਥਾਨਾਂ ਨਾਲ ਕੁਝ ਸ਼ਰਾਰਤੀ ਅਨਸਰਾਂ ਵੱਲੋਂ ਛੇੜਛਾੜ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਇਨ੍ਹਾਂ ਨੂੰ ਰੁਕਿਆ ਜਾਵੇ।ਸਿੱਖੀ ਦਾ ਇਤਿਹਾਸ ਗੁਰੂ ਨਾਨਕ, ਪਹਿਲੇ ਗੁਰੂ ਵੱਲੋਂ ਪੰਦਰਵੀਂ ਸਦੀ ਵਿੱਚ ਦੱਖਣੀ ਏਸ਼ੀਆ ਦੇ ਪੰਜਾਬ ਖੇਤਰ ਵਿਖੇ ਆਗਾਜ਼ ਹੋਇਆ।ਇਸਦੀਆਂ ਧਾਰਮਿਕ ਤੇ ਕੌਮੀ ਰਸਮਾਂ-ਰੀਤਾਂ ਨੂੰ ਗੁਰੂ ਗੋਬਿੰਦ ਸਿੰਘ ਨੇ 30 ਮਾਰਚ 1699 ਵਾਲੇ ਦਿਨ ਸਰਲ ਕੀਤਾ।ਵੱਖ ਜਾਤੀਆਂ ਤੇ ਪਿਛੋਕੜ ਵਾਲੇ ਆਮ ਸਧਾਰਨ ਇਨਸਾਨਾਂ ਨੂੰ ਖੰਡੇ ਦੀ ਪਾਹੁਲ ਦਾ ਅੰਮ੍ਰਿਤ ਛਕਾ ਕੇ ਖਾਲਸਾ ਸਜਾਇਆ।ਇਸ ਲਈ ਸਿੱਖ ਕੌਮ ਨੂੰ ਢਾਹ ਲਗਾਉਣ ਵਾਲੇ ਅਨਸਰ ਜੇਕਰ ਆਪਣੀਆਂ ਹਰਕਤਾਂ ਤੋਂ ਬਾਜ਼ ਨਾ ਆਏ ਤਾਂ ਖ਼ਾਲਸਾ ਪੰਥ ਆਪਣੇ ਤਰੀਕੇ ਨਾਲ ਇਨ੍ਹਾਂ ਲੋਕਾਂ ਨਾਲ ਨਿਪਟੇਗਾ, ਉਹ ਅੱਜ ਜ਼ਿਲ੍ਹਾ ਗੁਰਦਾਸਪੁਰ ਵਿਖੇ ਕਵਲਜੀਤ ਸਿੰਘ ਬਿੱਟਾ ਦੀ ਮਾਤਾ ਬੀਬੀ ਅਵਤਾਰ ਕੌਰ ਜੀ ਦੇ ਅੰਤਿਮ ਅਰਦਾਸ ਵਿੱਚ ਪਰਿਵਾਰ ਨਾਲ ਦੁੱਖ ਦੀ ਘੜੀ ਵਿਚ ਸ਼ਰੀਕ ਹੋਣ ਲਈ ਪਹੁੰਚੇ ਹੋਏ ਸਨ। ਇਸ ਮੌਕੇ ਉਨ੍ਹਾਂ ਨਾਲ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਸਰਪ੍ਰਸਤ ਤੇ ਮੁੱਖ ਬੁਲਾਰਾ ਸ਼੍ਰੋਮਣੀ ਅਕਾਲੀ ਦਲ ਜਥੇਦਾਰ ਕਰਨੈਲ ਸਿੰਘ ਪੀਰਮੁਹੰਮਦ, ਉਨ੍ਹਾਂ ਦੀ ਧਰਮ ਪਤਨੀ ਸੁਖਵਿੰਦਰ ਕੌਰ, ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਜਨਰਲ ਸਕੱਤਰ ਤੇ ਸਮਾਜ ਸੇਵੀ ਆਗੂ ਭਾਈ ਗਗਨਦੀਪ ਸਿੰਘ ਰਿਆੜ, ਸੀਨੀਅਰ ਆਗੂ ਭਾਈ ਸੁਖਵਿੰਦਰ ਸਿੰਘ ਪਾਹੜਾ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।ਇਸ ਮੌਕੇ 'ਤੇ ਕੰਵਲਜੀਤ ਸਿੰਘ ਬਿੱਟਾ ਦੇ ਪਰਿਵਾਰ ਨਾਲ ਹਮਦਰਦੀ ਪ੍ਰਗਟ ਕਰਨ ਵਾਲਿਆਂ ਵਿੱਚ ਮਹਾਨ ਸ਼ਖ਼ਸੀਅਤ ਵਿਚੋਂ ਰਿੰਦਰਮੀਤ ਸਿੰਘ ਪਾਹੜਾ, ਵਿਧਾਇਕ ਗੁਰਦਾਸਪੁਰ, ਰਮਨ ਬਹਿਲ ਚੇਅਰਮੈਨ ਹੈਲਥ ਕਾਰਪੋਰੇਸ਼ਨ, ਗੁਰਿੰਦਰ ਸਿੰਘ ਬਾਜਵਾ (ਕਰਤਾਰਪੁਰ ਦਰਸ਼ਨ ਅਭਿਲਾਖੀ ਸੰਸਥਾ), ਬੀਬੀ ਪ੍ਰੀਤਮ ਕੌਰ ਆਦਿ ਹਾਜ਼ਰ ਸਨ।

# ਵਿਦਿਆਰਥੀ ਪਹੁੰਚੇ ਫਾਇਰ ਬ੍ਰਿਗੇਡ ਸਟੇਸ਼ਨ 'ਤੇ ਸਿੱਖੇ ਅੱਗ ਤੋਂ ਬਚਾਅ ਦੇ ਗੁਰ

ਬਟਾਲਾ, 9 ਅਕਤੂਬਰ (ਬਲਵਿੰਦਰ ਸਿੰਘ ਪੰਜਗਰਾਈਂ/ਧੰਨਪਾਲ ਕਲਸੀ): ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਪ੍ਰਿੰਸੀਪਲ ਮੀਨਾ, ਸਰਕਾਰੀ



ਸੀਨੀਅਰ ਸੈਕੰਡਰੀ ਸਕੂਲ (ਲੜਕੇ) ਫਤਹਿਗੜ੍ਹ ਚੂੜੀਆਂ ਦੇ ਦਿਸ਼ਾ-ਨਿਰਦੇਸ਼ਾਂ 'ਚ ਵਕੇਸ਼ਨਲ ਟ੍ਰੇਨਰ ਬਲਦੇਵ ਸਿੰਘ, ਜਗਰੂਪ ਸਿੰਘ, ਗੁਰਿੰਦਰ ਸਿੰਘ ਦੇ ਨਾਲ ਐਨ.ਐਸ.ਕਿਊ.ਐਫ. ਦੇ 100 ਵਿਦਿਆਰਥੀ ਸਟੇਸ਼ਨ ਫਾਇਰ ਬ੍ਰਿਗੇਡ ਬਟਾਲਾ ਵਿਖੇ ਅੱਗ ਤੋਂ ਬਚਾਅ ਸਬੰਧੀ ਗੁਰ ਸਿੱਖਣ ਲਈ ਪਹੁੰਚੇ।ਇਸ ਮੌਕੇ ਸਟੇਸ਼ਨ ਇੰਚਾਰਜ ਨੀਰਜ ਸ਼ਰਮਾ ਦੇ ਦਿਸ਼ਾ-ਨਿਰਦੇਸ਼ਾਂ ਵਿੱਚ ਫਾਇਰ ਅਫ਼ਸਰ ਰਾਕੇਸ਼ ਸ਼ਰਮਾ ਹਰਬਖ਼ਸ਼ ਸਿੰਘ ਸਿਵਲ ਡਿਫੈਂਸ, ਲਵਪ੍ਰੀਤ ਸਿੰਘ ਤੇ ਵਰਿੰਦਰ ਵੱਲੋਂ ਜਾਗਰੂਕ ਕੀਤਾ ਗਿਆ।ਸਭ ਤੋਂ ਪਹਿਲਾਂ ਕੰਟਰੋਲ ਰੂਮ ਬਾਰੇ ਦੱਸਦੇ ਹੋਏ ਫਾਇਰ ਕਾਲ ਕਰਨ 'ਤੇ ਫਾਇਰ ਟੈਂਡਰਾਂ ਬਾਰੇ ਜਾਣਕਾਰੀ ਦਿੱਤੀ।ਉਪਰੰਤ ਵੱਖ-ਵੱਖ ਅੱਗਾਂ ਦੀਆਂ ਕਿਸਮਾਂ ਬਾਰੇ ਜਾਣਕਾਰੀ ਦਿੰਦੇ ਹੋਏ ਇਸ ਦੀ ਰੋਕਥਾਮ ਦੇ ਗੁਰਾਂ ਬਾਰੇ ਦੱਸਿਆ।ਇਸ ਤੋਂ ਅੱਗੇ ਦੀਵਾਲੀ ਮੌਕੇ ਬਾਹਰ ਖੇਤਾਂ ਵਿੱਚ ਪਰਾਲੀ ਨੂੰ ਜਾਂ ਕਿਸੇ ਵੀ ਹੋਰ ਜਲਣਸ਼ੀਲ ਨੂੰ ਅੱਗ ਨਾ ਲੱਗੇ ਪੂਰਾ ਧਿਆਨ ਰੱਖਿਆ ਜਾਵੇ। ਕਿਸੇ ਵੀ ਹੰਗਾਮੀ ਹਾਲਤਾਂ ਵਿਚ ਰਾਸ਼ਟਰੀ ਸਹਾਇਤਾ ਨੰਬਰ 112 'ਤੇ ਕਾਲ ਕਰੋ।

# ਖ਼ਾਲਸਾ ਏਡ ਵੱਲੋਂ ਹੜ੍ਹ ਪੀੜਤਾਂ ਦੀ ਕੀਤੀ ਗਈ ਮਦਦ ਲਈ ਡਾ. ਕੇ.ਜੇ. ਸਿੰਘ ਵੱਲੋਂ ਧੰਨਵਾਦ




ਘੁਮਾਣ/ਸ੍ਰੀ ਹਰਗੋਬਿੰਦਪੁਰ ਸਾਹਿਬ, 9 ਅਕਤੂਬਰ (ਡਾ. ਨਰਿੰਦਰ ਸਿੰਘ ਘੁਮਾਣ/ਜਗੀਰ ਸਿੰਘ ਮੰਡ): ਪਿਛਲੇ ਦਿਨਾਂ ਵਿੱਚ ਪੰਜਾਬ ਦੇ ਬਾਰਡਰ ਏਰੀਆ ਜ਼ਿਲ੍ਹਾ ਗੁਰਦਾਸਪੁਰ ਦੇ ਰਾਵੀ ਦਰਿਆ ਦੀ ਹੜ੍ਹ ਆਉਣ ਕਰਕੇ ਬਹੁਤ ਨੁਕਸਾਨ ਹੋਇਆ ਸੀ।ਵੱਖ-ਵੱਖ ਜਥੇਬੰਦੀਆਂ, ਸਮਾਜ ਸੇਵੀ ਸੰਸਥਾਵਾਂ, ਐਨਆਰਆਈ ਭਰਾਵਾਂ ਤੇ ਸਰਕਾਰ ਵੱਲੋਂ ਲੋਕਾਂ ਦੀ ਮਦਦ ਕੀਤੀ ਜਾ ਰਹੀ ਹੈ।ਖ਼ਾਲਸਾ ਏਡ ਵੀ ਇਸੇ ਤਰ੍ਹਾਂ ਹੀ ਇਸ ਇਲਾਕੇ ਵਿੱਚ ਸਰਗਰਮ ਹੈ। ਉਨ੍ਹਾਂ ਨੇ ਬਹੁਤ ਸੇਵਾ ਕਰਕੇ ਲੋਕਾਂ ਦੀ ਮਦਦ ਕੀਤੀ ਹੈ।ਅੱਜ ਖ਼ਾਲਸਾ ਏਡ ਵੱਲੋਂ ਅਨੋਖਾ ਉਪਰਾਲਾ 'ਮੁੜ ਵਸੇਬਾ 2025' ਤਹਿਤ ਦੁਧਾਰੂ ਪਸ਼ੂਆਂ ਤੇ ਜ਼ਰੂਰਤਮੰਦ ਘਰ ਦਾ ਸਮਾਨ 42 ਗ੍ਰੰਥੀ ਸਿੰਘਾਂ ਨੂੰ ਘਰ ਦਾ ਸਮਾਨ ਤੇ ਮੱਝਾਂ ਗਾਵਾਂ ਦਿੱਤੀਆਂ ਗਈਆਂ ਹਨ।ਘਰ ਦੇ ਸਮਾਨ ਵਿੱਚ ਫੋਲਡਿੰਗ ਬੈਡ, ਗੱਦੇ, ਚੱਦਰ, ਕੰਬਲ, ਗੈਸ ਚੁੱਲੇ, ਬਾਈਪਰ ਝਾੜੂ, ਘਰ ਦੇ ਵਿੱਚ ਜ਼ਰੂਰਤ ਦੀਆਂ ਹੋਰ ਸਾਰੀਆਂ ਰਸੋਈ ਵਿੱਚ ਵਰਤੀਆਂ ਜਾਣ ਵਾਲੀਆਂ ਚੀਜ਼ਾਂ ਤੇ ਕਣਕ ਦਿੱਤੀ ਗਈ।ਜੋ ਕਿ ਬਹੁਤ ਵਧੀਆ ਉਪਰਾਲਾ ਹੈ। ਬਹੁਤ ਚੰਗਾ ਲੱਗਾ ਕਿ ਖ਼ਾਲਸਾ ਏਡ ਵਾਲੇ ਆਪਣੇ ਇਨ੍ਹਾਂ ਭਰਾਵਾਂ ਦੀ ਮਦਦ ਕਰ ਰਹੇ ਹਨ।ਵੈਸੇ ਵੀ ਤੁਸੀਂ ਸਾਰੇ ਜਾਣਦੇ ਹੋ ਕਿ ਖ਼ਾਲਸਾ ਐਡ ਪੂਰੇ ਸੰਸਾਰ ਦੇ ਵਿੱਚ ਜਾਣੀ ਜਾਂਦੀ ਹੈ, ਜਿੱਥੇ ਕਦੀ ਵੀ ਕਿਸੇ ਨੂੰ ਤ੍ਰਾਸ਼ਦੀ ਦਾ ਸਾਹਮਣਾ ਕੁਦਰਤੀ ਆਫਤ ਦਾ ਸਾਹਮਣਾ ਕਰਨਾ ਪੈਂਦਾ ਹੈ ਤਾਂ ਖ਼ਾਲਸਾ ਏਡ ਵਾਲੇ ਸਭ ਤੋਂ ਪਹਿਲਾਂ ਪਹੁੰਚਦੇ ਹਨ। ਡਾ. ਕੇਜੇ ਸਿੰਘ ਨੇ ਕਿਹਾ ਕਿ ਮੈਂ ਵੀ ਆਈ.ਐਮ.ਏ ਬਟਾਲਾ ਤੇ ਵਾਇਸ ਆਫ ਬਟਾਲਾ ਦਾ ਨੁਮਾਇੰਦਾ ਹੋਣ ਕਰਕੇ ਟੀਮ ਦੇ ਨਾਲ ਹਾਜ਼ਰੀ ਭਰੀ ਤੇ ਸੰਗਤ ਤੋਂ ਆਸ਼ੀਰਵਾਦ ਪ੍ਰਾਪਤ ਕੀਤਾ। ਮੈਂ ਬਹੁਤ ਧੰਨਵਾਦ ਕਰਦਾ ਹਾਂ ਦਲਜੀਤ ਸਿੰਘ ਕਾਹਲੋਂ ਇੰਚਾਰਜ ਖ਼ਾਲਸਾ ਏਡ ਟੀਮ ਜ਼ਿਲ੍ਹਾ ਗੁਰਦਾਸਪੁਰ ਜਿਨ੍ਹਾਂ ਦੀ ਸਾਰੀ ਟੀਮ ਲੰਬੇ ਸਮੇਂ ਤੋਂ ਹੜ੍ਹ ਪ੍ਰਭਾਵਿਤ ਇਲਾਕੇ ਦੀ ਸੇਵਾ ਕਰ ਰਹੇ ਹਨ, ਅਣਥੱਕ ਮਿਹਨਤ ਕਰ ਰਹੇ ਹਨ।ਅੱਜ ਦਾ ਇਹ ਮੁੜ ਵਸੇਬਾ ਪ੍ਰੋਗਰਾਮ ਕਰਕੇ ਉਨ੍ਹਾਂ ਨੇ ਇੱਕ ਵਾਰੀ ਫਿਰ ਵੱਡੀ ਸੇਵਾ ਹੜ੍ਹ ਪ੍ਰਭਾਵਿਤ ਲੋਕਾਂ ਦੀ ਕੀਤੀ ਹੈ।ਡਾ. ਕੇਜੇ ਸਿੰਘ ਵੱਲੋਂ ਵਾਹਿਗੁਰੂ ਦੇ ਚਰਨਾਂ ਵਿੱਚ ਅਰਦਾਸ ਕੀਤੀ ਕਿ ਵਾਹਿਗੁਰੂ ਸਾਰੀ ਟੀਮ ਨੂੰ, ਖ਼ਾਲਸਾ ਏਡ ਨੂੰ ਹਮੇਸ਼ਾ ਚੜ੍ਹਦੀਆਂ ਕਲਾ ਵਿੱਚ ਰੱਖਣ।

# ਸ਼ੀਤਲਾ ਮਾਤਾ ਮੰਦਰ ਕਮੇਟੀ ਵੱਲੋਂ ਸੁੱਚਾ ਸਿੰਘ ਲੰਗਾਹ ਦਾ ਸਨਮਾਨ

ਡੇਰਾ ਬਾਬਾ ਨਾਨਕ, 9 ਅਕਤੂਬਰ (ਹੈਪੀ ਕੋਟਲੀ): ਸਥਾਨਕ ਕਸਬੇ ਦੀ ਦਾਨਾ ਮੰਡੀ ਸਥਿਤ ਪੁਰਾਤਨ ਸ਼ੀਤਲਾ ਮਾਤਾ ਮੰਦਰ ਵਿਖੇ ਵੈਸ਼ਨੋ ਭਜਨ ਮੰਡਲੀ ਸ਼ੀਤਲਾ ਵੈਲਫੇਅਰ ਲੋਕ ਹਿੱਤ ਸੁਸਾਇਟੀ ਰਜਿ. ਡੇਰਾ ਬਾਬਾ ਨਾਨਕ ਵੱਲੋਂ ਹਰ ਸਾਲ ਦੀ ਤਰ੍ਹਾਂ ਬੀਤੇ ਕੱਲ੍ਹ 54ਵਾਂ ਸਾਲਾਨਾ ਜਾਗਰਣ ਤੇ ਭੰਡਾਰਾ ਕਰਵਾਇਆ ਗਿਆ।ਇਸ ਮੌਕੇ ਦੁਪਹਿਰ ਨੂੰ ਪਹਿਲਾਂ ਤੋਂ ਰੱਖੇ ਸ੍ਰੀ ਰਾਮਾਇਣ ਜੀ ਦੇ ਪਾਠ ਦੇ ਭੋਗ ਪਾਏ ਗਏ, ਉਪਰੰਤ ਮਹਿਲਾ ਕੀਰਤਨ ਮੰਡਲੀ ਵੱਲੋਂ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਇਸ ਧਾਰਮਿਕ ਸਮਾਗਮ ਮੌਕੇ ਵਿਸ਼ੇਸ਼ ਤੌਰ 'ਤੇ ਪਹੁੰਚੇ ਸਾਬਕਾ ਖੇਤੀਬਾੜੀ ਮੰਤਰੀ ਜਥੇਦਾਰ ਸੁੱਚਾ ਸਿੰਘ ਲੰਗਾਹ ਨੂੰ ਮੰਦਰ ਦੇ ਮੁੱਖ ਪੁਜਾਰੀ ਪੰਡਿਤ ਬ੍ਰਹਵਨ ਸ਼ਾਸਤਰੀ ਦੀ ਅਗਵਾਈ ਵਿੱਚ ਮੰਦਰ ਕਮੇਟੀ ਵੱਲੋਂ ਮਾਤਾ ਰਾਣੀ ਦੀ ਲਾਲ ਚੁੰਨੀ ਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ।ਇਸ ਮੌਕੇ ਜਥੇਦਾਰ ਸੁੱਚਾ ਸਿੰਘ ਲੰਗਾਹ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਸਾਲਾਨਾ ਜਾਗਰਣ ਦੀ ਵਧਾਈ ਦਿੱਤੀ ਤੇ ਕਿਹਾ ਕਿ ਸਾਨੂੰ



ਆਪਣੇ ਦੇਵੀ-ਦੇਵਤਿਆਂ ਦੇ ਸਾਲਾਨਾ ਧਾਰਮਿਕ ਸਮਾਗਮ ਰਲ-ਮਿਲ ਕੇ ਮਨਾਉਣੇ ਚਾਹੀਦੇ ਹਨ।ਇਸ ਮੌਕੇ ਸੰਗਤਾਂ ਲਈ ਲੰਗਰ ਭੰਡਾਰਾ ਅਤੁੱਟ ਵਰਤਾਇਆ ਗਿਆ।ਪ੍ਰਬੰਧਕਾਂ ਵੱਲੋਂ ਰਾਤ ਨੂੰ ਮਹਾਂਰਾਣੀ ਦਾ ਜਾਗਰਣ ਸ਼ਰਧਾ ਤੇ ਉਤਸ਼ਾਹ ਨਾਲ ਕਰਵਾਇਆ ਗਿਆ।ਇਸ ਮੌਕੇ ਪੀਏ ਤੇਜਬੀਰ ਸਿੰਘ ਪੱਡਾ, ਹਰਸਿਮਰਤ ਸਿੰਘ ਬਾਜਵਾ ਵੇਰੋਕੇ, ਸਤਨਾਮ ਸਿੰਘ ਪਟਵਾਰੀ, ਗੁਰਪ੍ਰੀਤ ਸਿੰਘ ਬਾਦਲ, ਗੁਰਜਿੰਦਰ ਸਿੰਘ ਅਠਵਾਲ, ਜੋਤੀ ਸ਼ਿਕਾਰ ਮਾਛੀਆਂ, ਅਸ਼ੋਕ ਮਾਹਲਾਂ, ਸੁਖਵਿੰਦਰ ਸਿੰਘ ਲੋਪਾ, ਕੁਲਬੀਰ ਸਿੰਘ ਰਿਆੜ, ਮਨਜੀਤ ਸਿੰਘ, ਰਣਜੀਤ ਸਿੰਘ, ਸੁਖਚੈਨ ਸਿੰਘ, ਜੋਗਾ ਸਿੰਘ ਮਾਨ, ਜੱਗਾ ਤਲਵੰਡੀ ਗੋਰਾਇਆ, ਸਰਪ੍ਰਸਤ ਰਵਿੰਦਰ ਸਿੰਘ ਬੇਦੀ, ਸਰਪ੍ਰਸਤ ਅਸ਼ੋਕ ਕੁਮਾਰ ਮਹਿਰਾ, ਪ੍ਰਧਾਨ ਨਰਿੰਦਰ ਕੁਮਾਰ, ਹਰਸਿਮਰਤ ਸਿੰਘ ਬਾਜਵਾ ਵੇਰੋਕੇ, ਮਾਸਟਰ ਦਵਿੰਦਰ ਕੁਮਾਰ, ਮਾਸਟਰ ਸੰਜੀਵ ਸਰਨਾ, ਨੀਰਜ ਕੁਮਾਰ ਟਿੰਕੂ, ਨਰੇਸ਼ ਕੁਮਾਰ, ਸੋਨੂੰ ਫੋਟੋਗ੍ਰਾਫਰ, ਮੂਲ ਰਾਜ ਭੱਟੀ, ਬੋਧ ਰਾਜ, ਰਮਨਦੀਪ ਸਿੰਘ ਬੇਦੀ, ਕਰਨਦੀਪ, ਸੁਮਿਤ ਅਰੋੜਾ, ਗੁਰਮੁੱਖ ਸਿੰਘ ਫੌਜੀ ਮਸ਼ਰਾਲਾ, ਕੇਤਨ ਕੁਮਾਰ, ਅਭਿ ਕੁਮਾਰ ਹਾਜ਼ਰ ਸਨ।

# ਪਿੰਡ ਆਲੂਵਾਲ, ਤੈਂਗੜਪੁਰ ਤੇ ਚਰਾਣ ਵਿਖੇ ਕਿਸਾਨਾਂ ਨੂੰ ਪਰਾਲੀ ਨੂੰ ਅੱਗ ਨਾ ਲਗਾਉਣ ਸਬੰਧੀ ਕੀਤਾ ਜਾਗਰੂਕ

ਨਵਾਂਸ਼ਹਿਰ, 9 ਅਕਤੂਬਰ (ਸੁਖਦੇਵ ਸਿੰਘ ਉੜਾਪੜ): ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਤੇ ਜ਼ਿਲ੍ਹਾ ਪ੍ਰੋਗਰਾਮ ਅਫਸਰ-ਕਮ-ਕਲੱਸਟਰ ਅਫਸਰ ਜਗਰੂਪ ਸਿੰਘ ਦੀ ਅਗਵਾਈ ਹੇਠ ਬਣਾਈ ਗਈ ਟੀਮ ਵੱਲੋਂ ਪਿੰਡ ਆਲੂਵਾਲ, ਤੈਂਗੜਪੁਰ ਤੇ ਚਰਾਣ ਵਿਖੇ ਲੋਕਾਂ ਤੇ ਕਿਸਾਨਾਂ ਨੂੰ ਪਰਾਲੀ ਦੀ ਸਾਂਭ-ਸੰਭਾਲ ਕਰਨ ਲਈ ਜਾਗਰੂਕਤਾ ਕੈਂਪ ਲਗਾਇਆ ਗਿਆ। ਟੀਮ ਵਿੱਚ ਸ਼ਾਮਲ ਸੂਪਰੀਆ ਠਾਕੁਰ ਜ਼ਿਲ੍ਹਾ ਮਿਸ਼ਨ ਕੋਆਰਡੀਨੇਟਰ, ਨਰੇਸ਼ ਕੁਮਾਰ ਚਾਈਲਡ ਲਾਈਨ ਸੁਪਰਵਾਈਜ਼ਰ ਤੇ ਕਾਜਲ ਡਾਟਾ ਐਂਟਰੀ ਆਪਰੇਟਰ ਵੱਲੋਂ ਸਰਪੰਚ ਤੇ ਪੰਚ ਕੋਲੋਂ ਪਿੰਡ ਦੇ ਗੁਰੂਘਰ ਵਿੱਚ ਅਨਾਊਂਸਮੈਂਟ ਕਰਵਾ ਕੇ ਪਿੰਡ ਵਾਸੀਆਂ ਨੂੰ ਪਰਾਲੀ ਨੂੰ ਅੱਗ ਨਾ ਲਗਾਉਣ ਸਬੰਧੀ ਸੁਨੇਹਾ ਦਿੱਤਾ ਗਿਆ।ਜਾਗਰੂਕਤਾ ਕੈਂਪ ਦੌਰਾਨ ਪਿੰਡ ਦੇ ਕਿਸਾਨਾਂ ਨੂੰ ਵੀ ਝੋਨੇ ਦੀ ਪਰਾਲੀ ਨੂੰ ਅੱਗ ਨਾ ਲਗਾਉਣ ਸਬੰਧੀ ਜਾਗਰੂਕ ਕੀਤਾ ਗਿਆ ਤੇ ਅੱਗ ਲਗਾਉਣ ਨਾਲ ਹੋਣ ਵਾਲੇ ਨੁਕਸਾਨ ਤੋਂ ਜਾਣੂ ਕਰਵਾਇਆ ਗਿਆ।ਟੀਮ ਵੱਲੋਂ ਕਿਸਾਨਾਂ ਨੂੰ ਵਾਤਾਵਰਨ ਦੀ ਮਹੱਤਤਾ ਬਾਰ ਦੱਸਿਆ ਜਾਗਰੂਕ ਕੀਤਾ ਗਿਆ ਕਿ ਪਰਾਲੀ ਨੂੰ ਅੱਗ ਲਗਾਉਣ ਨਾਲ ਕੁਦਰਤੀ ਚੀਜ਼ਾਂ ਦਾ ਨੁਕਸਾਨ ਤਾਂ ਹੁੰਦਾ




ਹੀ ਹੈ ਸਗੋਂ ਮਨੁੱਖੀ ਸਿਹਤ, ਮਿੱਟੀ ਦੀ ਉਪਜਾਊ ਸ਼ਕਤੀ ਤੇ ਮਿੱਤਰ ਕੀੜਿਆਂ ਨੂੰ ਵੀ ਨੁਕਸਾਨ ਪੁੱਜਦਾ ਹੈ।ਉਨ੍ਹਾਂ ਕਿਸਾਨਾਂ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਇਸ ਵਾਰ ਜ਼ਿਲ੍ਹੇ ਵਿੱਚ ਪਰਾਲੀ ਨੂੰ ਅੱਗ ਲਗਾਉਣ ਦੇ ਮਾਮਲਿਆਂ ਦਾ ਟੀਚਾ ਸਿਫਰ ਮਿਥਿਆ ਗਿਆ ਹੈ ਜੋ ਕਿ ਸਾਰਿਆਂ ਦੇ ਸਹਿਯੋਗ ਨਾਲ ਹੀ ਪੂਰਾ ਕੀਤਾ ਜਾ ਸਕਦਾ ਹੈ। ਇਸ ਮੌਕੇ ਪਿੰਡਾਂ ਦੇ ਵਸਨੀਕ, ਸਰਪੰਚ, ਨਬਰਦਾਰ ਆਦਿ ਹਾਜ਼ਰ ਸਨ।

# ਸਰਕਾਰੀ ਹਸਪਤਾਲ ਵਿਖੇ ਵਿਸ਼ਵ ਦ੍ਰਿਸ਼ਟੀ ਦਿਵਸ ਮਨਾਇਆ



ਫਤਹਿਗੜ੍ਹ ਚੂੜੀਆਂ, 9 ਅਕਤੂਬਰ (ਰਾਜਨ ਸ਼ਰਮਾ): ਸਿਵਲ ਸਰਜਨ ਗੁਰਦਾਸਪੁਰ ਡਾ. ਜਸਵਿੰਦਰ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਤੇ ਡਾ. ਲਖਵਿੰਦਰ ਸਿੰਘ ਐਸਐਮਓ ਫਤਹਿਗੜ੍ਹ ਚੂੜੀਆਂ ਦੀ ਅਗਵਾਈ ਹੇਠ ਸੀਐਚਸੀ ਵਿਖੇ ਵਿਸ਼ਵ ਦ੍ਰਿਸ਼ਟੀ ਦਿਵਸ ਮਨਾਇਆ ਗਿਆ।ਇਸ ਮੌਕੇ 'ਤੇ ਪੋਲੀਮਾ ਦੱਤਾ ਅਪਥਾਲਮਿਕ ਅਫ਼ਸਰ ਨੇ ਦੱਸਿਆ ਕਿ ਇਸ ਦਾ ਥੀਮ ਆਪਣੀਆਂ ਅੱਖਾਂ ਨੂੰ ਪਿਆਰ ਕਰੋ ਹੈ।ਕਿਉਂਕਿ ਨੌਜਵਾਨਾਂ ਤੇ ਬੱਚਿਆਂ ਨੂੰ ਅੱਖਾਂ ਸੁਰੱਖਿਅਤ ਰੱਖਣ ਲਈ ਨਿਯਮਾਂ ਦੀ ਪਾਲਣਾ ਕਰਨ ਬਹੁਤ ਜ਼ਰੂਰੀ ਹੈ।ਅੱਜ ਦੇ ਨੌਜਵਾਨ ਤੇ ਬੱਚੇ ਜੇਕਰ ਮੋਬਾਈਲ, ਟੈਬ, ਲੈਪਟਾਪ, ਟੈਲੀਵਿਜ਼ਨ ਸਕਰੀਨਾਂ ਨੂੰ ਦੇਖਦੇ ਹੋਏ ਆਪਣਾ ਦਿਨ ਬਿਤਾਉਂਦੇ ਹਨ ਤਾਂ ਡਿਜੀਟਲ ਮੀਡੀਆ ਦੀ ਜ਼ਿਆਦਾ ਵਰਤੋਂ ਕਾਰਨ ਅੱਖਾਂ 'ਤੇ ਦਬਾਅ ਇੱਕ ਵੱਡੀ ਸਮੱਸਿਆ ਬਣ ਸਕਦਾ ਹੈ।ਇਸ ਲਈ ਸਾਨੂੰ ਆਪਣੀਆਂ ਅੱਖਾਂ ਨੂੰ ਸੁਰੱਖਿਅਤ ਰੱਖਣ ਲਈ ਹਰ 20 ਮਿੰਟ ਬਾਅਦ ਇੱਕ ਵਾਰ 20 ਸਕਿੰਟ ਦਾ ਬ੍ਰੇਕ ਲਓ, ਇਸ ਦੌਰਾਨ 20 ਫੁੱਟ ਦੀ ਦੂਰੀ 'ਤੇ ਪਈ ਕੋਈ ਚੀਜ਼ ਦੇਖੋ, ਇਹ ਅੱਖਾਂ 'ਤੇ ਅਣਚਾਹੇ ਦਬਾਅ ਤੇ ਦਰਦ ਤੋਂ ਬਚਾਅ ਲਈ ਜ਼ਰੂਰੀ ਹੈ। ਇਸ ਲਈ ਅੱਖਾਂ ਦੀ ਦੇਖਭਾਲ ਲਈ ਅੱਖਾਂ ਨੂੰ ਯੂਵੀ ਕਿਰਨਾਂ ਤੋਂ ਬਚਾਓ, ਸਕਰੀਨ ਦਾ ਸਮਾਂ ਸੀਮਿਤ ਰੱਖੋ, ਅੱਖਾਂ ਦੀ, ਨਿਯਮਤ ਜਾਂਚ ਕਰਵਾਓ, ਸੰਤੁਲਿਤ ਭੋਜਨ ਖਾਓ ਤੇ ਬਾਹਰ ਸਮਾਂ ਬਿਤਾਉਣਾ ਚਾਹੀਦਾ ਹੈ।ਇਸ ਮੌਕੇ 'ਤੇ ਜੋਗਾ ਸਿੰਘ ਬੀਈਈ, ਹਰਵਿੰਦਰ ਸਿੰਘ ਹੈਲਥ ਇੰਸਪੈਕਟਰ, ਸਰਬਜੀਤ ਕੌਰ, ਰੰਜਨਾ ਸ਼ਰਮਾ, ਸ਼ਰਨਜੀਤ ਕੌਰ ਐਲਐਚਵੀ, ਅਮਨਦੀਪ ਕੌਰ, ਗੁਰਿੰਦਰ ਕੌਰ, ਮਨਜਿੰਦਰ ਕੌਰ, ਸੁਖਵਿੰਦਰ ਕੌਰ ਏਐਨਐਮ, ਰਵਿੰਦਰ ਸਿੰਘ, ਰਾਜਵਿੰਦਰ ਕੌਰ, ਮੋਨਿਕਾ ਜੱਸੀ ਸੀਐਚਓ, ਆਂਗਨਵਾੜੀ ਵਰਕਰ ਤੇ ਬਹੁਤ ਸਾਰੇ ਲੋਕ ਹਾਜ਼ਰ ਸਨ।

# ਸੀਐਚਸੀ ਵਿਖੇ ਨੈਸ਼ਨਲ ਪਲਸ ਪੋਲੀਓ ਸਬੰਧੀ ਮੀਟਿੰਗ

ਫਤਹਿਗੜ੍ਹ ਚੂੜੀਆਂ, 9 ਅਕਤੂਬਰ (ਰਾਜਨ ਸ਼ਰਮਾ): ਸਿਵਲ ਸਰਜਨ ਗੁਰਦਾਸਪੁਰ ਡਾ. ਜਸਵਿੰਦਰ ਸਿੰਘ ਤੇ ਜ਼ਿਲ੍ਹਾ ਟੀਕਾਕਰਨ ਅਫ਼ਸਰ ਡਾ. ਭਾਵਨਾ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ



ਤੇ ਡਾ. ਲਖਵਿੰਦਰ ਸਿੰਘ ਐਸਐਮਓ ਫਤਹਿਗੜ੍ਹ ਚੂੜੀਆਂ ਦੀ ਅਗਵਾਈ ਹੇਠ ਸੀਐਚਸੀ ਵਿਖੇ ਨੈਸ਼ਨਲ ਪਲਸ ਪੋਲੀਓ ਸਬੰਧੀ ਆਸ਼ਾ ਵਰਕਰਾਂ, ਆਸ਼ਾ ਸੁਪਰਵਾਈਜ਼ਰ, ਐਲਐਚਵੀ, ਏਐਨਐਮ, ਆਂਗਨਵਾੜੀ ਵਰਕਰਾਂ ਦੀ ਮੀਟਿੰਗ ਕਰਵਾਈ ਗਈ।ਇਸ ਮੌਕੇ 'ਤੇ ਡਾ.ਨਵਨੀਤ ਕੌਰ ਵਿਰਕ ਨੋਡਲ ਅਫ਼ਸਰ ਨੇ ਦੱਸਿਆ ਕਿ ਬਲਾਕ ਫਤਹਿਗੜ੍ਹ ਚੂੜੀਆਂ ਵਿੱਚ 123 ਪੋਲੀਓ ਬੂਥ ਤੇ 2 ਮੋਬਾਇਲ ਟੀਮਾਂ ਬਣਾਈਆਂ ਗਈਆਂ ਹਨ।ਜਿਸ ਵਿੱਚ 12, 13, ਤੇ 14 ਅਕਤੂਬਰ ਨੂੰ ਇਹ ਟੀਮਾਂ ਪਹਿਲੇ ਦਿਨ ਬੂਥ 'ਤੇ ਅਤੇ ਦੂਜੇ, ਤੀਜੇ ਦਿਨ ਘਰ-ਘਰ ਜਾ ਕੇ 0-5 ਸਾਲ ਦੇ ਬੱਚਿਆਂ ਨੂੰ ਪੋਲੀਓ ਬੂੰਦਾਂ ਪਿਲਾਈਆਂ ਜਾਣਗੀਆਂ।ਇਸ ਮੌਕੇ 'ਤੇ ਜੋਗਾ ਸਿੰਘ ਬੀਈਈ, ਹਰਵਿੰਦਰ ਸਿੰਘ ਹੈਲਥ ਇੰਸਪੈਕਟਰ, ਸਰਬਜੀਤ ਕੌਰ, ਰੰਜਨਾ ਸ਼ਰਮਾ, ਸ਼ਰਨਜੀਤ ਕੌਰ ਐਲਐਚਵੀ, ਅਮਨਦੀਪ ਕੌਰ, ਗੁਰਿੰਦਰ ਕੌਰ, ਮਨਜਿੰਦਰ ਕੌਰ, ਸੁਖਵਿੰਦਰ ਕੌਰ ਏਐਨਐਮ, ਰਵਿੰਦਰ ਸਿੰਘ, ਰਾਜਵਿੰਦਰ ਕੌਰ, ਮੋਨਿਕਾ ਜੱਸੀ ਸੀਐਚਓ, ਆਂਗਨਵਾੜੀ ਵਰਕਰਾਂ ਤੇ ਆਸ਼ਾ ਵਰਕਰ ਹਾਜ਼ਰ ਸਨ।

# ਖੇਡ ਸੰਸਾਰ

## ਭਾਰਤੀ ਟੈਨਿਸ ਦੀ ਪਛਾਣ ਲੀਏਂਡਰ ਪੇਸ

ਪ੍ਰਿੰਸੀਪਲ ਸਰਵਣ ਸਿੰਘ
principalsarwansingh@gmail.com

**ਲੀਏਂਡਰ** ਐਡਰੀਅਨ ਪੇਸ ਭਾਰਤ ਦਾ ਵਿਸ਼ਵ ਪ੍ਰਸਿੱਧ ਟੈਨਿਸ ਖਿਡਾਰੀ ਰਿਹਾ ਹੈ। ਉਹ 30 ਵਰ੍ਹੇ ਸਿਰੇ ਦੀ ਟੈਨਿਸ ਖੇਡਿਆ। ਉਸ ਨੂੰ ਟੈਨਿਸ ਦਾ ਗਲੋਬਲ ਆਈਕੋਨ ਕਿਹਾ ਜਾਂਦਾ ਸੀ। 1991 'ਚ ਪੇਸ਼ਾਵਰ ਖਿਡਾਰੀ ਬਣ ਕੇ ਉਹ 2020 ਵਿੱਚ ਰਿਟਾਇਰ ਹੋਇਆ। ਇੰਜ ਉਹ 30 ਸਾਲ ਟੈਨਿਸ ਦਾ ਸਟਾਰ ਖਿਡਾਰੀ ਬਣਿਆ ਰਿਹਾ। ਉਹਦੀ ਜੈ ਜੈ ਕਾਰ ਕੁਲ ਦੁਨੀਆ 'ਚ ਹੋਈ। ਉਸ ਨੇ 20 ਸਲੈਮ ਟਾਈਟਲ ਜਿੱਤੇ। ਉਹ ਬਾਰਸੀਲੋਨਾ-1992 ਦੀਆਂ ਓਲੰਪਿਕ ਖੇਡਾਂ ਤੋਂ ਰੀਓ-2016 ਦੀਆਂ ਓਲੰਪਿਕ ਖੇਡਾਂ ਤੱਕ 7 ਵਾਰ ਟੈਨਿਸ ਮੁਕਾਬਲਿਆਂ ਦਾ ਭਾਗੀਦਾਰ ਬਣਿਆ। ਟੋਕੀਓ-2020 ਦੀਆਂ ਓਲੰਪਿਕ ਖੇਡਾਂ ਵਿੱਚ ਉਹ ਅੱਠਵੀ ਵਾਰ ਭਾਗ ਲੈਣ ਲਈ ਵੀ ਤਿਆਰੀ ਕਰ ਰਿਹਾ ਸੀ, ਪਰ ਕੋਵਿਡ ਕਾਰਨ ਓਲੰਪਿਕ ਖੇਡਾਂ ਮੁਲਤਵੀ ਹੋ ਗਈਆਂ। ਉਸ ਨੇ ਓਲੰਪਿਕ ਖੇਡਾਂ, ਏਸ਼ਿਆਈ ਖੇਡਾਂ ਤੇ ਕਾਮਨਵੈਲਥ ਖੇਡਾਂ ਵਿੱਚ ਸਿਰਫ਼ ਭਾਗ ਹੀ ਨਹੀ ਲਿਆ ਬਲਕਿ ਉਨ੍ਹਾਂ ਵਿੱਚੋ 10 ਮੈਡਲ ਵੀ ਜਿੱਤੇ। 5 ਗੋਲਡ ਮੈਡਲ ਤੇ 5 ਕਾਂਸੀ ਦੇ ਮੈਡਲ! ਕੀ ਕਿਹਾ ਜਾਏ ਅਜਿਹੇ ਅਫਲਾਤੂਨ ਖਿਡਾਰੀ ਬਾਰੇ? ਉਹ ਨਾ ਸਿਰਫ਼ ਭਾਰਤ ਜਾਂ ਏਸ਼ੀਆ ਦਾ ਟੈਨਿਸ ਸਟਾਰ ਸੀ ਬਲਕਿ ਪੂਰੇ ਵਿਸ਼ਵ ਦਾ ਟੈਨਿਸ ਸਟਾਰ ਮੰਨਿਆ ਜਾਂਦਾ ਸੀ। ਜਿਵੇਂ ਕ੍ਰਿਕਟ ਵਿੱਚ ਸਚਿਨ ਤੇਂਦੁਲਕਰ ਦੀ ਤੂਤੀ ਬੋਲਦੀ ਰਹੀ, ਉਵੇਂ ਟੈਨਿਸ ਵਿੱਚ ਲੀਏਂਡਰ ਪੇਸ ਦੀ ਗੁੱਡੀ ਚੜ੍ਹੀ ਰਹੀ। ਇਹ ਵੱਖਰੀ ਗੱਲ ਕਿ ਭਾਰਤ ਵਿੱਚ ਕ੍ਰਿਕਟ ਦਾ ਸ਼ੁਦਾਅ ਟੈਨਿਸ ਨਾਲੋਂ ਵਧੇਰੇ ਹੋਣ ਕਰਕੇ ਸਚਿਨ ਦੀ ਮਹਿਮਾ ਲੀਏਂਡਰ ਨਾਲੋਂ ਵਧੇਰੇ ਹੋਈ। ਸਚਿਨ ਨੂੰ 'ਕ੍ਰਿਕਟ ਦਾ ਭਗਵਾਨ' ਕਿਹਾ ਗਿਆ ਤੇ ਭਾਰਤ ਦਾ ਸਰਬਉੱਚ ਸਨਮਾਨ 'ਭਾਰਤ ਰਤਨ' ਭਾਰਤ ਦੇ ਖਿਡਾਰੀਆਂ ਵਿੱਚੋਂ ਕੇਵਲ ਸਚਿਨ ਤੇਂਦੁਲਕਰ ਨੂੰ ਹੀ ਦਿੱਤਾ ਗਿਆ। ਫ਼ਰਕ ਇਹੋ ਰਿਹਾ ਕਿ ਦੋਹਾਂ ਸਮਕਾਲੀ ਖਿਡਾਰੀਆਂ 'ਚੋਂ ਇੱਕ ਨੇ ਵਧੇਰੇ ਵੇਖੀ ਜਾਣ ਵਾਲੀ ਖੇਡ ਕ੍ਰਿਕਟ ਚੁਣ ਲਈ ਤੇ ਦੂਜੇ ਨੇ ਘੱਟ ਵੇਖੀ ਜਾਣ ਵਾਲੀ ਟੈਨਿਸ।

ਲੀਏਂਡਰ ਕੇਵਲ 17 ਸਾਲਾਂ ਦਾ ਸੀ ਜਦੋਂ ਵਿੰਬਲਡਨ ਜੂਨੀਅਰ ਦਾ ਖ਼ਿਤਾਬ ਜਿੱਤਿਆ। ਉਸ ਦੀ ਇਸ ਪ੍ਰਾਪਤੀ ਨੂੰ ਮੁੱਖ ਰੱਖਦਿਆਂ ਭਾਰਤ ਸਰਕਾਰ ਨੇ ਉਸ ਨੂੰ ਖੇਡਾਂ ਦਾ ਨਾਮੀ ਪੁਰਸਕਾਰ 'ਅਰਜਨ ਐਵਾਰਡ' ਦੇ ਦਿੱਤਾ। ਛੋਟੀ ਉਮਰ ਵਿੱਚ ਹੀ ਵੱਡਾ ਐਵਾਰਡ ਮਿਲਣ ਨਾਲ ਸੁਭਾਵਿਕ ਸੀ ਉਹਦਾ ਹੌਸਲਾ ਹੋਰ ਵਧ ਗਿਆ। 1992 'ਚ ਉਹ ਬਾਰਸੀਲੋਨਾ ਦੀਆਂ ਓਲੰਪਿਕ ਖੇਡਾਂ ਲਈ ਭਾਰਤੀ ਟੀਮ 'ਚ ਚੁਣਿਆ ਗਿਆ। ਓਲੰਪਿਕ ਖੇਡਾਂ ਵਿੱਚ ਉਸ ਨੇ ਕਾਫ਼ੀ ਚੰਗੀ ਕਾਰਗੁਜ਼ਾਰੀ ਵਿਖਾਈ। ਐਟਲਾਂਟਾ-1996 ਦੀਆਂ ਓਲੰਪਿਕ ਖੇਡਾਂ ਵਿੱਚ ਉਹ ਦੂਜੀ ਵਾਰ ਗਿਆ ਤਾਂ ਵਿਕਟਰੀ ਸਟੈਂਡ ਉੱਤੇ ਚੜ੍ਹਨ ਵਿੱਚ ਕਾਮਯਾਬ ਹੋ ਗਿਆ। ਉੱਥੇ ਉਸ ਨੇ ਕਾਂਸੀ ਦਾ ਤਗ਼ਮਾ ਜਿੱਤਿਆ। ਉਸ ਤੋਂ ਪਹਿਲਾਂ ਭਾਰਤ ਦਾ ਕੇਵਲ ਇੱਕੋ ਖਿਡਾਰੀ ਕੇ.ਡੀ. ਯਾਦਵ ਸੀ ਜੋ ਓਲੰਪਿਕ ਖੇਡਾਂ ਦੇ ਇਤਿਹਾਸ ਵਿੱਚ ਹੈਲਸਿੰਕੀ-1952 ਦੀਆਂ ਖੇਡਾਂ ਵਿੱਚੋਂ ਕਿਸੇ ਵਿਅਕਤੀਗਤ ਖੇਡ 'ਚ ਕਾਂਸੀ ਦਾ ਤਗ਼ਮਾ ਜਿੱਤਿਆ ਸੀ। ਭਾਰਤ ਸਰਕਾਰ ਵੱਲੋਂ ਉਸ ਨੂੰ 1996-97 ਦਾ ਮੇਜਰ ਧਿਆਨ ਚੰਦ ਖੇਲ ਰਤਨ ਪੁਰਸਕਾਰ ਦਿੱਤਾ ਗਿਆ। ਫਿਰ ਉਸ ਨੇ ਵਿਸ਼ਵ ਪੱਧਰ 'ਤੇ ਏਨੀਆਂ ਜਿੱਤਾਂ ਦਰਜ ਕੀਤੀਆਂ ਕਿ ਚਾਰੇ ਗ੍ਰੈਂਡ ਸਲੈਮ ਟੂਰਨਾਮੈਂਟਾਂ ਵਿੱਚ 'ਬਹਿਜਾ ਬਹਿਜਾ' ਕਰਵਾ ਦਿੱਤੀ। 2001 ਵਿੱਚ ਭਾਰਤ ਸਰਕਾਰ ਵੱਲੋਂ ਉਸ ਨੂੰ 'ਪਦਮ ਸ੍ਰੀ' ਪੁਰਸਕਾਰ ਨਾਲ ਨਿਵਾਜਿਆ ਗਿਆ। ਹੋਰ ਜਿੱਤਾਂ ਹਾਸਲ ਕੀਤੀਆਂ ਤਾਂ 2014 ਵਿੱਚ ਲੀਏਂਡਰ ਪੇਸ ਨੂੰ 'ਪਦਮ ਭੂਸ਼ਨ' ਪੁਰਸਕਾਰ ਭੇਟ ਕੀਤਾ ਗਿਆ। ਉਸ ਨੇ ਟੈਨਿਸ ਦੇ ਮੁਕਾਬਲਿਆਂ ਵਿੱਚ ਭਾਗ ਲੈਂਦਿਆਂ, ਲਗਭਗ ਸਾਰੀ ਦੁਨੀਆ ਗਾਹੀ ਤੇ ਵਿਸ਼ਵ ਨਾਗਰਿਕ ਬਣਿਆ। 2020 ਵਿੱਚ ਉਸ ਨੂੰ ਨੈਲਸਨ ਮੰਡੇਲਾ ਨੋਬਲ ਸ਼ਾਂਤੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਲੀਏਂਡਰ ਪੇਸ ਦਾ ਜਨਮ 17 ਜੂਨ 1973 ਨੂੰ ਪੱਛਮੀ ਬੰਗਾਲ ਦੇ ਸ਼ਹਿਰ ਕੋਲਕਾਤਾ ਵਿੱਚ ਹੋਇਆ। ਉਸ ਦਾ ਪਿਤਾ ਵੇਸ ਪੇਸ ਹਾਕੀ ਦਾ ਅੰਤਰਰਾਸ਼ਟਰੀ ਖਿਡਾਰੀ ਸੀ। ਉਸ ਨੇ ਮਿਊਨਿਖ ਦੀਆਂ ਓਲੰਪਿਕ ਖੇਡਾਂ 'ਚ ਭਾਰਤੀ ਹਾਕੀ ਟੀਮ ਵੱਲੋਂ ਭਾਗ ਲਿਆ ਸੀ ਜਿੱਥੇ ਭਾਰਤੀ ਟੀਮ ਨੇ ਕਾਂਸੀ ਦਾ ਤਗ਼ਮਾ ਜਿੱਤਿਆ। ਲੀਏਂਡਰ ਦੀ ਮਾਤਾ ਜੈਨੀਫਰ ਪੇਸ ਭਾਰਤੀ ਬਾਸਕਟਬਾਲ ਟੀਮ ਵੱਲੋਂ ਖੇਡਦੀ ਸੀ। 1980 ਵਿੱਚ ਉਹ ਏਸ਼ੀਆ ਬਾਸਕਿਟਬਾਲ ਚੈਂਪੀਅਨਸ਼ਿਪ ਵਿੱਚ ਭਾਰਤੀ ਬਾਸਕਿਟਬਾਲ ਟੀਮ ਦੀ ਕਪਤਾਨ ਸੀ। ਜੈਨੀਫਰ ਦਾ ਬਾਪ ਮਾਈਕਲ ਮਧੂਸੂਦਨ ਦੱਤਾ ਬੰਗਾਲੀ ਦਾ ਪ੍ਰਸਿੱਧ ਕਵੀ ਸੀ। ਉਨ੍ਹਾਂ ਦਾ ਪਰਿਵਾਰ ਧਰਮਾਂ ਦਾ ਮਿਲਗੋਭਾ ਪਰਿਵਾਰ ਹੈ। ਖਿਡਾਰੀ ਪਰਿਵਾਰ ਦਾ ਜੰਮਪਲ ਹੋਣਾ ਲੀਏਂਡਰ ਪੇਸ ਦੇ ਏਨਾ ਰਾਸ ਆਇਆ ਕਿ ਉਸ ਨੇ ਨਾ ਸਿਰਫ਼ ਭਾਰਤ ਤੇ ਏਸ਼ੀਆ ਵਿੱਚ ਹੀ ਨਾਮਣਾ ਖੱਟਿਆ ਬਲਕਿ ਵਿਸ਼ਵ ਪੱਧਰ 'ਤੇ ਵੀ ਬੜਾ ਮਾਣ ਸਨਮਾਨ ਹਾਸਲ ਕੀਤਾ। ਉਸ ਦੀਆਂ ਡਬਲਜ਼ ਤੇ ਮਿਕਸਡ ਡਬਲਜ਼ ਦੀਆਂ ਏਨੀਆਂ ਜਿੱਤਾਂ ਹਨ ਕਿ ਉਹ ਵਿਸ਼ਵ ਦਾ ਪਹਿਲੀ ਕਤਾਰ ਦਾ ਟੈਨਿਸ ਖਿਡਾਰੀ ਮੰਨਿਆ ਜਾਂਦਾ ਰਿਹਾ। 2024 ਵਿੱਚ ਉਸ ਦਾ ਨਾਮ ਇੰਟਰਨੈਸ਼ਨਲ ਟੈਨਿਸ ਦੇ ਹਾਲ ਆਫ ਫੇਮ ਵਿੱਚ ਸਥਾਪਿਤ ਕੀਤਾ ਗਿਆ। ਉਸ ਨੂੰ ਟੈਨਿਸ ਦੀ ਗੁੜ੍ਹਤੀ ਮਿਲੀ ਸੀ। ਜਦੋਂ ਪੰਜ ਸਾਲਾਂ ਦਾ ਹੋਇਆ ਤਾਂ ਰੈਕੇਟ ਫੜ ਕੇ ਟੈਨਿਸ ਖੇਡਣ ਵੀ ਲੱਗ ਪਿਆ। ਸ਼ੌਕੀਆ ਟੈਨਿਸ ਖੇਡਣੀ ਭਾਵੇਂ ਉਸ ਨੇ ਕਲਕੱਤੇ ਤੋਂ ਸ਼ੁਰੂ ਕੀਤੀ ਸੀ, ਪਰ ਵਧੀਆ ਕੋਚਿੰਗ ਲੈਣ ਲਈ ਉਸ ਨੂੰ ਕੋਲਕਾਤਾ ਛੱਡਣਾ ਪਿਆ। 1985 ਵਿੱਚ ਉਸ ਨੂੰ ਗੋਆ ਦੀ ਬਰਤਾਨੀਆ ਅੰਮ੍ਰਿਤਰਾਜ ਟੈਨਿਸ ਅਕੈਡਮੀ ਵਿੱਚ ਦਾਖਲ ਕਰਾ ਦਿੱਤਾ ਗਿਆ। ਉੱਥੇ ਉਸ ਦੇ ਕੋਚ ਡੇਵ ਓ ਮੀਰਾ ਨੇ ਉਹਦਾ ਖੇਡ ਕਰੀਅਰ ਬਣਾਉਣ ਵਿੱਚ ਵਿਸ਼ੇਸ਼ ਰੋਲ ਨਿਭਾਇਆ। ਬੇਸ਼ੱਕ ਟੈਨਿਸ ਦੀ ਖੇਡ ਉਸ ਦਾ ਕਾਫ਼ੀ ਸਮਾਂ ਲੈ ਲੈਂਦੀ ਸੀ, ਪਰ ਲੀਏਂਡਰ ਪੜ੍ਹਨ ਵਿੱਚ ਵੀ ਪੂਰਾ ਹੁਸ਼ਿਆਰ ਰਿਹਾ। ਮੁੱਢਲੀ ਪੜ੍ਹਾਈ ਉਸ ਨੇ ਕੋਲਕਾਤਾ ਦੇ ਮਾਰਟੀਨੀਅਰ ਸਕੂਲ ਤੋਂ ਹਾਸਲ ਕੀਤੀ ਸੀ, ਪਰ ਅਗਲੀ ਪੜ੍ਹਾਈ ਮਦਰਾਸ ਦੇ ਕ੍ਰਿਸ਼ਚੀਅਨ ਹਾਇਰ ਸੈਕੰਡਰੀ ਸਕੂਲ ਤੋਂ ਕੀਤੀ। ਫਿਰ ਉਚੇਰੀ ਪੜ੍ਹਾਈ ਲਈ ਉਹ ਕਲਕੱਤਾ ਯੂਨੀਵਰਸਿਟੀ ਦੇ ਸੇਂਟ ਜ਼ੇਵੀਅਰ ਕਾਲਜ ਵਿੱਚ ਦਾਖਲ ਹੋਇਆ। ਉਚੇਰੀ ਪੜ੍ਹਾਈ ਕਰਨ ਦੇ ਨਾਲ ਨਾਲ ਉਸ ਨੇ ਟੈਨਿਸ ਖੇਡਣੀ ਵੀ ਜਾਰੀ ਰੱਖੀ। ਲੀਏਂਡਰ ਤੇ ਸਚਿਨ ਨੇ 1989-90 ਵਿੱਚ ਹੀ ਆਪੋ ਆਪਣੀ ਖੇਡ 'ਚ ਨਾਮਣਾ ਖੱਟਣਾ ਸ਼ੁਰੂ ਕਰ ਲਿਆ ਸੀ। ਫਿਰ ਭਾਰਤ ਦੇ ਇਹ ਦੋਵੇਂ ਮਹਾਨ ਖਿਡਾਰੀ ਆਪੋ ਆਪਣੀ ਖੇਡ ਦੀਆਂ ਲੰਮੀਆਂ ਪਾਰੀਆਂ ਖੇਡੇ। ਲੀਏਂਡਰ ਨੇ ਲਗਭਗ 30 ਸਾਲ ਅੰਤਰਰਾਸ਼ਟਰੀ ਟੈਨਿਸ ਮੁਕਾਬਲਿਆਂ ਵਿੱਚ ਭਾਗ ਲਿਆ। ਉਹ ਟੈਨਿਸ ਦੀ ਮੈਰਾਥਨ ਦੌੜ ਦਾ ਮਹਾਰਥੀ ਹੋ ਨਿੱਬੜਿਆ। 1990 ਵਿੱਚ ਉਹ ਟੈਨਿਸ ਦਾ ਪੇਸ਼ੇਵਰ ਖਿਡਾਰੀ ਬਣਿਆ ਸੀ। ਉਸ ਦੀ ਪਹਿਲੀ ਵੱਡੀ ਛਾਲ 17 ਸਾਲ ਦੀ ਉਮਰੇ ਵਿੰਬਲਡਨ ਦਾ ਜੂਨੀਅਰ ਖ਼ਿਤਾਬ ਜਿੱਤਣਾ ਸੀ। 1990 ਵਿੱਚ ਉਹ ਇੰਡੀਅਨ ਡੇਵਿਸ ਕੱਪ ਟੀਮ ਵਿੱਚ ਸ਼ਾਮਲ ਹੋਇਆ ਤੇ ਫਿਰ ਚੱਲ ਸੋ ਚੱਲ ਹੋ ਗਈ। ਉਹ ਸਿੰਗਲ ਵੀ ਖੇਡਦਾ ਰਿਹਾ ਤੇ ਡਬਲਜ਼ ਵੀ। ਦੁਨੀਆ ਦਾ ਸ਼ਾਇਦ ਹੀ ਕੋਈ ਵੱਡਾ ਵੱਕਾਰੀ ਟੈਨਿਸ ਟੂਰਨਾਮੈਂਟ ਹੋਵੇ ਜੋ ਉਹ ਖੇਡਿਆ ਨਾ ਹੋਵੇ। ਮਸਲਨ ਗ੍ਰੈਂਡ ਸਲੈਮ, ਵਰਲਡ ਟੂਰ ਫਾਈਨਲਜ਼, ਵਰਲਡ ਟੂਰ ਮਾਸਟਰਜ਼, ਏਟੀਪੀ ਚੈਲੇਂਜਰਜ਼, ਵਰਲਡ ਟੂਰ ਸੀਰੀਜ਼, ਡੇਵਿਸ ਕੱਪ, ਏਸ਼ਿਆਈ ਖੇਡਾਂ, ਕਾਮਨਵੈਲਥ ਖੇਡਾਂ ਤੇ ਓਲੰਪਿਕ ਖੇਡਾਂ। ਉਸ ਨੇ ਡੇਵਿਸ ਕੱਪ ਵਿੱਚ ਭਾਰਤੀ ਟੀਮਾਂ ਦੀ ਕਪਤਾਨੀ ਕੀਤੀ ਜਿਨ੍ਹਾਂ 'ਚ ਡੇਵਿਸ ਕੱਪ ਡਬਲਜ਼ ਦੇ 43 ਮੈਚ ਜਿੱਤੇ ਜੋ ਸਭ ਤੋਂ ਵੱਧ ਸਨ। ਲੀਏਂਡਰ ਨੇ ਚਾਰੇ ਗ੍ਰੈਂਡ ਸਲੈਮ ਖੇਡਦਿਆਂ ਬੇਸ਼ੱਕ ਮਰਦਾਂ ਦੇ ਸਿੰਗਲਜ਼ ਮੁਕਾਬਲਿਆਂ 'ਚੋਂ ਕੋਈ ਖ਼ਿਤਾਬ ਨਹੀ ਜਿੱਤਿਆ, ਪਰ ਭਾਰਤੀ ਟੈਨਿਸ ਨੂੰ ਵਿਸ਼ਵ ਪੱਧਰ ਤੱਕ ਪਹੁੰਚਾ ਦਿੱਤਾ। ਮਰਦਾਂ ਦੇ ਸਿੰਗਲਜ਼ ਮੁਕਾਬਲਿਆਂ ਵਿੱਚ ਭਾਗ ਲੈਂਦਿਆਂ ਉਹ ਆਸਟਰੇਲੀਅਨ ਓਪਨ ਵਿੱਚ 1997 ਤੇ 2000 ਦੇ ਦੂਜੇ ਗੇੜ ਵਿੱਚ ਪਹੁੰਚ ਗਿਆ ਸੀ। ਫ੍ਰੈਂਚ ਓਪਨ ਦੇ 1997 ਅਤੇ ਵਿੰਬਲਡਨ 2001 ਦੇ ਦੂਜੇ ਰਾਊਂਡ ਵਿੱਚ ਪਹੁੰਚ ਗਿਆ ਸੀ ਤੇ 2001 ਵਿੱਚ ਯੂਐੱਸ ਓਪਨ ਟੂਰਨਾਮੈਂਟ ਦੌਰਾਨ ਤੀਜੇ ਗੇੜ ਵਿੱਚ ਆਪਣੀ ਥਾਂ ਬਣਾ ਲਈ ਸੀ। ਉਸ ਦੇ ਸਿੰਗਲਜ਼ ਟੈਨਿਸ ਕਰੀਅਰ ਦੀ ਸਭ ਤੋਂ ਵੱਡੀ ਪ੍ਰਾਪਤੀ ਅਗਸਤ 1998 ਵਿੱਚ ਨਿਊ ਪੋਰਟ ਅਮਰੀਕਾ ਵਿਖੇ ਆਪਣਾ ਏਟੀਪੀ ਸਿੰਗਲਜ਼ ਖ਼ਿਤਾਬ ਜਿੱਤਣ ਨਾਲ ਹੋਈ ਸੀ। ਉਸ ਦੀ ਦੂਜੀ ਵੱਡੀ ਪ੍ਰਾਪਤੀ ਨਿਊ ਹੈਵਨ ਏਟੀਪੀ ਟੂਰਨਾਮੈਂਟ, ਪੇਨ ਪਾਈਲਟ ਇੰਟਰਨੈਸ਼ਨਲ ਸਿੰਗਲਜ਼ ਮੁਕਾਬਲੇ ਦੇ ਤੀਜੇ ਗੇੜ ਵਿੱਚ ਹੋਈ ਜੋ ਵਿੰਬਲਡਨ ਚੈਂਪੀਅਨ ਪੀਟ ਸੈਂਪਰਾਸ ਨੂੰ 6-3 ਤੇ 6-4 ਨਾਲ ਮਾਤ ਦੇ ਕੇ ਹਾਸਲ ਕੀਤੀ। ਇਸੇ ਤਰ੍ਹਾਂ 2000 ਵਿੱਚ ਇੰਡੀਅਨ ਵੇਲਜ਼ ਮਾਸਟਰਜ਼ ਸਿੰਗਲਜ਼ ਟੈਨਿਸ ਟੂਰਨਾਮੈਂਟ ਦੌਰਾਨ ਉਹ ਵਿਸ਼ਵ ਪ੍ਰਸਿੱਧ ਟੈਨਿਸ ਖਿਡਾਰੀ ਰੌਜਰ ਫੈਡਰਰ ਨੂੰ ਹਰਾ ਕੇ ਲੋਹੜਾ ਮਾਰ ਚੁੱਕਾ ਸੀ। ਡਬਲਜ਼ ਤੇ ਮਿਕਸਡ ਡਬਲਜ਼ ਮੁਕਾਬਲਿਆਂ ਵਿੱਚ ਲੀਏਂਡਰ ਪੇਸ ਨੇ ਜੋ ਜਿੱਤਾਂ ਹਾਸਲ ਕੀਤੀਆਂ ਉਹ ਭਾਰਤ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਮਾਣ ਦਿਵਾਉਣ ਵਾਲੀਆਂ ਸਨ। ਉਸ ਦੀ ਤੇਜ਼ੀ, ਫੁਰਤੀ ਤੇ 'ਵਾਲੀ-ਪਲੇਅ' ਨੇ ਉਸ ਨੂੰ ਡਬਲਜ਼ ਟੈਨਿਸ ਦਾ ਬੇਮਿਸਾਲ ਖਿਡਾਰੀ ਬਣਾ ਦਿੱਤਾ ਸੀ। ਉਸ ਦੀ ਖੇਡ ਸ਼ੈਲੀ ਨਿਆਰੀ ਸੀ। ਲੀਏਂਡਰ ਨੂੰ 'ਨੈੱਟ ਪਲੇਅ' ਦਾ ਮਾਹਿਰ ਮੰਨਿਆ ਜਾਂਦਾ ਸੀ। ਉਸ ਦਾ ਜੋਸ਼, ਤੇਜ਼ ਰਫ਼ਤਾਰੀ, ਸ਼ਾਰਪ ਵੌਲੀ 'ਤੇ ਚੜ੍ਹ ਕੇ ਖੇਡਣਾ ਬੜੇ ਰੁਮਾਂਚਕ ਤੇ ਦਿਲਚਸਪ ਲੱਗਦੇ ਸਨ। ਗ੍ਰੈਂਡ ਸਲੈਮ ਡਬਲਜ਼ ਮੁਕਾਬਲਿਆਂ ਦਾ ਉਹ ਸਭ ਤੋਂ ਸਫਲ ਖਿਡਾਰੀ ਰਿਹਾ। ਉਸ ਨੇ ਫਰੈਂਚ ਓਪਨ ਵਿੱਚ 1999, 2001 ਤੇ 2009 ਦੇ ਖ਼ਿਤਾਬ ਆਪਣੇ ਨਾਂ ਕਰ ਕੇ ਭਾਰਤ ਦਾ ਨਾਂ ਟੈਨਿਸ ਜਗਤ ਵਿੱਚ ਹੋਰ ਰੋਸ਼ਨ ਕੀਤਾ। ਉਸ ਨੇ ਯੂਐੱਸ ਓਪਨ ਖੇਡਦਿਆਂ 2006, 2009 ਤੇ 2013 ਵਿੱਚ ਵੀ ਜਿੱਤਾਂ ਹਾਸਲ ਕੀਤੀਆਂ। 2012 ਵਿੱਚ ਆਸਟਰੇਲੀਆ ਓਪਨ ਦਾ ਚੈਂਪੀਅਨ ਬਣਿਆ। ਟੈਨਿਸ ਦਾ ਸਭ ਤੋਂ ਵੱਕਾਰੀ ਟੂਰਨਾਮੈਂਟ ਵਿੰਬਲਡਨ ਜਿੱਤਣਾ ਵੀ ਉਹਦੇ ਹਿੱਸੇ ਆਇਆ। ਡਬਲਜ਼ ਵਿੱਚ ਉਸ ਦੀ ਦਰਜਾਬੰਦੀ ਕਈ ਵਾਰ ਅੱਵਲ ਨੰਬਰ ਰਹੀ। ਉਸ ਦਾ ਗ੍ਰੈਂਡ ਸਲੈਮ ਮਿਕਸਡ ਡਬਲਜ਼ ਦਾ ਸਫ਼ਰ ਵੀ ਰੌਚਿਕ ਰਿਹਾ। ਉਸ ਨੇ ਅੰਤਰਰਾਸ਼ਟਰੀ ਪੱਧਰ 'ਤੇ ਆਪਣੀ ਮਿਕਸਡ ਡਬਲਜ਼ ਦੀ ਸ਼ੁਰੂਆਤ 2000 ਵਿੱਚ ਕੀਤੀ। 2003 ਵਿੱਚ ਵਿਸ਼ਵ ਦੀ ਤਜਰਬੇਕਾਰ ਟੈਨਿਸ ਖਿਡਾਰਨ ਮਾਰਟੀਨਾ ਨਵਰਾਤੀਲੋਵਾ ਨਾਲ ਆਸਟਰੇਲੀਅਨ ਓਪਨ ਅਤੇ ਵਿੰਬਲਡਨ ਜਿੱਤਿਆ। ਇੱਧਰ ਏਸ਼ਿਆਈ ਖੇਡਾਂ ਵਿੱਚ ਭਾਰਤ ਦੀ ਨਾਮਵਰ ਖਿਡਾਰਨ ਸਾਨੀਆ ਮਿਰਜ਼ਾ ਨਾਲ ਜੋੜੀ ਬਣਾ ਕੇ ਸੋਨ ਮੈਡਲ ਭਾਰਤ ਦੀ ਝੋਲੀ ਪਾਇਆ। ਫਿਰ ਉਸ ਨੇ 2009 ਵਿੱਚ ਲੁਕਾਸ ਡਲੋਹੀ ਨਾਲ ਮਿਲ ਕੇ ਖੇਡਦਿਆਂ ਫ੍ਰੈਂਚ ਤੇ ਯੂਐੱਸ ਓਪਨ ਦੇ ਖ਼ਿਤਾਬ ਆਪਣੇ ਨਾਂ ਕੀਤੇ। 2010 ਵੀ ਉਹਦੇ ਲਈ ਕਰਮਾਂ ਵਾਲਾ ਰਿਹਾ। ਉਸ ਨੇ ਕਾਰਾ ਬਲੈਕ ਨਾਲ ਮਿਲ ਕੇ ਆਸਟਰੇਲੀਅਨ ਓਪਨ ਮਿਕਸਡ ਡਬਲਜ਼ ਦਾ ਖ਼ਿਤਾਬ ਜਿੱਤਿਆ। ਫਿਰ ਉਸ ਨੇ ਰਾਡੇਕ ਸਟੇਪਨੇਕ ਨਾਲ ਭਾਈਵਾਲੀ ਕੀਤੀ ਤੇ ਉਸ ਜੋੜੀ ਨੇ 2013 ਵਿੱਚ ਯੂਐੱਸ ਓਪਨ ਟੂਰਨਾਮੈਂਟ ਜਿੱਤਿਆ। 2016 ਵਿੱਚ ਉਸ ਨੇ ਕਰੀਅਰ ਸਲੈਮ ਹਾਸਲ ਕੀਤਾ। ਉਦੋਂ ਉਸ ਨੇ ਵਿਸ਼ਵ ਦੀ ਪ੍ਰਸਿੱਧ ਟੈਨਿਸ ਖਿਡਾਰਨ ਮਾਰਟੀਨਾ ਹਿੰਗਿਜ਼ ਨਾਲ ਫ੍ਰੈਂਚ ਓਪਨ ਟੂਰਨਾਮੈਂਟ ਜਿੱਤਿਆ। ਲੀਏਂਡਰ ਪੇਸ ਦੇ ਟੈਨਿਸ ਸਫ਼ਰ ਵਿੱਚ ਕਈ ਪਾਰਟਨਰ ਰਹੇ। ਜੇ ਸਾਰੇ ਗਿਣਨ ਲੱਗੀਏ ਤਾਂ ਗਿਣਤੀ 100 ਤੋਂ ਵੀ ਟੱਪ ਜਾਵੇਗੀ, ਪਰ ਜੋ ਜੋੜੀ ਮਹੇਸ਼ ਭੂਪਤੀ ਨਾਲ ਬਣੀ ਉਹ ਸਭ ਤੋਂ ਵੱਧ ਨਿਭੀ। ਉਸ ਜੋੜੀ ਨੇ ਭਾਰਤੀ ਟੈਨਿਸ ਨੂੰ ਤਕੜਾ ਹੁਲਾਰਾ ਦਿੱਤਾ। ਪੇਸ-ਭੂਪਤੀ ਜੋੜੀ ਦਾ ਨਾਂ ਡੇਵਿਸ ਕੱਪ ਮੈਂਨ ਡਬਲਜ਼ ਦੇ ਮੁਕਾਬਲਿਆਂ 'ਚ 24 ਸਾਲ ਗੂੰਜਦਾ ਰਿਹਾ। ਪੇਸ ਤੇ ਭੂਪਤੀ ਦੀ ਜੋੜੀ ਨੇ 1994 ਵਿੱਚ ਡਬਲਜ਼ ਦੀ ਸ਼ੁਰੂਆਤ ਕੀਤੀ ਸੀ ਤੇ ਜੋੜੀ ਦਾ ਨਾਂ 'ਇੰਡੀਅਨ ਐਕਸਪ੍ਰੈੱਸ' ਪੈ ਗਿਆ ਸੀ। 1997-1998 ਵਿੱਚ 'ਇੰਡੀਅਨ ਐਕਸਪ੍ਰੈੱਸ' ਨੇ ਏਟੀਪੀ ਪ੍ਰੋਫੈਸ਼ਨਲਜ਼ ਦੇ 6 ਟੂਰਨਾਮੈਂਟ ਜਿੱਤ ਕੇ ਟੈਨਿਸ ਜਗਤ ਵਿੱਚ ਸਨਸਨੀ ਫੈਲਾਅ ਦਿੱਤੀ ਸੀ। ਉਦੋਂ ਉਹ 8 ਟੂਰਨਾਮੈਂਟਾਂ ਦੇ ਫਾਈਨਲ ਖੇਡੇ ਸਨ। 1999 ਵਿੱਚ ਉਹੀ ਜੋੜੀ ਚਾਰੇ ਗ੍ਰੈਂਡ ਸਲੈਮ ਡਬਲਜ਼ ਟੂਰਨਾਮੈਂਟਾਂ ਦੇ ਫਾਈਨਲ ਵਿੱਚ ਜਾ ਪੁੱਜੀ ਸੀ। ਉਸੇ ਸਾਲ ਉਸ ਜੋੜੀ ਨੇ ਏਟੀਪੀ ਡਬਲਜ਼ ਰੈਂਕਿੰਗ ਦਾ ਪਹਿਲਾ ਸਥਾਨ ਹਾਸਲ ਕੀਤਾ ਸੀ। ਸਾਲ 2001 ਵਿੱਚ ਵੀ ਪੇਸ-ਭੂਪਤੀ ਜੋੜੀ ਨੇ ਫ੍ਰੈਂਚ ਓਪਨ ਡਬਲਜ਼ ਦਾ ਟਾਈਟਲ ਵੀ ਆਪਣੇ ਨਾਂ ਕੀਤਾ ਤੇ 2002 ਦੀਆਂ ਏਸ਼ਿਆਈ ਖੇਡਾਂ 'ਚੋਂ ਗੋਲਡ ਮੈਡਲ ਜਿੱਤਿਆ। ਫਿਰ ਉਨ੍ਹਾਂ ਵਿਚਕਾਰ ਮੱਤ-ਭੇਦ ਪੈਦਾ ਹੋ ਗਏ ਤੇ ਜੋੜੀ ਭੰਗ ਹੋ ਗਈ। ਫਿਰ ਦੇਸ਼ ਹਿੱਤ 2008 ਵਿੱਚ ਉਹ ਬੀਜਿੰਗ ਦੀਆਂ ਓਲੰਪਿਕ ਖੇਡਾਂ 'ਚ ਮੁੜ ਜੋੜੀ ਬਣਾ ਕੇ ਖੇਡੇ, ਪਰ ਪਹਿਲਾਂ ਵਾਲੀ ਗੱਲ ਨਾ ਬਣੀ ਅਤੇ ਕੁਆਰਟਰ ਫਾਈਨਲ ਵਿੱਚ ਰੋਜ਼ਰ ਫੈਡਰਰ ਤੇ ਸਟੈਨਿਸਲਾਸ ਵਾਵਰਿੰਕਾ ਦੀ ਜੋੜੀ ਤੋਂ ਹਾਰ ਕੇ ਮੁਕਾਬਲੇ 'ਚੋ ਬਾਹਰ ਹੋ ਗਏ। ਖੇਤਰ ਕੋਈ ਹੋਵੇ ਮੱਤ-ਭੇਦ ਵੱਡਿਆਂ ਵੱਡਿਆਂ ਨੂੰ ਲੈ ਬਹਿੰਦੇ ਹਨ। ਫਿਰ ਵੀ ਲੰਮਾ ਸਮਾਂ ਖੇਡਣ ਵਾਲੇ ਲਿਏਂਡਰ ਤੇ ਭੂਪਤੀ ਜੋੜੀ ਨੂੰ ਸਲਾਮ ਹੈ। ਲੀਏਂਡਰ ਪੇਸ ਅੱਜਕੱਲ੍ਹ ਮੁੰਬਈ ਦਾ ਵਾਸੀ ਹੈ ਤੇ ਬੰਗਾਲ ਟੈਨਿਸ ਐਸੋਸੀਏਸ਼ਨ ਦਾ ਨਵਾਂ ਪ੍ਰਧਾਨ ਚੁਣਿਆ ਗਿਆ ਹੈ। ਮਹੇਸ਼ ਭੂਪਤੀ, ਰੋਹਨ ਬੋਪੰਨਾ ਤੇ ਸਾਈਨਾ ਮਿਰਜ਼ਾ ਉਹਦੇ ਸਮਕਾਲੀ ਖਿਡਾਰੀ ਰਹੇ ਹਨ। ਉਸ ਦਾ ਕੱਦ 5 ਫੁੱਟ 10 ਇੰਚ ਹੈ ਅਤੇ ਵਜ਼ਨ ਸਰਗਰਮ ਖੇਡ ਵੇਲੇ ਵੀ ਸਾਵਾਂ ਸੀ ਤੇ ਹੁਣ ਵੀ ਸਾਵਾਂ ਹੈ। ਨੈਣ ਨਕਸ਼ ਤਿੱਖੇ ਤੇ ਰੰਗ ਮੇਘਲਾ ਹੈ। ਉਸ ਦੀ ਪ੍ਰਾਈਜ਼ ਮਨੀ 8,587,586 ਡਾਲਰ ਹੈ। ਜਿੱਥੋਂ ਤੱਕ ਮੰਗਣਿਆਂ ਤੇ ਵਿਆਹ-ਮੁਕਲਾਵਿਆਂ ਦੀ ਗੱਲ ਹੈ ਉਹ ਵੀ ਕਈ ਹੋਰਨਾਂ ਖਿਡਾਰੀਆਂ ਵਰਗਾ ਹੀ ਹੈ। ਵਿਆਹਿਆ ਵੀ ਗਿਆ ਤੇ ਸਮੇਂ ਸਮੇਂ ਪਾਰਟਨਰਾਂ ਵੀ ਬਣਦੀਆਂ ਗਈਆਂ। 2021 ਵਿੱਚ ਜ਼ੀ5 ਨੇ ਪੇਸ ਤੇ ਭੂਪਤੀ ਦੇ ਬਣਦੇ ਵਿਗੜਦੇ ਸਬੰਧਾਂ ਬਾਰੇ ਡਾਕੂਮੈਂਟਰੀ ਬਣਾਈ। ਲੀਏਂਡਰ ਪੇਸ ਨੇ ਅਸ਼ੋਕ ਕੋਹਲੀ ਨਾਲ ਮਿਲ ਕੇ 'ਸੋਸ਼ਿਓ-ਪੁਲੀਟੀਕਲ' ਫਿਲਮ 'ਰਾਜਧਾਨੀ ਐਕਸਪ੍ਰੈੱਸ' ਵੀ ਬਣਾਈ ਜਿਸ ਵਿੱਚ ਉਸ ਨੇ ਕੇਸ਼ਵ ਦਾ ਰੋਲ ਅਦਾ ਕੀਤਾ। ਗੀਤਾ ਸੇਠੀ ਤੇ ਪ੍ਰਕਾਸ਼ ਪਾਡੂਕੋਨ ਵੱਲੋਂ ਸਥਾਪਿਤ 'ਓਲੰਪਿਕ ਗੋਲਡ ਕੁਇਸਟ' ਨਾਂ ਦੀ ਫਾਊਂਡੇਸ਼ਨ, ਜੋ ਭਾਰਤ ਦੇ ਹੋਣਹਾਰ ਖਿਡਾਰੀਆਂ ਨੂੰ ਸਪੋਰਟ ਕਰਦੀ ਹੈ, 2010 ਤੋਂ ਲੀਏਂਡਰ ਵੀ ਉਹਦਾ ਡਾਇਰੈਕਟਰ ਹੈ। ਹਾਲੇ ਉਹ 52 ਸਾਲਾਂ ਦਾ ਹੋਇਐ ਤੇ ਉਸ ਤੋਂ ਹੋਰ ਵੀ ਵੱਡੀਆਂ ਆਸਾਂ ਹਨ। ਜੁਗ ਜੁਗ ਜੀਵੇ ਟੈਨਿਸ ਦਾ ਉੱਘਾ ਖਿਡਾਰੀ ਲੀਏਂਡਰ ਪੇਸ।



## ਹਾਕੀ ਓਲੰਪੀਅਨ ਮੁਖਬੈਨ ਸਿੰਘ : ਜਿਨ੍ਹਾਂ ਦਾ ਆਸਟਰੇਲੀਆ ਖਿਲਾਫ਼ ਗੋਲਜ਼ ਦੀ ਹੈਟ੍ਰਿਕ ਦਾ ਰਿਕਾਰਡ ਕੋਈ ਨਹੀਂ ਤੋੜ ਸਕਿਆ

ਸੌਰਭ ਦੁੱਗਲ

**ਪੈਰਿਸ** ਓਲੰਪਿਕ ਮੁਕਾਬਲੇ ਤੋਂ ਪਹਿਲਾਂ ਭਾਰਤੀ ਪੁਰਸ਼ ਹਾਕੀ ਟੀਮ ਨੇ ਆਸਟ੍ਰੇਲੀਆ ਨੂੰ ਆਖ਼ਰੀ ਵਾਰ 1972 ਦੀ ਮਿਊਨਿਕ ਓਲੰਪਿਕ ਵਿੱਚ ਹਰਾਇਆ ਸੀ। ਭਾਰਤ ਨੇ ਲੀਗ ਮੈਚ ਵਿੱਚ 3-1 ਨਾਲ ਜਿੱਤ ਹਾਸਿਲ ਕੀਤੀ ਅਤੇ ਅੰਤ ਵਿੱਚ ਕਾਂਸੀ ਦਾ ਤਗ਼ਮਾ ਜਿੱਤਿਆ। ਮਿਊਨਿਕ ਓਲੰਪਿਕ ਆਖ਼ਰੀ ਓਲੰਪਿਕ ਸੀ ਜਿੱਥੇ ਹਾਕੀ ਮੈਚ ਘਾਹ 'ਤੇ ਖੇਡਿਆ ਗਿਆ ਸੀ, ਉਸ ਤੋਂ ਬਾਅਦ 1972 ਵਿੱਚ ਐਸਟ੍ਰੋਟਰਫ 'ਤੇ ਹਾਕੀ ਦੇ ਖੇਡ ਦੀ ਸ਼ੁਰੂਆਤ ਹੋਈ। 1968 ਦੇ ਮੈਕਸੀਕੋ ਓਲੰਪਿਕ ਦੇ ਦੌਰਾਨ ਆਸਟ੍ਰੇਲੀਆ ਨੇ ਸੈਮੀਫਾਈਨਲ ਵਿੱਚ ਭਾਰਤ ਨੂੰ 2-1 ਨਾਲ ਹਰਾ ਕੇ ਭਾਰਤ ਦੀ ਜਿੱਤ ਦੀ ਲੜੀ ਨੂੰ ਤੋੜ ਦਿੱਤਾ ਸੀ, ਜਿਸ ਨਾਲ ਭਾਰਤ 1928 ਵਿੱਚ ਓਲੰਪਿਕ ਵਿੱਚ ਸ਼ੁਰੂਆਤ ਤੋਂ ਬਾਅਦ ਪਹਿਲੀ ਵਾਰ ਫਾਈਨਲ ਵਿੱਚ ਪਹੁੰਚਣ ਤੋਂ ਰਹਿ ਗਿਆ ਸੀ। ਭਾਰਤ ਨੂੰ ਕਾਂਸੀ ਦੇ ਤਗ਼ਮੇ ਨਾਲ ਹੀ ਸਬਰ ਕਰਨਾ ਪਿਆ ਜਿਸ ਨੇ ਹਾਕੀ ਦੇ ਖੇਤਰ ਵਿੱਚ ਇੱਕ ਮਹੱਤਵਪੂਰਨ ਤਬਦੀਲੀ ਲਿਆਂਦੀ।

### ਮਿਊਨਿਖ ਓਲੰਪਿਕ: ਭਾਰਤ-ਆਸਟ੍ਰੇਲੀਆ ਮੁਕਾਬਲੇ ਦੀ ਯਾਦ

1972 ਮਿਊਨਿਖ ਓਲੰਪਿਕ ਵਿੱਚ ਭਾਰਤ ਨੇ ਗਰੁੱਪ ਪੜਾਅ ਵਿੱਚ ਆਸਟ੍ਰੇਲੀਆ ਨੂੰ 3-1 ਨਾਲ ਹਰਾ ਕੇ ਆਪਣੀ ਪਿਛਲੀ ਹਾਰ ਦਾ ਬਦਲਾ ਲਿਆ। 1968 ਓਲੰਪਿਕ ਦੇ ਚਾਂਦੀ ਦਾ ਤਗ਼ਮਾ ਜੇਤੂ ਮਿਊਨਿਕ ਵਿੱਚ ਗਰੁੱਪ ਪੜਾਅ ਤੋਂ ਅੱਗੇ ਨਹੀ ਵਧ ਸਕੇ।

ਪੈਨਲਟੀ ਕਾਰਨਰ ਮਾਹਿਰ ਮੁਖਬੈਨ ਸਿੰਘ ਭਾਰਤ ਦੀ ਆਸਟ੍ਰੇਲੀਆ 'ਤੇ ਜਿੱਤ ਵਿੱਚ ਸਭ ਤੋਂ ਮਹੱਤਵਪੂਰਨ ਖਿਡਾਰੀ ਸੀ। ਮੁਖਬੈਨ ਸਿੰਘ ਨੇ 3-1 ਦੀ ਜਿੱਤ ਵਿੱਚ ਸਾਰੇ ਤਿੰਨ ਗੋਲ ਕੀਤੇ ਅਤੇ ਇਸ ਤਰ੍ਹਾਂ ਉਹ ਓਲੰਪਿਕ ਵਿੱਚ ਆਸਟ੍ਰੇਲੀਆ ਦੇ ਖਿਲਾਫ਼ ਹੈਟ੍ਰਿਕ ਬਣਾਉਣ ਵਾਲੇ ਪਹਿਲੇ ਭਾਰਤੀ ਬਣ ਗਏ। ਇਹ ਇੱਕ ਰਿਕਾਰਡ ਹੈ ਜੋ ਅਜੇ ਵੀ ਕਾਇਮ ਹੈ। ਉਹ ਮਿਊਨਿਕ ਵਿੱਚ ਭਾਰਤ ਲਈ ਸਭ ਤੋਂ ਵੱਧ 9 ਗੋਲ ਕਰਨ ਵਾਲੇ ਖਿਡਾਰੀ ਵੀ ਰਹੇ। ਮੁਖਬੈਨ ਸਿੰਘ ਜੋ ਹੁਣ 79 ਸਾਲ ਦੇ ਹਨ, ਨੇ ਕਿਹਾ, "2024 ਪੈਰਿਸ ਓਲੰਪਿਕ ਵਿੱਚ ਆਸਟ੍ਰੇਲੀਆ ਦੇ ਖ਼ਿਲਾਫ਼ ਭਾਰਤੀ ਟੀਮ ਦੇ ਪ੍ਰਦਰਸ਼ਨ ਨੇ ਮੇਰੀਆਂ 1972 ਦੇ ਮਿਊਨਿਖ ਪ੍ਰਦਰਸ਼ਨ ਦੀਆਂ ਯਾਦਾਂ ਨੂੰ ਤਾਜ਼ਾ ਕਰਵਾ ਦਿੱਤਾ ਹੈ।"




"ਆਸਟ੍ਰੇਲੀਆ ਇਸ ਸਮੇਂ ਵਿਸ਼ਵ ਦੀਆਂ ਚੋਟੀ ਦੀਆਂ ਰੈਂਕਿੰਗ ਵਾਲੀਆਂ ਟੀਮਾਂ ਵਿੱਚੋਂ ਇੱਕ ਹੈ ਅਤੇ ਸਾਡੇ ਖਿਡਾਰੀਆਂ ਨੇ ਉਨ੍ਹਾਂ ਖਿਲਾਫ਼ ਜਿਸ ਤਰ੍ਹਾਂ ਨਾਲ ਖੇਡਿਆ, ਉਹ ਕਮਾਲ ਦਾ ਸੀ।" "52 ਸਾਲਾਂ ਦੇ ਵਕਫ਼ੇ ਤੋਂ ਬਾਅਦ ਆਸਟ੍ਰੇਲੀਆ ਨੂੰ ਹਰਾਉਣਾ ਪੈਰਿਸ ਵਿੱਚ ਉਨ੍ਹਾਂ ਦੀ ਖੇਡ ਦੀ ਖ਼ਾਸ ਗੱਲ ਹੋਵੇਗੀ।" "ਮੈਨੂੰ ਵਿਸ਼ਵਾਸ ਹੈ ਕਿ ਭਾਰਤੀ ਟੀਮ ਪੈਰਿਸ ਵਿੱਚ ਟੋਕੀਓ ਓਲੰਪਿਕ ਵਿੱਚ ਜਿੱਤੇ ਕਾਂਸੀ ਦੇ ਤਗ਼ਮੇ ਦੇ ਆਪਣੇ ਪ੍ਰਦਰਸ਼ਨ ਨੂੰ ਜਾਰੀ ਰੱਖੇਗੀ।" ਮੁਖਬੈਨ ਸਿੰਘ ਨੇ ਅੱਗੇ ਕਿਹਾ, "ਮਿਊਨਿਕ ਓਲੰਪਿਕ ਦੇ ਸਮੇਂ, ਪੈਨਲਟੀ ਕਾਰਨਰ ਨਿਯਮਾਂ ਅਨੁਸਾਰ ਗੋਲ ਕੇਜ (ਪਿੰਜਰੇ) 'ਤੇ ਸਿੱਧਾ ਹਿੱਟ ਕਰਨਾ ਲਾਜ਼ਮੀ ਸੀ ਅਤੇ ਜੇਕਰ ਹਿੱਟ ਬੋਰਡ ਦੀ ਉਚਾਈ ਤੋਂ ਉੱਪਰ ਹੁੰਦਾ ਸੀ, ਤਾਂ ਉਸ ਨੂੰ ਗਿਣਿਆ ਨਹੀ ਜਾਂਦਾ ਸੀ।"

"ਸਾਡੇ ਕੋਲ ਮਜ਼ਬੂਤ ਸੁਮੇਲ ਸੀ- ਹਰਬਿੰਦਰ ਨੇ ਗੇਂਦ ਨੂੰ ਅੱਗੇ ਵਧਾਇਆ, ਹਰਮੀਤ ਨੇ ਆਪਣੇ ਹੱਥ ਨਾਲ ਉਸ ਨੂੰ ਰੋਕਿਆ ਅਤੇ ਮੈਂ ਹਿੱਟ ਕੀਤਾ।" ਸਾਲ 2008 ਵਿੱਚ ਧਿਆਨਚੰਦ ਪੁਰਸਕਾਰ ਨਾਲ ਸਨਮਾਨਿਤ ਕੀਤੇ ਗਏ ਮੁਖਬੈਨ ਸਿੰਘ ਨੇ ਕਿਹਾ, "ਹਾਲਾਂਕਿ ਮਾਈਕਲ ਕਿੰਡੋ ਵੀ ਪੈਨਲਟੀ ਕਾਰਨਰ ਵਿੱਚ ਬਾਲ ਮਾਰਦਾ ਸੀ, ਪਰ ਮੇਰੇ ਹਿੱਟ ਨਤੀਜੇ ਦੇ ਰਹੇ ਸਨ, ਇਸ ਲਈ ਮੈਂ ਸਾਰੇ ਪੈਨਲਟੀ ਕਾਰਨਰ ਲਏ, ਜਿਸ ਨਾਲ ਖੇਡ ਵਿੱਚ ਸਾਡਾ ਦਬਦਬਾ ਬਣਿਆ ਰਿਹਾ।" "ਮਿਊਨਿਕ ਵਿੱਚ ਮੈਂ ਸਾਰੀਆਂ ਟੀਮਾਂ ਦੇ ਮੈਚ ਦੇਖਦਾ ਸੀ, ਖ਼ਾਸ ਤੌਰ 'ਤੇ ਗੋਲਕੀਪਰਾਂ 'ਤੇ ਧਿਆਨ ਕੇਂਦਰਿਤ ਕਰਦਾ ਸੀ, ਉਨ੍ਹਾਂ ਦੀ ਤਾਕਤ ਅਤੇ ਕਮਜ਼ੋਰੀਆਂ ਦਾ ਵਿਸ਼ਲੇਸ਼ਣ ਕਰਦਾ ਸੀ।" "ਇਸ ਰਣਨੀਤੀ ਨਾਲ ਮੈਨੂੰ ਮੈਚਾਂ ਦੌਰਾਨ ਮਦਦ ਮਿਲੀ ਕਿਉਂਕਿ ਮੈਨੂੰ ਪੈਨਲਟੀ ਕਾਰਨਰ ਦੌਰਾਨ ਸਪੱਸ਼ਟ ਪਤਾ ਸੀ ਕਿ ਬਾਲ ਨੂੰ ਕਿੱਥੇ ਮਾਰਨਾ ਹੈ।" ਇੱਕ ਹਾਕੀ ਪਰਿਵਾਰ ਨਾਲ ਸਬੰਧ ਰੱਖਣ ਵਾਲੇ ਮੁਖਬੈਨ ਦੇ ਪਿਤਾ ਦਰਬਾਰਾ ਸਿੰਘ ਭਾਰਤੀ ਫੌਜ ਵਿੱਚ ਖਿਡਾਰੀ ਸਨ ਅਤੇ ਮੇਜਰ ਧਿਆਨ ਚੰਦ ਨਾਲ ਖੇਡਦੇ ਸਨ।

ਮੁਖਬੈਨ ਦਾ ਹਾਕੀ ਸਫ਼ਰ ਪੰਜਾਬ ਵਿੱਚ ਸ਼ੁਰੂ ਹੋਇਆ, ਜਿੱਥੇ ਉਨ੍ਹਾਂ ਨੇ ਰਾਸ਼ਟਰੀ ਟੀਮ ਵਿੱਚ ਸ਼ਾਮਲ ਹੋਣ ਤੋਂ ਪਹਿਲਾਂ ਸਥਾਨਕ ਕਲੱਬਾਂ ਲਈ ਖੇਡਿਆ। ਉਨ੍ਹਾਂ ਦਾ ਭਰਾ ਸੰਤੋਖ ਸਿੰਘ ਵੀ ਅੰਤਰਰਾਸ਼ਟਰੀ ਪੱਧਰ ਦਾ ਹਾਕੀ ਖਿਡਾਰੀ ਸੀ ਅਤੇ ਵਰਤਮਾਨ ਵਿੱਚ ਪਰਿਵਾਰ ਦੀ ਤੀਜੀ ਪੀੜ੍ਹੀ ਯਾਨਿ ਮੁਖਬੈਨ ਸਿੰਘ ਦੇ ਪੁੱਤਰ ਬਿਕਰਮਜੀਤ ਸਿੰਘ ਰਾਸ਼ਟਰੀ ਪੱਧਰ 'ਤੇ ਪੰਜਾਬ ਲਈ ਖੇਡ ਚੁੱਕੇ ਹਨ। ਮੁਖਬੈਨ ਸਿੰਘ ਨੇ ਕਿਹਾ, "ਮੈਂ ਪੰਜਾਬ ਵਿੱਚ ਪੈਦਾ ਹੋਇਆ ਅਤੇ ਵੱਡਾ ਹੋਇਆ ਹਾਂ, ਇਸ ਲਈ ਹਾਕੀ ਮੇਰੀ ਕੁਦਰਤੀ ਪਸੰਦ ਸੀ। ਬਟਾਲਾ ਵਿੱਚ ਖੇਡਣ ਤੋਂ ਬਾਅਦ ਮੈਂ ਅੰਮ੍ਰਿਤਸਰ ਖਾਲਸਾ ਕਾਲਜ ਕਲੱਬ ਵਿੱਚ ਸ਼ਾਮਲ ਹੋ ਗਿਆ, ਜਿੱਥੇ ਮੇਰੀ ਖੇਡ ਨੂੰ ਨਿਖਾਰਿਆ ਗਿਆ।" "ਮਿਊਨਿਕ ਓਲੰਪਿਕ ਵਿੱਚ ਭਾਰਤੀ ਟੀਮ ਦਾ ਬਹੁਤਾ ਹਿੱਸਾ ਪੰਜਾਬ ਦੇ ਖਿਡਾਰੀਆਂ ਦਾ ਸੀ ਅਤੇ ਮੌਜੂਦਾ ਟੀਮ ਵਿੱਚ ਵੀ ਅੱਧਾ ਹਿੱਸਾ ਪੰਜਾਬ ਤੋਂ ਹੀ ਹੈ।" "ਕਪਤਾਨ ਹਰਮਨਪ੍ਰੀਤ ਸਿੰਘ, ਜਿਸ ਨੇ ਆਸਟ੍ਰੇਲੀਆ ਦੇ ਖਿਲਾਫ਼ ਪੈਨਲਟੀ ਕਾਰਨਰ ਲਏ ਅਤੇ ਦੋ ਗੋਲ ਕੀਤੇ, ਟੀਮ ਲਈ ਇੱਕ ਮਹੱਤਵਪੂਰਨ ਖਿਡਾਰੀ ਹੈ।" "ਉਸ ਦੀ ਮੌਜੂਦਾ ਫਾਰਮ ਨੂੰ ਦੇਖਦੇ ਹੋਏ, ਮੈਨੂੰ ਉਮੀਦ ਹੈ ਕਿ ਉਹ ਪੈਰਿਸ ਵਿੱਚ ਫਾਈਨਲ ਵਿੱਚ ਪਹੁੰਚਣਗੇ।"

### ਮਿਊਨਿਖ ਕਤਲੇਆਮ ਦੀ ਯਾਦਾਂ ਵੀ ਤਾਜ਼ਾ ਹਨ

ਮਿਊਨਿਖ ਓਲੰਪਿਕ ਦੇ ਦੌਰਾਨ ਇੱਕ ਫ਼ਲਸਤੀਨੀ ਅੱਤਵਾਦੀ ਸਮੂਹ ਦੁਆਰਾ ਕੀਤੇ ਗਏ ਅੱਤਵਾਦੀ ਹਮਲੇ ਕਾਰਨ ਖੇਡ ਪ੍ਰਭਾਵਿਤ ਹੋਈ ਸੀ। ਇਸ ਹਮਲੇ ਵਿੱਚ ਦੋ ਇਜ਼ਰਾਈਲੀ ਐਥਲੀਟਾਂ ਦੀ ਮੌਤ ਹੋ ਗਈ ਸੀ ਅਤੇ ਨੌਂ ਹੋਰਾਂ ਨੂੰ ਅਗਵਾ ਕਰਕੇ ਕਤਲ ਕਰ ਦਿੱਤਾ ਗਿਆ ਸੀ। ਮੁਖਬੈਨ ਨੇ ਦੱਸਿਆ, "ਮੈਂ ਇਜ਼ਰਾਈਲੀ ਟੀਮ ਦੀ ਬਾਲਕੋਨੀ ਵਿੱਚ ਦੋ ਅੱਤਵਾਦੀਆਂ ਨੂੰ ਅਸਾਲਟ ਰਾਈਫਲਾਂ ਨਾਲ ਦੇਖਿਆ।" "ਇਸ ਹਮਲੇ ਨਾਲ ਕਾਫ਼ੀ ਤਣਾਅ ਪੈਦਾ ਹੋ ਗਿਆ। ਇੱਥੋਂ ਤੱਕ ਕਿ ਓਲੰਪਿਕ ਨੂੰ ਰੱਦ ਕਰਨ ਦੀ ਵੀ ਚਰਚਾ ਹੋਣ ਲੱਗੀ ਸੀ।" "ਇਸ ਤੋਂ ਇਲਾਵਾ, ਸੁਰੱਖਿਆ ਵਧਾ ਦਿੱਤੀ ਗਈ ਸੀ, ਖ਼ਾਸ ਤੌਰ 'ਤੇ 1971 ਦੀ ਤਾਜ਼ਾ ਜੰਗ ਕਾਰਨ ਭਾਰਤੀ ਅਤੇ ਪਾਕਿਸਤਾਨੀ ਦਲਾਂ ਵਿਚਕਾਰ।"

## ਹਰਜਸ ਸਿੰਘ : 141 ਗੇਂਦਾਂ 'ਤੇ 314 ਦੌੜਾਂ ਬਣਾਉਣ ਦਾ ਕਮਾਲ ਦਿਖਾਉਣ ਵਾਲੇ ਖਿਡਾਰੀ ਦੇ ਚਰਚੇ

**ਸਿਡਨੀ** ਵਿੱਚ ਘਰੇਲੂ ਕ੍ਰਿਕਟ ਦੇਖ ਰਹੇ ਪ੍ਰਸ਼ੰਸਕਾਂ ਦਾ ਉਸ ਵੇਲੇ ਖੁਸ਼ੀ ਦਾ ਟਿਕਾਣਾ ਨਾ ਰਿਹਾ ਜਦੋਂ ਆਸਟ੍ਰੇਲੀਆ ਦੇ ਬੱਲੇਬਾਜ਼ ਹਰਜਸ ਸਿੰਘ ਨੇ ਗ੍ਰੇਡ ਮੁਕਾਬਲੇ ਵਿੱਚ 141 ਗੇਂਦਾਂ ਵਿੱਚ ਨਾਬਾਦ 314 ਦੌੜਾਂ ਬਣਾਈਆਂ। ਇੱਕ ਰਿਪੋਰਟ ਮੁਤਾਬਕ, ਸ਼ਨੀਵਾਰ ਨੂੰ 20 ਸਾਲਾ ਖਿਡਾਰੀ ਨੇ 35 ਛੱਕੇ ਅਤੇ 14 ਚੌਕੇ ਲਗਾਏ ਅਤੇ ਆਪਣੀ ਟੀਮ ਵੈਸਟਰਨ ਸਬਰਬ ਨੂੰ 50 ਓਵਰਾਂ ਵਿੱਚ 483 ਦੌੜਾਂ ਬਣਾਉਣ ਵਿੱਚ ਮਦਦ ਕੀਤੀ। ਉਨ੍ਹਾਂ ਦਾ ਸਕੋਰ ਸਿਡਨੀ ਦੇ ਪਹਿਲੇ ਗ੍ਰੇਡ ਦੇ ਇਤਿਹਾਸ ਵਿੱਚ ਤੀਜਾ ਸਭ ਤੋਂ ਵੱਡਾ ਹੈ। ਇਸ ਤੋਂ ਪਹਿਲਾਂ 1903 ਵਿੱਚ ਮਹਾਨ ਬੱਲੇਬਾਜ਼ ਵਿਕਟਰ ਟਰੰਪਰ ਨੇ 335 ਸਕੋਰ ਬਣਾਏ ਸਨ ਅਤੇ 2007 ਵਿੱਚ ਫਿਲ ਜੈਕਸ ਨੇ 321 ਦੌੜਾਂ ਬਣਾਈਆਂ ਸਨ। ਇਸ ਬਾਰੇ ਗੱਲ ਕਰਦਿਆਂ ਹਰਜਸ ਸਿੰਘ ਨੇ ਫੌਕਸ ਕ੍ਰਿਕਟ ਨੂੰ ਦੱਸਿਆ, "ਇਹ ਹੁਣ ਤੱਕ ਦੀ ਮੇਰੀ ਸਭ ਤੋਂ ਚੰਗੀ ਬੱਲੇਬਾਜ਼ੀ ਹੈ।" "ਇਹ ਅਜਿਹੀ ਚੀਜ਼ ਹੈ ਜਿਸ 'ਤੇ ਮੈਨੂੰ ਬਹੁਤ ਮਾਣ ਹੈ ਕਿਉਂਕਿ ਮੈਂ ਆਫ-ਸੀਜ਼ਨ ਵਿੱਚ ਆਪਣੀ ਪਾਵਰ ਹਿਟਿੰਗ 'ਤੇ ਕਾਫ਼ੀ ਕੰਮ ਕੀਤਾ ਹੈ ਅਤੇ ਇਹ ਕਮਾਲ ਕਰ ਦਿਖਾਉਣਾ ਮੇਰੇ ਲਈ ਬੇਹੱਦ ਖ਼ਾਸ ਸੀ।" ਹਰਜਸ ਸਿੰਘ ਨੇ 35ਵੇਂ ਓਵਰ ਵਿੱਚ 74 ਗੇਂਦਾਂ 'ਤੇ ਆਪਣਾ ਸੈਂਕੜਾ ਪੂਰਾ ਕੀਤਾ ਪਰ ਇਹ ਸਿਰਫ਼ ਉਨ੍ਹਾਂ ਦੀ ਸ਼ੁਰੂਆਤ ਹੀ ਸੀ, ਆਪਣੀਆਂ ਅਗਲੀਆਂ 67 ਗੇਂਦਾਂ ਵਿੱਚ ਉਨ੍ਹਾਂ ਨੇ 214 ਦੌੜਾਂ ਬਣਾਈਆਂ। ਹੈਰਾਨੀ ਦੀ ਗੱਲ ਨਹੀ ਹੈ ਕਿ ਵੈਸਟਰਨ ਸਬਰਬਸ ਦੀ ਵਿਰੋਧੀ ਟੀਮ ਸਿਡਨੀ, ਆਪਣੇ ਟੀਚੇ ਦਾ ਪਿੱਛਾ ਕਰਨ ਵਿੱਚ ਅਸਫਲ ਰਹੀ ਅਤੇ 8 ਵਿਕਟਾਂ 'ਤੇ 287 ਦੌੜਾਂ 'ਤੇ ਆਊਟ ਹੋ ਗਏ, ਜਿਸ ਨਾਲ ਹਰਜਸ ਸਿੰਘ ਦੀ ਟੀਮ ਨੂੰ 196 ਦੌੜਾਂ ਨਾਲ ਜਿੱਤ ਮਿਲੀ। ਹਰਜਸ ਸਿੰਘ ਉਸ ਆਸਟ੍ਰੇਲੀਆਈ ਟੀਮ ਦਾ ਹਿੱਸਾ ਸੀ ਜਿਨ੍ਹਾਂ ਨੇ ਫਰਵਰੀ 2024 ਵਿੱਚ ਅੰਡਰ-19 ਵਿਸ਼ਵ ਕੱਪ ਜਿੱਤਿਆ ਸੀ ਅਤੇ ਭਾਰਤ ਵਿਰੁੱਧ ਆਸਟ੍ਰੇਲੀਆ ਵੱਲੋਂ ਸਭ ਤੋਂ ਵੱਧ 55 ਦੌੜਾਂ ਦੀ ਪਾਰੀ ਖੇਡੀ ਸੀ, ਪਰ ਉਨ੍ਹਾਂ ਨੂੰ ਅਜੇ ਤੱਕ ਆਪਣੀ ਸਟੇਟ ਟੀਮ, ਨਿਊ ਸਾਊਥ ਵੇਲਜ਼ ਨਾਲ ਇੱਕ ਰੂਕੀ ਕੌਂਟਰੈਕਟ ਨਹੀ ਮਿਲਿਆ ਹੈ। ਤੇਜ਼ ਗੇਂਦਬਾਜ਼ ਮਾਹਲੀ ਬੀਅਰਡਮੈਨ ਨੂੰ ਪਿਛਲੇ ਸਾਲ ਇੰਗਲੈਂਡ ਦੇ ਦੌਰੇ ਲਈ ਆਸਟ੍ਰੇਲੀਆ ਦੀ ਵਨਡੇਅ ਟੀਮ ਵਿੱਚ ਸ਼ਾਮਲ ਕੀਤਾ ਗਿਆ ਸੀ, ਜਦਕਿ ਉਨ੍ਹਾਂ ਦੇ ਸਾਥੀ ਖਿਡਾਰੀ ਓਲੀਵਰ ਪੀਕ, ਹੈਰੀ ਡਿਕਸਨ ਅਤੇ ਟੌਮ ਸਟ੍ਰੈਕਰ ਵੀ ਹਾਲ ਹੀ ਵਿੱਚ ਭਾਰਤ ਦੇ ਦੌਰੇ 'ਤੇ ਆਈ ਆਸਟ੍ਰੇਲੀਆ ਏ ਟੀਮ ਵਿੱਚ ਸ਼ਾਮਲ ਹੋਏ ਅਤੇ ਇੱਕ ਹੋਰ ਤੇਜ਼ ਗੇਂਦਬਾਜ਼, ਕੈਲਮ ਵਿਡਲਰ, ਸੱਟ ਕਾਰਨ ਦੌਰੇ ਤੋਂ ਬਾਹਰ ਹੋ ਗਏ ਸੀ।



ਹੋਰ ਖਿਡਾਰੀਆਂ ਦੇ ਸਟੇਟ ਕ੍ਰਿਕਟ ਵਿੱਚ ਆਪਣੀ ਪਛਾਣ ਬਣਾਉਣ ਦੇ ਨਾਲ ਹਰਜਸ ਸਿੰਘ ਜਲਦੀ ਹੀ ਖੇਡ ਦੇ ਪੇਸ਼ੇਵਰ ਪੱਧਰ 'ਤੇ ਕਦਮ ਰੱਖਣ ਵਾਲੀ ਸੁਨਹਿਰੀ ਪੀੜ੍ਹੀ ਦੇ ਨਵੀਨਤਮ ਖਿਡਾਰੀ ਬਣ ਸਕਦੇ ਹਨ।

### ਲੱਕੜ ਦੀ ਫੱਟੀ ਤੋਂ ਕੀਤੀ ਸ਼ੁਰੂਆਤ

ਆਸਟ੍ਰੇਲੀਆ ਵਿੱਚ ਜੰਮੇ ਹਰਜਸ ਸਿੰਘ ਨੇ ਸਾਲ 2023 ਵਿੱਚ ਆਸਟ੍ਰੇਲੀਆ ਦੀ ਅੰਡਰ 19 ਕ੍ਰਿਕਟ ਵਿਸ਼ਵ ਕੱਪ ਦੀ ਟੀਮ ਵਿੱਚ ਆਪਣੀ ਥਾਂ ਬਣਾਈ ਸੀ। ਹਰਜਸ ਸਿੰਘ ਨੇ ਐੱਸਬੀਐੱਸ ਆਸਟ੍ਰੇਲੀਆ ਨੂੰ ਦਿੱਤੇ ਆਪਣੇ ਇੱਕ ਇੰਟਰਵਿਊ ਵਿੱਚ ਦੱਸਿਆ ਕਿ ਉਨ੍ਹਾਂ ਨੇ ਨੌਂ ਸਾਲ ਦੀ ਉਮਰ ਵਿੱਚ ਕ੍ਰਿਕਟ ਖੇਡਣਾ ਸ਼ੁਰੂ ਕੀਤਾ ਸੀ। ਇਹ ਇੰਟਰਵਿਊ ਉਨ੍ਹਾਂ ਨੇ ਮਈ 2023 ਵਿੱਚ ਦਿੱਤਾ ਸੀ। ਉਨ੍ਹਾਂ ਨੇ ਦੱਸਿਆ ਕਿ ਉਹ ਸ਼ੁਰੂਆਤ ਵਿੱਚ ਗੁਰਦੁਆਰੇ ਵਿੱਚ ਕ੍ਰਿਕਟ ਖੇਡਦੇ ਹੁੰਦੇ ਸਨ ਅਤੇ ਪਹਿਲਾਂ ਉਹ ਲੱਕੜ ਦੇ ਫੱਟੇ ਅਤੇ ਟੈਨਿਸ ਬਾਲ ਨਾਲ ਕ੍ਰਿਕਟ ਖੇਡਦੇ ਸਨ। ਹਰਜਸ ਸਿੰਘ ਅੰਡਰ-14 ਦੇ ਨਾਲ-ਨਾਲ ਆਪਣੇ ਸ਼ੁਰੂਆਤੀ ਦੌਰ ਵਿੱਚ ਕ੍ਰਿਕਟ ਕਲੱਬਾਂ ਵਿੱਚ ਵੀ ਖੇਡੇ। ਉਹ ਖੱਬੇ ਹੱਥ ਦੇ ਬੱਲੇਬਾਜ਼ ਹਨ। ਹਰਜਸ ਸਿੰਘ ਨੇ ਉਸ ਵੇਲੇ ਕਿਹਾ ਸੀ ਕਿ ਉਹ ਮੰਨਦੇ ਹਨ ਕਿ ਉਨ੍ਹਾਂ ਦੀ ਦਿੱਖ ਕਾਰਨ ਉਹ ਬਾਕੀਆਂ ਤੋਂ ਵੱਖਰੇ ਹਨ। "ਇਸ ਲਈ ਮੇਰੇ ਦਿਮਾਗ ਵਿੱਚ ਹਮੇਸ਼ਾ ਇਹ ਗੱਲ ਰਹਿੰਦੀ ਹੈ ਕਿ ਦਸਤਾਰਧਾਰੀ ਹੋਣ ਕਾਰਕੇ ਮੈਨੂੰ ਆਪਣੀ ਥਾਂ ਬਣਾਉਣ ਲਈ ਬਿਹਤਰ ਪ੍ਰਦਰਸ਼ਨ ਕਰਕੇ ਦਿਖਾਉਣਾ ਪਵੇਗਾ।" ਉਨ੍ਹਾਂ ਨੇ ਦੱਸਿਆ ਸੀ ਕਿ ਉਨ੍ਹਾਂ ਦੇ ਪਟਕੇ ਕਾਰਨ ਪ੍ਰਾਇਮਰੀ ਸਕੂਲ ਵਿੱਚ ਉਨ੍ਹਾਂ ਨੂੰ ਕਈ ਵਾਰੀ ਗੱਲਾਂ ਸੁਣਨੀਆਂ ਪੈਂਦੀਆਂ ਸੀ, "ਪਰ ਹੁਣ ਇਹ ਘੱਟ ਗਿਆ ਹੈ।" ਹਰਜਸ ਸਿੰਘ ਆਪਣੀ ਸਫ਼ਲਤਾ ਦਾ ਸਿਹਰਾ ਆਪਣੇ ਮਾਪਿਆਂ ਨੂੰ ਦਿੰਦੇ ਹਨ। ਉਹ ਕਹਿੰਦੇ ਹਨ ਉਨ੍ਹਾਂ ਦੇ ਮਾਪਿਆਂ ਨੇ ਹੀ ਉਨ੍ਹਾਂ ਦੀ ਕਾਬਲੀਅਤ ਨੂੰ ਪਛਾਣਿਆ। ਉਨ੍ਹਾਂ ਨੇ ਕਿਹਾ ਸੀ, "ਮੇਰੇ ਪਿਤਾ ਮੈਨੂੰ ਹਫ਼ਤੇ 'ਚ ਤਿੰਨ ਚਾਰ ਵਾਰੀ ਸਿਖਲਾਈ ਲਈ ਲੈ ਕੇ ਜਾਂਦੇ ਸਨ।" ਉਹ ਕਹਿੰਦੇ ਹਨ, "ਮੇਰੀ ਤਾਕਤ ਮੇਰੀ ਬੱਲੇਬਾਜ਼ੀ ਹੈ ਅਤੇ ਕਦੇ-ਕਦੇ ਗੇਂਦਬਾਜ਼ੀ ਵਿੱਚ ਵੀ ਆਪਣਾ ਹੱਥ ਅਜ਼ਮਾਉਂਦਾ ਹਾਂ। ਮੇਰਾ ਧਿਆਨ ਚੰਗਾ ਪ੍ਰਦਰਸ਼ਨ ਕਰਨ ਅਤੇ ਆਪਣਾ 'ਬੈਂਸਟ' ਦੇਣ ਵੱਲ ਕੇਂਦਰਤ ਹੈ।" "ਹਾਲਾਂਕਿ ਕ੍ਰਿਕਟ ਦੇ ਹਰ ਫੌਰਮੈਟ ਵਿੱਚ ਬੱਲੇਬਾਜ਼ੀ ਕਰਨਾ ਪਸੰਦ ਹੈ, ਪਰ ਮੈਨੂੰ 'ਵ੍ਹਾਈਟ ਗੇਂਦ' ਨਾਲ ਖੇਡਣਾ ਪਸੰਦ ਹੈ ਕਿਉਂਕਿ ਤੁਸੀ ਹਮਲਾਵਰ ਅੰਦਾਜ਼ 'ਚ ਬੱਲਬੇਾਜ਼ੀ ਕਰ ਸਕਦੇ ਹੋ। ਟੀ 20 ਅਤੇ ਵਨਡੇਅ ਕ੍ਰਿਕਟ ਉਨਾਂ ਦੀ ਪਸੰਦ ਹਨ।" ਇੱਕ ਅਖ਼ਬਾਰ ਨੂੰ ਉਨ੍ਹਾਂ ਨੇ ਦੱਸਿਆ ਸੀ ਕਿ ਸ਼ੁਭਮਨ ਗਿੱਲ ਉਨ੍ਹਾਂ ਦੀ ਪ੍ਰੇਰਨਾ ਹਨ। ਹਰਜਸ ਸਿੰਘ ਆਖ਼ਰੀ ਵਾਰੀ 2015 ਵਿੱਚ ਭਾਰਤ ਆਏ ਸਨ, ਉਹ ਕਹਿੰਦੇ ਹਨ ਕਿ ਉਨ੍ਹਾਂ ਨੂੰ ਆਪਣੇ ਪਿਛੋਕੜ ਉੱਤੇ ਮਾਣ ਹੈ।

### ਸ਼ਾਨਦਾਰ ਪਾਰੀ 'ਤੇ ਕੀ ਬੋਲੇ ਹਰਜ

ਵੈਬਸਾਈਟ ਦਿ ਏਜ ਮੁਤਾਬਕ, ਹਰਜਸ ਕਹਿੰਦੇ ਹਨ, "100 ਦੌੜਾਂ ਤੋਂ ਬਾਅਦ, ਤੁਸੀ ਆਪਣੀ ਰਫ਼ਤਾਰ ਫੜ੍ਹਨਾ ਸ਼ੁਰੂ ਕਰ ਦਿੰਦੇ ਹੋ ਅਤੇ ਮੈਂ ਹਰ ਗੇਂਦ 'ਤੇ ਛੱਕਾ ਮਾਰਨਾ ਚਾਹੁੰਦਾ ਸੀ।" "ਆਖ਼ਰੀ ਓਵਰ ਵਿੱਚ ਮੈਂ ਵੱਧ ਤੋਂ ਵੱਧ ਵਿਸਫੋਟਕ ਸ਼ਾਟ ਮਾਰਨ ਦੀ ਕੋਸ਼ਿਸ਼ ਕਰ ਰਿਹਾ ਸੀ। ਮੈਂ ਲੌਂਗ-ਆਫ 'ਤੇ ਹੋਲਿੰਗ ਆਊਟ ਕਰ ਦਿੱਤਾ। ਇਸਦਾ ਸਭ ਤੋਂ ਮਜ਼ੇਦਾਰ ਪਹਿਲੂ ਸਾਫ਼ ਪਾਵਰ ਹਿਟਿੰਗ ਸੀ। ਮੈਂ ਆਫ-ਸੀਜ਼ਨ ਦੌਰਾਨ ਇਸ 'ਤੇ ਬਹੁਤ ਕੰਮ ਕੀਤਾ ਹੈ।" ਉਨ੍ਹਾਂ ਨੇ ਅੱਗੇ ਕਿਹਾ, "ਮੇਰੇ ਲਈ ਇਸ ਦਾ ਇੱਕ ਵੱਡਾ ਹਿੱਸਾ ਸਿਰਫ਼ ਪਲ ਦਾ ਆਨੰਦ ਲੈਣਾ ਹੈ। ਮੈਨੂੰ ਲੱਗਦਾ ਹੈ ਕਿ ਆਫ-ਸੀਜ਼ਨ ਦੌਰਾਨ ਮੇਰੀ ਮਾਨਸਿਕ ਮਜ਼ਬੂਤੀ ਵਿੱਚ ਸੁਧਾਰ ਹੋਇਆ ਹੈ ਅਤੇ ਮੈਂ ਇਸ ਨੂੰ ਗੇਂਦ-ਦਰ-ਗੇਂਦ ਖੇਡ ਰਿਹਾ ਸੀ।"

> ਮੇਰੀ ਤਾਕਤ ਮੇਰੀ ਬੱਲੇਬਾਜ਼ੀ ਹੈ ਅਤੇ ਕਦੇ-ਕਦੇ ਗੇਂਦਬਾਜ਼ੀ ਵਿੱਚ ਵੀ ਆਪਣਾ ਹੱਥ ਅਜ਼ਮਾਉਂਦਾ ਹਾਂ। ਮੇਰਾ ਧਿਆਨ ਚੰਗਾ ਪ੍ਰਦਰਸ਼ਨ ਕਰਨ ਅਤੇ ਆਪਣਾ 'ਬੈਂਸਟ' ਦੇਣ ਵੱਲ ਕੇਂਦਰਤ ਹੈ।
>
> ਹਰਜਸ ਸਿੰਘ
> ਕ੍ਰਿਕਟਰ, ਆਸਟ੍ਰੇਲੀਆ



## ਲੋਪ ਹੋ ਰਹੀਆਂ ਬੱਚਿਆਂ ਦੀਆਂ ਪੁਰਾਤਨ ਖੇਡਾਂ

ਦਵਿੰਦਰ ਕੌਰ ਖ਼ੁਸ਼ ਧਾਲੀਵਾਲ

**ਖੇਡਾਂ** ਦਾ ਮਨੁੱਖ ਦੇ ਜੀਵਨ ਨਾਲ ਡੂੰਘਾ ਸਬੰਧ ਹੈ। ਹਰ ਉਮਰ, ਵਰਗ ਤੇ ਦੇਸ਼ ਦੇ ਲੋਕ ਖੇਡਾਂ ਵੱਲ ਰੁਚਿਤ ਹੁੰਦੇ ਹਨ। ਲੋਕ ਖੇਡਾਂ ਲੋਕ-ਸਮੂਹ ਦੀ ਸਮੂਹਿਕ ਰਚਨਾ ਹੁੰਦੀਆਂ ਹਨ ਤੇ ਸਹਿਜ ਰੂਪ 'ਚ ਨਿੰਮਦੀਆਂ-ਵਿਗਸਦੀਆਂ ਰਹਿੰਦੀਆਂ ਹਨ। ਲੋਕ ਖੇਡਾਂ 'ਚ ਸਥਾਨਕ ਪੱਧਰ ਉੱਤੇ ਆਸਾਨੀ ਨਾਲ ਪ੍ਰਾਪਤ ਖੇਡ-ਸਮੱਗਰੀ ਵਾਲੀਆਂ ਖੇਡਾਂ ਪ੍ਰਚੱਲਿਤ ਹੁੰਦੀਆਂ ਹਨ। ਪੰਜਾਬ ਦੇ ਲੋਕਾਂ ਦੀਆਂ ਖੇਡਾਂ ਵੀ ਉਨ੍ਹਾਂ



ਦੇ ਸੁਭਾਅ ਵਾਂਗ ਖੁੱਲ੍ਹੀਆਂ-ਡੁੱਲ੍ਹੀਆਂ, ਸਾਦੀਆਂ, ਸਰੀਰਕ ਤੇ ਮਾਨਸਿਕ ਵਿਕਾਸ ਵਾਲੀਆਂ ਹਨ। ਉਨ੍ਹਾਂ ਦੀਆਂ ਪੁਰਾਤਨ ਖੇਡਾਂ, ਜਿਵੇਂ ਕਬੱਡੀ, ਗੁੱਲੀ-ਡੰਡਾ, ਖਿੱਦੋ-ਖੂੰਡੀ, ਰੱਸਾਕਸ਼ੀ, ਗੱਤਕਾ, ਲੁਕਣ-ਮੀਚੀ, ਕੋਟਲਾ-ਛਪਾਕੀ, ਬਾਰ੍ਹਾਂ ਟਹਿਣੀ, ਸਟਾਪੂ, ਸ਼ਤਰੰਜ, ਗੁੱਡੀ ਪਟੋਲਾ, ਬਿੱਲੀ ਮਾਸੀ, ਅੱਡੀ-ਟੱਪਾ, ਕੁਸ਼ਤੀਆਂ, ਮੂੰਗਲੀਆਂ ਫੇਰਨੀਆਂ, ਛਾਲਾਂ ਮਾਰਨੀਆਂ, ਰੱਸੀ ਟੱਪਣੀ, ਕਿੱਕਲੀ, ਸੌਂਚੀ, ਖੁੱਤੀਆਂ, ਪਿੱਠੂ, ਕੌਡੀਆਂ, ਬੰਟੇ, ਪੀਚੋ ਬੱਕਰੀ, ਮੈਂ ਰਾਜਾ ਪਟਵਾਰੀ ਆਦਿ ਹਨ। ਸਮਾਂ ਬਦਲਣ ਨਾਲ ਇਨ੍ਹਾਂ ਵਿੱਚੋ ਬਹੁਤ ਸਾਰੀਆਂ ਖੇਡਾਂ ਤਾਂ ਲੋਪ ਹੋ ਗਈਆਂ ਤੇ ਕੁਝ ਨਵੀਆਂ ਆ ਗਈਆਂ ਹਨ।

### ਲੋਕ ਖੇਡਾਂ ਦੀ ਸਮੱਗਰੀ ਤੇ ਤਰੀਕਾ

ਪੰਜਾਬੀ ਲੋਕ-ਖੇਡਾਂ ਵਿੱਚ ਸਥਾਨਕ ਪੱਧਰ 'ਤੇ ਪ੍ਰਾਪਤ ਸਮੱਗਰੀ ਜਿਵੇਂ ਗੀਟੇ, ਗੀਟੀਆਂ, ਇੱਟਾਂ ਦੇ ਰੋੜੇ, ਠੀਕਰੀਆਂ, ਟਾਹਣਾਂ, ਕੌਡੀਆਂ, ਲੱਕੜਾਂ, ਕੋਲਾ, ਡੰਡਾ, ਗੁੱਲੀ, ਖੂੰਡੀਆਂ, ਪੁਰਾਣੇ ਕੱਪੜੇ ਦੀਆਂ ਖਿੱਦੋ, ਸਣ ਦੀਆਂ ਰੱਸੀਆਂ ਆਦਿ ਸ਼ਾਮਲ ਹੁੰਦੀ ਹੈ। ਇਨ੍ਹਾਂ ਖੇਡਾਂ ਦਾ ਕੋਈ ਨਿਸਚਿਤ ਸਮਾਂ, ਸਥਾਨ ਨਹੀ ਹੁੰਦਾ। ਸਵੇਰੇ, ਸ਼ਾਮ, ਦੁਪਹਿਰੇ, ਤ੍ਰਿਕਾਲਾਂ ਵੇਲੇ ਚਾਨਣੀਆਂ ਰਾਤਾਂ 'ਚ ਜਦੋਂ ਵਿਹਲ ਮਿਲੇ, ਖੇਡੀਆਂ ਜਾ ਸਕਦੀਆਂ ਹਨ। ਵਧੇਰੇ ਖੇਡਾਂ ਵਿਚ ਸਰੀਰਕ ਹਰਕਤਾਂ, ਭੱਜ-ਦੌੜ, ਉੱਛਲ-ਕੁੱਦ ਤੇ ਦਾਅ-ਪੇਚ ਹੁੰਦੇ ਹਨ। ਲੋਕ-ਖੇਡਾਂ ਵਿੱਚ ਖਿਡਾਰੀਆਂ ਨੂੰ ਇਕੱਤਰ ਕਰਨ, ਪੁੱਗਣ, ਆੜੀ ਮਿਥਣ ਦੀਆਂ ਵਿਧੀਆਂ ਸਧਾਰਨ ਪਰ ਦਿਲਚਸਪ ਹੁੰਦੀਆਂ ਹਨ।

### ਖੇਡਾਂ ਦਾ ਵਰਗੀਕਰਨ

ਲੋਕ-ਖੇਡਾਂ ਨੂੰ ਉਮਰ, ਲਿੰਗ ਦੇ ਅਧਾਰ 'ਤੇ ਵੀ ਵੰਡਿਆ ਜਾ ਸਕਦਾ ਹੈ ਤੇ ਮਾਨਸਿਕ ਤੇ ਸਰੀਰਕ ਖੇਡਾਂ ਦੇ ਰੂਪ ਵਿਚ ਵੀ। ਜਿਵੇਂ ਛੋਟੇ ਬੱਚਿਆਂ ਦੀਆਂ ਖੇਡਾਂ ਲਾਟੂ, ਭੰਬੀਰੀਆਂ ਚਲਾਉਣਾ, ਅੱਕੜ-ਬੱਕੜ, ਬੰਟੇ ਖੇਡਣੇ ਆਦਿ। ਜਵਾਨਾਂ ਦੀਆਂ ਖੇਡਾਂ ਸਰੀਰਕ ਜ਼ੋਰ-ਅਜ਼ਮਾਈ ਵਾਲੀਆਂ ਹੁੰਦੀਆਂ ਹਨ, ਜਿਵੇਂ-ਕਬੱਡੀ, ਮੁਗਦਰ ਫੇਰਨਾ, ਮੂੰਗਲੀਆਂ ਫੇਰਨੀਆਂ ਆਦਿ। ਬਜ਼ੁਰਗਾਂ ਦੀਆਂ ਖੇਡਾਂ ਤਾਸ਼ ਖੇਡਣਾ, ਸ਼ਤਰੰਜ, ਚੌਪਟ ਆਦਿ ਪਰ ਕੁਝ ਖੇਡਾਂ ਵਿਚ ਉਮਰ ਦੀ ਸੀਮਾ ਨਿਸ਼ਚਿਤ ਨਹੀ ਸਗੋਂ ਸਰੀਰਕ ਸਮਰੱਥਾ ਹੀ ਪ੍ਰਧਾਨ ਹੁੰਦੀ ਹੈ। ਇਸੇ ਤਰ੍ਹਾਂ ਕੁੜੀਆਂ ਦੀਆਂ ਖੇਡਾਂ ਵਿਚ ਗੀਟੇ, ਕੋਟਲਾ ਛਪਾਕੀ, ਖਿੱਦੋ, ਗੁੱਡੀ ਫੂਕਣੀ, ਕਿੱਕਲੀ, ਸਟਾਪੂ ਆਦਿ ਹਨ।

### ਕਬੱਡੀ

ਕਬੱਡੀ ਕਈ ਕਿਸਮਾਂ ਦੀ ਹੁੰਦੀ ਹੈ, ਜਿਵੇਂ ਲੰਮੀ ਕਬੱਡੀ, ਛੋਟੀ ਜਾਂ ਜੱਫਲ ਕਬੱਡੀ। ਲੰਮੀ ਕਬੱਡੀ ਲਈ ਪੰਜ-ਛੇ ਕਦਮਾਂ ਦੀ ਦੂਰੀ 'ਤੇ ਆਹਮੋ-ਸਾਹਮਣੇ ਦੋ ਨਿਸ਼ਾਨ ਲਾ ਲਏ ਜਾਂਦੇ ਹਨ। ਦੋਵਾਂ ਟੀਮਾਂ ਦੇ ਖਿਡਾਰੀਆਂ ਦੀ ਗਿਣਤੀ ਬਰਾਬਰ ਹੁੰਦੀ ਹੈ। ਇਕ ਪਾਸੇ ਦਾ ਇਕ ਖਿਡਾਰੀ 'ਕਬੱਡੀ-ਕਬੱਡੀ' ਕਹਿੰਦਾ ਹੋਇਆ ਦੂਜੇ ਪਾਸੇ ਦੇ ਖਿਡਾਰੀਆਂ ਨੂੰ ਛੂਹਣ ਲਈ ਜਾਂਦਾ ਹੈ ਤੇ ਉਹ ਅੱਗੋ ਝਕਾਨੀਆਂ ਦਿੰਦੇ ਹਨ। ਕਬੱਡੀ-ਕਬੱਡੀ ਕਰਨ ਵਾਲਾ ਖਿਡਾਰੀ ਕਿਸੇ ਵਿਰੋਧੀ ਨੂੰ ਛੂਹ ਲਵੇ ਤੇ ਜੇ ਉਹਦਾ ਵਾਪਸ ਆਉਂਦੇ ਸਮੇਂ ਦਮ ਟੁੱਟ ਜਾਵੇ ਤੇ ਵਿਰੋਧੀ ਖਿਡਾਰੀ ਨਿਸ਼ਾਨ ਤੋਂ ਪਹਿਲਾਂ ਉਸ ਨੂੰ ਹੱਥ ਵੀ ਲਾ ਦੇਵੇ ਤਾਂ ਉਹ ਹਾਰ ਗਿਆ ਸਮਝਿਆ ਜਾਂਦਾ ਹੈ। ਕਬੱਡੀ ਦੀ ਅਗਲੀ ਕਿਸਮ ਜੱਫਲ ਕਬੱਡੀ ਹੁੰਦੀ ਹੈ। ਇਸ ਖੇਡ ਵਿਚ ਕਬੱਡੀ ਪਾਉਣ ਆਏ ਵਿਰੋਧੀ ਨੂੰ ਖਿਡਾਰੀ ਜੱਫਾ ਮਾਰ ਕੇ ਆਪਣੇ ਵੱਲ ਖਿੱਚਣ ਦੀ ਕੋਸ਼ਿਸ਼ ਕਰਦੇ ਹਨ। ਕਬੱਡੀ ਪਾਉਣ ਵਾਲੇ ਦੀ ਪੂਰੀ ਕੋਸ਼ਿਸ਼ ਹੁੰਦੀ ਹੈ ਕਿ ਉਸ ਨੂੰ ਜੱਫਾ ਨਾ ਪਵੇ ਤੇ ਜੇ ਜੱਫਾ ਪੈ ਜਾਂਦਾ ਹੈ ਤਾਂ ਕਿਸੇ ਤਰ੍ਹਾਂ ਉੱਥੋ ਨਿਕਲ ਕੇ ਨਿਸ਼ਾਨ ਤਕ ਪਹੁੰਚ ਜਾਵੇ ਤਾਂ ਜਿੱਤ ਜਾਂਦਾ ਹੈ। ਅੱਜ-ਕੱਲ੍ਹ ਅਜਿਹੀ ਕਬੱਡੀ ਨੂੰ ਨੈਸ਼ਨਲ ਸਟਾਈਲ ਤੇ ਪੰਜਾਬ ਸਟਾਈਲ ਕਬੱਡੀ ਕਿਹਾ ਜਾਂਦਾ ਹੈ। ਇਸ ਦੇ ਰਾਸ਼ਟਰੀ ਤੇ ਅੰਤਰਰਾਸ਼ਟਰੀ ਮੁਕਾਬਲੇ ਵੀ ਕਰਵਾਏ ਜਾਂਦੇ ਹਨ।

### ਗੁੱਲੀ ਡੰਡਾ

ਗੁੱਲੀ ਅਤੇ ਡੰਡਾ ਦੋਵੇਂ ਲੱਕੜ ਦੇ ਹੁੰਦੇ ਹਨ। ਗੁੱਲੀ ਨੂੰ ਸਿਰਿਆਂ ਤੋਂ ਘੜ ਕੇ ਤਿੱਖੀ ਕਰ ਲਿਆ ਜਾਂਦਾ ਹੈ। ਮੈਦਾਨ 'ਚ ਛੋਟਾ ਜਿਹਾ ਟੋਆ/ਰਾਬ ਪੁੱਟ ਲਿਆ ਜਾਂਦਾ ਹੈ। ਖਿਡਾਰੀ ਦੋ ਲਾਈਨਾਂ ਵਿਚ ਵੰਡੇ ਜਾਂਦੇ ਹਨ। ਵਾਰੀ ਪੁੱਗਣ ਤੋਂ ਬਾਅਦ ਪਹਿਲੀ ਵਾਰੀ ਲੈਣ ਵਾਲਾ ਗੁੱਲੀ ਨੂੰ ਰਾਬ 'ਤੇ ਰੱਖ ਕੇ ਡੰਡੇ ਨਾਲ ਦੂਰ ਸੁੱਟਦਾ ਹੈ। ਵਿਰੋਧੀ ਟੀਮ ਦੇ ਖਿਡਾਰੀ ਗੁੱਲੀ ਫੜ ਕੇ ਰਾਬ 'ਤੇ ਰੱਖੇ ਡੰਡੇ 'ਤੇ ਮਾਰਦੇ ਹਨ। ਜੇ ਨਿਸ਼ਾਨਾ ਡੰਡੇ 'ਤੇ ਜਾ ਕੇ ਲੱਗੇ ਤਾਂ ਪਹਿਲੇ ਦੀ ਵਾਰੀ ਖ਼ਤਮ ਤੇ ਜੇ ਨਿਸ਼ਾਨਾ ਨਾ ਲੱਗੇ ਤਾਂ ਫਿਰ ਉਸੇ ਦੀ ਵਾਰੀ ਆ ਜਾਂਦੀ ਹੈ।

### ਰੱਸਾਕਸ਼ੀ

ਇਹ ਸਰੀਰਕ ਸਮਰੱਥਾ ਵਾਲੀ ਖੇਡ ਹੈ। ਇਸ 'ਚ ਵੱਡਾ ਸਾਰਾ ਮੋਟਾ ਰੱਸਾ ਹੁੰਦਾ ਹੈ। ਅੱਧੇ ਖਿਡਾਰੀ ਰੱਸੇ ਦੇ ਇਕ ਪਾਸੇ ਤੇ ਅੱਧੇ ਦੂਜੇ ਪਾਸੇ ਆਹਮਣੇ -ਸਾਹਮਣੇ ਮੂੰਹ ਕਰ ਕੇ ਰੱਸਾ ਆਪਣੇ-ਆਪਣੇ ਵੱਲ ਖਿੱਚਦੇ ਹਨ। ਜਿਹੜੀ ਟੀਮ ਆਪਣੇ ਵੱਲ ਰੱਸਾ ਖਿੱਚ ਲਵੇ, ਉਹ ਜਿੱਤ ਜਾਂਦੀ ਹੈ।

### ਲੁਕਣਮੀਚੀ

ਇਹ ਖੇਡ ਛੋਟੇ-ਛੋਟੇ ਬੱਚਿਆਂ 'ਚ ਹਰਮਨ ਪਿਆਰੀ ਹੈ। ਇਸ ਖੇਡ ਵਿਚ ਖਿਡਾਰੀਆਂ ਦੀ ਗਿਣਤੀ ਤਿੰਨ ਤੋਂ ਪੰਜ ਤਕ ਵੀ ਹੋ ਸਕਦੀ ਹੈ। ਇਸ 'ਚ ਇੱਕ ਬੱਚੇ ਦੀਆਂ ਅੱਖਾਂ ਢਕ ਕੇ ਜਾਂ ਬੰਦ ਕਰ ਕੇ ਬਾਕੀ ਬੱਚੇ ਲੁਕ ਜਾਂਦੇ ਹਨ। ਫਿਰ ਉਸ ਨੂੰ ਅੱਖਾਂ ਤੋਂ ਹੱਥ ਹਟਾ ਕੇ ਬਾਕੀਆਂ ਨੂੰ ਲੱਭਣ ਲਈ ਭੇਜਿਆ ਜਾਂਦਾ ਹੈ। ਜਿਹੜਾ ਸਭ ਤੋਂ ਪਹਿਲਾਂ ਲੱਭਿਆ ਜਾਵੇ, ਵਾਰੀ ਉਸ ਦੇ ਸਿਰ ਆ ਜਾਂਦੀ ਹੈ।

### ਸਟਾਪੂ

ਇਹ ਖੇਡ ਕੁੜੀਆਂ ਦੁਆਰਾ ਖੇਡੀ ਜਾਂਦੀ ਹੈ। ਇਸ ਵਿਚ ਧਰਤੀ 'ਤੇ ਚੌਰਸ ਡੱਬਾ ਬਣਾ ਕੇ ਉਸ ਵਿਚ ਖ਼ਾਨੇ ਬਣਾ ਲਏ ਜਾਂਦੇ ਹਨ। ਇਕ ਖਿਡਾਰੀ ਠੀਕਰੀ ਨੂੰ ਆਪਣੇ ਪੈਰ ਨਾਲ ਅਗਲੇ ਡੱਬੇ ਵਿਚ ਪਾਉਂਦਾ ਹੈ ਤੇ ਜੇ ਠੀਕਰੀ ਜਾਂ ਪੈਰ ਲਾਈਨ 'ਤੇ ਆ ਜਾਵੇ ਤਾਂ ਉਹ ਆਊਟ ਹੋ ਜਾਂਦਾ ਹੈ ਤੇ ਦੂਸਰੀ ਦੀ ਵਾਰੀ ਆ ਜਾਂਦੀ ਹੈ। ਇਹ ਖੇਡ ਵੀ ਲੋਪ ਹੋ ਰਹੀ ਹੈ।

# ਸੰਵੇਦਨਾਵਾਂ ਨੂੰ ਛੂਹਣ ਦੀ ਕੋਸ਼ਿਸ਼ ਵਿੱਚ ਅੰਤਰ-ਦ੍ਰਿਸ਼ਟੀ ਦਾ ਚਿਤੇਰਾ: ਲਾਸਜ਼ਲੋ ਕ੍ਰਾਸਨਾਹੋਰਕਾਈ





ਪ੍ਰੋ. ਡਾ. ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156
ਉਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

ਅੱਜ ਜਦੋਂ ਸਵੀਡਿਸ਼ ਅਕੈਡਮੀ ਨੇ ਲਾਸਜ਼ਲੋ ਕ੍ਰਾਸਨਾਹੋਰਕਾਈ ਦਾ ਨਾਮ ਸਾਹਿਤ ਦੇ ਨੋਬਲ ਪੁਰਸਕਾਰ ਲਈ ਐਲਾਨ ਕੀਤਾ, ਤਾਂ ਇਹ ਸਿਰਫ਼ ਇੱਕ ਲੇਖਕ ਦੀ ਜਿੱਤ ਨਹੀਂ ਸੀ; ਇਹ ਉਸ ਕਲਾ ਦਾ ਜਸ਼ਨ ਸੀ ਜੋ ਮਨੁੱਖਤਾ ਦੀਆਂ ਗਹਿਰਾਈਆਂ ਨੂੰ ਛੂਹਦੀ ਹੈ ਅਤੇ ਵਿਸ਼ਵ ਸਾਹਿਤ ਦੇ ਅਕਾਸ਼ ਵਿੱਚ ਇੱਕ ਨਵਾਂ ਤਾਰਾ ਜੜਦੀ ਹੈ। ÷ਅਪੋਕੈਲਿਪਟਿਕ ਭਿਆਨਕਤਾ ਦੇ ਵਿਚਕਾਰ ਆਪਣੀ ਮਨਮੋਹਕ ਅਤੇ ਦ੍ਰਿਸ਼ਟੀਪੂਰਨ ਰਚਨਾ ਲਈ, ਜੋ ਕਲਾ ਦੀ ਸ਼ਕਤੀ ਨੂੰ ਮੁੜ ਸਥਾਪਿਤ ਕਰਦੀ ਹੈ,÷ ਨੋਬਲ ਕਮੇਟੀ ਨੇ ਕਿਹਾ। ਇਹ ਸਨਮਾਨ ਹੰਗਰੀ ਦੇ ਇਸ 70 ਸਾਲਾ ਕਥਾਕਾਰ ਲਈ ਹੈ, ਜਿਸ ਦੇ ਸ਼ਬਦ ਨਾ ਸਿਰਫ਼ ਕਹਾਣੀਆਂ ਬੁਣਦੇ ਹਨ, ਸਗੋਂ ਰੂਹ ਨੂੰ ਹਿਲਾਉਂਦੇ ਹੋਏ ਜੀਵਨ ਦੇ ਅਰਥ ਦੀ ਖੋਜ ਕਰਦੇ ਹਨ।ਲਾਸਜ਼ਲੋ ਕ੍ਰਾਸਨਾਹੋਰਕਾਈ, 5 ਜਨਵਰੀ 1954 ਨੂੰ ਹੰਗਰੀ ਦੇ ਗਿਓਰ ਸ਼ਹਿਰ ਵਿੱਚ ਜਨਮੇ, ਉਸ ਯੁੱਗ ਵਿੱਚ ਵੱਡੇ ਹੋਏ ਜਿੱਥੇ ਸਾਮਿਆਵਾਦੀ ਦਮਨ ਅਤੇ ਜੰਗ ਦੀਆਂ ਯਾਦਾਂ ਹਵਾ ਵਿੱਚ ਤੈਰ ਰਹੀਆਂ ਸਨ।

ਸਾਹਿਤ ਅਤੇ ਸਿਨੇਮਾ ਪ੍ਰਤੀ ਉਨ੍ਹਾਂ ਦਾ ਪਿਆਰ ਬਚਪਨ ਤੋਂ ਹੀ ਉਭਰਿਆ, ਖਾਸਕਰ ਬੇਲਾ ਤਾਰ ਦੀਆਂ ਫਿਲਮਾਂ ਨੇ ਉਨ੍ਹਾਂ ਦੀ ਸਿਰਜਣਾਤਮਕਤਾ ਨੂੰ ਆਕਾਰ ਦਿੱਤਾ। ਪੱਤਰਕਾਰੀ ਦੀ ਪੜ੍ਹਾਈ ਤੋਂ ਬਾਅਦ, ਉਨ੍ਹਾਂ ਨੇ ਸਾਹਿਤ ਨੂੰ ਆਪਣੀ ਨਿਯਤੀ ਚੁਣਿਆ। ਉਨ੍ਹਾਂ ਦੀ ਪਹਿਲੀ ਰਚਨਾ ਸਤਾਨਤਾਂਗੋ (1985) ਨੇ ਵਿਸ਼ਵ ਸਾਹਿਤ ਵਿੱਚ ਹਲਚਲ ਮਚਾ ਦਿੱਤੀ। ਇਹ ਨਾਵਲ, ਜੋ ਇੱਕ ਪੇਂਡੂ ਭਾਈਚਾਰੇ ਦੇ ਪਤਨ ਅਤੇ ਅੰਧਵਿਸ਼ਵਾਸ ਦੀ ਕਹਾਣੀ ਸੁਣਾਉਂਦਾ ਹੈ, ਸਾਮਿਆਵਾਦ ਦੇ ਖੋਖਲੇਪਣ ਦਾ ਰੂਪਕ ਬਣ ਗਿਆ। ਬੇਲਾ ਤਾਰ ਦੀ ਸੱਤ ਘੰਟਿਆਂ ਦੀ ਫਿਲਮ ਸਤਾਨਤਾਂਗੋ ਨੇ ਇਸ ਨੂੰ ਸਿਨੇਮਾਈ ਅਮਰਤਾ ਦਿੱਤੀ। ਕ੍ਰਾਸਨਾਹੋਰਕਾਈ ਦਾ ਸਾਹਿਤ ਸਿਨੇਮਾ ਵਾਂਗ ਦ੍ਰਿਸ਼ਟੀਗਤ ਹੈ - ਉਨ੍ਹਾਂ ਦੇ ਲੰਮੇ, ਲਹਿਰਾਉਂਦੇ ਵਾਕ ਪਾਠਕ ਨੂੰ ਇੱਕ ਅਜਿਹੀ ਦੁਨੀਆ ਵਿੱਚ ਲੈ ਜਾਂਦੇ ਹਨ ਜਿੱਥੇ ਸਮਾਂ ਠਹਿਰ ਜਾਂਦਾ ਹੈ ਅਤੇ ਹਰ ਸ਼ਬਦ ਇੱਕ ਤਸਵੀਰ ਬਣ ਜਾਂਦਾ ਹੈ।ਵਿਸ਼ਵ ਸਾਹਿਤ ਵਿੱਚ ਯੋਗਦਾਨਕ੍ਰਾਸਨਾਹੋਰਕਾਈ ਦਾ ਸਾਹਿਤ ਵਿਸ਼ਵ ਸਾਹਿਤ ਵਿੱਚ ਇੱਕ ਵਿਲੱਖਣ ਸਥਾਨ ਰੱਖਦਾ ਹੈ। ਉਹ ਫਰਾਂਜ਼ ਕਾਫਕਾ ਦੀ ਅਸੰਗਤੀ, ਥਾਮਸ ਬਰਨਹਾਰਡ ਦੀ ਤਿੱਖੀ ਵਿਅੰਗਮਈਤਾ ਅਤੇ ਜੋਸਫ ਕਾਨਰਾਡ ਦੀ ਗਹਿਰੀ ਮਨੁੱਖੀ-ਖੋਜ ਨੂੰ ਇਕੱਠੇ ਬੁਣਦੇ ਹਨ, ਪਰ ਫਿਰ ਵੀ ਉਨ੍ਹਾਂ ਦੀ ਸ਼ੈਲੀ ਪੂਰੀ ਤਰ੍ਹਾਂ ਮੌਲਿਕ ਹੈ। ਉਨ੍ਹਾਂ ਦੀਆਂ ਰਚਨਾਵਾਂ, ਜਿਵੇਂ ਕਿ ਦ ਮੇਲਾਨਕੋਲੀ ਆਫ ਰੇਸਿਸਟੈਂਸ (1989), ਵਾਰ ਵਿਦ ਦ ਨਿਊ ਗੌਡਜ਼ (1999), ਅਤੇ ਚੋਇਰਸਕ੍ਰੀਨਜ਼ (2017), ਪੂਰਬੀ ਯੂਰਪ ਦੀ ਸਮਾਜਿਕ ਅਤੇ ਰਾਜਨੀਤਿਕ ਉਥਲ-ਪੁਥਲ ਨੂੰ ਵਿਸ਼ਵੀ ਸੰਦਰਭ ਵਿੱਚ ਪੇਸ਼ ਕਰਦੀਆਂ ਹਨ। ਦ ਮੇਲਾਨਕੋਲੀ ਆਫ ਰੇਸਿਸਟੈਂਸ ਵਿੱਚ ਇੱਕ ਸੜਦੀ ਹੋਈ ਵ੍ਹੇਲ ਫਾਸ਼ੀਵਾਦੀ ਉਭਾਰ ਦਾ ਪ੍ਰਤੀਕ ਬਣਦੀ ਹੈ, ਜਦਕਿ ਸਤਾਨਤਾਂਗੋ ਸਾਮਿਆਵਾਦੀ ਆਦਰਸ਼ਾਂ ਦੇ ਟੁੱਟਣ ਦੀ ਕਹਾਣੀ ਹੈ। ਉਨ੍ਹਾਂ ਦੀਆਂ ਕਿਤਾਬਾਂ ਸਿਰਫ਼ ਹੰਗਰੀ ਦੀਆਂ ਕਹਾਣੀਆਂ ਨਹੀਂ ਹਨ; ਇਹ ਵਾਤਾਵਰਣ ਸੰਕਟ, ਮਨੁੱਖਤਾ ਦੀ ਅਸਥਿਰਤਾ ਅਤੇ ਅਧਿਆਤਮਿਕ ਖੋਜ ਦੀਆਂ ਸਾਰਵਭੌਮਿਕ ਕਹਾਣੀਆਂ ਹਨ।ਵਿਸ਼ਵ ਸਾਹਿਤ ਵਿੱਚ ਉਨ੍ਹਾਂ ਦੀ ਦੇਣ ਉਨ੍ਹਾਂ ਦੀ ਸ਼ੈਲੀ ਵਿੱਚ ਵੀ ਹੈ। ਕ੍ਰਾਸਨਾਹੋਰਕਾਈ ਦੇ ਲੰਮੇ, ਸਰਪਿਲਾਕਾਰ ਵਾਕ, ਜੋ ਕਈ ਵਾਰ ਪੰਨਿਆਂ ਤੱਕ ਚੱਲਦੇ ਹਨ, ਪਾਠਕ ਨੂੰ ਇੱਕ ਸਮੋਹਣੀ ਸਥਿਤੀ ਵਿੱਚ ਡੁਬੋ ਦਿੰਦੇ ਹਨ। ਇਹ ਸ਼ੈਲੀ ਪੱਛਮੀ ਸਾਹਿਤ ਦੀ ਸੰਖੇਪਤਾ ਦੇ ਉਲਟ ਹੈ, ਅਤੇ ਭਾਰਤੀ ਪਾਠਕਾਂ ਨੂੰ ਇਸ ਵਿੱਚ ਨਾਵਲਾਂ ਦੀ ਮਹਾਕਾਵੀ ਪਰੰਪਰਾ ਦਾ ਅਹਿਸਾਸ ਹੁੰਦਾ ਹੈ। ਉਨ੍ਹਾਂ ਦੀਆਂ ਰਚਨਾਵਾਂ ਬੁੱਧ ਅਤੇ ਹਿੰਦੂ ਦਰਸ਼ਨ ਤੋਂ ਪ੍ਰਭਾਵਿਤ ਹਨ, ਜਿੱਥੇ ਜੀਵਨ ਦਾ ਚੱਕਰੀ ਸੁਭਾਅ ਅਤੇ ਨਸ਼ਵਰਤਾ ਵਾਰ-ਵਾਰ ਉਭਰਦੀ ਹੈ। ਵਿਸ਼ਵ ਸਾਹਿਤ ਵਿੱਚ ਉਹ ਇੱਕ ਪੁੱਲ ਵਾਂਗ ਹਨ - ਪੂਰਬ ਅਤੇ ਪੱਛਮ, ਸਥਾਨਕ ਅਤੇ ਵਿਸ਼ਵੀ, ਅਤੀਤ ਅਤੇ ਭਵਿੱਖ ਦੇ ਵਿਚਕਾਰ। ਅਨੁਵਾਦਾਂ ਦੇ ਮਾਧਿਅਮ ਨਾਲ, ਖਾਸਕਰ ਸਤਾਨਤਾਂਗੋ ਅਤੇ ਦ ਮੇਲਾਨਕੋਲੀ ਆਫ ਰੇਸਿਸਟੈਂਸ ਦੇ ਹਿੰਦੀ ਅਤੇ ਹੋਰ ਭਾਸ਼ਾਵਾਂ ਵਿੱਚ ਉਪਲਬਧ ਹੋਣ ਨਾਲ, ਉਨ੍ਹਾਂ ਨੇ ਗੈਰ-ਪੱਛਮੀ ਪਾਠਕਾਂ ਨੂੰ ਵੀ ਆਪਣੀ ਜਾਦੂਈ ਦੁਨੀਆ ਵਿੱਚ ਖਿੱਚਿਆ ਹੈ।ਪਾਠਕ ਕੀ ਨਵਾਂ ਮਹਿਸੂਸ ਕਰਦਾ ਹੈ ?ਲਾਸਜ਼ਲੋ ਕ੍ਰਾਸਨਾਹੋਰਕਾਈ ਨੂੰ ਪੜ੍ਹਨਾ ਇੱਕ ਤੀਰਥ ਯਾਤਰਾ ਹੈ - ਇੱਕ ਅਜਿਹੀ ਯਾਤਰਾ ਜੋ ਮਨ ਨੂੰ ਉਦਵੇਲਿਤ ਕਰਦੀ ਹੈ, ਰੂਹ ਨੂੰ ਹਿਲਾਉਂਦੀ ਹੈ, ਅਤੇ ਫਿਰ ਉਸ ਨੂੰ ਇੱਕ ਗਹਿਰੀ ਸ਼ਾਂਤੀ ਵਿੱਚ ਲਪੇਟ ਲੈਂਦੀ ਹੈ। ਉਨ੍ਹਾਂ ਦੇ ਸ਼ਬਦਾਂ ਵਿੱਚ ਇੱਕ ਮਨਮੋਹਕ ਜਾਦੂ ਹੈ; ਉਹ ਤੁਹਾਨੂੰ ਹਸਾਉਂਦੇ ਹਨ, ਰੁਵਾਉਂਦੇ ਹਨ, ਅਤੇ ਸੋਚਣ ਲਈ ਮਜਬੂਰ ਕਰਦੇ ਹਨ। ਜਦੋਂ ਤੁਸੀਂ ਸਤਾਨਤਾਂਗੋ ਦੇ ਪੰਨਿਆਂ ਵਿੱਚ ਗੁਆਚ ਜਾਂਦੇ ਹੋ, ਤਾਂ ਹੰਗਰੀ ਦਾ ਇੱਕ ਪੇਂਡੂ ਮੈਲਾ-ਕੁਚੈਲਾ ਨਜ਼ਾਰਾ ਤੁਹਾਡੇ ਸਾਹਮਣੇ ਜੀਵੰਤ ਹੋ ਜਾਂਦਾ ਹੈ - ਮੀਂਹ ਵਿੱਚ ਭਿੱਜਦੇ ਖੇਤ, ਵਿਸ਼ਵਾਸਘਾਤ ਦੀ ਬਦਬੂ, ਅਤੇ ਉਮੀਦ ਦੀ ਮੱਧਮ ਕਿਰਨ।

ਉਨ੍ਹਾਂ ਦੇ ਵਾਕ, ਜੋ ਕਦੇ ਅੰਤਹੀਨ ਜਾਪਦੇ ਹਨ, ਮਨੁੱਖੀ ਮਨ ਦੀ ਉਥਲ-ਪੁਥਲ ਨੂੰ ਪ੍ਰਤੀਬਿੰਬਤ ਕਰਦੇ ਹਨ। ਇਹ ਅਜਿਹਾ ਹੈ ਜਿਵੇਂ ਤੁਸੀਂ ਕਿਸੇ ਨਦੀ ਵਿੱਚ ਵਹਿ ਰਹੇ ਹੋ - ਕਦੇ ਸ਼ਾਂਤ, ਕਦੇ ਤੂਫਾਨੀ।ਸੰਵੇਦਨਸ਼ੀਲ ਪਾਠਕ ਉਨ੍ਹਾਂ ਦੇ ਸਾਹਿਤ ਵਿੱਚ ਇੱਕ ਗਹਿਰੀ ਉਦਾਸੀ ਹੁੰਦੀ ਹੈ, ਪਰ ਫਿਰ ਵੀ ਉਸ ਵਿੱਚ ਉਮੀਦ ਦੀ ਚਮਕ ਹੈ। ਦ ਮੇਲਾਨਕੋਲੀ ਆਫ ਰੇਸਿਸਟੈਂਸ ਵਿੱਚ ਇੱਕ ਸਰਕਸ ਦਾ ਦ੍ਰਿਸ਼, ਜਿੱਥੇ ਇੱਕ ਵਿਸ਼ਾਲ ਵ੍ਹੇਲ ਦਾ ਮਰਦਾ ਸਰੀਰ ਭੀੜ ਨੂੰ ਆਕਰਸ਼ਿਤ ਕਰਦਾ ਹੈ, ਤੁਹਾਨੂੰ ਮਨੁੱਖਤਾ ਦੀ ਮੂਰਖਤਾ ਤੇ ਹੱਸਣ ਲਈ ਮਜਬੂਰ ਕਰਦਾ ਹੈ, ਪਰ ਨਾਲ ਹੀ ਉਸ ਦੀਆਂ ਕਮਜ਼ੋਰੀਆਂ ਪ੍ਰਤੀ ਹਮਦਰਦੀ ਜਗਾਉਂਦਾ ਹੈ। ਕ੍ਰਾਸਨਾਹੋਰਕਾਈ ਦੀਆਂ ਰਚਨਾਵਾਂ ਪਾਠਕ ਨੂੰ ਇੱਕ ਨਵਾਂ ਦ੍ਰਿਸ਼ਟੀਕੋਣ ਦਿੰਦੀਆਂ ਹਨ - ਇਹ ਸਿਖਾਉਂਦੀਆਂ ਹਨ ਕਿ ਭਿਆਨਕਤਾ ਦੇ ਵਿਚਕਾਰ ਵੀ ਕਲਾ ਜਿਊਂਦੀ ਰਹਿੰਦੀ ਹੈ। ਉਨ੍ਹਾਂ ਦੀਆਂ ਕਿਤਾਬਾਂ ਪੜ੍ਹਦੇ ਹੋਏ ਤੁਸੀਂ ਮਹਿਸੂਸ ਕਰਦੇ ਹੋ ਕਿ ਸਾਹਿਤ ਸਿਰਫ਼ ਕਹਾਣੀ ਨਹੀਂ, ਸਗੋਂ ਇੱਕ ਸ਼ੀਸ਼ਾ ਹੈ - ਜੋ ਤੁਹਾਨੂੰ ਤੁਹਾਡੀ ਆਪਣੀ ਰੂਹ ਵਿਖਾਉਂਦਾ ਹੈ। ਉਨ੍ਹਾਂ ਦੇ ਪਾਤਰ, ਜਿਵੇਂ ਕਿ ਸਤਾਨਤਾਂਗੋ ਦਾ ਇਰਮੀਆਸ, ਇੱਕ ਮਸੀਹਾ ਅਤੇ ਧੋਖੇਬਾਜ਼ ਦਾ ਮਿਸ਼ਰਣ, ਜਾਂ ਚੋਇਰਸਕ੍ਰੀਨਜ਼ ਦਾ ਬਾਗੀ ਕਵੀ, ਤੁਹਾਨੂੰ ਤੁਹਾਡੇ ਅੰਦਰੂਨੀ ਦੁਬਿਧਾਵਾਂ ਨਾਲ ਟਕਰਾਉਂਦੇ ਹਨ। ਭਾਰਤੀ ਪਾਠਕਾਂ ਲਈ, ਉਨ੍ਹਾਂ ਦੀਆਂ ਰਚਨਾਵਾਂ ਰਵੀਂਦਰਨਾਥ ਟੈਗੋਰ ਦੀ ਦਾਰਸ਼ਨਿਕ ਗਹਿਰਾਈ ਜਾਂ ਪ੍ਰੇਮਚੰਦ ਦੀ ਸਮਾਜਿਕ ਚੇਤਨਾ ਦੀ ਯਾਦ ਦਿਵਾਉਂਦੀਆਂ ਹਨ, ਪਰ ਇੱਕ ਵਿਲੱਖਣ, ਵਿਦੇਸ਼ੀ ਸੁਆਦ ਨਾਲ। ਉਨ੍ਹਾਂ ਦੀਆਂ ਕਿਤਾਬਾਂ ਪੜ੍ਹਦੇ ਹੋਏ ਤੁਸੀਂ ਇਕੱਠੇ ਹੰਗਰੀ ਦੇ ਪਿੰਡਾਂ ਅਤੇ ਆਪਣੀ ਰੂਹ ਦੀਆਂ ਗਲੀਆਂ ਵਿੱਚ ਭਟਕਦੇ ਹੋ। ਇਹ ਅਨੁਭਵ ਮਨਮੋਹਕ ਹੈ, ਕਿਉਂਕਿ ਇਹ ਨਵਾਂ ਹੈ, ਪਰ ਫਿਰ ਵੀ ਜਾਣਿਆ-ਪਹਿਚਾਣਿਆ; ਇਹ ਉਦਾਸ ਹੈ, ਪਰ ਫਿਰ ਵੀ ਉਤਸ਼ਾਹਵਰਧਕ।ਅਧਿਆਪਕਾਂ ਅਤੇ ਪਾਠਕਾਂ ਲਈ ਇੱਕ ਸੱਦਾਅਧਿਆਪਕਾਂ ਲਈ, ਕ੍ਰਾਸਨਾਹੋਰਕਾਈ ਦਾ ਸਾਹਿਤ ਇੱਕ ਖਜ਼ਾਨਾ ਹੈ। ਉਨ੍ਹਾਂ ਦੀਆਂ ਰਚਨਾਵਾਂ ਕਲਾਸਰੂਮ ਵਿੱਚ ਚਰਚਾ ਦਾ ਕੇਂਦਰ ਬਣ ਸਕਦੀਆਂ ਹਨ - ਕਿਵੇਂ ਇੱਕ ਲੇਖਕ ਸਥਾਨਕ ਕਹਾਣੀਆਂ ਨੂੰ ਵਿਸ਼ਵੀ ਬਣਾਉਂਦਾ ਹੈ, ਕਿਵੇਂ ਸਾਹਿਤ ਸਮਾਜ ਦੇ ਜ਼ਖਮਾਂ ਨੂੰ ਉਜਾਗਰ ਕਰਦਾ ਹੈ। ਸਤਾਨਤਾਂਗੋ ਪੜ੍ਹਾਉਂਦੇ ਹੋਏ, ਤੁਸੀਂ ਵਿਦਿਆਰਥੀਆਂ ਨੂੰ ਸਿਖਾ ਸਕਦੇ ਹੋ ਕਿ ਕਿਵੇਂ ਇੱਕ ਸਾਧਾਰਨ ਪਿੰਡ ਦੀ ਕਹਾਣੀ ਸਾਮਿਆਵਾਦ ਦੀ ਅਸਫਲਤਾ ਦਾ ਪ੍ਰਤੀਕ ਬਣ ਜਾਂਦੀ ਹੈ। ਦ ਮੇਲਾਨਕੋਲੀ ਆਫ ਰੇਸਿਸਟੈਂਸ ਦੇ ਮਾਧਿਅਮ ਨਾਲ, ਤੁਸੀਂ ਫਾਸ਼ੀਵਾਦ ਅਤੇ ਸਮੂਹਿਕ ਡਰ ਦੇ ਮਨੋਵਿਗਿਆਨ ਤੇ ਬਹਿਸ ਕਰ ਸਕਦੇ ਹੋ। ਉਨ੍ਹਾਂ ਦੀ ਵਾਕ-ਸੰਪਾਦਨਾ ਦਾ ਵਿਸ਼ਲੇਸ਼ਣ ਕਰਨਾ ਸਿਖਾਉਂਦਾ ਹੈ ਕਿ ਸਾਹਿਤ ਵਿੱਚ ਸ਼ੈਲੀ ਕਹਾਣੀ ਦਾ ਹਿੱਸਾ ਹੁੰਦੀ ਹੈ।ਲਾਸਜ਼ਲੋ ਕ੍ਰਾਸਨਾਹੋਰਕਾਈ ਦਾ ਨੋਬਲ ਪੁਰਸਕਾਰ ਵਿਸ਼ਵ ਸਾਹਿਤ ਲਈ ਇੱਕ ਤੋਹਫ਼ਾ ਹੈ। ਉਨ੍ਹਾਂ ਦੀਆਂ ਰਚਨਾਵਾਂ ਸਾਨੂੰ ਯਾਦ ਦਿਵਾਉਂਦੀਆਂ ਹਨ ਕਿ ਸਾਹਿਤ ਸਿਰਫ਼ ਸ਼ਬਦਾਂ ਦਾ ਖੇਡ ਨਹੀਂ, ਸਗੋਂ ਮਨੁੱਖਤਾ ਦੀ ਧੜਕਣ ਹੈ। ਉਹ ਸਾਨੂੰ ਸੱਦਾ ਦਿੰਦੇ ਹਨ - ਆਓ, ਉਨ੍ਹਾਂ ਦੀਆਂ ਕਿਤਾਬਾਂ ਵਿੱਚ ਡੁੱਬ ਜਾਓ, ਉਨ੍ਹਾਂ ਦੀਆਂ ਕਹਾਣੀਆਂ ਵਿੱਚ ਗੁਆਚ ਜਾਓ, ਅਤੇ ਇੱਕ ਅਜਿਹੀ ਦੁਨੀਆ ਦੀ ਖੋਜ ਕਰੋ ਜੋ ਸ਼ਾਇਦ ਤੁਹਾਡੀ ਆਪਣੀ ਹੈ, ਪਰ ਫਿਰ ਵੀ ਅਣਜਾਣੀ। ਇਹ ਨੋਬਲ ਸਿਰਫ਼ ਕ੍ਰਾਸਨਾਹੋਰਕਾਈ ਦਾ ਨਹੀਂ, ਸਗੋਂ ਹਰ ਉਸ ਪਾਠਕ ਦਾ ਹੈ ਜੋ ਸਾਹਿਤ ਵਿੱਚ ਉਮੀਦ ਅਤੇ ਅਰਥ ਲੱਭਦਾ ਹੈ।

# ਰਾਣੀ ਦੁਰਗਾਵਤੀ: ਨਾਰੀ ਸ਼ਕਤੀ ਦੀ ਸਦੀਆਂ ਤੋਂ ਬਲਦੀ ਇੱਕ ਮਸ਼ਾਲ

ਸਾਵਿਤਰੀ ਠਾਕੁਰ,
ਮਹਿਲਾ ਅਤੇ ਬਾਲ ਵਿਕਾਸ ਰਾਜ ਮੰਤਰੀ, ਭਾਰਤ ਸਰਕਾਰ

ਭਾਰਤ ਦੇ ਮੰਤਰਾਲਿਆਂ, ਨੀਤੀਆਂ ਅਤੇ ਵੱਡੇ ਪ੍ਰੋਗਰਾਮਾਂ ਦੀ ਕਲਪਨਾ ਤੋਂ ਸਦੀਆਂ ਪਹਿਲਾਂ, ਗੋਂਡ ਸਾਮਰਾਜ ਦੀ ਇੱਕ ਨੌਜਵਾਨ ਕਬਾਇਲੀ ਰਾਣੀ ਸਭ ਤੋਂ ਅਗਲੇਰੇ ਮੋਰਚੇ ਡਟੀ ਰਹੀ - ਜਿਸ ਨੇ ਸਮਰਪਣ ਨਾਲੋਂ ਸਨਮਾਨ, ਹਿੰਮਤ ਅਤੇ ਫਰਜ਼ ਦਾ ਰਾਹ ਚੁਣਿਆ। ਭਾਰਤ ਵਿੱਚ ਬਹਾਦਰੀ ਅਤੇ ਸੂਰਮਗਤੀ ਦੇ ਪ੍ਰਤੀਕ ਵਜੋਂ ਯਾਦ ਕੀਤੀ ਜਾਂਦੀ ਰਾਣੀ ਦੁਰਗਾਵਤੀ ਅੱਜ ਵੀ ਜਨਤਕ ਜੀਵਨ, ਕਾਰੋਬਾਰ, ਵਿਗਿਆਨ ਅਤੇ ਸਿਵਲ ਸੇਵਾ ਵਿੱਚ ਔਰਤਾਂ ਨੂੰ ਪ੍ਰੇਰਿਤ ਕਰ ਰਹੀ ਹੈ। ਉਨ੍ਹਾਂ ਦੀ 501ਵੀਂ ਜਨਮ ਜਯੰਤੀ @ਤੇ ਅਸੀਂ ਉਸ ਗਾਥਾ ਅਤੇ ਉਨ੍ਹਾਂ ਕਦਰਾਂ-ਕੀਮਤਾਂ ਨੂੰ ਯਾਦ ਕਰਦੇ ਹਾਂ ਜੋ 16ਵੀਂ ਸਦੀ ਦੇ ਯੁੱਧ ਦੇ ਮੈਦਾਨਾਂ ਤੋਂ ਲੈ ਕੇ ਆਧੁਨਿਕ ਭਾਰਤ ਦੀਆਂ ਨੀਤੀਆਂ ਤੱਕ, ਪ੍ਰੇਰਨਾ ਦਾ ਇੱਕ ਨਿਰੰਤਰ ਸਰੋਤ ਹਨ।

**ਹੌਸਲੇ ਦੀ ਪ੍ਰਤੀਕ**: ਰਾਣੀ ਦੁਰਗਾਵਤੀ ਦਾ ਜੀਵਨ ਇੱਕ ਦੰਤਕਥਾ ਬਣ ਗਿਆ ਕਿਉਂਕਿ ਉਨ੍ਹਾਂ ਨੇ ਇਤਿਹਾਸ ਵਿੱਚ ਇੱਕ ਨਿਰਜੀਵ ਹਸਤੀ ਬਣੇ ਰਹਿਣ ਤੋਂ ਇਨਕਾਰ ਕਰ ਦਿੱਤਾ। ਹਮਲਾਵਰ ਮੁਗ਼ਲ ਫੌਜਾਂ ਦਾ ਸਾਹਮਣਾ ਕਰਦੇ ਹੋਏ, ਉਨ੍ਹਾਂ ਨੇ ਆਪਣੇ ਰਾਜ ਅਤੇ ਲੋਕਾਂ ਦੀ ਰਾਖੀ ਦੀ ਜ਼ਿੰਮੇਵਾਰੀ ਆਪਣੇ ਸਿਰ ਲਈ। ਇੱਕ ਔਰਤ ਜਿਸਨੇ ਅਗਵਾਈ ਕੀਤੀ, ਫੈਸਲੇ ਲਏ ਅਤੇ ਅੰਤ ਵਿੱਚ ਕੁਰਬਾਨੀ ਦਿੱਤੀ - ਰਾਣੀ ਦੁਰਗਾਵਤੀ ਨੇ ਆਪਣੇ ਆਪ ਨੂੰ ਇੱਕ ਖੇਤਰੀ ਸ਼ਾਸਕ ਤੋਂ ਇੱਕ ਰਾਸ਼ਟਰੀ ਪ੍ਰਤੀਕ ਤੱਕ ਉੱਚਾ ਚੁੱਕਿਆ। ਅੱਜ, ਭਾਵੇਂ ਉਨ੍ਹਾਂ ਨੂੰ ਲੋਕ-ਕਥਾਵਾਂ, ਯਾਦਗਾਰਾਂ ਜਾਂ ਮੱਧ ਭਾਰਤ ਦੇ ਸੱਭਿਆਚਾਰ ਵਿੱਚ ਯਾਦ ਕੀਤਾ ਜਾਵੇ, ਉਹ ਇਸ ਸੱਚਾਈ ਦੀ ਜਿਊਂਦੀ-ਜਾਗਦੀ ਮਿਸਾਲ ਹਨ ਕਿ ਅਗਵਾਈ ਕਿਸੇ ਲਿੰਗ ਤੱਕ ਸੀਮਤ ਨਹੀਂ।

**ਪ੍ਰਤੀਕ ਤੋਂ ਨੀਤੀ ਤੱਕ**: ਭਾਰਤ ਇਸ ਫਰਜ਼ ਨੂੰ ਨਿਭਾ ਰਿਹਾ ਹੈ ਆਧੁਨਿਕ ਭਾਰਤ ਵਿੱਚ ਔਰਤਾਂ ਦੀ ਭਲਾਈ ਅਤੇ ਸਸ਼ਕਤੀਕਰਨ ਦਾ ਜੋ ਢਾਂਚਾ ਅੱਜ ਨਜ਼ਰ ਆਉਂਦਾ ਹੈ — ਜਿਸਨੂੰ ਮਹਿਲਾ ਅਤੇ ਬਾਲ ਵਿਕਾਸ ਮੰਤਰਾਲਾ ਅਤੇ ਸਬੰਧਤ ਵਿਭਾਗਾਂ ਵੱਲੋਂ ਅੱਗੇ ਵਧਾਇਆ ਜਾ ਰਿਹਾ ਹੈ — ਉਹ ਉਸੇ ਫ਼ਰਜ਼ ਭਾਵਨਾ ਅਤੇ ਲੋਕ ਜ਼ਿੰਮੇਵਾਰੀ ਤੋਂ ਪ੍ਰੇਰਿਤ ਹੈ, ਜਿਸ ਦੀ ਮਿਸਾਲ ਰਾਣੀ ਦੁਰਗਾਵਤੀ ਨੇ ਆਪਣੇ ਜੀਵਨ ਵਿੱਚ ਪੇਸ਼ ਕੀਤੀ ਸੀ। ਜਿਵੇਂ ਰਾਣੀ ਨੇ ਆਪਣੇ ਸਮੇਂ ਵਿੱਚ ਰਾਜ ਅਤੇ ਇਸਦੇ ਲੋਕਾਂ ਦੀ ਰਾਖੀ ਦੀ ਜ਼ਿੰਮੇਵਾਰੀ ਨਿਭਾਈ, ਅੱਜ ਦੀ ਸਰਕਾਰ ਔਰਤਾਂ ਦੇ ਅਧਿਕਾਰਾਂ, ਮੌਕਿਆਂ ਅਤੇ ਵੱਖ-ਵੱਖ ਮੋਰਚਿਆਂ @ਤੇ ਬਰਾਬਰ ਭਾਗੀਦਾਰੀ ਦੀ ਰਾਖੀ ਅਤੇ ਪਸਾਰ ਕਰਨ ਲਈ ਵਚਨਬੱਧ ਹੈ।

**ਸਿੱਖਿਆ ਅਤੇ ਸਮਾਜਿਕ ਬਰਾਬਰੀ** : ਕੁੜੀਆਂ ਦੀ ਸਿੱਖਿਆ ਨੂੰ ਬਿਹਤਰ ਬਣਾਉਣ ਅਤੇ ਲਿੰਗ ਪਾੜੇ ਨੂੰ ਘਟਾਉਣ ਲਈ ਲਾਗੂ ਕੀਤੇ ਗਏ ਪ੍ਰੋਗਰਾਮ ਅੱਜ ਸਮਾਜ ਦੀ ਨੀਂਹ ਨੂੰ ਮਜ਼ਬੂਤ ਕਰ ਰਹੇ ਹਨ।

**ਆਰਥਿਕ ਮਜ਼ਬੂਤੀ ਅਤੇ ਉੱਦਮਤਾ**: ਹੁਨਰ ਵਿਕਾਸ ਪਹਿਲਕਦਮੀਆਂ ਤੋਂ ਲੈ ਕੇ ਕਰਜ਼ੇ ਅਤੇ ਬਜ਼ਾਰਾਂ ਤੱਕ ਪਹੁੰਚ ਪ੍ਰਦਾਨ ਕਰਨ ਵਾਲੀਆਂ ਯੋਜਨਾਵਾਂ ਔਰਤਾਂ ਨੂੰ ਉਦਯੋਗ ਅਤੇ ਕਾਰੋਬਾਰ ਵਿੱਚ ਅਗਵਾਈ ਵਾਲੀਆਂ ਭੂਮਿਕਾਵਾਂ ਨਿਭਾਉਣ ਦੇ ਯੋਗ ਬਣਾ ਰਹੀਆਂ ਹਨ। ਇਹ ਯਤਨ ਆਧੁਨਿਕ ਸ਼ਾਸਨ ਅਤੇ ਫੈਸਲਾ ਲੈਣ ਵਿੱਚ ਔਰਤਾਂ ਦੀ ਸਰਗਰਮ ਭਾਗੀਦਾਰੀ ਨੂੰ ਯਕੀਨੀ ਬਣਾ ਰਹੇ ਹਨ। ਸੁਰੱਖਿਆ ਅਤੇ ਕਾਨੂੰਨੀ ਸੁਰੱਖਿਆ: ਵੱਨ-ਸਟਾਪ ਸੈਂਟਰ ਅਤੇ ਵੱਖ-ਵੱਖ ਹੈਲਪਲਾਈਨ ਸੇਵਾਵਾਂ ਔਰਤਾਂ ਦੀ ਸੁਰੱਖਿਆ, ਆਤਮ-ਨਿਰਭਰਤਾ ਅਤੇ ਨਾਗਰਿਕ ਭਾਗੀਦਾਰੀ ਨੂੰ ਯਕੀਨੀ ਬਣਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਰਹੀਆਂ ਹਨ। ਇਨ੍ਹਾਂ ਪਹਿਲਕਦਮੀਆਂ ਨੇ ਸਾਬਤ ਕੀਤਾ ਹੈ ਕਿ ਡਰ ਜਾਂ ਅਸੁਰੱਖਿਆ ਔਰਤ ਦੀ ਤਰੱਕੀ ਅਤੇ ਆਵਾਜ਼ ਨੂੰ ਦੱਬ ਨਹੀਂ ਕਰ ਸਕਦੀ।

**ਸਿਹਤ ਅਤੇ ਜੱਚਾ ਦੇਖਭਾਲ**: ਜੱਚਾ ਦੀ ਸਿਹਤ ਅਤੇ ਪੋਸ਼ਣ ਨਾਲ ਸਬੰਧਤ ਯੋਜਨਾਵਾਂ ਸਿਰਫ਼ ਸਿਹਤ ਸੰਭਾਲ ਤੱਕ ਹੀ ਸੀਮਤ ਨਹੀਂ ਹਨ, ਸਗੋਂ ਔਰਤਾਂ ਦੇ ਸੰਪੂਰਨ ਭਲੇ ਨੂੰ ਦਰਸਾਉਂਦੀਆਂ ਹਨ। ਇਹ ਯਤਨ ਔਰਤਾਂ ਨੂੰ ਸਿਹਤਮੰਦ, ਆਤਮ-ਵਿਸ਼ਵਾਸੀ ਅਤੇ ਲੀਡਰਸ਼ਿਪ ਭੂਮਿਕਾਵਾਂ ਨਿਭਾਉਣ ਲਈ ਸ਼ਕਤੀ ਪ੍ਰਦਾਨ ਕਰਦੇ ਹਨ।

**ਜ਼ਮੀਨੀ ਪੱਧਰ ’ਤੇ ਸ਼ਾਸਨ ਅਤੇ ਪ੍ਰਤੀਨਿਧਤਾ**: ਪੰਚਾਇਤੀ ਰਾਜ ਸੰਸਥਾਵਾਂ ਅਤੇ ਸ਼ਹਿਰੀ ਸਥਾਨਕ ਸੰਸਥਾਵਾਂ ਵਿੱਚ ਔਰਤਾਂ ਦੀ ਭਾਗੀਦਾਰੀ ਵਧਾਉਣ ਲਈ ਪਹਿਲਕਦਮੀਆਂ ਲੋਕਤੰਤਰੀ ਸ਼ਾਸਨ ਨੂੰ ਵਧੇਰੇ ਸੰਮਲਿਤ ਬਣਾ ਰਹੀਆਂ ਹਨ। ਇਹ ਉਸੇ ਸਿਆਸੀ ਦ੍ਰਿਸ਼ਟੀਕੋਣ ਦੀ ਝਲਕ ਹੈ, ਜੋ ਰਾਣੀ ਦੁਰਗਾਵਤੀ ਨੇ ਆਪਣੇ ਰਾਜ ਨੂੰ ਚਲਾਉਣ ਵਿੱਚ ਦਿਖਾਇਆ ਸੀ।

**ਜੀਵਨ ਅਤੇ ਪ੍ਰਾਪਤੀਆਂ ਵਿੱਚ ਮਾਪੀ ਗਈ ਤਰੱਕੀ**: ਪਿਛਲੇ ਕੁਝ ਦਹਾਕਿਆਂ ਵਿੱਚ ਸ਼ਾਨਦਾਰ ਤਰੱਕੀ ਦੇਖੀ ਗਈ ਹੈ - ਔਰਤਾਂ ਦੀ ਸਾਖ਼ਰਤਾ ਅਤੇ ਕਾਰਜ ਬਲ ਭਾਗੀਦਾਰੀ ਵਿੱਚ ਵਾਧਾ, ਚੁਣੇ ਹੋਏ ਅਹੁਦਿਆਂ @ਤੇ ਔਰਤਾਂ ਦੀ ਵਧਦੀ ਮੌਜੂਦਗੀ, ਉੱਦਮਤਾ ਵਿੱਚ ਤੇਜ਼ੀ ਨਾਲ ਉਭਾਰ ਅਤੇ ਸੁਰੱਖਿਆ ਅਤੇ ਬਰਾਬਰ ਮੌਕਿਆਂ ਪ੍ਰਤੀ ਸਮਾਜ ਦੀ ਵਧਦੀ ਸੰਵੇਦਨਸ਼ੀਲਤਾ ਨੇ ਭਾਰਤ ਨੂੰ ਇੱਕ ਨਵੀਂ ਦਿਸ਼ਾ ਦਿੱਤੀ ਹੈ। ਇਹ ਬਦਲਾਅ ਸਿਰਫ਼ ਅੰਕੜੇ ਨਹੀਂ ਹਨ; ਇਹ ਰਾਣੀ ਦੁਰਗਾਵਤੀ ਦੇ ਜੀਵਨ ਵੱਲੋਂ ਸਿਖਾਏ ਗਏ ਸਿਧਾਂਤ ਦੇ ਆਧੁਨਿਕ ਪ੍ਰਗਟਾਵੇ ਹਨ: ਕਿ ਜਦੋਂ ਔਰਤਾਂ ਹਰ ਸਥਿਤੀ ਲਈ ਤਿਆਰ ਅਤੇ ਸਮਰੱਥ ਹੁੰਦੀਆਂ ਹਨ, ਤਾਂ ਉਹ ਸਮਾਜ ਨੂੰ ਨਵਾਂ ਸਰੂਪ ਦਿੰਦੀਆਂ ਹਨ।

**ਰਾਣੀ ਦੁਰਗਾਵਤੀ ਦੀ ਵਿਰਾਸਤ ਇੱਕ ਬੁਨਿਆਦ** : ਰਾਣੀ ਦੁਰਗਾਵਤੀ ਦੀ ਮਿਸਾਲ ਨੂੰ ਖ਼ਾਸ ਤੌਰ ’ਤੇ ਮਹੱਤਵਪੂਰਨ ਬਣਾਉਂਦਾ ਹੈ ਉਨ੍ਹਾਂ ਦਾ ਦੋਹਰਾ ਸਰੂਪ - ਨੈਤਿਕ ਅਤੇ ਵਿਹਾਰਕ। ਨੈਤਿਕ ਪੱਧਰ ’ਤੇ ਉਹ ਮਾਣ, ਹਿੰਮਤ ਅਤੇ ਜ਼ਿੰਮੇਵਾਰੀ ਦੀ ਪ੍ਰਤੀਕ ਹਨ, ਜਦਕਿ ਵਿਹਾਰਕ ਪੱਧਰ ’ਤੇ, ਉਨ੍ਹਾਂ ਦਾ ਜੀਵਨ ਔਰਤਾਂ ਨੂੰ ਫੈਸਲਾ ਲੈਣ ਵਾਲਿਆਂ ਅਤੇ ਲੋਕ ਭਲਾਈ ਦੀਆਂ ਰਾਖੀਆਂ ਵਜੋਂ ਸਥਾਪਿਤ ਕਰਦਾ ਹੈ। ਇਹ ਦੋਹਰੀ ਵਿਰਾਸਤ ਪੀੜ੍ਹੀਆਂ ਤੋਂ ਭਾਰਤ ਦੀ ਨਾਗਰਿਕ ਚੇਤਨਾ ਦਾ ਹਿੱਸਾ ਰਹੀ ਹੈ ਅਤੇ ਔਰਤਾਂ ਦੀ ਮਜ਼ਬੂਤੀ ਲਈ ਨੀਤੀਆਂ ਅਤੇ ਪਹਿਲਕਦਮੀਆਂ ਨੂੰ ਸਮਾਜ ਨਾਲ ਡੂੰਘਾਈ ਤੋਂ ਜੋੜਨ ਵਿੱਚ ਮਦਦ ਕੀਤੀ ਹੈ।

**ਵਿਕਸਿਤ ਭਾਰਤ ਲਈ ਇੱਕ ਨਵਾਂ ਦ੍ਰਿਸ਼ਟੀਕੋਣ** : ਜਿਵੇਂ-ਜਿਵੇਂ ਦੇਸ਼ ਵਿਕਸਿਤ ਭਾਰਤ ਬਣਨ ਵੱਲ ਵਧ ਰਿਹਾ ਹੈ, ਇਸ ਨੂੰ ਵਿਕਾਸ ਨੂੰ ਔਰਤਾਂ ਦੀ ਭਾਗੀਦਾਰੀ ਦੇ ਪੈਮਾਨੇ ਅਤੇ ਬਰਾਬਰੀ ਦੇ ਦ੍ਰਿਸ਼ਟੀਕੋਣ ਤੋਂ ਦੇਖਣ ਦੀ ਲੋੜ ਹੈ। ÷ਮਹਿਲਾ-ਕੇਂਦ੍ਰਿਤ ਵਿਕਸਿਤ ਭਾਰਤ÷ ਵਿੱਚ, ਔਰਤਾਂ ਦੀ ਮੁਕੰਮਲ ਭਾਗੀਦਾਰੀ ਨੂੰ ਵਿਕਾਸ ਲਈ ਸਿਰਫ਼ ਇੱਕ ਵਾਧੂ ਸਾਧਨ ਨਹੀਂ, ਸਗੋਂ ਵਿਕਾਸ ਦਾ ਇੱਕ ਮੁੱਖ ਸੂਚਕ ਮੰਨਿਆ ਜਾਵੇਗਾ। ਵਿਹਾਰਕ ਸ਼ਬਦਾਂ ਵਿੱਚ, ਇਸਦਾ ਭਾਵ ਹੈ ਕਿ ਕਿਸੇ ਦੇਸ਼ ਦੀ ਤਰੱਕੀ ਨੂੰ ਨਾ ਸਿਰਫ਼ ਮੁੱਖ ਭਲਾਈ ਸੂਚਕਾਂ ਨਾਲ ਮਾਪਿਆ ਜਾਵੇਗਾ, ਸਗੋਂ ਔਰਤਾਂ ਦੀ ਅਗਵਾਈ ਅਤੇ ਵੱਖ-ਵੱਖ ਖੇਤਰਾਂ - ਬੋਰਡਾਂ, ਜਨਤਕ ਸੇਵਾ ਅਤੇ ਭਾਈਚਾਰਕ ਸੰਸਥਾਵਾਂ - ਵਿੱਚ ਸਰਗਰਮ ਭਾਗੀਦਾਰੀ ਤੋਂ ਵੀ ਮਾਪਿਆ ਜਾਵੇਗਾ। ਇਸ ਤਰ੍ਹਾਂ ਧਿਆਨ ਉਨ੍ਹਾਂ ਨੀਤੀਆਂ ਨੂੰ ਤਰਜੀਹ ਦੇਣ @ਤੇ ਧਿਆਨ ਕੇਂਦ੍ਰਿਤ ਕੀਤਾ ਜਾ ਰਿਹਾ ਹੈ ਜੋ ਬਿਨਾਂ ਭੁਗਤਾਨ ਦੇਖਭਾਲ ਦੇ ਬੋਝ - ਬੱਚਿਆਂ ਦੀ ਦੇਖਭਾਲ, ਬਜ਼ੁਰਗਾਂ ਦੀ ਦੇਖਭਾਲ ਅਤੇ ਭਾਈਚਾਰਕ ਸਹਾਇਤਾ - ਨੂੰ ਘਟਾਉਂਦੀਆਂ ਹਨ ਤਾਂ ਜੋ ਔਰਤਾਂ ਕੋਲ ਜਨਤਕ ਅਤੇ ਆਰਥਿਕ ਖੇਤਰਾਂ ਵਿੱਚ ਸਰਗਰਮ ਭਾਗੀਦਾਰੀ ਲਈ ਭਰਪੂਰ ਸਮਾਂ ਹੋਵੇ। ਇਸ ਤਰ੍ਹਾਂ, ਅਤੀਤ ਦੇ ਹੌਸਲੇ ਨੂੰ ਭਵਿੱਖ ਦੀਆਂ ਸੰਭਾਵਨਾਵਾਂ ਨਾਲ ਜੋੜਦੇ ਹੋਏ, ਰਾਣੀ ਦੁਰਗਾਵਤੀ ਦੀ ਕਹਾਣੀ ਸਿਰਫ਼ ਇੱਕ ਵਿਰਾਸਤ ਨਹੀਂ ਹੈ, ਸਗੋਂ ਭਾਰਤ ਕੀ ਬਣ ਸਕਦਾ ਹੈ, ਇਸਦਾ ਇੱਕ ਜਿਉਂਦਾ-ਜਾਗਦਾ ਪ੍ਰਮਾਣ ਹੈ। ਉਨ੍ਹਾਂ ਦੀ ਹਿੰਮਤ ਇਹ ਸੁਨੇਹਾ ਦਿੰਦੀ ਹੈ ਕਿ ਔਰਤਾਂ ਨੂੰ ਜਨਤਕ ਜੀਵਨ ਅਤੇ ਭਵਿੱਖ ਨੂੰ ਸਰੂਪ ਦੇਣ ਦਾ ਬਰਾਬਰ ਅਧਿਕਾਰ ਹੈ। ਅੱਜ, ਭਾਰਤ ਦੇ ਮੰਤਰਾਲਿਆਂ, ਨਾਗਰਿਕ ਸਮਾਜ ਅਤੇ ਨਾਗਰਿਕਾਂ ਨੂੰ - ਸਕੂਲਾਂ ਅਤੇ ਹਸਪਤਾਲਾਂ ਰਾਹੀਂ, ਕਾਨੂੰਨਾਂ ਅਤੇ ਰੋਜ਼ੀ-ਰੋਟੀ ਰਾਹੀਂ, ਸੁਰੱਖਿਅਤ ਸੜਕਾਂ ਅਤੇ ਬਰਾਬਰ ਬੋਰਡਾਂ ਰਾਹੀਂ ਇਸ ਦਾਅਵੇ ਨੂੰ ਰੋਜ਼ਾਨਾ ਦੀ ਹਕੀਕਤ ਵਿੱਚ ਬਦਲਣ ਦਾ ਜ਼ਿੰਮਾ ਸੌਂਪਿਆ ਗਿਆ ਹੈ। ਜੇਕਰ ਇੱਕ ਵਿਕਸਿਤ ਭਾਰਤ ਦੀ ਨਬਜ਼ ਔਰਤਾਂ ਦੀ ਸ਼ਕਤੀ ਵਲੋਂ ਮਾਪੀ ਜਾਂਦੀ ਹੈ, ਤਾਂ ਰਾਣੀ ਦੁਰਗਾਵਤੀ ਨੂੰ ਸੱਚੀ ਸ਼ਰਧਾਂਜਲੀ ਇਹ ਹੋਵੇਗੀ ਕਿ ਉਸ ਤਾਕਤ ਨੂੰ ਹਰ ਔਰਤ ਤੱਕ ਪਹੁੰਚਾਇਆ ਜਾਵੇ। ਅੰਤ ਵਿੱਚ, ਰਾਣੀ ਦੀ ਸਭ ਤੋਂ ਵੱਡੀ ਵਿਰਾਸਤ ਇੱਕ ਪੱਥਰ ਦੀ ਯਾਦਗਾਰ ਨਹੀਂ ਹੈ, ਸਗੋਂ ਇੱਕ ਅਜਿਹਾ ਰਾਸ਼ਟਰ ਹੈ ਜਿੱਥੇ ਲੱਖਾਂ ਔਰਤਾਂ ਜੀਵਨ ਦੇ ਹਰ ਖੇਤਰ ਵਿੱਚ ਅਗਵਾਈ ਕਰਨ- ਭਾਵੇਂ ਉਹ ਘਰ ਹੋਵੇ, ਬਜ਼ਾਰ ਹੋਵੇ, ਵਿਗਿਆਨ ਹੋਵੇ, ਜਾਂ ਸ਼ਾਸਨ ਹੋਵੇ। ਉਹ ਹਿੰਮਤ ਅਤੇ ਅਗਵਾਈ ਦੀ ਇਸ ਪ੍ਰੰਪਰਾ ਨੂੰ 21ਵੀਂ ਸਦੀ ਵਿੱਚ ਅੱਗੇ ਵਧਾਉਣ।

## ਹੰਕਾਰ ਅਤੇ ਭੇਦਭਾਵ ਦੀ ਬਲੀ

# ਆਈ.ਜੀ.ਪੀ. ਵਾਈ. ਪੂਰਨ ਕੁਮਾਰ ਦੀ ਆਤਮਹੱਤਿਆ-ਸਿਸਟਮ ’ਤੇ ਇੱਕ ਸਵਾਲੀਆ ਨਿਸ਼ਾਨ



ਵਿੰਕਲਜੀਤ ਸਿੰਘ ਸਰਾ
9501477889

ਹਰਿਆਣਾ ਪੁਲਿਸ ਦੇ ਸੀਨੀਅਰ ਅਧਿਕਾਰੀ, IGP ਵਾਈ. ਪੂਰਨ ਕੁਮਾਰ (IPS, 2001 ਬੈਚ), ਦੀ ਆਤਮਹੱਤਿਆ ਨੇ ਸੂਬੇ ਦੇ ਸਮੁੱਚੇ ਪ੍ਰਸ਼ਾਸਨਿਕ ਢਾਂਚੇ ਵਿੱਚ ਇੱਕ ਭੂਚਾਲ ਲਿਆ ਦਿੱਤਾ ਹੈ। 6 ਅਕਤੂਬਰ 2025 ਨੂੰ ਚੰਡੀਗੜ੍ਹ ਸਥਿਤ ਆਪਣੇ ਘਰ ਵਿੱਚ ਸਰਵਿਸ ਰਿਵਾਲਵਰ ਨਾਲ ਖ਼ੁਦ ਨੂੰ ਗੋਲੀ ਮਾਰ ਕੇ ਜਾਨ ਦੇਣ ਦੀ ਇਹ ਘਟਨਾ ਸਿਰਫ਼ ਇੱਕ ਅਧਿਕਾਰੀ ਦੀ ਮੌਤ ਨਹੀਂ, ਸਗੋਂ ਇਹ ਉਸ ਪ੍ਰਣਾਲੀਕਤ ਬੀਮਾਰੀ ਦਾ ਨਤੀਜਾ ਹੈ ਜਿਸ ਵਿੱਚ ਹੰਕਾਰ, ਜਾਤੀਵਾਦ ਅਤੇ ਤੰਗਪ੍ਰੇਸ਼ਾਨੀ ਨੇ ਇੱਕ ਇਮਾਨਦਾਰ ਅਫਸਰ ਦੀ ਜਾਨ ਲੈ ਲਈ।

ਮੌਤ ਤੋਂ ਪਹਿਲਾਂ ਛੱਡੇ ਗਏ ਅੱਠ ਸਫ਼ਿਆਂ ਦੇ ‘ਫਾਈਨਲ ਨੋਟ’ ਵਿੱਚ, ਪੂਰਨ ਕੁਮਾਰ ਨੇ 14 ਉੱਚ ਅਧਿਕਾਰੀਆਂ ਦੇ ਨਾਂ ਲਏ ਅਤੇ ਉਨ੍ਹਾਂ ’ਤੇ ‘ਲਗਾਤਾਰ ਜਾਤੀ ਆਧਾਰਿਤ ਭੇਦਭਾਵ, ਮਾਨਸਿਕ ਤਸ਼ੱਦਦ ਅਤੇ ਅਪਮਾਨ’ ਦੇ ਗੰਭੀਰ ਦੋਸ਼ ਲਗਾਏ। ਉੱਚ ਅਧਿਕਾਰੀਆਂ ਦੀ ‘ਧੱਕੇਸ਼ਾਹੀ’ ਦਾ ਵਿਸਥਾਰਪੂਰਵਕ ਵੇਰਵਾ : ਮ੍ਰਿਤਕ IGP ਦੀ ਪਤਨੀ, ਅਮਨੀਤ ਪੀ. ਕੁਮਾਰ (IAS), ਨੇ ਚੰਡੀਗੜ੍ਹ ਪੁਲਿਸ ਨੂੰ ਦਿੱਤੀ ਸ਼ਿਕਾਇਤ ਵਿੱਚ ਸਪੱਸ਼ਟ ਲਿਖਿਆ ਹੈ ਕਿ ਉਨ੍ਹਾਂ ਦੇ ਪਤੀ ਨੂੰ ਹਰਿਆਣਾ ਦੇ DGP ਸ਼ਤ੍ਰੂਜੀਤ ਸਿੰਘ ਕਪੂਰ ਅਤੇ ਰੋਹਤਕ ਦੇ SP ਨਰੇਂਦਰ ਬਿਜਰਨੀਆ ਸਮੇਤ ਕਈ ਅਧਿਕਾਰੀਆਂ ਵੱਲੋਂ ਯੋਜਨਾਬੱਧ ਢੰਗ ਨਾਲ ਤੰਗ ਕੀਤਾ ਗਿਆ। ਉਨ੍ਹਾਂ ਦੇ ਦੋਸ਼ਾਂ ਅਨੁਸਾਰ, ਇਹ ਧੱਕੇਸ਼ਾਹੀ ਹੇਠ ਲਿਖੇ ਰੂਪਾਂ ਵਿੱਚ ਸਾਹਮਣੇ ਆਈ:

1. ਲਗਾਤਾਰ ਮਾਨਸਿਕ ਤਸ਼ੱਦਦ ਅਤੇ ਨਿਰਾਦਰ (Mental Torture) : ‘ਫਾਈਨਲ ਨੋਟ’ ਵਿੱਚ ਪੂਰਨ ਕੁਮਾਰ ਨੇ ਲਿਖਿਆ ਕਿ ਉਨ੍ਹਾਂ ਦੇ ਕੰਮ ਨੂੰ ਲਗਾਤਾਰ ਬੇਕਾਰ ਦੱਸਿਆ ਜਾਂਦਾ ਸੀ ਅਤੇ ਉਨ੍ਹਾਂ ਦੀ ਈਮਾਨਦਾਰੀ ’ਤੇ ਸਵਾਲ ਚੁੱਕੇ ਜਾਂਦੇ ਸਨ। ਉਨ੍ਹਾਂ ਦੀਆਂ ਛੁੱਟੀਆਂ ਮਨਜ਼ੂਰ ਨਹੀਂ ਕੀਤੀਆਂ ਗਈਆਂ, ਜਿਸ ਕਾਰਨ ਉਹ ਆਪਣੇ ਪਿਤਾ ਦੀ ਮੌਤ ਤੋਂ ਪਹਿਲਾਂ ਵੀ ਉਨ੍ਹਾਂ ਨੂੰ ਮਿਲ ਨਹੀਂ ਸਕੇ। ਉਨ੍ਹਾਂ ਨੇ ਅਹੁਦਿਆਂ ਦੀ ਦੁਰਵਰਤੋਂ ਕਰਕੇ ਸਾਜ਼ਿਸ਼ਾਂ ਰਚਣ ਦੇ ਗੰਭੀਰ ਇਲਜ਼ਾਮ ਲਾਏ ਹਨ।

2. ਜਾਤੀ ਆਧਾਰਿਤ ਭੇਦਭਾਵ (Caste-Based Discrimination) : IGP ਕੁਮਾਰ ਨੇ ਸਪੱਸ਼ਟ ਕੀਤਾ ਕਿ ਉਨ੍ਹਾਂ ਨੂੰ ਉਨ੍ਹਾਂ ਦੇ ਅਨੁਸੂਚਿਤ ਜਾਤੀ (SC) ਪਿਛੋਕੜ ਕਾਰਨ ਨਿਸ਼ਾਨਾ ਬਣਾਇਆ ਗਿਆ। ਉਨ੍ਹਾਂ ਨੂੰ ਸਰਕਾਰੀ ਰਿਹਾਇਸ਼ ਅਲਾਟ ਕਰਨ ਵਿੱਚ ਅੜਿੱਕੇ ਪਾਏ ਗਏ, ਉਨ੍ਹਾਂ ਦੀਆਂ ਸਾਲਾਨਾ ਪ੍ਰਦਰਸ਼ਨ ਸਮੀਖਿਆਵਾਂ (ACRs) ਵਿੱਚ ਗ਼ਲਤ ਟਿੱਪਣੀਆਂ ਕੀਤੀਆਂ ਗਈਆਂ ਅਤੇ ਉਨ੍ਹਾਂ ਨੂੰ ਗੈਰ-ਮੌਜੂਦ ਪੋਸਟਾਂ ’ਤੇ ਤਾਇਨਾਤ ਕਰਕੇ ਨਿਰਾਦਰ ਕੀਤਾ ਗਿਆ। ਉਨ੍ਹਾਂ ਨੇ SC/ST ਐਕਟ ਤਹਿਤ ਸੁਰੱਖਿਆ ਲਈ ਵਾਰ-ਵਾਰ ਅਪੀਲ ਕੀਤੀ ਪਰ ਉਸ ਨੂੰ ਨਜ਼ਰਅੰਦਾਜ਼ ਕੀਤਾ ਗਿਆ।

3. ਬਦਲੇਖੋਰੀ ਦੀ ਰਾਜਨੀਤੀ (Vendetta Politics) : ਆਤਮਹਤਿਆ ਤੋਂ ਇੱਕ ਦਿਨ ਪਹਿਲਾਂ ਰੋਹਤਕ ਵਿੱਚ ਇੱਕ ‘ਝੂਠੀ FIR (ਨੰ: 0319/2025) ਦਰਜ ਕੀਤੀ ਗਈ ਸੀ, ਜਿਸ ਵਿੱਚ ਉਨ੍ਹਾਂ ਦੇ ਇੱਕ ਸਾਬਕਾ ਸਟਾਫ਼ ਮੈਂਬਰ ’ਤੇ ਉਨ੍ਹਾਂ ਦੇ ਨਾਂ ’ਤੇ ਪੈਸੇ ਮੰਗਣ ਦਾ ਦੋਸ਼ ਲਗਾਇਆ ਗਿਆ ਸੀ। ਪਤਨੀ ਅਮਨੀਤ ਕੁਮਾਰ ਨੇ ਸ਼ਿਕਾਇਤ ਕੀਤੀ ਹੈ ਕਿ ਇਹ FIR ਅਸਲ ਵਿੱਚ ਪੂਰਨ ਕੁਮਾਰ ਨੂੰ ਇਸ ਕੇਸ ਵਿੱਚ ਫਸਾਉਣ ਅਤੇ ਆਖ਼ਰੀ ਤਸੀਹੇ ਦੇਣ ਦੀ ਸਾਜ਼ਿਸ਼ ਸੀ।

ਪ੍ਰਸ਼ਾਸਨਿਕ ਧੱਕੇਸ਼ਾਹੀ ਦਾ ਦੂਜਾ ਉਦਾਹਰਣ: ਰੁਚਿਕਾ ਗਿਰਹੋਤਰਾ ਕੇਸ : IGP ਪੂਰਨ ਕੁਮਾਰ ਦਾ ਮਾਮਲਾ ਹਰਿਆਣਾ ਦੇ ਪ੍ਰਸ਼ਾਸਨਿਕ ਢਾਂਚੇ ਵਿੱਚ ਉੱਚ ਅਧਿਕਾਰੀਆਂ ਵੱਲੋਂ ਕੀਤੀ ਜਾਂਦੀ ਧੱਕੇਸ਼ਾਹੀ ਦੀ ਕੋਈ ਪਹਿਲੀ ਘਟਨਾ ਨਹੀਂ ਹੈ। ਰੁਚਿਕਾ ਗਿਰਹੋਤਰਾ ਕੇਸ ਇਸ ਗੱਲ ਦਾ ਸਭ ਤੋਂ ਵੱਡਾ ਅਤੇ ਦਰਦਨਾਕ ਸਬੂਤ ਹੈ:

1990 ਵਿੱਚ, 14 ਸਾਲਾ ਰੁਚਿਕਾ ਗਿਰਹੋਤਰਾ ਨਾਲ ਤਤਕਾਲੀ ਹਰਿਆਣਾ ਦੇ DGP ਐਸ.ਪੀ.ਐਸ. ਰਾਠੌਰ ਨੇ ਯੌਨ ਸ਼ੋਸ਼ਣ ਕੀਤਾ ਸੀ। ਜਦੋਂ ਰੁਚਿਕਾ ਅਤੇ ਉਸ ਦੇ ਪਰਿਵਾਰ ਨੇ ਸ਼ਿਕਾਇਤ ਦਰਜ ਕਰਵਾਈ, ਤਾਂ ਰਾਠੌਰ ਨੇ ਆਪਣੀ ਉੱਚ ਪਦਵੀ ਦਾ ਗ਼ਲਤ ਫਾਇਦਾ ਚੁੱਕਦੇ ਹੋਏ ਉਨ੍ਹਾਂ ਨੂੰ ਸਾਲਾਂ ਤੱਕ ਯੋਜਨਾਬੱਧ ਤਰੀਕੇ ਨਾਲ ਤੰਗ ਕੀਤਾ। ਇਸ ਤੰਗ ਪ੍ਰੇਸ਼ਾਨੀ ਦੇ ਦਬਾਅ ਹੇਠ ਆ ਕੇ ਰੁਚਿਕਾ ਨੇ 1993 ਵਿੱਚ ਆਤਮਹਤਿਆ ਕਰ ਲਈ ਸੀ। ਭਾਵੇਂ ਰਾਠੌਰ ਨੂੰ 20 ਸਾਲ ਬਾਅਦ ਸਜ਼ਾ ਹੋਈ, ਪਰ ਤਦ ਤੱਕ ਇੱਕ ਬੇਗੁਨਾਹ ਜ਼ਿੰਦਗੀ ਖ਼ਤਮ ਹੋ ਚੁੱਕੀ ਸੀ।

ਇਹ ਦੋਵੇਂ ਕੇਸ ਦਰਸਾਉਂਦੇ ਹਨ ਕਿ ਪ੍ਰਸ਼ਾਸਨਿਕ ਸ਼ਕਤੀ, ਜਦੋਂ ਹੰਕਾਰ ਨਾਲ ਜੁੜ ਜਾਂਦੀ ਹੈ, ਤਾਂ ਉਹ ਕਿਵੇਂ ਇੱਕ ਬੇਰਹਿਮ ਹਥਿਆਰ ਬਣ ਜਾਂਦੀ ਹੈ।



ਇੱਕ ਆਵਾਜ਼ - ਇਨਸਾਫ਼ ਕਦੋਂ ਮਿਲੇਗਾ? : ਵਾਈ. ਪੂਰਨ ਕੁਮਾਰ ਦੀ ਆਤਮਹਤਿਆ ਇੱਕ ਤਿੱਖਾ ਸਵਾਲ ਖੜ੍ਹਾ ਕਰਦੀ ਹੈ: ਆਖ਼ਰ ਕਦੋਂ ਤੱਕ ਬੇਕਸੂਰ ਅਧਿਕਾਰੀ ਅਤੇ ਉਨ੍ਹਾਂ ਦੇ ਪਰਿਵਾਰ ਉੱਚ ਅਫਸਰਾਂ ਦੀ ‘ਈਗੋ’ ਦੀ ਬਲੀ ਚੜ੍ਹਦੇ ਰਹਿਣਗੇ?

* ਕੀ ਪੂਰਨ ਕੁਮਾਰ ਦੇ ਬੱਚੇ ਆਪਣੇ ਪਿਤਾ ਦੀ ਤਸਵੀਰ ਨੂੰ ਦੇਖ ਕੇ ਸਿਰਫ਼ ਰੋਂਦੇ ਰਹਿਣਗੇ?
* ਕੀ ਉਨ੍ਹਾਂ ਦੀ ਪਤਨੀ, ਜੋ ਖ਼ੁਦ ਇੱਕ ਸੀਨੀਅਰ IAS ਅਫਸਰ ਹੈ, ਵੀ ਆਪਣੇ ਪਤੀ ਲਈ ਇਨਸਾਫ਼ ਦੀ ਲੜਾਈ ਵਿੱਚ ਕਾਨੂੰਨੀ ਕਾਗਜ਼ਾਂ ਦੇ ਚੱਕਰਾਂ ਵਿੱਚ ਰੁਲਦੀ ਰਹੇਗੀ?
* ਕੀ ਸਿਸਟਮ ਉਨ੍ਹਾਂ ਲੋਕਾਂ ਨੂੰ ਸਜ਼ਾ ਦੇਵੇਗਾ, ਜਿਨ੍ਹਾਂ ਨੇ ਇੱਕ ਇਮਾਨਦਾਰ ਅਧਿਕਾਰੀ ਨੂੰ ਮਰਨ ਲਈ ਮਜਬੂਰ ਕੀਤਾ, ਜਾਂ ਉਹ ਆਪਣੀ ਪਦਵੀ ਦੀ ਆੜ ਵਿੱਚ ਬਚ ਜਾਣਗੇ?

ਮਾਮਲਾ ਸਿਰਫ਼ IGP ਪੂਰਨ ਕੁਮਾਰ ਦਾ ਨਹੀਂ, ਇਹ ਉਨ੍ਹਾਂ ਸਾਰੇ ਇਮਾਨਦਾਰ ਅਧਿਕਾਰੀਆਂ ਦਾ ਹੈ ਜੋ ਸਿਸਟਮ ਦੀਆਂ ਗਲਤੀਆਂ ਵਿਰੁੱਧ ਆਵਾਜ਼ ਉਠਾਉਂਦੇ ਹਨ ਅਤੇ ਉਨ੍ਹਾਂ ਨੂੰ ‘ਅਣਅਨੁਸ਼ਾਸਿਤ’ ਜਾਂ ‘ਬਾਗੀ’ ਕਹਿ ਕੇ ਦਬਾ ਦਿੱਤਾ ਜਾਂਦਾ ਹੈ।

**ਸਪੱਸ਼ਟ ਮੰਗ :**

* ਤੱਤਕਾਲ ਗ੍ਰਿਫ਼ਤਾਰੀ: DGP ਸ਼ਤ੍ਰੂਜੀਤ ਸਿੰਘ ਕਪੂਰ ਅਤੇ SP ਨਰੇਂਦਰ ਬਿਜਰਨੀਆ ਸਮੇਤ ਸਾਰੇ ਨਾਮਜ਼ਦ ਦੋਸ਼ੀਆਂ ਖਿਲਾਫ਼ ’ਆਤਮਹਤਿਆ ਲਈ ਉਕਸਾਉਣ’ (BNS ਧਾਰਾ 108) ਅਤੇ SC/ST ਐਕਟ ਤਹਿਤ ਤੁਰੰਤ FIR ਦਰਜ ਕੀਤੀ ਜਾਵੇ ਅਤੇ ਉਨ੍ਹਾਂ ਨੂੰ ਗ੍ਰਿਫ਼ਤਾਰ ਕੀਤਾ ਜਾਵੇ, ਤਾਂ ਜੋ ਉਹ ਸਬੂਤਾਂ ਨਾਲ ਛੇੜਛਾੜ ਨਾ ਕਰ ਸਕਣ।

ਉੱਚ-ਪੱਧਰੀ ਜਾਂਚ: ਇਸ ਕੇਸ ਦੀ ਜਾਂਚ ਹਰਿਆਣਾ ਪੁਲਿਸ ਦੀ ਬਜਾਏ ਕਿਸੇ ਨਿਰਪੱਖ ਕੇਂਦਰੀ ਏਜੰਸੀ (ਜਿਵੇਂ ਕਿ 329) ਜਾਂ ਹਾਈ ਕੋਰਟ ਦੀ ਨਿਗਰਾਨੀ ਹੇਠ ਹੋਵੇ।

* ਜਵਾਬਦੇਹੀ ਕਾਨੂੰਨ: ਪ੍ਰਸ਼ਾਸਨਿਕ ਅਤੇ ਪੁਲਿਸ ਤੰਤਰ ਵਿੱਚ ‘ਵਰਕਪਲੇਸ ਹਰਾਸਮੈਂਟ’ ਵਿਰੁੱਧ ਸਖ਼ਤ ਕਾਨੂੰਨ ਬਣਾਇਆ ਜਾਵੇ, ਤਾਂ ਜੋ ਕੋਈ ਵੀ ਸੀਨੀਅਰ ਅਧਿਕਾਰੀ ਆਪਣੀ ਈਗੋ ਕਾਰਨ ਕਿਸੇ ਦੀ ਜ਼ਿੰਦਗੀ ਤਬਾਹ ਨਾ ਕਰ ਸਕੇ।

ਵਾਈ. ਪੂਰਨ ਕੁਮਾਰ ਦੀ ਮੌਤ ਇੱਕ ਸਮਾਜਿਕ ਅਤੇ ਪ੍ਰਸ਼ਾਸਨਿਕ ਚੇਤਾਵਨੀ ਹੈ। ਜੇਕਰ ਸਿਸਟਮ ਹੁਣ ਵੀ ਨਾ ਜਾਗਿਆ, ਤਾਂ ਇਨਸਾਨੀਅਤ ਦੀ ਥਾਂ ਹੰਕਾਰ ਲੈਂਦਾ ਰਹੇਗਾ ਅਤੇ ਇਨਸਾਫ਼ ਦੀ ਰੋਸ਼ਨੀ ਉਨ੍ਹਾਂ ਪਰਿਵਾਰਾਂ ਲਈ ਹਮੇਸ਼ਾ ਦੂਰ ਰਹੇਗੀ, ਜਿਨ੍ਹਾਂ ਨੇ ਉੱਚ ਅਧਿਕਾਰੀਆਂ ਦੇ ਜ਼ੁਲਮ ਦੀ ਕੀਮਤ ਆਪਣੀ ਜਾਨ ਨਾਲ ਚੁਕਾਈ ਹੈ।

ਨੋਟ: ਜੇਕਰ ਤੁਸੀਂ ਜਾਂ ਤੁਹਾਡਾ ਕੋਈ ਜਾਣਕਾਰ ਮਾਨਸਿਕ ਤਣਾਅ ਜਾਂ ਖ਼ੁਦਕੁਸ਼ੀ ਦੇ ਵਿਚਾਰਾਂ ਨਾਲ ਜੂਝ ਰਿਹਾ ਹੈ, ਤਾਂ ਕਿਰਪਾ ਕਰਕੇ ਤੁਰੰਤ ਮਦਦ ਲਵੋ। ਭਾਰਤ ਵਿੱਚ ’ਕਿਰਨ’ (KIRAN) ਮਾਨਸਿਕ ਸਿਹਤ ਹੈਲਪਲਾਈਨ ਨੰਬਰ 1800-599-0019 ’ਤੇ ਸੰਪਰਕ ਕਰੋ। ਤੁਹਾਡੀ ਜ਼ਿੰਦਗੀ ਅਨਮੋਲ ਹੈ।

**ਸੈਂਟਰਲ ਬੈਂਕ ਆਫ ਇੰਡੀਆ** / Central Bank of India
1911 से आपके लिए "केंद्रित" "CENTRAL TO YOU SINCE 1911"
**ਸੈਂਟਰਲ ਬੈਂਕ ਆਫ ਇੰਡੀਆ**
ਰਿਜਨਲ ਦਫਤਰ, ਕੇ.ਪੀ., ਕੰਪਲੈਕਸ, ਨੇੜੇ ਹੋਟਲ ਪਾਰਕ ਪਲਾਜ਼ਾ ਫਿਰੋਜ਼ਪੁਰ ਰੋਡ, ਲੁਧਿਆਣਾ-141001

**ਕਬਜ਼ਾ ਸੂਚਨਾ ਸੰਕੇਤਕ ਕਬਜ਼ਾ**
**ਅੰਤਿਕਾ 4 [ਨਿਯਮ 8 (1)] ਕਬਜ਼ਾ ਸੂਚਨਾ (ਅਚੱਲ ਸੰਪੱਤੀ ਦੇ ਲਈ)**

ਜਿਥੇ ਕਿ, ਨਿਮਨ ਹਸਤਾਖ਼ਰੀ ਨੇ ਸੈਂਟਰਲ ਬੈਂਕ ਆਫ ਇੰਡੀਆ ਦੇ ਅਧਿਕਾਰਤ ਅਧਿਕਾਰੀ ਵਜੋਂ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਐਕਟ, 2002 ਦੇ ਅਧੀਨ ਅਤੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੀ ਧਾਰਾ 13 (12) ਅਧੀਨ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਦਰਸਾਈ ਸੂਚਨਾ ਦੀ ਪ੍ਰਾਪਤੀ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਰਕਮ ਨੂੰ ਅਦਾ ਕਰਨ ਦੇ ਲਈ ਕਰਜ਼ਦਾਰ/ਜ਼ਾਮਨ/ਗਿਰਵੀਕਾਰ ਨੂੰ ਸੱਦਾ ਦਿੰਦੇ ਹੋਏ ਉਪਰੰਤ ਦਰਸਾਈ ਅਤੇ ਖਾਤੇ ਅਧੀਨ ਦਰਸਾਈ ਮਿਤੀ ਨੂੰ ਬੈਂਕ ਵੱਲੋਂ ਮੰਗ ਸੂਚਨਾ ਜਾਰੀ ਕੀਤੀ ਸੀ।
ਕਰਜ਼ਦਾਰ/ਜ਼ਾਮਨ/ਗਿਰਵੀਕਾਰ ਰਕਮ ਅਦਾ ਕਰਨ ਵਿਚ ਅਸਫ਼ਲ ਰਹੇ ਹਨ, ਇਸ ਲਈ ਇਥੇ ਕਰਜ਼ਦਾਰ/ਜ਼ਾਮਨ/ਗਿਰਵੀਕਾਰ ਨੂੰ ਅਤੇ ਆਮ ਜਨਤਾ ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨ ਹਸਤਾਖ਼ਰੀ ਨੇ ਖਾਤੇ ਅਧੀਨ ਦਰਸਾਈਆਂ ਮਿਤੀਆਂ ਨੂੰ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ 2002 ਦੇ ਨਿਯਮ 8 ਨਾਲ ਪੜ੍ਹੇ ਜਾਣ ਵਾਲੇ ਦਰਸਾਏ ਕਾਨੂੰਨ ਦੀ ਧਾਰਾ 13 (4) ਅਧੀਨ ਉਨ੍ਹਾਂ ਨੂੰ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਨਿਮਨ ਦਰਸਾਈ ਸੰਪੱਤੀ ਦਾ ਕਬਜ਼ਾ ਲੈ ਲਿਆ ਹੈ।
ਕਰਜ਼ਦਾਰ ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਥੇ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਦਰਸਾਈ ਸੰਪੱਤੀ ਦੀ ਸੌਦੇਬਾਜ਼ੀ ਨਾ ਕੀਤੀ ਜਾਵੇ। ਸੰਪੱਤੀ ਦੀ ਕੋਈ ਵੀ ਸੌਦੇਬਾਜ਼ੀ ਰਕਮ ਅਤੇ ਖਰਚਿਆਂ ਦੇ ਲਈ ਸੈਂਟਰਲ ਬੈਂਕ ਆਫ ਇੰਡੀਆ ਦੇ ਚਾਰਜ ਨਾਲ ਸਬੰਧਤ ਹੋਵੇਗੀ।
**ਕਰਜ਼ਦਾਰ/ਜ਼ਾਮਨ/ਗਿਰਵੀਕਾਰ ਦਾ ਧਿਆਨ ਸੁਰੱਖਿਅਤ ਸੰਪੱਤੀ/ਸੰਪੱਤੀਆਂ ਦੀ ਪੁਨਰ ਪ੍ਰਾਪਤੀ ਲਈ ਉਪਲਬਧ ਸਮੇਂ ਦੇ ਸਬੰਧ ਵਿਚ ਕਾਨੂੰਨ ਦੀ ਧਾਰਾ 13 ਦੀ ਉਪ-ਧਾਰਾ (8) ਦੀਆਂ ਵਿਵਸਥਾਵਾਂ ਵੱਲ ਦੁਆਇਆ ਜਾਂਦਾ ਹੈ।**

| ਸ਼ਾਖਾ/ਕਰਜ਼ਦਾਰ (ਾਂ) ਅਤੇ ਜ਼ਾਮਨ (ਾਂ) ਦਾ ਨਾਮ | ਸੰਪੱਤੀ ਦੇ ਵੇਰਵੇ | ਮੰਗ ਸੂਚਨਾ ਦੀ ਮਿਤੀ | ਕਬਜ਼ੇ ਦੀ ਮਿਤੀ | ਬਕਾਇਆ ਰਕਮ |
|---|---|---|---|---|
| ਬੀ/ਓ ਰੋਪੜ<br>ਕਰਜ਼ਦਾਰ : ਸ੍ਰੀ ਸ੍ਰੀ ਰਮਿਤ ਕੇਹਰ ਸਪੁੱਤਰ ਸ੍ਰੀ ਰਾਕੇਸ਼ ਕੇਹਰ | ਇੱਕ ਉਸਾਰੀ ਗਈ ਦੁਕਾਨ 0 ਬਿਘੇ-0-1/4 ਬਿਸਵੇ (ਭਾਵ 5 ਬਿਸਵਾਸੀ) (12.5 ਵਰਗ ਗਜ਼) ਅਰਥਾਤ 2 ਬੀਘੇ 11 ਬਿਸਵੇ ਜ਼ਮੀਨ ਵਿੱਚੋਂ 1/204 ਹਿੱਸਾ, ਖਾਤਾ ਨੰਬਰ 219/223 ਖਸਰਾ ਨੰਬਰ 798/2 (2-11) ਮਾਪ ਦੇ ਨਾਲ 330 ਵਰਗ ਫੁੱਟ ਖੇਤਰਫਲ ਕਵਰ ਕੀਤਾ ਗਿਆ ਹੈ, ਬਡਾਲਾ ਨਵਾਂ ਸ਼ਹਿਰ (ਐਮ.ਸੀ. ਸੀਮਾ ਅਧੀਨ) ਹੱਦਬਸਤ ਨੰਬਰ 188, ਤਹਿਸੀਲ ਖਰੜ ਜਿਲ੍ਹਾ ਐਸ.ਏ.ਐਸ. ਨਗਰ ਵਿੱਚ ਸਥਿਤ, ਸਾਲ 2010-11 ਲਈ ਜਮਾਂਬੰਦੀ ਦੀ ਵਿਕਰੀ ਡੀਡ ਨੰ: 6599 ਮਿਤੀ 12/02/2014 ਅਨੁਸਾਰ ਸ੍ਰੀ ਰਾਮਿਤ ਕੇਹਰ ਸਪੁੱਤਰ ਰਮੇਸ਼ ਕੇਹਰ ਦੇ ਨਾਮ ’ਤੇ ਹੈ। ਪੂਰਬ: ਰੋਡ ਅਤੇ ਪਾਰਕਿੰਗ ਪੱਛਮ: ਹਾਕਮ ਸਿੰਘ ਉੱਤਰ: ਵਿਕਰੇਤਾ ਪਰਦੀਪ ਕੌਰ ਦੱਖਣ: ਸਤਪਾਲ ਸਿੰਘ | 03.07.2025 | 06.10.2025 | ਰੁ. 4,73,826/- (ਰੁਪਏ ਚਾਰ ਲੱਖ ਤਿਹੱਤਰ ਹਜ਼ਾਰ ਅੱਠ ਸੌ ਛੱਬੀ ਰੁਪਏ ਸਿਰਫ) 02.07.2025 ਤੋਂ ਗਣਨਾ ਕੀਤੇ ਜਾਣ ਵਾਲੇ ਮਾਸਿਕ ਬਕਾਏ ਅਤੇ ਖਰਚਿਆਂ ’ਤੇ 09.00% ਸਾਲਾਨਾ ਵਿਆਜ ਸਮੇਤ। |

ਮਿਤੀ : 09.10.2025 ਸਥਾਨ : ਲੁਧਿਆਣਾ ਅਧਿਕਾਰਤ ਅਧਿਕਾਰੀ

**ਪੰਜਾਬ ਨੈਸ਼ਨਲ ਬੈਂਕ** pnb
.... ਬਿਹਤਰੀ ਲਈ ਸਾਂਝ
ਸ਼ਾਖਾ ਦਫ਼ਤਰ : ਫੁਹਾਰਾ ਚੌਂਕ, ਗੁਰੂਹਰਿਸਹਾਏ, ਜ਼ਿਲ੍ਹਾ ਫਿਰੋਜ਼ਪੁਰ, ਪੰਜਾਬ-152022

**[ਨਿਯਮ 8 (1)] ਕਬਜ਼ਾ ਸੂਚਨਾ (ਅਚੱਲ ਸੰਪੱਤੀ ਦੇ ਲਈ)**

ਜਿਥੇ ਕਿ, ਨਿਮਨ ਹਸਤਾਖ਼ਰੀ ਨੇ **ਪੰਜਾਬ ਨੈਸ਼ਨਲ ਬੈਂਕ** ਦੇ **“ਅਧਿਕਾਰਤ ਅਧਿਕਾਰੀ”** ਵਜੋਂ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ **ਕਾਨੂੰਨ, 2002** ਦੇ ਅਧੀਨ ਅਤੇ ਸੁਰੱਖਿਆ ਵਿਆਜ (ਲਾਗੂਕਰਨ) **ਨਿਯਮਾਂਵਲੀ, 2002** ਦੇ **ਨਿਯਮ 3** ਨਾਲ ਪੜ੍ਹੀ ਜਾਣ ਵਾਲੀ ਧਾਰਾ **13 (12)** ਅਧੀਨ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਦਰਸਾਈ ਸੂਚਨਾ ਦੀ ਪ੍ਰਾਪਤੀ ਦੀ ਮਿਤੀ ਤੋਂ **60** ਦਿਨਾਂ ਦੇ ਅੰਦਰ ਸੂਚਨਾ ਵਿਚ ਦਰਸਾਈ ਰਕਮ ਨੂੰ ਅਦਾ ਕਰਨ ਦੇ ਲਈ ਨਿਮਨਲਿਖਤ **ਕਰਜ਼ਦਾਰ (ਾਂ)/ਜ਼ਾਮਨ (ਾਂ)** ਨੂੰ ਸੱਦਾ ਦਿੰਦੇ ਹੋਏ ਸਰਫਾਇਸੀ ਐਕਟ 2002 ਦੀ ਧਾਰਾ 13 (2) ਅਧੀਨ **ਮੰਗ ਸੂਚਨਾ** ਜਾਰੀ ਕੀਤੀ ਸੀ।
ਕਰਜ਼ਦਾਰ (ਾਂ)/ਜ਼ਾਮਨ (ਾਂ)/ ਰਕਮ ਅਦਾ ਕਰਨ ਵਿਚ ਅਸਫ਼ਲ ਰਹੇ ਹਨ, ਇਸ ਲਈ ਇਥੇ ਕਰਜ਼ਦਾਰ (ਾਂ)/ਜ਼ਾਮਨ (ਾਂ) ਨੂੰ ਅਤੇ ਆਮ ਜਨਤਾ ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨ ਹਸਤਾਖ਼ਰੀ ਨੇ ਸੁਰੱਖਿਆ ਵਿਆਜ ਲਾਗੂਕਰਨ ਨਿਯਮਾਂਵਲੀ, 2002 ਦੇ ਨਿਯਮ 8 ਅਤੇ 9 ਨਾਲ ਪੜ੍ਹੇ ਜਾਣ ਵਾਲੇ ਦਰਸਾਏ ਕਾਨੂੰਨ ਦੀ ਧਾਰਾ 13 (4) ਦੇ ਅਧੀਨ ਉਨ੍ਹਾਂ ਨੂੰ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਨਿਮਨ ਦਰਸਾਈ ਸੰਪੱਤੀ ਦਾ **ਕਬਜ਼ਾ** ਲੈ ਲਿਆ ਹੈ।
**ਕਰਜ਼ਦਾਰ (ਾਂ)/ਜ਼ਾਮਨ (ਾਂ)** ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਸ ਦੁਆਰਾ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਦਰਸਾਈ ਸੰਪੱਤੀ ਦੀ ਸੌਦੇਬਾਜ਼ੀ ਨਾ ਕੀਤੀ ਜਾਵੇ ਅਤੇ ਸੰਪੱਤੀ ਦੀ ਸੌਦੇਬਾਜ਼ੀ ਨਿਮਨ ਦਰਸਾਏ ਵੇਰਵਿਆਂ ਅਧੀਨ ਰਕਮ ਦੇ ਲਈ **ਪੰਜਾਬ ਨੈਸ਼ਨਲ ਬੈਂਕ** ਦੇ ਚਾਰਜ ਨਾਲ ਸਬੰਧਤ ਹੋਵੇਗੀ।
**ਕਰਜ਼ਦਾਰ (ਾਂ)/ਜ਼ਾਮਨ (ਾਂ) ਦਾ ਧਿਆਨ ਸੁਰੱਖਿਅਤ ਅਸਾਸਿਆਂ ਦੀ ਪੁਨਰ ਪ੍ਰਾਪਤੀ ਲਈ ਉਪਲਬਧ ਸਮੇਂ ਦੇ ਸਬੰਧ ਵਿਚ ਕਾਨੂੰਨ ਦੀ ਧਾਰਾ 13 ਦੀ ਉਪ-ਧਾਰਾ (8) ਦੀਆਂ ਵਿਵਸਥਾਵਾਂ ਵੱਲ ਦੁਆਇਆ ਜਾਂਦਾ ਹੈ।**

| ਕਰਜ਼ਦਾਰ (ਾਂ)/ਜ਼ਾਮਨ (ਾਂ)/ ਗਿਰਵੀਕਾਰ (ਾਂ) ਦਾ ਨਾਮ | ਅਚੱਲ ਸੰਪੱਤੀ ਦੇ ਵੇਰਵੇ | ਮੰਗ ਸੂਚਨਾ ਦੀ ਮਿਤੀ | ਕਬਜ਼ੇ ਦੀ ਮਿਤੀ | ਬਕਾਇਆ ਰਕਮ |
|---|---|---|---|---|
| ਕਰਜ਼ਦਾਰ : ਸ੍ਰੀਮਤੀ ਸੁਸ਼ਮ ਸੁਪਤਨੀ ਬਲਦੇਵ ਰਾਜ ਸੇਠੀ (ਪ੍ਰੋਪ.) ਜ਼ਾਮਨ : ਗੁਲਸ਼ਨ ਕੁਮਾਰ ਸਪੁੱਤਰ ਮਥਰਾ ਦਾਸ | 01 ਮਰਲੇ 1 1/2 ਸਰਸਾਹੀ ਭਾਵ 4 ਮਰਲੇ 6 ਸਰਸਾਹੀ ਦਾ 1/4 ਹਿੱਸੇ ਦੀ ਮਾਪ ਵਾਲੀ ਜ਼ਮੀਨ ਦਾ ਬਰਾਬਰ ਗਿਰਵੀਨਾਮਾ ਜੋ ਕਿ ਖਸਰਾ ਨੰ: 262/229(4-6), ਖੇਵਟ ਨੰ: 123, ਖਤੌਨੀ ਨੰ: 123, 149, ਸਾਲ 1990-91 ਦੀ ਜਮਾਂਬੰਦੀ ਅਨੁਸਾਰ ਵਿਕਰੀ ਡੀਡ ਨੰਬਰ 2120 ਮਿਤੀ 20.07.1994 ਦੇ ਅਨੁਸਾਰ ਕ੍ਰਿਸ਼ਨਾ ਚੌਂਕ ਮੰਡੀ, ਗੁਰੂਹਰਸਹਾਏ, ਤਹਿਸੀਲ ਗੁਰੂਹਰਸਹਾਏ, ਜਿਲ੍ਹਾ ਫਿਰੋਜ਼ਪੁਰ ਵਿਖੇ ਸਥਿਤ ਹੈ। ਹੱਦਬੰਦੀ ਹੇਠ ਲਿਖੇ ਅਨੁਸਾਰ: ਉੱਤਰ: ਅਮ੍ਰਿਤ ਲਾਲ, ਪੱਛਮ: ਅਮਰ ਚੰਦ, ਦੱਖਣ: ਰਾਹ, ਪੂਰਬ: ਸਵੈ। | 26.07.2024 | 03.10.2025 | Rs. 23,12,231.19 (ਤੇਈ ਲੱਖ ਬਾਰਾਂ ਹਜ਼ਾਰ ਦੋ ਸੌ ਇਕੱਤੀ ਰੁਪਏ ਅਤੇ ਉਨੀ ਪੈਸੇ ਕੇਵਲ) ਅਤੇ ਇਸ ’ਤੇ ਹੋਰ ਵਿਆਜ ਅਤੇ ਖਰਚੇ 30.09.2025 ਦੇ ਅਨੁਸਾਰ। |

ਮਿਤੀ : 09.10.2025 ਸਥਾਨ : ਗੁਰੂਹਰਿਸਹਾਏ ਅਧਿਕਾਰਤ ਅਧਿਕਾਰੀ

**ਬੈਂਕ ਆਫ ਮਹਾਰਾਸ਼ਟਰਾ** / Bank of Maharashtra
भारत सरकार का उद्यम
एक परिवार एक बैंक
ਜ਼ੋਨਲ ਦਫ਼ਤਰ : ਪਹਿਲੀ ਮੰਜ਼ਿਲ, ਜੈ ਕਰਤਾਰ ਭਵਨ, ਨੇੜੇ ਸਰਕਟ ਹਾਊਸ, ਫਿਰੋਜ਼ਪੁਰ ਰੋਡ, ਲੁਧਿਆਣਾ 141001, ਟੈਲੀ : 0161-2495472
E-Mail: recovery_ldh@mahabank.co.in, legal_ldh@mahabank.co.in
Head Office: ‘LOKMANGAL’, 1501, Shivaji Nagar, PUNE – 411 005

**ਸੰਕੇਤਕ ਕਬਜ਼ਾ ਸੂਚਨਾ**

ਜਿਥੇ ਕਿ, **ਬੈਂਕ ਆਫ਼ ਮਹਾਰਾਸ਼ਟਰਾ** ਦੇ ਅਧਿਕਾਰਤ ਅਧਿਕਾਰੀ ਵਜੋਂ ਨਿਮਨ ਹਸਤਾਖਰੀ ਨੇ ਵਿੱਤੀ ਸੰਪਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੇ ਅਧੀਨ ਅਤੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 8 ਨਾਲ ਪੜ੍ਹੀ ਜਾਣ ਵਾਲੀ ਧਾਰਾ 13 ਦੀ ਉਪ-ਧਾਰਾ (12) ਦੇ ਅਧੀਨ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਦਰਸਾਈ ਸੂਚਨਾ ਦੀ ਪ੍ਰਾਪਤੀ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਕਰਜ਼ਦਾਰ (ਾਂ)/ਜ਼ਾਮਨ (ਾਂ) ਨੂੰ ਸੱਦੋ ਦਿੰਦੇ ਹੋਏ ਮੰਗ ਸੂਚਨਾ ਜਾਰੀ ਕੀਤੀ ਸੀ।
ਕਰਜ਼ਦਾਰ (ਾਂ) ਰਕਮ ਅਦਾ ਕਰਨ ਵਿਚ ਅਸਫ਼ਲ ਰਹੇ ਹਨ, ਇਸ ਲਈ ਇਥੇ ਕਰਜ਼ਦਾਰ (ਾਂ)/ਜ਼ਾਮਨ (ਾਂ) ਨੂੰ ਅਤੇ ਆਮ ਜਨਤਾ ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨ ਹਸਤਾਖਰੀ ਨੇ ਕਰਜ਼ਦਾਰਾਂ ਕੋਲ ਦਰਸਾਏ ਅਨੁਸਾਰ ਸਬੰਧਤ ਦਿਨਾਂ ਨੂੰ ਦਰਸਾਈ ਨਿਯਮਾਂਵਲੀ ਦੇ ਨਿਯਮ 8 ਨਾਲ ਪੜ੍ਹੇ ਜਾਣ ਵਾਲੇ ਦਰਸਾਏ ਕਾਨੂੰਨ ਦੀ ਧਾਰਾ 13 (4) ਅਧੀਨ ਉਨ੍ਹਾਂ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਨਿਮਨ ਦਰਸਾਈ ਸੰਪੱਤੀ/ਆਂ ਦਾ **ਸੰਕੇਤਕ ਕਬਜ਼ਾ** ਲੈ ਲਿਆ ਹੈ।
ਕਰਜ਼ਦਾਰ (ਾਂ)/ਜ਼ਾਮਨ (ਾਂ) ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਥੇ ਇਸ ਰਾਹੀਂ ਚਿਤਾਵਨੀ ਦਿੱਤੀ ਜਾਂਦੀ ਹੈ ਕਿ ਸੰਪੱਤੀ/ਆਂ ਦੀ ਸੌਦੇਬਾਜ਼ੀ ਨਾ ਕੀਤੀ ਜਾਵੇ ਅਤੇ ਸੰਪੱਤੀ/ਆਂ ਦੀ ਕੋਈ ਵੀ ਸੌਦੇਬਾਜ਼ੀ ਨਿਮਨ ਦਰਸਾਈ ਰਕਮ ਦੇ ਲਈ **ਬੈਂਕ ਆਫ਼ ਮਹਾਰਾਸ਼ਟਰਾ** ਦੇ ਚਾਰਜ ਨਾਲ ਸਬੰਧਤ ਹੋਵੇਗੀ।
**ਕਰਜ਼ਦਾਰ ਦਾ ਧਿਆਨ ਸੁਰੱਖਿਅਤ ਸੰਪੱਤੀਆਂ ਦੀ ਪੁਨਰ ਪ੍ਰਾਪਤੀ ਲਈ ਉਪਲਬਧ ਸਮੇਂ ਦੇ ਸਬੰਧ ਵਿਚ ਕਾਨੂੰਨ ਦੀ ਧਾਰਾ 13 ਦੀ ਉਪ-ਧਾਰਾ (8) ਦੀਆਂ ਵਿਵਸਥਾਵਾਂ ਵੱਲ ਦੁਆਇਆ ਜਾਂਦਾ ਹੈ।**

| ਸ਼ਾਖਾ ਅਤੇ ਕਰਜ਼ਦਾਰ (ਾਂ) / ਜ਼ਾਮਨ (ਾਂ) ਦਾ ਨਾਮ | ਚੱਲ/ਅਚੱਲ ਸੰਪੱਤੀ/ਆਂ ਦੇ ਵੇਰਵੇ | ਮੰਗ ਸੂਚਨਾ/ ਕਬਜ਼ੇ ਦੀ ਕਿਸਮ ਅਤੇ ਮਿਤੀ | ਬਕਾਇਆ ਰਕਮ |
|---|---|---|---|
| **ਸ਼ਾਖਾ ਦਫਤਰ : ਸਿਵਲ ਲਾਈਨਜ਼-ਲੁਧਿਆਣਾ**<br>ਕਰਜ਼ਦਾਰ/ਾਂ: ਮੈਸਰਜ਼ ਗੌਡਵਿਨ ਸਟੀਲ ਇੰਡਸਟਰੀਜ਼ ਇਸ ਦੇ ਪ੍ਰੋਪ ਸ਼੍ਰੀ ਨਿਰਮਲ ਸਿੰਘ ਪੁੱਤਰ ਸ਼੍ਰੀ ਨੰਦੂ ਰਾਮ ਦੁਆਰਾ, ਪਤਾ: 496 ਨਿਰੰਕਾਰੀ ਮੁਹੱਲਾ ਓਵਰਲਾਕ ਰੋਡ ਮਿਲਰਗੰਜ, ਲੁਧਿਆਣਾ ਪੰਜਾਬ 141003, ਜ਼ਾਮਨ/ਾਂ: 1) ਸ਼੍ਰੀ ਨਿਰਮਲ ਸਿੰਘ ਪੁੱਤਰ ਸ਼੍ਰੀ ਨੰਦੂ ਰਾਮ, ਪਤਾ: ਪਲਾਟ ਨੰਬਰ 63 ਵਸੰਤ ਵਾਟਿਕਾ ਨੇੜੇ ਫਲਾਵਰ ਐਨਕਲੇਵ, ਬਸੰਤ ਐਵੇਨਿਊ ਫੁੱਲਾਂਵਾਲ, ਲੁਧਿਆਣਾ ਪੰਜਾਬ 141013, 2) ਸ਼੍ਰੀਮਤੀ ਰੇਨੂ ਬਾਲਾ ਪਤਨੀ ਸ਼੍ਰੀ ਨਿਰਮਲ ਸਿੰਘ ਪਤਾ: ਪਲਾਟ ਨੰ: 63 ਵਸੰਤ ਵਾਟਿਕਾ ਨੇੜੇ ਫਲਾਵਰ ਐਨਕਲੇਵ, ਬਸੰਤ ਐਵੇਨਿਊ ਫੁੱਲਾਂਵਾਲ, ਲੁਧਿਆਣਾ ਪੰਜਾਬ 141013 | ਮੁੱਢਲੀ ਸਿਕਿਓਰਿਟੀ (ਨਕਦ ਕ੍ਰੈਡਿਟ ਸਹੂਲਤ ਵਿੱਚ- 437.00 ਲੱਖ ਰੁਪਏ): ਫਰਮ ਦੀ ਸਾਰੀ ਮੌਜੂਦਾ ਸੰਪਤੀਆਂ ਦਾ ਗਿਰਵੀਨਾਮਾ, ਜਿਸ ਵਿੱਚ ਕੱਚਾ ਮਾਲ, ਸਟਾਕ-ਇਨ-ਪ੍ਰੋਗਰੈਸ ਅਤੇ ਤਿਆਰ ਮਾਲ ਸ਼ਾਮਲ ਹਨ, ਫਰਮ ਦੇ ਅਹਾਤੇ ਵਿੱਚ ਅਤੇ ਕਿਤੇ ਹੋਰ ਪਏ ਹਨ ਅਤੇ ਕਰਜ਼ੇ ਬੁੱਕ ਕਰੋ। ਮੁੱਢਲੀ ਸੁਰੱਖਿਆ (GECL ਵਿੱਚ- 24.44 ਲੱਖ ਰੁਪਏ): ਫਰਮ ਦੀਆਂ ਮੌਜੂਦਾ ਸੰਪਤੀਆਂ ਅਤੇ ਜਮਾਂਦਰੂ ਸੁਰੱਖਿਆ ’ਤੇ ਵਾਧੂ ਚਾਰਜ। ਮੁੱਢਲੀ ਸੁਰੱਖਿਆ (ਮਿਆਦੀ ਕਰਜ਼ੇ ਵਿੱਚ - 15.73 ਲੱਖ ਰੁਪਏ): ਫਰਮ ਦੀ ਮਸ਼ੀਨਰੀ ਦਾ ਗਿਰਵੀਨਾਮਾ। ਉੱਪਰ ਦੱਸੀਆਂ ਸਾਰੀਆਂ ਸਹੂਲਤਾਂ ਵਿੱਚ ਕੋਲੈਟ ?ਰਲ ਸਿਕਿਓਰਿਟੀ: 1. ਸਾਲ 2009-10 ਲਈ ਜਮ੍ਹਾਂਬੰਦੀ ਦੇ ਅਨੁਸਾਰ, ਖਸਰਾ ਨੰਬਰ 474 ਅਤੇ 475, ਖਾਤਾ ਨੰਬਰ 131/146, 243/274 ਪੰਨਾ ਨੰਬਰ 332 ਵਿੱਚ ਸ਼ਾਮਲ 545 ਵਰਗ ਗਜ਼ ਦੇ ਪਲਾਟ ’ਤੇ ਬਣੀ ਉਦਯੋਗਿਕ ਜਾਇਦਾਦ ਦਾ ਬਰਾਬਰ ਗਿਰਵੀਨਾਮਾ, ਪਿੰਡ ਲੋਹਾਰਾ ਹਦਬਸਤ ਨੰਬਰ 260, ਆਮ ਕਲੋਨੀ, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਵਜੋਂ ਜਾਣਿਆ ਜਾਂਦਾ ਇਲਾਕਾ ਵਿਖੇ ਸਥਿਤ, ਸ਼੍ਰੀ ਨਿਰਮਲ ਸਿੰਘ ਪੁੱਤਰ ਸ਼੍ਰੀ ਨੰਦੂ ਰਾਮ ਦੇ ਨਾਮ ਤੇ ਰਜਿਸਟਰਡ, ਵਿਕਰੀ ਡੀਡ ਨੰਬਰ 2019-20/103/1/12478 ਮਿਤੀ 23.01.2020 ਦੇ ਅਨੁਸਾਰ ਅਤੇ ਹੱਦਬੰਦੀ ਨਿਮਨ ਅਨੁਸਾਰ : ਪੂਰਬ: ਜਤਿੰਦਰ ਕੁਮਾਰ ਮਾਪ 108’09÷, ਪੱਛਮ: ਗੁਆਂਢੀ ਮਾਪ 108’09”, ਉੱਤਰ: ਗਲੀ 40’ ਚੌੜੀ ਮਾਪ 45’01”, ਦੱਖਣ: ਗੁਆਂਢੀ ਮਾਪ 45’01” CERSAI-Asset ID-200087515135,<br>2. ਸਾਲ 2012-13 ਦੀ ਜਮ੍ਹਾਂਬੰਦੀ ਅਨੁਸਾਰ ਖਸਰਾ ਨੰਬਰ 34//7/1/2, ਖਾਤਾ ਨੰਬਰ 146/148 ਵਿੱਚ ਸ਼ਾਮਲ ਪਲਾਟ ਨੰਬਰ 63 ਵਾਲੇ 125 ਵਰਗ ਗਜ਼ ਦੇ ਪਲਾਟ ’ਤੇ ਬਣੀ ਰਿਹਾਇਸ਼ੀ ਜਾਇਦਾਦ ਦਾ ਬਰਾਬਰ ਗਿਰਵੀਨਾਮਾ, ਹਦਬਸਤ ਨੰਬਰ 146/148।278, ਪਿੰਡ ਫੁੱਲਾਂਵਾਲ ਇਲਾਕੇ ਵਿੱਚ ਸਥਿਤ ਜਿਸਨੂੰ ਬਸੰਤ ਵਾਟਿਕਾ (PUDA ਦੁਆਰਾ ਮਨਜ਼ੂਰ ਕੀਤਾ ਗਿਆ) ਕਿਹਾ ਜਾਂਦਾ ਹੈ, ਫਲਾਵਰ ਐਨਕਲੇਵ ਦੇ ਨੇੜੇ, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ, ਸ਼੍ਰੀ ਨਿਰਮਲ ਸਿੰਘ ਪੁੱਤਰ ਸ਼੍ਰੀ ਨੰਦੂ ਰਾਮ ਦੇ ਨਾਮ ’ਤੇ ਵਿਕਰੀ ਡੀਡ ਵਸੀਕਾ ਨੰਬਰ 6002 ਮਿਤੀ 03.08.2016 ਦੁਆਰਾ ਰਜਿਸਟਰਡ ਹੈ ਅਤੇ ਹੱਦਬੰਦੀ ਨਿਮਨ ਅਨੁਸਾਰ: ਪੂਰਬ: ਪਲਾਟ 64 ਮਾਪ 45’00”, ਪੱਛਮ: ਪਲਾਟ 62 ਮਾਪ 45’00”, ਉੱਤਰ: ਸੜਕ 35’ ਚੌੜੀ ਮਾਪ 25’00”, ਦੱਖਣ: ਗੁਆਂਢੀ ਮਾਪ 25’00” CERSAI-Asset ID-200087514891,<br>3. ਖਸਰਾ ਨੰਬਰ 34//7/1/2, ਖਾਤਾ ਨੰਬਰ 146/148 ਵਿੱਚ ਸ਼ਾਮਲ ਪਲਾਟ ਨੰਬਰ 64 ਵਾਲੇ 125 ਵਰਗ ਗਜ਼ ਦੇ ਪਲਾਟ ’ਤੇ ਬਣੀ ਰਿਹਾਇਸ਼ੀ ਜਾਇਦਾਦ ਦਾ ਬਰਾਬਰੀ ਵਾਲਾ ਗਿਰਵੀਨਾਮਾ ਜੋ ਕਿ ਸਾਲ 2017-18 ਲਈ ਜਮ ?ਹਾਂਬੰਦੀ ਅਨੁਸਾਰ ਪਿੰਡ ਫੁੱਲਾਂਵਾਲ ਇਲਾਕੇ ਬਸੰਤ ਵਾਟਿਕਾ ਵਜੋਂ ਜਾਣਿਆ ਜਾਂਦਾ ਹੈ, ਫਲਾਵਰ ਐਨਕਲੇਵ ਦੇ ਨੇੜੇ, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਵਿੱਚ ਸਥਿਤ, ਸ਼੍ਰੀਮਤੀ ਰੇਨੂ ਬਾਲਾ ਪਤਨੀ ਸ਼੍ਰੀ ਨਿਰਮਲ ਸਿੰਘ ਦੇ ਨਾਮ ’ਤੇ ਵਿਕਰੀ ਡੀਡ ਨੰਬਰ 2022-23/101/1/11383 ਮਿਤੀ 24.01.2023 ਦੁਆਰਾ ਰਜਿਸਟਰਡ ਹੈ ਅਤੇਹੱਦਬੰਦੀ ਨਿਮਨ ਅਨੁਸਾਰ: ਪੂਰਬ: ਪਲਾਟ 65 ਮਾਪ 45’00”, ਪੱਛਮ: ਪਲਾਟ 63 ਮਾਪ 45’00÷, ਉੱਤਰ: ਸੜਕ 35’ ਚੌੜੀ ਮਾਪ 25’00÷, ਦੱਖਣ: ਗੁਆਂਢੀ ਮਾਪ 25’00” CERSAI-Asset ID - 200082946028 | 30.07.2025/ ਸੰਕੇਤਕ 09.10.2025 | ਰੁ. 4,93,81,986.00 ਜਮ੍ਹਾਂ 30.07.2025 ਤੋਂ ਪ੍ਰਭਾਵੀ ਲਾਗੂ ਅਨੁਸਾਰ ਗੈਰ ਲਾਗੂ ਵਿਆਜ, ਖਰਚੇ ਅਤੇ ਹੋਰ ਫੀਸਾਂ |

ਮਿਤੀ : 09.10.2025 ਸਥਾਨ : ਲੁਧਿਆਣਾ ਅਧਿਕਾਰਤ ਅਧਿਕਾਰੀ

# ਕੇਂਦਰੀ ਮੰਤਰੀ ਮਨੋਹਰ ਲਾਲ ਨੇ ਦੁਬਈ ਸਥਿਤ ਗੁਰਦੁਆਰਾ ਗੁਰੂ ਨਾਨਕ ਦਰਬਾਰ, ਜੈਬੇਲ ਅਲੀ ਵਿੱਚ ਕੀਤੀ ਅਰਦਾਸ

## ਦੇਸ਼ਵਾਸੀਆਂ ਦੀ ਸੁੱਖ ਖੁਸ਼ਹਾਲੀ ਦੀ ਕੀਤੀ ਕਾਮਨਾ, ਗੁਰੂਆਂ ਦੇ ਸੰਦੇਸ਼ ਨੂੰ ਘਰ-ਘਰ ਤੱਕ ਪਹੁੰਚਾਉਣ ਦੀ ਅਪੀਲ




















ਦੁਬਈ ਦੇ ਦੌਰੇ 'ਤੇ ਪਹੁੰਚੇ ਭਾਰਤ ਦੇ ਕੇਂਦਰੀ ਮੰਤਰੀ ਸ੍ਰੀ ਮਨੋਹਰ ਲਾਲ ਖੱਟਰ ਨੇ ਗੁਰਦੁਆਰਾ ਗੁਰੂ ਨਾਨਕ ਦਰਬਾਰ, ਜੈਬੇਲ ਅਲੀ, ਦਬਈ 'ਚ ਮੱਥਾ ਟੇਕਿਆ। ਇਸ ਮੌਕੇ 'ਤੇ ਸ੍ਰੀ ਸਤੀਸ਼ ਕੌਸ਼ਿਕ ਕਾਊਂਸਲੇਟ ਜਰਨਲ, ਉਨ੍ਹਾਂ ਦੇ ਨਾਲ ਮੌਜੂਦ ਸਨ। ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਸ੍. ਸੁਰਿੰਦਰ ਸਿੰਘ ਕੰਧਾਰੀ ਤੇ ਪ੍ਰਬੰਧਕ ਸੇਵਕ ਐਸ.ਪੀ. ਸਿੰਘ ਉਬਰਾਏ ਨੇ ਉਨ੍ਹਾਂ ਨੂੰ ਸਿਰੋਪਾ ਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ।

ਚੰਡੀਗੜ੍ਹ, 9 ਅਕਤੂਬਰ (ਅੰਮ੍ਰਿਤਪਾਲ ਸਿੰਘ): ਕੇਂਦਰੀ ਆਵਾਸ ਅਤੇ ਸ਼ਹਿਰੀ ਮਾਮਲੇ ਅਤੇ ਉਰਜਾ ਮੰਤਰੀ ਸ੍ਰੀ ਮਨੋਹਰ ਲਾਲ ਖੱਟਰ ਨੇ ਵਿਦੇਸ਼ ਦੌਰੇ ਦੌਰਾਨ ਦੁਬਈ ਸਥਿਤ ਗੁਰਦੁਆਰਾ ਗੁਰੂ ਨਾਨਕ ਦਰਬਾਰ, ਜੈਬੇਲ ਅਲੀ ਵਿੱਚ ਅਰਦਾਸ ਕਰ ਦੇਸ਼ਵਾਸੀਆਂ ਦੀ ਸੁੱਖ-ਖੁਸ਼ਹਾਲੀ ਦੀ ਕਾਮਨਾ ਕੀਤੀ। ਸ੍ਰੀ ਮਨੋਹਰ ਲਾਲ ਨੇ ਕਿਹਾ ਕਿ ਗੁਰੂਆਂ ਦੀ ਬਾਣੀ ਅੱਜ ਵੀ ਮਨੁੱਖ ਜਾਤੀ ਦਾ ਮਾਰਗਦਰਸ਼ਨ ਕਰ ਰਹੀ ਹੈ। ਸਾਨੂੰ ਸਾਰਿਆਂ ਨੂੰ ਗੁਰੂਆਂ ਦੇ ਸੰਦੇਸ਼ ਨੂੰ ਘਰ-ਘਰ ਤੱਕ ਪਹੁੰਚਾਉਣਾ ਚਾਹੀਦਾ ਹੈ ਤਾਂ ਜੋ ਆਉਣ ਵਾਲੀ ਪੀੜੀਆਂ ਉਨ੍ਹਾਂ ਤੋਂ ਪ੍ਰੇਰਣਾ ਲੈਂਦੀਆਂ ਰਹਿਣ। ਗੁਰੂਆਂ ਦੇ ਸੰਦੇਸ਼ਾਂ 'ਤੇ ਅਮਲ ਕਰ ਉਨ੍ਹਾਂ ਨੂੰ ਆਪਣੇ ਜੀਵਨ ਵਿੱਚ ਧਾਰਣ ਕਰਨਾ ਚਾਹੀਦਾ ਹੈ। ਉਨ੍ਹਾਂ ਨੇ ਦੁਬਈ ਵਿੱਚ ਪ੍ਰਗਤੀ ਕਰ ਰਹੇ, ਸਿੱਖ ਤੇ ਪੰਜਾਬੀ ਸਮਾਜ ਦੀ ਤਾਰੀਫ ਕੀਤੀ ਅਤੇ ਸਵਾਗਤ ਲਈ ਉਨ੍ਹਾਂ ਦਾ ਧੰਨਵਾਦ ਕੀਤਾ।

ਕੇਂਦਰੀ ਮੰਤਰੀ ਦਾ ਦੁਬਈ ਸਥਿਤ ਗੁਰੂਦੁਆਰਾ ਗੁਰੂ ਨਾਨਕ ਦਰਬਾਰ, ਜੈਬੇਲ ਅਲੀ ਵਿੱਚ ਪਹੁੰਚਣ 'ਤੇ ਗੁਰੂਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਸਰਦਾਰ ਸੁਰਿੰਦਰ ਸਿੰਘ ਕੰਧਾਰੀ ਅਤੇ ਪ੍ਰਬੰਧਕ ਸੇਵਕ ਐਸਪੀ ਸਿੰਘ ਓਬਰਾਏ ਨੇ ਉਨ੍ਹਾਂ ਨੂੰ ਸਿਰੋਪਾ ਅਤੇ ਸਨਮਾਨ ਚਿੰਨ੍ਹ ਭੇਂਟ ਕਰ ਸਨਮਾਨਿਤ ਕੀਤਾ। ਇਸ ਮੌਕੇ 'ਤੇ ਉਨ੍ਹਾਂ ਦੇ ਨਾਲ ਕਾਊਂਸਲੇਟ ਜਨਰਲ ਸ਼੍ਰੀ ਸਤੀਸ਼ ਕੌਸ਼ਿਕ ਨਾਲ ਮੌਜੂਦ ਸਨ। ਇਸ ਦੌਰਾਨ ਡਾ. ਪ੍ਰਭਲੀਨ ਸਿੰਘ ਨੇ ਹਰਿਆਣਾ ਸੂਬੇ ਵਿੱਚ ਸਿੱਖ ਸਮਾਜ ਲਈ ਕੀਤੇ ਜਾ ਰਹੇ ਕੰਮਾਂ ਅਤੇ ਯੋਜਨਾਵਾਂ ਦੀ ਵਿਸਤਾਰ ਨਾਲ ਜਾਣਕਾਰੀ ਦਿੱਤੀ।

# ਗੁ. ਅਕਾਲੀ ਬਾਬਾ ਫੂਲਾ ਸਿੰਘ ਵਿਖੇ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਦਾ ਗੁਰਪੁਰਬ ਮਨਾਇਆ

## ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਮੌਕੇ ਦੋ 51 ਫੁੱਟ ਉਚੇ ਨਿਸ਼ਾਨ ਸਾਹਿਬ ਚੜ੍ਹਾਏ ਜਾਣਗੇ: ਡਾ. ਜਗਜੀਤ ਸਿੰਘ ਦਰਦੀ







ਪਟਿਆਲਾ, 9 ਅਕਤੂਬਰ (ਚ.ਨ.ਸ.) : ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਦਾ ਗੁਰਪੁਰਬ ਗੁਰਦੁਆਰਾ ਅਕਾਲੀ ਬਾਬਾ ਫੂਲਾ ਸਿੰਘ ਅਰਬਨ ਅਸਟੇਟ ਪਟਿਆਲਾ ਵਿਖੇ 7-8 ਅਕਤੂਬਰ ਨੂੰ ਮਨਾਇਆ ਗਿਆ। ਇਸ ਮੌਕੇ ਹਜ਼ਾਰਾਂ ਦੀ ਗਿਣਤੀ 'ਚ ਸੰਗਤਾਂ ਨੇ ਸ਼ਾਮਲ ਹੋ ਕੇ ਗੁਰੂ ਘਰ ਵਿਖੇ ਮੱਥਾ ਟੇਕਿਆ। ਇਸ ਮੌਕੇ ਭਾਈ ਸਾਹਿਬ ਭਾਈ ਜ਼ੋਰਾ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਵਾਲੇ, ਭਾਈ ਸਾਹਿਬ ਭਾਈ ਪੁਸ਼ਪਿੰਦਰ ਸਿੰਘ ਜੀ ਪਾਉਂਟਾ ਸਾਹਿਬ ਵਾਲੇ, ਭਾਈ ਸਾਹਿਬ ਭਾਈ ਜੋਗਿੰਦਰ ਸਿੰਘ ਜੀ ਗੁਰੂ ਗੋਬਿੰਦ ਸਿੰਘ ਪਰਿਵਾਰ ਪਟਿਆਲਾ ਵਾਲੇ, ਸਿੰਘ ਸਾਹਿਬ ਗਿਆਨੀ ਸੁਰਜੀਤ ਸਿੰਘ ਜੀ, ਭਾਈ ਸਾਹਿਬ ਭਾਈ ਬਾਲੀ ਸਿੰਘ ਕਥਾਵਾਚਕਾਂ ਨੇ ਗੁਰਬਾਣੀ ਕੀਰਤਨ ਤੇ ਕਥਾ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਇਸ ਸ਼ੁਭ ਮੌਕੇ 'ਤੇ 'ਪਦਮ ਸ੍ਰੀ' ਡਾ. ਜਗਜੀਤ ਸਿੰਘ ਦਰਦੀ ਨੇ ਸੰਗਤਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਸ ਸਥਾਨ 'ਤੇ ਗੁਰਮਤਿ ਸਮਾਗਮ, ਮੱਸਿਆ, ਪੂਰਨਮਾਸ਼ੀ ਅਤੇ ਹੋਰ ਧਾਰਮਿਕ ਸਮਾਗਮ ਕਰਵਾਏ ਜਾਂਦੇ ਹਨ ਅਤੇ ਗੁਰੂ ਦੀਆਂ ਸੰਗਤਾਂ ਗੁਰਬਾਣੀ ਦਾ ਆਨੰਦ ਮਾਣਦੀਆਂ ਹਨ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਮੌਕੇ ਦੋ 51 ਫੁੱਟ ਉਚੇ ਨਿਸ਼ਾਨ ਸਾਹਿਬ ਚੜ੍ਹਾਏ ਜਾਣਗੇ। ਹਰ ਐਤਵਾਰ ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਪੁਰਬ ਨੂੰ ਸਮਰਪਿਤ ਧਾਰਮਿਕ ਸਮਾਗਮ ਕਰਵਾਏ ਜਾਂਦੇ ਹਨ ਅਤੇ ਗੁਰੂ ਕੇ ਲੰਗਰ ਅਤੁੱਟ ਵਰਤਾਏ ਜਾਂਦੇ ਹਨ। 13 ਅਕਤੂਬਰ ਤੋਂ ਗੁਰਦੁਆਰਾ ਸਾਹਿਬ ਵਿਖੇ ਜਪ-ਤਪ ਸਮਾਗਮ ਸਵੇਰੇ 5.00 ਵਜੇ ਤੋਂ ਕਰਵਾਏ ਜਾਣਗੇ।

### ਸ਼੍ਰੀਮਤੀ ਰੁਚੀ ਨੇ ਭਾਰਤੀ ਰਿਜ਼ਰਵ ਬੈਂਕ, ਚੰਡੀਗੜ੍ਹ 'ਚ ਓਮਬਡਸਮੈਨ ਦਾ ਕਾਰਜਭਾਰ ਸੰਭਾਲਿਆ

ਚੰਡੀਗੜ੍ਹ, 9 ਅਕਤੂਬਰ (ਚ.ਨ.ਸ.) : ਸ਼੍ਰੀਮਤੀ ਰੁਚੀ ਏ.ਐਸ.ਐਚ., ਮੁੱਖ ਮਹਾਂ ਪ੍ਰਬੰਧਕ ਨੇ ਭਾਰਤੀ



ਰਿਜ਼ਰਵ ਬੈਂਕ, ਚੰਡੀਗੜ੍ਹ ਵਿੱਚ ਓਮਬਡਸਮੈਨ ਦੇ ਪਦ ਦਾ ਕਾਰਜਭਾਰ ਸੰਭਾਲ ਲਿਆ ਹੈ। ਸ਼੍ਰੀਮਤੀ ਰੁਚੀ ਨੂੰ ਭਾਰਤੀ ਰਿਜ਼ਰਵ ਬੈਂਕ ਦੇ ਕੇਂਦਰੀ ਦਫ਼ਤਰ ਅਤੇ ਵੱਖ-ਵੱਖ ਖੇਤਰੀ ਦਫ਼ਤਰਾਂ ਵਿੱਚ ਕੰਮ ਕਰਨ ਦਾ 29 ਸਾਲਾਂ ਦਾ ਤਜਰਬਾ ਹੈ। ਉਨ੍ਹਾਂ ਨੇ ਕੇਂਦਰੀ ਬੈਂਕਿੰਗ ਦੇ ਕਈ ਖੇਤਰਾਂ ਜਿਵੇਂ ਕਿ ਮੁਦਰਾ ਪ੍ਰਬੰਧਨ, ਸਾਰਵਜਨਿਕ ਕਰਜ਼ਾ ਪ੍ਰਬੰਧਨ, ਬੈਂਕ ਅਤੇ ਗੈਰ-ਬੈਂਕ ਨਿਗਰਾਨੀ ਆਦਿ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ ਹੈ। ਭਾਰਤੀ ਰਿਜ਼ਰਵ ਬੈਂਕ ਦੇ ਓਮਬਡਸਮੈਨ ਵਜੋਂ ਸ਼ਾਮਲ ਹੋਣ ਤੋਂ ਪਹਿਲਾਂ, ਉਹ ਭਾਰਤੀ ਰਿਜ਼ਰਵ ਬੈਂਕ, ਹੈਦਰਾਬਾਦ ਦੇ ਡਿਪਾਰਟਮੈਂਟ ਆਫ ਸੁਪਰਵਿਜ਼ਨ (ਨਿਗਰਾਨੀ ਵਿਭਾਗ) ਵਿੱਚ ਤੈਨਾਤ ਸਨ।

### ਓਮ ਬਿਰਲਾ ਵੱਲੋਂ ਆਰਟੀਫੀਸ਼ੀਅਲ ਇੰਟੈਲੀਜੈਂਸ ਦੇ ਨਿਆਂਪੂਰਨ ਅਤੇ ਨੈਤਿਕ ਵਰਤੋਂ ਨੂੰ ਉਤਸ਼ਾਹਿਤ ਕਰਨ ਦੀ ਅਪੀਲ



ਬਾਰਬਾਡੋਸ, 9 ਅਕਤੂਬਰ (ਚ.ਨ.ਸ.) : ਲੋਕ ਸਭਾ ਸਪੀਕਰ ਸ਼੍ਰੀ ਓਮ ਬਿਰਲਾ ਨੇ ਰਾਸ਼ਟਰਮੰਡਲ ਦੇਸ਼ਾਂ ਦੇ ਸੰਸਦ ਮੈਂਬਰਾਂ ਨੂੰ ਤਕਨਾਲੋਜੀ ਦੀ ਢੁਕਵੀਂ ਵਰਤੋਂ ਕਰਦੇ ਹੋਏ ਅਤੇ ਡਿਜੀਟਲ ਪਾੜੇ ਨੂੰ ਦੂਰ ਕਰਦੇ ਹੋਏ ਆਰਟੀਫੀਸ਼ੀਅਲ ਇੰਟੈਲੀਜੈਂਸ (19) ਦੇ ਨਿਆਂਪੂਰਨ ਅਤੇ ਨੈਤਿਕ ਵਰਤੋਂ ਨੂੰ ਉਤਸ਼ਾਹਿਤ ਕਰਨ ਦੀ ਅਪੀਲ ਕੀਤੀ। ਬਾਰਬਾਡੋਸ ਵਿੱਚ ਆਯੋਜਿਤ ਰਾਸ਼ਟਰਮੰਡਲ ਸੰਸਦੀ ਐਸੋਸੀਏਸ਼ਨ ਲੋਕ ਸਭਾ ਸਪੀਕਰ ਸ਼੍ਰੀ ਓਮ ਬਿਰਲਾ ਨੇ ਰਾਸ਼ਟਰਮੰਡਲ ਦੇਸ਼ਾਂ ਦੇ ਸੰਸਦ ਮੈਂਬਰਾਂ ਨੂੰ ਤਕਨਾਲੋਜੀ ਦੀ ਢੁਕਵੀਂ ਵਰਤੋਂ ਕਰਦੇ ਹੋਏ ਅਤੇ ਡਿਜੀਟਲ ਪਾੜੇ ਨੂੰ ਦੂਰ ਕਰਦੇ ਹੋਏ ਆਰਟੀਫੀਸ਼ੀਅਲ ਇੰਟੈਲੀਜੈਂਸ (19) ਦੇ ਨਿਆਂਪੂਰਨ ਅਤੇ ਨੈਤਿਕ ਵਰਤੋਂ ਨੂੰ ਉਤਸ਼ਾਹਿਤ ਕਰਨ ਦੀ ਅਪੀਲ ਕੀਤੀ। ਬਾਰਬਾਡੋਸ ਵਿੱਚ ਆਯੋਜਿਤ ਰਾਸ਼ਟਰਮੰਡਲ ਸੰਸਦੀ ਐਸੋਸੀਏਸ਼ਨ ਦੇ 68ਵੇਂ ਸੰਮੇਲਨ ਦੌਰਾਨ ਤਕਨਾਲੋਜੀ ਦਾ ਲਾਭ ਉਠਾਉਣਾ, ਡਿਜੀਟਲ ਪਰਿਵਰਤਨ ਰਾਹੀਂ ਲੋਕਤੰਤਰ ਨੂੰ ਸਸ਼ਕਤ ਬਣਾਉਣਾ ਅਤੇ ਡਿਜੀਟਲ ਪਾੜੇ ਨੂੰ ਪੂਰਾ ਕਰਨਾ ਵਿਸ਼ੇ 'ਤੇ ਇੱਕ ਵਰਕਸ਼ਾਪ ਦੀ ਪ੍ਰਧਾਨਗੀ ਕਰਦੇ ਹੋਏ, ਸ਼੍ਰੀ ਬਿਰਲਾ ਨੇ ਕਿਹਾ ਕਿ ਆਪਸੀ ਸਹਿਯੋਗ ਅਤੇ ਗਿਆਨ ਸਾਂਝਾਕਰਨ ਦੁਆਰਾ, ਇਹ ਯਕੀਨੀ ਬਣਾਇਆ ਜਾ ਸਕਦਾ ਹੈ ਕਿ ਤਕਨਾਲੋਜੀ ਇੱਕ ਰੁਕਾਵਟ ਦੀ ਬਜਾਏ ਇੱਕ ਪੁਲ ਵਜੋਂ ਕੰਮ ਕਰੇ। ਆਪਣੇ ਸੰਬੋਧਨ ਵਿੱਚ, ਉਨ੍ਹਾਂ ਕਿਹਾ ਕਿ ਤਕਨਾਲੋਜੀ ਦੇ ਵਿਕਾਸ ਅਤੇ ਈ-ਪਾਰਲੀਮੈਂਟ ਦੀ ਵਰਤੋਂ ਨੇ ਸਾਡੇ ਸੰਸਦੀ ਲੋਕਤੰਤਰ ਦੇ ਕੰਮਕਾਜ ਵਿੱਚ ਡੂੰਘੇ ਬਦਲਾਅ ਲਿਆਂਦੇ ਹਨ। ਉਨ੍ਹਾਂ ਕਿਹਾ ਕਿ ਈ-ਪਾਰਲੀਮੈਂਟ ਪਹਿਲਕਦਮੀ ਈ-ਲੋਕਤੰਤਰ ਨੂੰ ਉਤਸ਼ਾਹਿਤ ਕਰਨ ਵਿੱਚ ਇੱਕ ਮਹੱਤਵਪੂਰਨ ਭੂਮਿਕਾ ਨਿਭਾ ਰਹੀ ਹੈ, ਜਿਸ ਨਾਲ ਲੋਕਤੰਤਰ ਵਿੱਚ ਨਾਗਰਿਕਾਂ ਦੀ ਭਾਗੀਦਾਰੀ ਵਧ ਰਹੀ ਹੈ। ਸ੍ਰੀ ਬਿਰਲਾ ਨੇ ਇਸ ਗੱਲ @ਤੇ ਜ਼ੋਰ ਦਿੱਤਾ ਕਿ 19-ਅਧਾਰਤ ਡਿਜੀਟਲ ਪ੍ਰਣਾਲੀਆਂ ਭਾਰਤ ਦੀਆਂ ਸੰਸਦੀ ਪ੍ਰਕਿਰਿਆਵਾਂ ਨੂੰ ਵਧੇਰੇ ਪ੍ਰਭਾਵਸ਼ਾਲੀ ਅਤੇ ਸਮਾਵੇਸ਼ੀ ਬਣਾ ਰਹੀਆਂ ਹਨ। ਉਨ੍ਹਾਂ ਡੈਲੀਗੇਟਾਂ ਨੂੰ ਦੱਸਿਆ ਕਿ ਏਆਈ-ਅਧਾਰਤ ਅਨੁਵਾਦ, ਏਆਈ-ਸਮਰੱਥ ਈ-ਲਾਇਬ੍ਰੇਰੀ, ਅਤੇ ਸਪੀਚ-ਟੂ-ਟੈਕਸਟ ਰਿਪੋਰਟਿੰਗ ਵਰਗੇ ਸਿਸਟਮ ਸੰਸਦੀ ਪ੍ਰਕਿਰਿਆਵਾਂ ਨੂੰ ਵਧੇਰੇ ਸਫਲ ਅਤੇ ਸਮਾਵੇਸ਼ੀ ਬਣਾ ਰਹੇ ਹਨ।

# ਕ੍ਰਿਕਟਰ ਰਿੰਕੂ ਸਿੰਘ ਨੂੰ ਅੰਡਰਵਰਲਡ ਦੀ ਧਮਕੀ, 5 ਕਰੋੜ ਦੀ ਮੰਗੀ ਫਿਰੌਤੀ

ਲਖਨਊ, 9 ਅਕਤੂਬਰ (ਚ.ਨ.ਸ.) : ਟੀ-20 ਕ੍ਰਿਕਟ ਵਿੱਚ ਆਪਣੀ ਬੱਲੇਬਾਜ਼ੀ ਨਾਲ ਲਗਾਤਾਰ ਸੁਰਖੀਆਂ ਬਟੋਰਨ ਵਾਲੇ ਉੱਤਰ ਪ੍ਰਦੇਸ਼ ਦੇ ਕ੍ਰਿਕਟਰ ਰਿੰਕੂ ਸਿੰਘ ਨੂੰ ਅੰਡਰਵਰਲਡ ਤੋਂ ਧਮਕੀਆਂ ਮਿਲੀਆਂ ਹਨ। ਸਿੰਘ ਇਸ ਸਮੇਂ ਕਾਨਪੁਰ ਦੇ ਗ੍ਰੀਨ ਪਾਰਕ ਸਟੇਡੀਅਮ ਵਿੱਚ ਉੱਤਰ ਪ੍ਰਦੇਸ਼ ਦੇ ਰਣਜੀ ਟਰਾਫੀ ਕੈਂਪ ਵਿੱਚ ਹਿੱਸਾ ਲੈ ਰਹੇ ਹਨ। ਮੁੰਬਈ ਪੁਲਿਸ ਨੇ ਰਿੰਕੂ ਨੂੰ ਮਿਲੀਆਂ ਧਮਕੀਆਂ ਦੇ ਸਬੰਧ ਵਿੱਚ ਦੋ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ।ਭਾਰਤੀ ਕ੍ਰਿਕਟ ਟੀਮ ਦੇ ਉੱਭਰਦੇ ਸਟਾਰ ਰਿੰਕੂ ਸਿੰਘ ਨੂੰ ਅੰਡਰਵਰਲਡ ਤੋਂ ਧਮਕੀਆਂ ਮਿਲੀਆਂ ਹਨ, ਅਤੇ ਡੀ ਕੰਪਨੀ ਵੱਲੋਂ ਉਸ ਤੋਂ ਪੰਜ ਕਰੋੜ ਰੁਪਏ ਦੀ ਫਿਰੌਤੀ ਮੰਗੀ ਗਈ ਹੈ। ਮੁੰਬਈ ਕ੍ਰਾਈਮ ਬ੍ਰਾਂਚ ਨੇ ਖੁਲਾਸਾ ਕੀਤਾ ਹੈ ਕਿ ਇਹ ਧਮਕੀਆਂ ਕਿਸੇ ਹੋਰ ਨੇ ਨਹੀਂ ਬਲਕਿ ÷ਡੀ ਕੰਪਨੀ÷, ਜੋ ਕਿ ਸਭ ਤੋਂ ਵੱਧ ਲੋੜੀਂਦੇ ਗੈਂਗਸਟਰ ਦਾਊਦ ਇਬਰਾਹਿਮ ਗੈਂਗ ਵੱਲੋਂ ਦਿੱਤੀਆਂ ਗਈਆਂ ਸਨ। ਫਰਵਰੀ ਅਤੇ ਅਪ੍ਰੈਲ 2025 ਦੇ ਵਿਚਕਾਰ ਰਿੰਕੂ ਦੀ ਪ੍ਰਮੋਸ਼ਨਲ ਟੀਮ ਨੂੰ ਤਿੰਨ ਧਮਕੀ ਭਰੇ ਸੁਨੇਹੇ ਭੇਜੇ ਗਏ ਸਨ।ਰਿੰਕੂ



ਸਿੰਘ ਨੂੰ ਇਸ ਸਾਲ ਤਿੰਨ ਵਾਰ ਧਮਕੀਆਂ ਮਿਲੀਆਂ ਹਨ। ਉਸਦੀ ਪ੍ਰਮੋਸ਼ਨਲ ਟੀਮ ਨੂੰ ਤਿੰਨ ਧਮਕੀ ਭਰੇ ਸੁਨੇਹੇ ਮਿਲੇ ਹਨ। ਦਾਊਦ ਗੈਂਗ ਨੇ ਰਿੰਕੂ ਸਿੰਘ ਤੋਂ ਪੰਜ ਕਰੋੜ ਰੁਪਏ ਦੀ ਮੰਗ ਕੀਤੀ ਹੈ। ਇਸ ਮਾਮਲੇ ਵਿੱਚ, ਪੁਲਿਸ ਨੇ ਦੋ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ ਜਿਨ੍ਹਾਂ ਨੇ ਧਮਕੀਆਂ ਦੇਣ ਦਾ ਇਕਬਾਲ ਕੀਤਾ ਹੈ। ਰਿਪੋਰਟਾਂ ਅਨੁਸਾਰ, ਰਿੰਕੂ ਸਿੰਘ ਤੋਂ ਫਿਰੌਤੀ ਮੰਗਣ ਵਾਲੇ ਦੋ ਵਿਅਕਤੀਆਂ ਨੂੰ ਵੈਸਟ ਇੰਡੀਜ਼ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਸੀ। ਇੱਕ ਦੀ ਪਛਾਣ ਮੁਹੰਮਦ ਦਿਲਸ਼ਾਦ ਅਤੇ ਦੂਜੇ ਦੀ ਮੁਹੰਮਦ ਨਵੀਦ ਵਜੋਂ ਹੋਈ ਹੈ। ਇੰਟਰਪੋਲ ਨੇ ਪਹਿਲਾਂ ਤ੍ਰਿਨੀਦਾਦ ਅਤੇ ਟੋਬੈਗੋ ਤੋਂ ਮੁਹੰਮਦ ਦਿਲਸ਼ਾਦ ਅਤੇ ਮੁਹੰਮਦ ਨਵੀਦ ਨੂੰ ਜ਼ੀਸ਼ਾਨ ਸਿੱਦੀਕੀ ਨੂੰ ਉਸਦੇ ਪਿਤਾ, ਐਨਸੀਪੀ ਨੇਤਾ ਬਾਬਾ ਸਿੱਦੀਕੀ ਦੇ ਕਤਲ ਤੋਂ ਬਾਅਦ ?10 ਕਰੋੜ ਦੀ ਫਿਰੌਤੀ ਦੀ ਧਮਕੀ ਦੇਣ ਲਈ ਗ੍ਰਿਫ਼ਤਾਰ ਕਰਨ ਵਿੱਚ ਸਹਾਇਤਾ ਕੀਤੀ ਸੀ।

### ਵੈਸਟਇੰਡੀਜ਼ ਟੈਸਟ ਕ੍ਰਿਕਟ ਦਾ ਪਤਨ 'ਕੈਂਸਰ' ਹੈ, ਜੋ ਵਰ੍ਹਿਆਂ ਪਹਿਲਾਂ ਸ਼ੁਰੂ ਹੋਇਆ : ਸੈਮੀ

ਨਵੀਂ ਦਿੱਲੀ, 9 ਅਕਤੂਬਰ (ਚ.ਨ.ਸ.) : ਸਾਬਕਾ ਕਪਤਾਨ ਡੇਰੇਨ ਸੈਮੀ ਨੇ ਕਿਹਾ ਕਿ ਵੈਸਟਇੰਡੀਜ਼ 'ਚ ਟੈਸਟ ਕ੍ਰਿਕਟ ਦਾ ਪਤਨ ਸਿਸਟਮ ਦਾ 'ਕੈਂਸਰ' ਹੈ, ਜਿਸ ਦੀ ਸ਼ੁਰੂਆਤ ਕਾਫੀ ਪਹਿਲਾਂ ਹੋ ਗਈ ਸੀ। 2 ਵਾਰ ਦੇ ਟੀ-20 ਵਿਸ਼ਵ ਕੱਪ ਜੇਤੂ ਕਪਤਾਨ ਦਾ ਮੰਨਣਾ ਹੈ ਕਿ ਪ੍ਰਦਰਸ਼ਨ ਦੇ ਦਮ 'ਤੇ ਅਗਲੀ ਪੀੜੀ ਲਈ ਛੋਟੇ ਫਾਰਮੈਟ ਦੇ ਕਈ ਰੋਲ ਮਾਡਲ ਹਨ ਅਤੇ ਸਾਧਨ ਉਪਲੱਬਧ ਹੋਣ 'ਤੇ ਹੀ ਉਹ ਖੇਡ ਸਕਦੇ ਹਨ। ਇਹ ਪੁੱਛਣ 'ਤੇ ਕਿ ਵੈਸਟਇੰਡੀਜ਼ ਵਿਚ ਟੈਸਟ ਕ੍ਰਿਕਟ 'ਚ ਕੀ ਦਿੱਕਤ ਹੈ ਅਤੇ ਉਸ ਨੂੰ ਇਸ ਨੂੰ ਲੈ ਕੇ ਕੀ ਮਹਿਸੂਸ ਹੁੰਦਾ ਹੈ ਤਾਂ ਸੈਮੀ ਨੇ ਕਿਹਾ ਕਿ ਆਖਰੀ ਵਾਰ ਅਸੀਂ ਇਥੇ ਟੈਸਟ ਲੜੀ 1983 ਵਿਚ ਜਿੱਤੀ ਸੀ, ਜਦੋਂ ਮੈਂ ਪੈਦਾ ਹੋਇਆ ਸੀ।ਵੈਸਟਇੰਡੀਜ਼ ਨੇ ਪਿਛਲੇ 42 ਸਾਲਾਂ 'ਚ ਭਾਰਤ 'ਚ ਟੈਸਟ ਲੜੀ ਨਹੀਂ ਜਿੱਤੀ ਹੈ। ਸੈਮੀ ਨੇ ਕਿਹਾ ਕਿ ਮੈਨੂੰ ਪਤਾ ਹੈ ਕਿ ਮੇਰੇ 'ਤੇ ਨਜ਼ਰਾਂ ਹੋਣਗੀਆਂ। ਅਸੀਂ ਆਲੋਚਨਾ ਤੋਂ ਕਤਰਾਉਂਦੇ ਨਹੀਂ ਹਾਂ ਪਰ ਸਮੱਸਿਆ ਦੀ ਜੜ 2 ਸਾਲ ਪੁਰਾਣੀ ਨਹੀਂ ਹੈ। ਇਹ ਬਹੁਤ ਪਹਿਲਾਂ ਸ਼ੁਰੂ ਹੋ ਗਈ ਸੀ। ਇਹ ਕੈਂਸਰ ਦੀ ਤਰ੍ਹਾਂ ਹੈ, ਜੋ ਸਿਸਟਮ 'ਚ ਪਹਿਲਾਂ ਤੋਂ ਸੀ। ਜੇਕਰ ਤੁਹਾਨੂੰ ਕੈਂਸਰ ਨਹੀਂ ਹੁੰਦਾ ਤਾਂ ਤੁਹਾਨੂੰ ਪਤਾ ਹੈ ਕਿ ਕੀ ਹੁੰਦਾ ਹੈ। ਇਹ ਬ੍ਰੈਸਟ ਕੈਂਸਰ ਜਾਗਰੂਕਤਾ ਦਾ ਮਹੀਨਾ ਹੈ ਅਤੇ ਇਹ ਕਹਿਣ ਦਾ ਇਕ ਚੰਗਾ ਤਰੀਕਾ ਹੈ ਕਿ ਸਾਡੀਆਂ ਸਮੱਸਿਆਵਾਂ ਨਵੀਆਂ ਨਹੀਂ ਹਨ।




# ਆਰ.ਐਸ.ਐਸ. ਦੇ 100 ਸਾਲ: ਜਦੋਂ ਡਾ. ਹੇਡਗੇਵਾਰ ਵੰਦੇ ਮਾਤਰਮ ਦੀ ਧਰਤੀ 'ਤੇ 'ਕੋਕੇਨ' ਬਣ ਗਏ

## - ਆਰਐਸਐਸ ਦੀ ਵਿਚਾਰਧਾਰਕ ਚੰਗਿਆੜੀ ਬੰਗਾਲ ਦੀ ਇਨਕਲਾਬੀ ਮਿੱਟੀ ਤੋਂ ਉੱਭਰੀ

ਨਵੀਂ ਦਿੱਲੀ 9 ਅਕਤੂਬਰ (ਚ. ਨ. ਸ.): ਰਾਸ਼ਟਰੀ ਸਵੈਮ ਸੇਵਕ ਸੰਘ ਦੇ ਸੰਸਥਾਪਕ ਡਾ. ਕੇਸ਼ਵ ਬਲੀਰਾਮ ਹੇਡਗੇਵਾਰ ਨੂੰ ਆਮ ਤੌਰ 'ਤੇ ਇੱਕ ਪ੍ਰਬੰਧਕ ਅਤੇ ਰਾਸ਼ਟਰਵਾਦੀ ਚਿੰਤਕ ਵਜੋਂ ਯਾਦ ਕੀਤਾ ਜਾਂਦਾ ਹੈ, ਪਰ ਬਹੁਤ ਘੱਟ ਲੋਕ ਜਾਣਦੇ ਹਨ ਕਿ ਉਨ੍ਹਾਂ ਦੇ ਜੀਵਨ ਦਾ ਇੱਕ ਅਧਿਆਇ ਇਨਕਲਾਬੀ ਕੋਡ ਨਾਮ, 'ਕੋਕੇਨ' ਨਾਲ ਜੁੜਿਆ ਹੋਇਆ ਹੈ। ਉਨ੍ਹਾਂ ਨੇ ਇਹ ਨਾਮ ਅਣਵੰਡੇ ਬੰਗਾਲ ਦੀ ਧਰਤੀ 'ਤੇ ਪ੍ਰਾਪਤ ਕੀਤਾ, ਜਿੱਥੇ 'ਵੰਦੇ ਮਾਤਰਮ' ਦੀ ਗੂੰਜ ਇਨਕਲਾਬ ਦਾ ਪ੍ਰਤੀਕ ਸੀ। ਦਰਅਸਲ, ਬ੍ਰਿਟਿਸ਼ ਵਿਰੋਧੀ ਵਿਰੋਧ ਪ੍ਰਦਰਸ਼ਨਾਂ ਲਈ ਸਕੂਲ ਤੋਂ ਕੱਢੇ ਜਾਣ ਤੋਂ ਬਾਅਦ, ਡਾ. ਹੇਡਗੇਵਾਰ ਨੇ ਇੱਕ ਰਾਸ਼ਟਰੀ ਸਕੂਲ ਵਿੱਚ ਦਾਖਲਾ ਲਿਆ। ਉੱਥੇ ਹੀ ਉਨ੍ਹਾਂ ਦੀ ਮੁਲਾਕਾਤ ਕ੍ਰਾਂਤੀਕਾਰੀ ਮਾਧਵਰਾਓ ਸੰਨਿਆਸੀ ਨਾਲ ਹੋਈ, ਜਿਸਨੂੰ ਉਨ੍ਹਾਂ ਨੇ ਨਾਗਪੁਰ ਵਿੱਚ ਛੁਪਾਇਆ ਸੀ। ਮਾਧਵਰਾਓ ਦੇ ਸੰਪਰਕ ਨੇ ਉਨ੍ਹਾਂ ਦੇ ਦਿਲ ਵਿੱਚ ਇਨਕਲਾਬ ਦੀ ਲਾਟ ਜਗਾ ਦਿੱਤੀ। ਬਾਅਦ ਵਿੱਚ, ਉਨ੍ਹਾਂ ਨੇ ਅਲੀਪੁਰ ਬੰਬ ਧਮਾਕੇ ਲਈ ਫੰਡ ਵੀ ਇਕੱਠੇ ਕੀਤੇ। 1909 ਵਿੱਚ, ਉਸਨੇ ਆਪਣੀ ਦਸਵੀਂ ਦੀ ਪ੍ਰੀਖਿਆ ਪਾਸ ਕੀਤੀ, ਜਿਸਦੇ ਸਰਟੀਫਿਕੇਟ 'ਤੇ ਰਾਸ਼ ਬਿਹਾਰੀ ਬੋਸ ਦੇ ਦਸਤਖਤ ਸਨ। ਉਸ ਸਮੇਂ ਦੌਰਾਨ, ਉਸਨੇ ਕਲਕੱਤਾ ਦੇ ਨੈਸ਼ਨਲ ਮੈਡੀਕਲ ਕਾਲਜ ਵਿੱਚ ਪੜ੍ਹਾਈ ਕੀਤੀ, ਜਿੱਥੇ ਇਨਕਲਾਬੀਆਂ ਅਤੇ ਵਿਦਿਆਰਥੀਆਂ ਨਾਲ ਉਸਦੇ ਸਬੰਧ ਹੋਰ ਮਜ਼ਬੂਤ ਹੋਏ। ਇੱਥੇ, ਉਸਨੇ ਵਿਦਿਆਰਥੀਆਂ ਵਿੱਚ ਗਣੇਸ਼ਉਤਸਵ ਅਤੇ ਰਾਸ਼ਟਰਵਾਦੀ ਵਿਚਾਰਾਂ ਨੂੰ ਪ੍ਰਸਿੱਧ ਬਣਾਇਆ। ਕੋਡ ਨਾਮ 'ਕੋਕੇਨ' ਅਤੇ ਅਨੁਸ਼ੀਲਨ ਸਮਿਤੀ : ਕਿਹਾ ਜਾਂਦਾ ਹੈ ਕਿ ਕਲਕੱਤਾ ਵਿੱਚ, ਉਹ ਮਸ਼ਹੂਰ ਅਨੁਸ਼ੀਲਨ ਸਮਿਤੀ ਦੀ ਕੋਰ ਟੀਮ ਵਿੱਚ ਸ਼ਾਮਲ ਹੋ ਗਏ। ਕਮੇਟੀ ਦੇ ਇਨਕਲਾਬੀ ਮੈਂਬਰ ਗੁਪਤ ਕੋਡ ਨਾਮਾਂ ਹੇਠ ਕੰਮ ਕਰਦੇ ਸਨ। ਇਸ ਸਮੇਂ ਦੌਰਾਨ, ਡਾ. ਹੇਡਗੇਵਾਰ ਨੂੰ 'ਕੋਕੇਨ' ਨਾਮ ਦਿੱਤਾ ਗਿਆ ਸੀ। ਉਨ੍ਹਾਂ ਦੀ ਜ਼ਿੰਮੇਵਾਰੀ ਦੇਸ਼ ਭਰ ਦੇ ਇਨਕਲਾਬੀਆਂ ਨੂੰ ਹਥਿਆਰ ਅਤੇ ਇਨਕਲਾਬੀ ਸਾਹਿਤ ਵੰਡਣਾ ਸੀ। ਉਨ੍ਹਾਂ ਸਾਹਿਤ ਨੂੰ ÷ਸਰੀਰ ਵਿਗਿਆਨ÷ ਕਿਹਾ, ਜੋ ਕਿ ਉਨ੍ਹਾਂ ਦਾ ਡਾਕਟਰੀ ਅਧਿਐਨ ਦਾ ਵਿਸ਼ਾ ਵੀ ਸੀ। ਕ੍ਰਾਂਤੀਕਾਰੀ ਤੋਂ ਆਰਗੇਨਾਈਜ਼ਰ ਤੱਕ : ਕਿਹਾ ਜਾਂਦਾ ਹੈ ਕਿ 1918 ਤੋਂ ਬਾਅਦ, ਜਦੋਂ ਹਥਿਆਰਬੰਦ ਇਨਕਲਾਬ ਕਮਜ਼ੋਰ ਹੋ ਗਿਆ, ਤਾਂ ਡਾ. ਹੇਡਗੇਵਾਰ ਨੇ ਲੋਕਮਾਨਿਆ ਤਿਲਕ ਅਤੇ ਸਾਵਰਕਰ ਵਰਗੇ ਨੇਤਾਵਾਂ ਦੀ ਸਲਾਹ 'ਤੇ ਅੰਦੋਲਨ ਦੀ ਦਿਸ਼ਾ ਬਦਲ ਦਿੱਤੀ। ਉਨ੍ਹਾਂ ਨੂੰ ਅਹਿਸਾਸ ਹੋਇਆ ਕਿ ਹਥਿਆਰਬੰਦ ਸੰਘਰਸ਼ ਦੀ ਬਜਾਏ ਮਜ਼ਬੂਤ ਸੰਗਠਨ ਦੀ ਲੋੜ ਹੈ। ਉਦੋਂ ਤੋਂ ਉਨ੍ਹਾਂ ਨੇ ਕਾਂਗਰਸ ਅਤੇ ਅਸਹਿਯੋਗ ਅੰਦੋਲਨ ਵਿੱਚ ਹਿੱਸਾ ਲਿਆ, ਜੇਲ੍ਹ ਵੀ ਗਏ, ਪਰ ਬਾਅਦ ਵਿੱਚ, ਕਾਂਗਰਸ ਦੀਆਂ ਨੀਤੀਆਂ ਨਾਲ ਅਸਹਿਮਤ ਹੋ ਕੇ, ਉਨ੍ਹਾਂ ਨੇ 1925 ਵਿੱਚ ਰਾਸ਼ਟਰੀ ਸਵੈਮ ਸੇਵਕ ਸੰਘ ਦੀ ਸਥਾਪਨਾ ਕੀਤੀ।

# ਭਾਰਤ ਦੇ ਗੁਆਂਢੀ, ਪਾਕਿਸਤਾਨ ਅਤੇ ਬੰਗਲਾਦੇਸ਼, ਆਪਣੀ ਫੌਜੀ ਸ਼ਕਤੀ ਰਹੇ ਹਨ ਵਧਾ ।

### ਅਮਰੀਕਾ ਘਾਤਕ ਮਿਜ਼ਾਈਲਾਂ ਪ੍ਰਦਾਨ ਕਰੇਗਾ, ਜਦੋਂ ਕਿ ਚੀਨ ਲੜਾਕੂ ਜਹਾਜ਼ ਪ੍ਰਦਾਨ ਕਰੇਗਾ !



ਨਵੀਂ ਦਿੱਲੀ 9 ਅਕਤੂਬਰ (ਚ. ਨ. ਸ.): ਭਾਰਤ ਅਤੇ ਪਾਕਿਸਤਾਨ ਵਿਚਕਾਰ ਤਣਾਅ ਜਾਰੀ ਹੈ। ਬੰਗਲਾਦੇਸ਼ ਦੀ ਅੰਤਰਿਮ ਸਰਕਾਰ ਵੀ ਬਰਖਾਸਤ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਨੂੰ ਲੈ ਕੇ ਭਾਰਤ ਨੂੰ ਨਿਸ਼ਾਨਾ ਬਣਾ ਰਹੀ ਹੈ। ਨਤੀਜੇ ਵਜੋਂ, ਇਹ ਦੋਵੇਂ ਗੁਆਂਢੀ ਦੇਸ਼ ਆਪਣੀਆਂ ਫੌਜੀ ਸਮਰੱਥਾਵਾਂ ਨੂੰ ਵਧਾ ਰਹੇ ਹਨ। ਜਦੋਂ ਕਿ ਅਮਰੀਕਾ ਪਾਕਿਸਤਾਨ ਨੂੰ ਉੱਨਤ ਅਤੇ ਘਾਤਕ ਮਿਜ਼ਾਈਲਾਂ ਪ੍ਰਦਾਨ ਕਰਨ ਦਾ ਵਾਅਦਾ ਕਰ ਰਿਹਾ ਹੈ, ਬੰਗਲਾਦੇਸ਼ ਨੂੰ ਚੀਨ ਤੋਂ ਲੜਾਕੂ ਜਹਾਜ਼ ਮਿਲਣ ਦੀ ਉਮੀਦ ਹੈ। ਹਾਲਾਂਕਿ, ਇਸ ਮਾਮਲੇ 'ਤੇ ਕੋਈ ਅਧਿਕਾਰਤ ਸ਼ਬਦ ਨਹੀਂ ਦਿੱਤਾ ਗਿਆ ਹੈ। ਮੀਡੀਆ ਰਿਪੋਰਟਾਂ ਵਿੱਚ ਕਿਹਾ ਗਿਆ ਹੈ ਕਿ ਅਮਰੀਕੀ ਯੁੱਧ ਵਿਭਾਗ ਦੁਆਰਾ ਹਾਲ ਹੀ ਵਿੱਚ ਸੂਚਿਤ ਕੀਤੇ ਗਏ ਹਥਿਆਰਾਂ ਦੇ ਇਕਰਾਰਨਾਮੇ ਵਿੱਚ ਪਾਕਿਸਤਾਨ 19M-120 1MR11M ਮਿਜ਼ਾਈਲਾਂ ਦੇ ਖਰੀਦਦਾਰਾਂ ਵਿੱਚੋਂ ਇੱਕ ਹੈ। ਨੋਟੀਫਿਕੇਸ਼ਨ ਵਿੱਚ ਕਿਹਾ ਗਿਆ ਹੈ ਕਿ ਇਸ ਸਮਝੌਤੇ ਵਿੱਚ ਯੂਨਾਈਟਿਡ ਕਿੰਗਡਮ, ਪੋਲੈਂਡ, ਪਾਕਿਸਤਾਨ, ਜਰਮਨੀ, ਫਿਨਲੈਂਡ, ਆਸਟ ?ਰੇਲੀਆ, ਰੋਮਾਨੀਆ, ਕਤਰ, ਓਮਾਨ, ਕੋਰੀਆ, ਗ੍ਰੀਸ, ਸਵਿਟਜ਼ਰਲੈਂਡ, ਪੁਰਤਗਾਲ, ਸਿੰਗਾਪੁਰ, ਨੀਦਰਲੈਂਡ, ਚੈੱਕ ਗਣਰਾਜ, ਜਾਪਾਨ, ਸਲੋਵਾਕੀਆ, ਡੈਨਮਾਰਕ, ਕੈਨੇਡਾ, ਬੈਲਜੀਅਮ, ਬਹਿਰੀਨ, ਸਾਊਦੀ ਅਰਬ, ਇਟਲੀ, ਨਾਰਵੇ, ਸਪੇਨ, ਕੁਵੈਤ, ਫਿਨਲੈਂਡ, ਸਵੀਡਨ, ਤਾਈਵਾਨ, ਲਿਥੁਆਨੀਆ, ਇਜ਼ਰਾਈਲ, ਬੁਲਗਾਰੀਆ, ਹੰਗਰੀ ਅਤੇ ਤੁਰਕੀ ਨੂੰ ਵਿਦੇਸ਼ੀ ਫੌਜੀ ਵਿਕਰੀ ਸ਼ਾਮਲ ਹੈ। ਬੰਗਲਾਦੇਸ਼ ਦੀ ਯੋਜਨਾ 2.2 ਬਿਲੀਅਨ ਅਮਰੀਕੀ ਡਾਲਰ ਦੀ ਅਨੁਮਾਨਤ ਲਾਗਤ ਨਾਲ 20 ਚੀਨੀ-ਬਣੇ J-1035 ਲੜਾਕੂ ਜਹਾਜ਼ ਖਰੀਦਣ ਦੀ ਹੈ। ਸਰਕਾਰੀ ਦਸਤਾਵੇਜ਼ਾਂ ਦਾ ਹਵਾਲਾ ਦਿੰਦੇ ਹੋਏ ਮੀਡੀਆ ਰਿਪੋਰਟਾਂ ਵਿੱਚ ਕਿਹਾ ਗਿਆ ਹੈ ਕਿ ਇਸ ਸੌਦੇ ਵਿੱਚ ਸਿਖਲਾਈ, ਰੱਖ-ਰਖਾਅ ਅਤੇ ਹੋਰ ਸਬੰਧਤ ਖਰਚੇ ਸ਼ਾਮਲ ਹਨ। ਇਸ ਵਿੱਚ ਕਿਹਾ ਗਿਆ ਹੈ ਕਿ ਬੰਗਲਾਦੇਸ਼ ਨੂੰ ਇਹ ਲੜਾਕੂ ਜਹਾਜ਼ 2026 ਅਤੇ 2027 ਵਿੱਚ ਬੰਗਲਾਦੇਸ਼ ਹਵਾਈ ਸੈਨਾ ਨੂੰ ਆਧੁਨਿਕ ਬਣਾਉਣ ਅਤੇ ਰਾਸ਼ਟਰੀ ਹਵਾਈ ਰੱਖਿਆ ਨੂੰ ਮਜ਼ਬੂਤ ਕਰਨ ਲਈ ਪ੍ਰਾਪਤ ਹੋਣਗੇ। ਇਸ ਸੌਦੇ ਬਾਰੇ ਅਜੇ ਤੱਕ ਕੋਈ ਅਧਿਕਾਰਤ ਐਲਾਨ ਨਹੀਂ ਕੀਤਾ ਗਿਆ ਹੈ। ਗਲਵਾਨ ਘਾਟੀ ਵਿੱਚ 2020 ਵਿੱਚ ਹੋਈ ਫੌਜੀ ਝੜਪ ਤੋਂ ਬਾਅਦ ਭਾਰਤ ਅਤੇ ਚੀਨ ਵਿਚਕਾਰ ਸਬੰਧਾਂ ਵਿੱਚ ਤਣਾਅ ਪੈਦਾ ਹੋ ਗਿਆ ਹੈ। ਬਾਅਦ ਵਿੱਚ, ਦੋਵਾਂ ਦੇਸ਼ਾਂ ਨੇ ਡਿਸਐਂਗੇਜਮੈਂਟ ਦੀ ਪ੍ਰਕਿਰਿਆ ਸ਼ੁਰੂ ਕੀਤੀ। ਵਰਤਮਾਨ ਵਿੱਚ, ਦੋਵੇਂ ਧਿਰਾਂ ਤਣਾਅ ਘਟਾਉਣ ਦੀ ਸੰਭਾਵਨਾ ਪ੍ਰਗਟ ਕਰ ਰਹੀਆਂ ਹਨ। ਅਗਸਤ ਵਿੱਚ SCO ਮੀਟਿੰਗ ਵਿੱਚ ਪ੍ਰਧਾਨ ਮੰਤਰੀ ਮੋਦੀ ਨੇ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਨਾਲ ਵੀ ਮੁਲਾਕਾਤ ਕੀਤੀ ਸੀ। ਇਸ ਦੌਰਾਨ, ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਭਾਰਤ 'ਤੇ 50 ਪ੍ਰਤੀਸ਼ਤ ਟੈਰਿਫ ਲਗਾਇਆ ਹੈ, ਜੋ ਕਿ ਪਾਕਿਸਤਾਨ ਅਤੇ ਚੀਨ ਨਾਲੋਂ ਬਹੁਤ ਜ਼ਿਆਦਾ ਹੈ। ਅਮਰੀਕਾ ਰੂਸੀ ਤੇਲ ਖਰੀਦਣ ਲਈ ਭਾਰਤ ਨੂੰ ਨਿਸ਼ਾਨਾ ਬਣਾ ਰਿਹਾ ਹੈ, ਜਦੋਂ ਕਿ ਚੀਨ ਵੀ ਰੂਸੀ ਤੇਲ ਦਾ ਇੱਕ ਵੱਡਾ ਖਰੀਦਦਾਰ ਹੈ। ਭਾਰਤ ਨੇ ਇਹ ਵੀ ਸਪੱਸ਼ਟ ਕੀਤਾ ਹੈ ਕਿ ਅਮਰੀਕਾ ਅਤੇ ਯੂਰਪੀਅਨ ਯੂਨੀਅਨ ਵੀ ਰੂਸ ਨਾਲ ਵਪਾਰ ਕਰਦੇ ਹਨ। ਅਜਿਹੀਆਂ ਰਿਪੋਰਟਾਂ ਹਨ ਕਿ ਅਮਰੀਕਾ ਨੇ 77 ਦੇਸ਼ਾਂ ਨੂੰ ਰੂਸ ਤੋਂ ਤੇਲ ਖਰੀਦਣ ਵਾਲੇ ਦੇਸ਼ਾਂ 'ਤੇ ਭਾਰੀ ਟੈਰਿਫ ਲਗਾਉਣ ਦੀ ਅਪੀਲ ਕੀਤੀ ਹੈ।

# ਪਹਾੜਾਂ ਤੋਂ ਠੰਢੀਆਂ ਹਵਾਵਾਂ ਨੇ ਰਾਜਧਾਨੀ ਵਿੱਚ ਲਿਆਂਦੀ ਹਲਕੀ ਠੰਢ

ਨਵੀਂ ਦਿੱਲੀ 9 ਅਕਤੂਬਰ (ਚ.ਨ.ਸ.): ਦਿੱਲੀ-ਐਨਸੀਆਰ ਵਿੱਚ ਮੌਸਮ ਬਦਲਣ ਲੱਗਾ ਹੈ। ਪਹਾੜਾਂ ਤੋਂ ਠੰਢੀਆਂ ਹਵਾਵਾਂ ਨੇ ਰਾਜਧਾਨੀ ਵਿੱਚ ਹਲਕੀ ਠੰਢ ਲਿਆਂਦੀ ਹੈ। ਭਾਰਤੀ ਮੌਸਮ ਵਿਭਾਗ ਦੀ ਤਾਜ਼ਾ ਰਿਪੋਰਟ ਅਨੁਸਾਰ, ਦਿੱਲੀ-ਐਨਸੀਆਰ ਵਿੱਚ ਰਾਤ ਦਾ ਤਾਪਮਾਨ ਹੁਣ 22 ਡਿਗਰੀ ਸੈਲਸੀਅਸ ਤੋਂ ਹੇਠਾਂ ਹੈ। ਇਸਦਾ ਮਤਲਬ ਹੈ ਕਿ ਸ਼ਾਮ ਦੇ ਨੇੜੇ ਆਉਂਦੇ ਹੀ ਲੋਕ ਥੋੜ੍ਹੀ ਠੰਢ ਮਹਿਸੂਸ ਕਰਨ ਲੱਗ ਪੈਣਗੇ। ਉੱਤਰੀ ਭਾਰਤ ਦੇ ਪਹਾੜੀ ਇਲਾਕਿਆਂ, ਖਾਸ ਕਰਕੇ ਹਿਮਾਚਲ ਅਤੇ ਉਤਰਾਖੰਡ ਵਿੱਚ ਤਾਪਮਾਨ ਤੇਜ਼ੀ ਨਾਲ ਘਟਣਾ ਸ਼ੁਰੂ ਹੋ ਗਿਆ ਹੈ। ਉੱਥੋਂ ਠੰਢੀਆਂ ਹਵਾਵਾਂ ਦਿੱਲੀ ਪਹੁੰਚ ਰਹੀਆਂ ਹਨ। ਇਨ੍ਹਾਂ ਹਵਾਵਾਂ ਕਾਰਨ ਰਾਜਧਾਨੀ ਵਿੱਚ ਸਵੇਰੇ ਅਤੇ ਸ਼ਾਮ ਨੂੰ ਠੰਢ ਦਾ ਪ੍ਰਭਾਵ ਵਧ ਰਿਹਾ ਹੈ। ਮੌਸਮ ਵਿਭਾਗ ਦਾ ਕਹਿਣਾ ਹੈ ਕਿ ਇਹ ਠੰਢੀਆਂ ਹਵਾਵਾਂ ਅਗਲੇ ਕੁਝ ਦਿਨਾਂ ਤੱਕ ਜਾਰੀ ਰਹਿਣਗੀਆਂ। ਇਸ ਲਈ, ਦਿੱਲੀ ਅਤੇ ਆਸ ਪਾਸ ਦੇ ਇਲਾਕਿਆਂ ਵਿੱਚ ਤਾਪਮਾਨ ਹੌਲੀ-ਹੌਲੀ ਸਵੇਰੇ ਅਤੇ ਦੇਰ ਰਾਤ ਨੂੰ ਘਟੇਗਾ। ਹਾਲਾਂਕਿ, ਦਿਨ ਵੇਲੇ ਸਰਦੀ ਅਜੇ ਪੂਰੀ ਤਰ੍ਹਾਂ ਨਹੀਂ ਆਈ ਹੈ। ਦਿਨ ਵੇਲੇ ਮੌਸਮ ਸਾਫ਼ ਅਤੇ ਧੁੱਪ ਵਾਲਾ ਰਹੇਗਾ। ਮੌਸਮ ਵਿਭਾਗ ਦੇ ਅਨੁਸਾਰ, 9 ਅਕਤੂਬਰ ਨੂੰ ਵੱਧ ਤੋਂ ਵੱਧ ਤਾਪਮਾਨ 28 ਤੋਂ 30 ਡਿਗਰੀ ਸੈਲਸੀਅਸ ਦੇ ਵਿਚਕਾਰ ਰਹੇਗਾ। ਘੱਟੋ-ਘੱਟ ਤਾਪਮਾਨ 20 ਡਿਗਰੀ ਸੈਲਸੀਅਸ ਦੇ ਆਸ-ਪਾਸ ਰਹਿਣ ਦੀ ਉਮੀਦ ਹੈ। 14 ਅਕਤੂਬਰ ਤੱਕ, ਦਿਨ ਦਾ ਤਾਪਮਾਨ ਥੋੜ੍ਹਾ ਵੱਧ ਕੇ 35 ਡਿਗਰੀ ਸੈਲਸੀਅਸ ਹੋ ਸਕਦਾ ਹੈ, ਪਰ ਰਾਤ ਦਾ ਤਾਪਮਾਨ 20 ਡਿਗਰੀ ਸੈਲਸੀਅਸ ਤੱਕ ਘੱਟ ਜਾਵੇਗਾ। ਇਸਦਾ ਮਤਲਬ ਹੈ ਕਿ ਆਉਣ ਵਾਲੇ ਦਿਨਾਂ ਵਿੱਚ ਰਾਤਾਂ ਠੰਢੀਆਂ ਹੋ ਜਾਣਗੀਆਂ, ਜਦੋਂ ਕਿ ਦਿਨ ਗਰਮ ਰਹਿਣਗੇ। ਮੌਸਮ ਵਿਭਾਗ ਨੇ ਸਪੱਸ਼ਟ ਕੀਤਾ ਹੈ ਕਿ 9 ਤੋਂ 14 ਅਕਤੂਬਰ ਤੱਕ ਦਿੱਲੀ-ਐਨਸੀਆਰ ਵਿੱਚ ਮੀਂਹ ਪੈਣ ਦੀ ਉਮੀਦ ਨਹੀਂ ਹੈ। ਇਸਦਾ ਮਤਲਬ ਹੈ ਕਿ ਮੌਸਮ ਖੁਸ਼ਕ ਰਹੇਗਾ ਅਤੇ ਹਵਾ ਵਿੱਚ ਨਮੀ ਘੱਟ ਰਹੇਗੀ। ਨਤੀਜੇ ਵਜੋਂ, ਠੰਢ ਹੌਲੀ-ਹੌਲੀ ਵਧੇਗੀ, ਪਰ ਅਚਾਨਕ ਨਹੀਂ। ਜਦੋਂ ਕਿ ਤਾਪਮਾਨ ਵਿੱਚ ਗਿਰਾਵਟ ਦੇ ਪ੍ਰਭਾਵ ਦਿਖਾਈ ਦੇ ਰਹੇ ਹਨ, ਦਿੱਲੀ ਦੀ ਹਵਾ ਦੀ ਗੁਣਵੱਤਾ ਵੀ ਹੌਲੀ-ਹੌਲੀ ਵਿਗੜ ਰਹੀ ਹੈ। ਦਿੱਲੀ ਦਾ ਏਅਰ ਕੁਆਲਿਟੀ ਇੰਡੈਕਸ (1♠9) ਇਸ ਸਮੇਂ 137 ਦਰਜ ਕੀਤਾ ਗਿਆ ਹੈ, ਜੋ ਕਿ 'ਦਰਮਿਆਨੀ' ਸ਼੍ਰੇਣੀ ਵਿੱਚ ਆਉਂਦਾ ਹੈ। ਹਾਲਾਂਕਿ ਇਹ ਪੱਧਰ ਇਸ ਸਮੇਂ ਚਿੰਤਾ ਦਾ ਵਿਸ਼ਾ ਨਹੀਂ ਹੈ, ਪਰ ਮਾਹਿਰਾਂ ਦਾ ਕਹਿਣਾ ਹੈ ਕਿ ਸਰਦੀਆਂ ਦੇ ਵਧਣ ਨਾਲ ਪ੍ਰਦੂਸ਼ਣ ਦਾ ਪੱਧਰ ਵੀ ਵਧ ਸਕਦਾ ਹੈ।



# ਸੋਨੇ ਦੀਆਂ ਕੀਮਤਾਂ ਰੁ. 1,22,650 ਤੱਕ ਡਿੱਗੀਆਂ, ਚਾਂਦੀ ਲਗਭਗ ਰੁ. 1,48,550 'ਤੇ ਪਹੁੰਚੀ

ਨਵੀਂ ਦਿੱਲੀ 9 ਅਕਤੂਬਰ (ਚ.ਨ.ਸ.): ਸੋਨੇ ਅਤੇ ਚਾਂਦੀ ਦੀਆਂ ਕੀਮਤਾਂ ਵਿੱਚ ਰਿਕਾਰਡ ਤੋੜ ਤੇਜ਼ੀ ਰੁਕ ਗਈ ਹੈ। ਪਿਛਲੇ ਕੁਝ ਦਿਨਾਂ ਵਿੱਚ ਲਗਾਤਾਰ ਨਵੇਂ ਰਿਕਾਰਡ ਬਣਾਉਣ ਤੋਂ ਬਾਅਦ, ਦੋਵਾਂ ਕੀਮਤੀ ਧਾਤਾਂ ਦੀਆਂ ਫਿਊਚਰਜ਼ ਕੀਮਤਾਂ ਵੀਰਵਾਰ ਨੂੰ ਹੇਠਾਂ ਖੁੱਲ੍ਹੀਆਂ। ਘਰੇਲੂ ਬਾਜ਼ਾਰ ਵਿੱਚ, ਸੋਨਾ ?1,22,650 'ਤੇ ਕਾਰੋਬਾਰ ਕਰ ਰਿਹਾ ਹੈ, ਜਦੋਂ ਕਿ ਚਾਂਦੀ ?1,48,550 ਦੇ ਨੇੜੇ ਕਾਰੋਬਾਰ ਕਰ ਰਹੀ ਹੈ। ਅੰਤਰਰਾਸ਼ਟਰੀ ਬਾਜ਼ਾਰ ਵਿੱਚ ਸੋਨੇ ਅਤੇ ਚਾਂਦੀ ਦੇ ਫਿਊਚਰਜ਼ ਘੱਟ ਕਾਰੋਬਾਰ ਕਰ ਰਹੇ ਹਨ। ਸੋਨੇ ਦੇ ਫਿਊਚਰਜ਼ ਗਿਰਾਵਟ ਦੇ ਨੋਟ 'ਤੇ ਖੁੱਲ੍ਹੇ। ਮਲਟੀ ਕਮੋਡਿਟੀ ਐਕਸਚੇਂਜ ($3✓) 'ਤੇ ਦਸੰਬਰ ਦਾ ਬੈਂਚਮਾਰਕ ਕੰਟਰੈਕਟ ?1,098 ਦੀ ਗਿਰਾਵਟ ਨਾਲ ?1,22,111 'ਤੇ ਖੁੱਲ੍ਹਿਆ। ਪਿਛਲਾ ਬੰਦ ?1,23,209 ਸੀ। ਵਰਤਮਾਨ ਵਿੱਚ, ਇਹ ?539 ਦੀ ਗਿਰਾਵਟ ਨਾਲ ?1,22,670 'ਤੇ ਕਾਰੋਬਾਰ ਕਰ ਰਿਹਾ ਹੈ। ਇਸ ਸਮੇਂ ਇਹ ਦਿਨ ਦੇ ਉੱਚ ਪੱਧਰ 1,23,197 ਰੁਪਏ ਅਤੇ ਦਿਨ ਦੇ ਹੇਠਲੇ ਪੱਧਰ 1,22,111 ਰੁਪਏ 'ਤੇ ਪਹੁੰਚ ਗਿਆ। ਚਾਂਦੀ ਦੇ ਵਾਅਦੇ ਸੁਸਤ ਸ਼ੁਰੂਆਤ 'ਤੇ ਸ਼ੁਰੂ ਹੋਏ। ਐਮਸੀਐਕਸ 'ਤੇ ਚਾਂਦੀ ਦਾ ਦਸੰਬਰ ਦਾ ਬੈਂਚਮਾਰਕ ਇਕਰਾਰਨਾਮਾ 1,105 ਰੁਪਏ ਦੀ ਗਿਰਾਵਟ ਨਾਲ 1,48,750 ਰੁਪਏ 'ਤੇ ਖੁੱਲ੍ਹਿਆ। ਪਿਛਲੀ ਬੰਦ ਕੀਮਤ 1,49,855 ਰੁਪਏ ਸੀ। ਇਸ ਸਮੇਂ ਇਹ 1,290 ਰੁਪਏ ਦੀ ਗਿਰਾਵਟ ਨਾਲ 1,48,565 ਰੁਪਏ 'ਤੇ ਕਾਰੋਬਾਰ ਕਰ ਰਿਹਾ ਸੀ। ਇਸ ਸਮੇਂ ਇਹ ਦਿਨ ਦੇ ਉੱਚ ਪੱਧਰ 1,48,750 ਰੁਪਏ ਅਤੇ ਦਿਨ ਦੇ ਹੇਠਲੇ ਪੱਧਰ 1,43,900 ਰੁਪਏ ਨੂੰ ਛੂਹ ਗਿਆ। ਅੰਤਰਰਾਸ਼ਟਰੀ ਬਾਜ਼ਾਰ ਵਿੱਚ ਸੋਨੇ ਅਤੇ ਚਾਂਦੀ ਦੇ ਵਾਅਦੇ ਸੁਸਤ ਸ਼ੁਰੂਆਤ 'ਤੇ ਸ਼ੁਰੂ ਹੋਏ। 3®$5✓ 'ਤੇ ਸੋਨਾ £4,061.80 ਪ੍ਰਤੀ ਔਂਸ 'ਤੇ ਖੁੱਲ੍ਹਿਆ। ਪਿਛਲੀ ਬੰਦ ਕੀਮਤ £4,070.50 ਪ੍ਰਤੀ ਔਂਸ ਸੀ। ਇਸ ਸਮੇਂ ਇਹ £38.30 ਦੀ ਗਿਰਾਵਟ ਨਾਲ £4,032.20 ਪ੍ਰਤੀ ਔਂਸ 'ਤੇ ਵਪਾਰ ਕਰ ਰਿਹਾ ਸੀ। ਸੋਨੇ ਦੀ ਕੀਮਤ ਇਸ ਹਫ਼ਤੇ £4,081 ਦੇ ਉੱਚਤਮ ਪੱਧਰ ਨੂੰ ਛੂਹ ਗਈ। ਕਾਮੈਕਸ 'ਤੇ ਚਾਂਦੀ ਦੇ ਵਾਅਦੇ £48.45 'ਤੇ ਖੁੱਲ੍ਹੇ। ਪਿਛਲੀ ਸਮਾਪਤੀ ਕੀਮਤ £48.99 ਸੀ। ਇਸ ਸਮੇਂ ਇਹ £0.88 ਦੀ ਗਿਰਾਵਟ ਦੇ ਨਾਲ £48.11 ਪ੍ਰਤੀ ਔਂਸ 'ਤੇ ਵਪਾਰ ਕਰ ਰਿਹਾ ਸੀ। ਇਸਦੀ ਕੀਮਤ £49.19 ਦੇ ਉੱਚ ਪੱਧਰ 'ਤੇ ਪਹੁੰਚ ਗਈ ਹੈ।

# ਈ.ਡੀ. ਵੱਲੋਂ ਫਰਜ਼ੀ ਸੰਮਨ ਘੁਟਾਲੇ ਬਾਰੇ ਚੇਤਾਵਨੀ ਜਾਰੀ; ਤਸਦੀਕ ਪ੍ਰਣਾਲੀ ਲਾਗੂ ਕੀਤੀ




ਨਵੀਂ ਦਿੱਲੀ 9 ਅਕਤੂਬਰ (ਚ. ਨ. ਸ.): ਡਿਜੀਟਲ ਅਰੈਸਟ ਅਤੇ ਦੇਸ਼ ਦੀਆਂ ਪ੍ਰਮੁੱਖ ਏਜੰਸੀਆਂ ਨਾਲ ਸਬੰਧਤ ਹੋਣ ਦਾ ਦਾਅਵਾ ਕਰਦਿਆਂ ਧੋਖੇਬਾਜ਼ਾਂ ਵੱਲੋਂ ਆਮ ਲੋਕਾਂ ਨੂੰ ਵੱਡੇ ਪੱਧਰ 'ਤੇ ਆਪਣਾ ਸ਼ਿਕਾਰ ਬਣਾਇਆ ਜਾ ਰਿਹਾ ਹੈ। ਇਸ ਸਬੰਧੀ ਧੋਖੇਬਾਜ਼ਾਂ ਵੱਲੋਂ ਫਰਜ਼ੀ ਸੰਮਨ ਜਾਰੀ ਕਰਨ ਦੇ ਵਧਦੇ ਮਾਮਲਿਆਂ ਦੇ ਵਿਚਕਾਰ ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਨੇ ਬੁੱਧਵਾਰ ਨੂੰ ਇੱਕ ਬਿਆਨ ਜਾਰੀ ਕਰਕੇ ਅਜਿਹੀਆਂ ਘਟਨਾਵਾਂ ਤੋਂ ਸਾਵਧਾਨ ਰਹਿਣ ਦੀ ਚੇਤਾਵਨੀ ਦਿੱਤੀ ਹੈ।ਅਕਸਰ ਨੌਸਰਬਾਜ਼ ਈ.ਡੀ. ਸਮੇਤ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਵੱਲੋਂ ਕਥਿਤ ਤੌਰ 'ਤੇ ਜਾਰੀ ਕੀਤੇ ਗਏ ਫਰਜ਼ੀ ਗ੍ਰਿਫ਼ਤਾਰੀ ਹੁਕਮਾਂ ਨੂੰ ਦਿਖਾਉਂਦੇ ਹਨ। ਈ.ਡੀ. ਅਧਿਕਾਰੀਆਂ ਦਾ ਰੂਪ ਧਾਰ ਕੇ ਡਿਜੀਟਲ ਗ੍ਰਿਫ਼ਤਾਰੀ ਦੇ ਨਾਮ 'ਤੇ ਆਮ ਜਨਤਾ ਨੂੰ ਧੋਖਾ ਦੇ ਰਹੇ ਹਨ।ਅਧਿਕਾਰਤ ਸੂਤਰਾਂ ਨੇ ਦੱਸਿਆ ਕਿ ਈ.ਡੀ. ਵੱਲੋਂ ਕੀਤੀਆਂ ਗਈਆਂ ਗ੍ਰਿਫ਼ਤਾਰੀਆਂ ਸਹੀ ਪ੍ਰਕਿਰਿਆ ਦੀ ਪਾਲਣਾ ਕਰਨ ਤੋਂ ਬਾਅਦ ਕੀਤੀਆਂ ਜਾਂਦੀਆਂ ਹਨ ਅਤੇ ਵਿਅਕਤੀਗਤ ਤੌਰ 'ਤੇ ਸਰੀਰਕ ਤੌਰ 'ਤੇ ਕੀਤੀਆਂ ਜਾਂਦੀਆਂ ਹਨ। ਈ.ਡੀ. ਨੇ ਸਪੱਸ਼ਟ ਕੀਤਾ ਕਿ ਮਨੀ ਲਾਂਡਰਿੰਗ ਰੋਕੂ ਐਕਟ, 2002 ਦੇ ਤਹਿਤ ਡਿਜੀਟਲ ਗ੍ਰਿਫ਼ਤਾਰੀ ਜਾਂ ਆਨਲਾਈਨ ਗ੍ਰਿਫ਼ਤਾਰੀ ਦੀ ਕੋਈ ਧਾਰਨਾ ਨਹੀਂ ਹੈ।ਇੱਕ ਜਾਂਚ ਦੇ ਦੌਰਾਨ ਈ.ਡੀ. ਮਨੀ ਲਾਂਡਰਿੰਗ ਰੋਕੂ ਐਕਟ, 2002 ਦੀ ਧਾਰਾ 50(2) ਅਤੇ ਵਿਦੇਸ਼ੀ ਮੁਦਰਾ ਪ੍ਰਬੰਧਨ ਐਕਟ, 1999 ) ਦੀ ਧਾਰਾ 37 ਦੇ ਪ੍ਰਬੰਧਾਂ ਦੇ ਤਹਿਤ ਸੰਮਨ ਜਾਰੀ ਕਰਦਾ ਹੈ।ਮਨੀ ਲਾਂਡਰਿੰਗ ਵਿਰੋਧੀ ਏਜੰਸੀ ਨੇ ਇੱਕ ਬਿਆਨ ਵਿੱਚ ਕਿਹਾ, 'ਈ.ਡੀ. ਦੇ ਧਿਆਨ ਵਿੱਚ ਕਈ ਅਜਿਹੇ ਮਾਮਲੇ ਆਏ ਹਨ ਜਿੱਥੇ ਕੁਝ 'ਬੇਈਮਾਨ' ਵਿਅਕਤੀਆਂ (ਠੱਗਾਂ) ਨੇ ਧੋਖਾਧੜੀ ਜਾਂ ਜਬਰੀ ਵਸੂਲੀ ਦੇ ਇਰਾਦੇ ਨਾਲ ਲੋਕਾਂ ਨੂੰ ਸੰਮਨ ਭੇਜੇ ਹਨ। ਇਹ ਫਰਜ਼ੀ ਸੰਮਨ ਅਕਸਰ ਈ.ਡੀ. ਦੁਆਰਾ ਜਾਰੀ ਕੀਤੇ ਗਏ ਅਸਲੀ ਸੰਮਨਾਂ ਦੇ ਸਮਾਨ ਹੁੰਦੇ ਹਨ।'ਵਿਅਕਤੀਆਂ ਨੂੰ ਉਨ੍ਹਾਂ ਨੂੰ ਮਿਲੇ ਸੰਮਨ ਦੀ ਅਸਲੀਅਤ ਦੀ ਤਸਦੀਕ ਕਰਨ ਦੀ ਇਜਾਜ਼ਤ ਦੇਣ ਲਈ ਈ.ਡੀ. ਨੇ ਇੱਕ ਪ੍ਰਣਾਲੀ ਲਾਗੂ ਕੀਤੀ ਹੈ ਜਿਸ ਵਿੱਚ ਸੰਮਨ ਦੇ ਹੇਠਾਂ ਕਿਊ.ਆਰ. ਕੋਡ ਅਤੇ ਇੱਕ ਵਿਲੱਖਣ ਪਾਸਕੋਡ ਸ਼ਾਮਲ ਹੁੰਦਾ ਹੈ। ਏਜੰਸੀ ਨੇ ਦੱਸਿਆ ਕਿ ਈ.ਡੀ. ਦੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਗਏ ਹਨ ਕਿ ਉਹ ਖਾਸ ਵਿਸ਼ੇਸ਼ ਹਾਲਾਤਾਂ ਨੂੰ ਛੱਡ ਕੇ, ਸਿਰਫ਼ ਇਸ ਪ੍ਰਣਾਲੀ ਰਾਹੀਂ ਹੀ ਸੰਮਨ ਜਾਰੀ ਕਰਨ।ਬਿਆਨ ਵਿੱਚ ਕਿਹਾ ਗਿਆ ਹੈ ਕਿ ਇਹ ਵੀ ਨੋਟ ਕੀਤਾ ਜਾਵੇ ਕਿ ਪ੍ਰਣਾਲੀ ਤੋਂ ਤਿਆਰ ਕੀਤੇ ਗਏ ਸੰਮਨ 'ਤੇ ਸੰਮਨ ਜਾਰੀ ਕਰਨ ਵਾਲੇ ਅਧਿਕਾਰੀ ਦੇ ਬਕਾਇਦਾ ਦਸਤਖਤ ਅਤੇ ਮੋਹਰ ਲੱਗੀ ਹੋਵੇਗੀ ਅਤੇ ਇਸ ਵਿੱਚ ਪੱਤਰ-ਵਿਹਾਰ ਦੇ ਉਦੇਸ਼ਾਂ ਲਈ ਉਨ੍ਹਾਂ ਦੀ ਅਧਿਕਾਰਤ ਈਮੇਲ ਆਈ.ਡੀ. ਅਤੇ ਫ਼ੋਨ ਨੰਬਰ ਵੀ ਸ਼ਾਮਲ ਹੋਵੇਗਾ।ਕਿਊ.ਆਰ. ਕੋਡ ਨੂੰ ਸਕੈਨ ਕਰਕੇ ਕੀਤੀ ਜਾ ਸਕਦੀ ਹੈ ਤਸਦੀਕ ਸੰਮਨ ਪ੍ਰਾਪਤ ਕਰਨ ਵਾਲਾ ਇਸ ਦੀ ਪ੍ਰਮਾਨਿਕਤਾ ਦੀ ਤਸਦੀਕ ਕਿਊ.ਆਰ. ਕੋਡ ਨੂੰ ਸਕੈਨ ਕਰਕੇ ਕਰ ਸਕਦਾ ਹੈ। ਪ੍ਰਣਾਲੀ-ਤਿਆਰ ਸੰਮਨ ਦੀ ਤਸਦੀਕ ਈ.ਡੀ. ਦੀ ਅਧਿਕਾਰਤ ਵੈੱਬਸਾਈਟ 'ਤੇ ਸੰਮਨ ਦੇ ਵੇਰਵੇ ਦਰਜ ਕਰਕੇ ਵੀ ਕੀਤੀ ਜਾ ਸਕਦੀ ਹੈ।ਪ੍ਰਣਾਲੀ-ਤਿਆਰ ਸੰਮਨ ਦੀ ਅਸਲੀਅਤ ਦੀ ਤਸਦੀਕ ਸੰਮਨ ਜਾਰੀ ਹੋਣ ਦੀ ਮਿਤੀ ਤੋਂ 24 ਘੰਟੇ ਬਾਅਦ (ਜਨਤਕ ਛੁੱਟੀਆਂ, ਸ਼ਨੀਵਾਰ ਅਤੇ ਐਤਵਾਰ ਨੂੰ ਛੱਡ ਕੇ) ਕੀਤੀ ਜਾ ਸਕਦੀ ਹੈ। ਜੋ ਸੰਮਨ ਪ੍ਰਣਾਲੀ ਰਾਹੀਂ ਤਿਆਰ ਨਹੀਂ ਕੀਤੇ ਜਾ ਸਕੇ, ਉਨ੍ਹਾਂ ਦੀ ਤਸਦੀਕ ਨਿਰਧਾਰਤ ਸੰਪਰਕ ਅਧਿਕਾਰੀ ਨਾਲ ਟੈਲੀਫੋਨ ਜਾਂ ਈਮੇਲ ਰਾਹੀਂ ਸੰਪਰਕ ਕਰਕੇ ਕੀਤੀ ਜਾ ਸਕਦੀ ਹੈ।

# ਰੇਲਵੇ ਵੱਲੋਂ ਦੀਵਾਲੀ-ਛੱਠ ਦਾ ਯਾਤਰੀਆਂ ਨੂੰ ਤੋਹਫ਼ਾ : 14,000 ਵਾਧੂ ਰੇਲਗੱਡੀਆਂ ਚਲਣਗੀਆਂ



ਨਵੀਂ ਦਿੱਲੀ 9 ਅਕਤੂਬਰ (ਚ.ਨ.ਸ.): ਤਿਉਹਾਰਾਂ ਦੇ ਸੀਜ਼ਨ ਨੂੰ ਧਿਆਨ ਵਿੱਚ ਰੱਖਦੇ ਹੋਏ, ਭਾਰਤੀ ਰੇਲਵੇ ਨੇ 14,000 ਵਾਧੂ ਰੇਲਗੱਡੀਆਂ ਚਲਾਉਣ ਦਾ ਫੈਸਲਾ ਕੀਤਾ ਹੈ, ਜਿਨ੍ਹਾਂ ਵਿੱਚ ਉੱਤਰੀ ਰੇਲਵੇ ਦੀਆਂ 2,000 ਰੇਲਗੱਡੀਆਂ ਸ਼ਾਮਲ ਹਨ। ਇਹ ਰੇਲਗੱਡੀਆਂ ਮੁੱਖ ਤੌਰ 'ਤੇ ਬਿਹਾਰ, ਪੂਰਬੀ ਉੱਤਰ ਪ੍ਰਦੇਸ਼ ਅਤੇ ਝਾਰਖੰਡ ਦੇ ਰੂਟਾਂ 'ਤੇ ਚੱਲਣਗੀਆਂ। ਯਾਤਰੀਆਂ ਦੀ ਸਹੂਲਤ ਲਈ ਅਸਥਾਈ ਟਿਕਟ ਕਾਊਂਟਰ, ਵਾਧੂ ਕੋਚ ਅਤੇ ਵਧੇ ਹੋਏ ਸੁਰੱਖਿਆ ਪ੍ਰਬੰਧ ਲਗਾਏ ਗਏ ਹਨ। ਭਾਰਤੀ ਰੇਲਵੇ ਨੇ ਤਿਉਹਾਰਾਂ ਦੇ ਸੀਜ਼ਨ ਲਈ ਆਪਣੀਆਂ ਤਿਆਰੀਆਂ ਤੇਜ਼ ਕਰ ਦਿੱਤੀਆਂ ਹਨ। ਆਉਣ ਵਾਲੇ ਦਿਨਾਂ ਵਿੱਚ, ਦੀਵਾਲੀ ਅਤੇ ਛੱਠ ਪੂਜਾ ਵਰਗੇ ਵੱਡੇ ਤਿਉਹਾਰਾਂ ਦੌਰਾਨ, ਲੱਖਾਂ ਲੋਕ ਦੇਸ਼ ਭਰ ਦੇ ਵੱਖ-ਵੱਖ ਸ਼ਹਿਰਾਂ ਤੋਂ ਘਰ ਵਾਪਸ ਆਉਣਗੇ। ਇਸ ਨੂੰ ਧਿਆਨ ਵਿੱਚ ਰੱਖਦੇ ਹੋਏ, ਰੇਲਵੇ ਨੇ ਯਾਤਰੀਆਂ ਦੀ ਸਹੂਲਤ ਅਤੇ ਭੀੜ ਪ੍ਰਬੰਧਨ ਲਈ ਵਿਸ਼ੇਸ਼ ਪ੍ਰਬੰਧ ਕੀਤੇ ਹਨ। ਰੇਲਵੇ ਨੇ ਦੇਸ਼ ਭਰ ਵਿੱਚ ਕੁੱਲ 14,000 ਵਾਧੂ ਰੇਲਗੱਡੀਆਂ ਚਲਾਉਣ ਦਾ ਫੈਸਲਾ ਕੀਤਾ ਹੈ।

ਉੱਤਰੀ ਰੇਲਵੇ ਦੇ ਮੁੱਖ ਲੋਕ ਸੰਪਰਕ ਅਧਿਕਾਰੀ (ਸੀਪੀਆਰਓ) ਹਿਮਾਂਸ਼ੂ ਸ਼ੇਖਰ ਉਪਾਧਿਆਏ ਨੇ ਦੱਸਿਆ ਕਿ ਤਿਉਹਾਰਾਂ ਦੇ ਸੀਜ਼ਨ ਵਿੱਚ ਲੋਕਾਂ ਦੀ ਆਵਾਜਾਈ ਵਧਦੀ ਹੈ, ਖਾਸ ਕਰਕੇ ਪੂਰਬੀ ਉੱਤਰ ਪ੍ਰਦੇਸ਼ ਅਤੇ ਬਿਹਾਰ ਦੀ ਯਾਤਰਾ ਕਰਨ ਵਾਲਿਆਂ ਦੀ। ਇਸ ਵਧਦੀ ਮੰਗ ਦੇ ਜਵਾਬ ਵਿੱਚ, ਰੇਲਵੇ ਨੇ ਦੇਸ਼ ਭਰ ਵਿੱਚ ਕੁੱਲ 14,000 ਵਾਧੂ ਰੇਲਗੱਡੀਆਂ ਚਲਾਉਣ ਦਾ ਫੈਸਲਾ ਕੀਤਾ ਹੈ, ਜਿਨ੍ਹਾਂ ਵਿੱਚੋਂ ਲਗਭਗ 2,000 ਉੱਤਰੀ ਰੇਲਵੇ ਦੁਆਰਾ ਚਲਾਈਆਂ ਜਾਣਗੀਆਂ। ਹਿਮਾਂਸ਼ੂ ਸ਼ੇਖਰ ਨੇ ਦੱਸਿਆ ਕਿ ਇਹ ਰੇਲਗੱਡੀਆਂ ਮੁੱਖ ਤੌਰ 'ਤੇ ਬਿਹਾਰ, ਪੂਰਬੀ ਉੱਤਰ ਪ੍ਰਦੇਸ਼ ਅਤੇ ਝਾਰਖੰਡ ਦੇ ਰੂਟਾਂ 'ਤੇ ਚੱਲਣਗੀਆਂ, ਜਿੱਥੇ ਜ਼ਿਆਦਾਤਰ ਯਾਤਰੀ ਘਰ ਵਾਪਸ ਆਉਂਦੇ ਹਨ। ਇਹ ਵਿਸ਼ੇਸ਼ ਰੇਲਗੱਡੀਆਂ ਗਾਜ਼ੀਆਬਾਦ, ਦਿੱਲੀ, ਆਨੰਦ ਵਿਹਾਰ ਅਤੇ ਨਵੀਂ ਦਿੱਲੀ ਰੇਲਵੇ ਸਟੇਸ਼ਨਾਂ ਤੋਂ ਚੱਲਣਗੀਆਂ। ਇਨ੍ਹਾਂ ਰੇਲਗੱਡੀਆਂ ਵਿੱਚ ਵਾਧੂ ਡੱਬੇ ਜੋੜੇ ਜਾਣਗੇ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਯਾਤਰੀਆਂ ਨੂੰ ਬੈਠਣ ਦੀ ਸਮੱਸਿਆ ਦਾ ਸਾਹਮਣਾ ਨਾ ਕਰਨਾ ਪਵੇ। ਰੇਲਵੇ ਨੇ ਸੁਰੱਖਿਆ ਪ੍ਰਬੰਧਾਂ 'ਤੇ ਵੀ ਵਿਸ਼ੇਸ਼ ਧਿਆਨ ਦਿੱਤਾ ਹੈ। ਸਟੇਸ਼ਨ 'ਤੇ ਆਰਪੀਐਫ ਕਰਮਚਾਰੀਆਂ ਦੀ ਗਿਣਤੀ ਵਧਾਈ ਜਾ ਰਹੀ ਹੈ। ਇਸ ਤੋਂ ਇਲਾਵਾ, ਭੀੜ ਨੂੰ ਪ੍ਰਬੰਧਿਤ ਕਰਨ ਲਈ ਸਟੇਸ਼ਨ ਦੇ ਪ੍ਰਵੇਸ਼ ਅਤੇ ਨਿਕਾਸ ਰੂਟਾਂ ਨੂੰ ਬਦਲ ਦਿੱਤਾ ਗਿਆ ਹੈ। ਯਾਤਰੀਆਂ ਨੂੰ ਘੋਸ਼ਣਾਵਾਂ ਅਤੇ ਡਿਜੀਟਲ ਡਿਸਪਲੇਅ ਰਾਹੀਂ ਇਨ੍ਹਾਂ ਨਵੇਂ ਪ੍ਰਬੰਧਾਂ ਬਾਰੇ ਸੂਚਿਤ ਕੀਤਾ ਜਾਵੇਗਾ।

ਰੇਲਵੇ ਨੇ ਇਹ ਵੀ ਕਿਹਾ ਹੈ ਕਿ ਤਿਉਹਾਰਾਂ ਦੀ ਭੀੜ ਨੂੰ ਸੰਭਾਲਣ ਲਈ ਅਸਥਾਈ ਟਿਕਟ ਕਾਊਂਟਰ ਸਥਾਪਤ ਕੀਤੇ ਜਾਣਗੇ, ਅਤੇ ਔਨਲਾਈਨ ਟਿਕਟ ਬੁਕਿੰਗ ਪ੍ਰਣਾਲੀ ਨੂੰ ਹੋਰ ਵਧਾਇਆ ਗਿਆ ਹੈ। ਔਨਲਾਈਨ ਟਿਕਟਾਂ ਬੁੱਕ ਕਰਨ ਵਾਲੇ ਯਾਤਰੀਆਂ ਨੂੰ ਟੈਕਸਟ ਸੁਨੇਹੇ ਰਾਹੀਂ ਰੇਲਗੱਡੀ ਅਤੇ ਸਟੇਸ਼ਨ ਬਾਰੇ ਪਹਿਲਾਂ ਤੋਂ ਜਾਣਕਾਰੀ ਪ੍ਰਾਪਤ ਹੋਵੇਗੀ। ਇਸ ਵੇਲੇ, ਦਿੱਲੀ-ਐਨਸੀਆਰ ਸਟੇਸ਼ਨਾਂ 'ਤੇ ਯਾਤਰੀਆਂ ਦੀ ਆਵਾਜਾਈ ਆਮ ਜਾਪਦੀ ਹੈ, ਪਰ ਅਗਲੇ 10 ਦਿਨਾਂ ਵਿੱਚ ਇਸ ਵਿੱਚ ਕਾਫ਼ੀ ਵਾਧਾ ਹੋਣ ਦੀ ਉਮੀਦ ਹੈ। ਉੱਤਰੀ ਰੇਲਵੇ ਦੇ ਅਨੁਸਾਰ, ਯਾਤਰੀਆਂ ਦੀ ਸਹੂਲਤ ਲਈ, ਭੀੜ ਨੂੰ ਪ੍ਰਬੰਧਿਤ ਕਰਨ ਲਈ ਪਲੇਟਫਾਰਮਾਂ 'ਤੇ ਹੋਲਡਿੰਗ ਖੇਤਰਾਂ ਦੀ ਗਿਣਤੀ ਵਧਾਈ ਜਾ ਰਹੀ ਹੈ। ਇਸ ਤੋਂ ਇਲਾਵਾ, ਯਾਤਰਾ ਦੌਰਾਨ ਸੁਰੱਖਿਆ, ਸਫਾਈ ਅਤੇ ਸਮੇਂ ਦੀ ਪਾਬੰਦਤਾ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ। ਰੇਲਵੇ ਦਾ ਕਹਿਣਾ ਹੈ ਕਿ ਇਸ ਤਿਉਹਾਰੀ ਸੀਜ਼ਨ ਦੌਰਾਨ ਯਾਤਰੀਆਂ ਨੂੰ ਕਿਸੇ ਵੀ ਤਰ੍ਹਾਂ ਦੀ ਅਸੁਵਿਧਾ ਦਾ ਸਾਹਮਣਾ ਨਾ ਕਰਨਾ ਪਵੇ, ਇਸ ਲਈ ਹਰ ਪੱਧਰ 'ਤੇ ਤਿਆਰੀਆਂ ਪੂਰੀਆਂ ਕਰ ਲਈਆਂ ਗਈਆਂ ਹਨ। ਸਾਰੇ ਜ਼ੋਨਲ ਦਫਤਰਾਂ ਅਤੇ ਰੇਲਵੇ ਸਟੇਸ਼ਨਾਂ ਨੂੰ ਕਿਸੇ ਵੀ ਐਮਰਜੈਂਸੀ ਦਾ ਤੁਰੰਤ ਜਵਾਬ ਦੇਣ ਅਤੇ ਯਾਤਰੀਆਂ ਨੂੰ ਹਰ ਸੰਭਵ ਸਹਾਇਤਾ ਪ੍ਰਦਾਨ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ।

# ਦਿੱਲੀ ਅਤੇ ਗੁਰੂਗ੍ਰਾਮ ਨੂੰ 20 ਮਿੰਟਾਂ ਵਿੱਚ ਜੋੜਨ ਬਣਾਇਆ ਜਾ ਰਿਹੈ ਸਿਗਨਲ-ਮੁਕਤ ਐਕਸਪ੍ਰੈਸਵੇ

ਨਵੀਂ ਦਿੱਲੀ 9 ਅਕਤੂਬਰ (ਚ.ਨ.ਸ.): ਦਿੱਲੀ ਅਤੇ ਗੁਰੂਗ੍ਰਾਮ ਵਿਚਕਾਰ ਯਾਤਰਾ ਹੁਣ 20 ਮਿੰਟ ਰਹਿ ਜਾਵੇਗੀ। ਵਰਤਮਾਨ ਵਿੱਚ, ਇਨ੍ਹਾਂ ਦੋਵਾਂ ਸ਼ਹਿਰਾਂ ਵਿਚਕਾਰ ਯਾਤਰਾ ਕਰਨ ਵਿੱਚ ਡੇਢ ਤੋਂ ਦੋ ਘੰਟੇ ਲੱਗਦੇ ਹਨ। ਜੇਕਰ ਟ ?ਰੈਫਿਕ ਜਾਮ ਹੁੰਦਾ ਹੈ, ਤਾਂ ਇਹ ਸਮਾਂ ਹੋਰ ਵੀ ਵੱਧ ਜਾਂਦਾ ਹੈ। ਇਸ ਨੂੰ ਧਿਆਨ ਵਿੱਚ ਰੱਖਦੇ ਹੋਏ, ਕੇਂਦਰ ਸਰਕਾਰ ਇੱਕ ਸਿਗਨਲ-ਮੁਕਤ ਐਕਸਪ੍ਰੈਸਵੇ ਬਣਾਉਣ ਦੀ ਯੋਜਨਾ ਬਣਾ ਰਹੀ ਹੈ। ਇਹ ਐਕਸਪ੍ਰੈਸਵੇ 35 ਕਿਲੋਮੀਟਰ ਲੰਬਾ ਹੋਵੇਗਾ, ਜੋ ਦਿੱਲੀ ਏਮਜ਼ ਤੋਂ ਮਹੀਪਾਲਪੁਰ ਰਾਹੀਂ ਗੁਰੂਗ੍ਰਾਮ ਤੱਕ ਚੱਲੇਗਾ। ਇਸਦਾ ਡੀਪੀਆਰ ਵੀ ਜਲਦੀ ਹੀ ਤਿਆਰ ਕੀਤਾ ਜਾਵੇਗਾ, ਜਿਸ ਤੋਂ ਬਾਅਦ ਇਹ ਸਪੱਸ਼ਟ ਹੋ ਜਾਵੇਗਾ ਕਿ ਐਕਸਪ੍ਰੈਸਵੇ ਦਾ ਕਿੰਨਾ ਹਿੱਸਾ ਭੂਮੀਗਤ ਹੋਵੇਗਾ ਅਤੇ ਕਿੰਨਾ ਉੱਚਾ ਕੀਤਾ ਜਾਵੇਗਾ। ਵਰਤਮਾਨ ਵਿੱਚ, ਗੁਰੂਗ੍ਰਾਮ-ਫਰੀਦਾਬਾਦ ਰੋਡ ਤੱਕ ਪਹੁੰਚਣ ਵਿੱਚ ਲਗਭਗ ਦੋ ਘੰਟੇ ਲੱਗਦੇ ਹਨ। ਇੱਕ ਵਾਰ ਸਿਗਨਲ-ਮੁਕਤ ਐਕਸਪ੍ਰੈਸਵੇ ਪੂਰਾ ਹੋਣ ਤੋਂ ਬਾਅਦ, ਗੁਰੂਗ੍ਰਾਮ-ਫਰੀਦਾਬਾਦ ਰੋਡ ਤੱਕ ਪਹੁੰਚਣ ਵਿੱਚ 20 ਤੋਂ 25 ਮਿੰਟ ਲੱਗਣਗੇ। ਇਸ ਨਾਲ ਸਿਰਹੌਲ ਬਾਰਡਰ ਤੋਂ ਮਹੀਪਾਲਪੁਰ ਤੱਕ ਦਿੱਲੀ-ਗੁਰੂਗ੍ਰਾਮ ਐਕਸਪ੍ਰੈਸਵੇ 'ਤੇ ਆਵਾਜਾਈ ਦੀ ਭੀੜ ਘੱਟ ਜਾਵੇਗੀ। ਇਸ ਨਾਲ ਨਾ ਸਿਰਫ਼ ਸਮਾਂ ਬਚੇਗਾ ਸਗੋਂ ਪ੍ਰਦੂਸ਼ਣ ਵੀ ਘੱਟ ਹੋਵੇਗਾ। ਵਰਤਮਾਨ ਵਿੱਚ, ਭੀੜ-ਭੜੱਕੇ ਵਾਲੇ ਸਮੇਂ ਦੌਰਾਨ, ਏਮਜ਼ ਤੋਂ ਗੁਰੂਗ੍ਰਾਮ ਵਿੱਚ ਸਿਰਹੌਲ ਬਾਰਡਰ ਤੱਕ ਯਾਤਰਾ ਕਰਨ ਵਿੱਚ ਘੱਟੋ-ਘੱਟ ਡੇਢ ਘੰਟਾ ਲੱਗਦਾ ਹੈ। ਨਵਾਂ ਐਕਸਪ੍ਰੈਸਵੇ ਗੁਰੂਗ੍ਰਾਮ-ਫਰੀਦਾਬਾਦ ਰੋਡ ਨਾਲ ਜੁੜੇਗਾ। ਗੁਰੂਗ੍ਰਾਮ-ਫਰੀਦਾਬਾਦ ਰੋਡ ਘਾਟਾ ਪਿੰਡ ਦੇ ਨੇੜੇ ਦੱਖਣੀ ਪੈਰੀਫਿਰਲ ਰੋਡ (SPR) ਨਾਲ ਜੁੜਦਾ ਹੈ, ਜੋ ਅੱਗੇ ਦਿੱਲੀ-ਗੁਰੂਗ੍ਰਾਮ ਐਕਸਪ੍ਰੈਸਵੇਅ ਅਤੇ ਦਵਾਰਕਾ ਐਕਸਪ੍ਰੈਸਵੇਅ ਨਾਲ ਜੁੜਦਾ ਹੈ। ਗੁਰੂਗ੍ਰਾਮ-ਸੋਹਨਾ ਹਾਈਵੇ ਵਾਟਿਕਾ ਚੌਕ ਵਿੱਚੋਂ ਲੰਘਦਾ ਹੈ, ਜੋ ਅੱਗੇ ਸੋਹਨਾ ਤੋਂ ਠੀਕ ਪਹਿਲਾਂ ਅਲੀਪੁਰ ਪਿੰਡ ਦੇ ਨੇੜੇ ਦਿੱਲੀ-ਮੁੰਬਈ ਐਕਸਪ੍ਰੈਸਵੇਅ ਨਾਲ ਜੁੜਦਾ ਹੈ। ਇਹ ਹਾਈਵੇਅ ਦੀ ਸਰਵਿਸ ਲੇਨ ਨਾਲ ਜੁੜਦਾ ਹੈ। ਵਾਟਿਕਾ ਚੌਕ ਤੋਂ ਘਾਟਾ ਪਿੰਡ ਤੱਕ ਦੇ ਹਿੱਸੇ ਨੂੰ ਗੋਲਫ ਕੋਰਸ ਐਕਸਟੈਂਸ਼ਨ ਰੋਡ ਵਜੋਂ ਜਾਣਿਆ ਜਾਂਦਾ ਹੈ। ਇਸ ਤਰ੍ਹਾਂ, ਮਹੀਪਾਲਪੁਰ ਐਕਸਪ੍ਰੈਸਵੇਅ ਰਾਹੀਂ ਏਮਜ਼-ਗੁਰੂਗ੍ਰਾਮ ਨਾ ਸਿਰਫ਼ ਸਾਈਬਰ ਸਿਟੀ ਅਤੇ ਦੱਖਣੀ ਦਿੱਲੀ ਦੇ ਨਿਵਾਸੀਆਂ ਨੂੰ ਲਾਭ ਪਹੁੰਚਾਏਗਾ, ਸਗੋਂ ਦਿੱਲੀ ਅਤੇ ਹਰਿਆਣਾ ਦੇ ਵੱਖ-ਵੱਖ ਖੇਤਰਾਂ ਦੇ ਨਿਵਾਸੀਆਂ ਨੂੰ ਵੀ ਸਿੱਧਾ ਲਾਭ ਪਹੁੰਚਾਏਗਾ।



# ਵਾਨਖੇੜੇ ਦੀ ਪਟੀਸ਼ਨ 'ਤੇ ਰੈੱਡ ਚਿਲੀਜ਼ ਐਂਟਰਟੇਨਮੈਂਟ ਤੇ ਨੈੱਟਫਲਿਕਸ ਨੂੰ ਨੋਟਿਸ ਜਾਰੀ

ਨਵੀਂ ਦਿੱਲੀ 9 ਅਕਤੂਬਰ (ਚ. ਨ. ਸ.):ਦਿੱਲੀ ਹਾਈ ਕੋਰਟ ਨੇ ਬੁੱਧਵਾਰ ਨੂੰ ਆਈ.ਆਰ.ਐਸ. ਅਧਿਕਾਰੀ ਸਮੀਰ ਵਾਨਖੇੜੇ ਵੱਲੋਂ ਦਾਇਰ ਕੀਤੇ ਮਾਣਹਾਨੀ ਦੇ ਕੇਸ 'ਤੇ ਅਦਾਕਾਰ ਸ਼ਾਹਰੁਖ ਖਾਨ, ਰੈੱਡ ਚਿਲੀਜ਼ ਐਂਟਰਟੇਨਮੈਂਟ ਅਤੇ ਨੈੱਟਫਲਿਕਸ ਨੂੰ ਨੋਟਿਸ ਜਾਰੀ ਕੀਤਾ ਹੈ। ਇਸ ਵਿੱਚ ਵਿੱਚ ਦੋਸ਼ ਲਾਇਆ ਗਿਆ ਹੈ ਕਿ ਉਨ੍ਹਾਂ ਦੀ ਸੀਰੀਜ਼ 'The Ba***ds of Bollywood*' ਵਿੱਚ ਉਨ੍ਹਾਂ ਦੀ ਸਾਖ ਨੂੰ ਖ਼ਰਾਬ ਕੀਤਾ ਗਿਆ ਹੈ। ਜਸਟਿਸ ਪੁਰੂਸ਼ੈਂਦਰ ਕੁਮਾਰ ਕੌਰਵ ਨੇ ਮਾਣਹਾਨੀ ਦੇ ਮੁਕੱਦਮੇ 'ਤੇ ਬਚਾਅ ਪੱਖਾਂ—ਗੌਰੀ ਖਾਨ ਦੀ ਮਲਕੀਅਤ ਵਾਲੀ ਰੈੱਡ ਚਿਲੀਜ਼ ਐਂਟਰਟੇਨਮੈਂਟ ਪ੍ਰਾਈਵੇਟ ਲਿਮਟਿਡ, ਨੈੱਟਫਲਿਕਸ, ਐਕਸ ਕਾਰਪ (ਪਹਿਲਾਂ ਟਵਿੱਟਰ), ਗੂਗਲ ਐੱਲ.ਐੱਲ.ਸੀ., ਮੇਟਾ ਪਲੇਟਫਾਰਮਸ, ਆਰ.ਪੀ.ਐਸ.ਜੀ. ਲਾਈਫਸਟਾਈਲ ਮੀਡੀਆ ਪ੍ਰਾਈਵੇਟ ਲਿਮਟਿਡ ਅਤੇ ਜੌਹਨ ਡੋ—ਨੂੰ ਸੰਮਨ ਜਾਰੀ ਕੀਤੇ ਅਤੇ ਉਨ੍ਹਾਂ ਨੂੰ ਸੱਤ ਦਿਨਾਂ ਦੇ ਅੰਦਰ ਆਪਣੇ ਜਵਾਬ ਦਾਇਰ ਕਰਨ ਲਈ ਕਿਹਾ।

# ਨਵਰਾਤਰੀ ਦੌਰਾਨ ਯਾਤਰੀ ਵਾਹਨਾਂ ਦੀ ਪ੍ਰਚੂਨ ਵਿਕਰੀ ਵਿੱਚ ਵਾਧਾ

ਨਵੀਂ ਦਿੱਲੀ 9 ਅਕਤੂਬਰ (ਚ.ਨ.ਸ.): ਹਾਲ ਹੀ ਦੇ ਨਵਰਾਤਰੀ ਸੀਜ਼ਨ ਦੌਰਾਨ ਯਾਤਰੀ ਵਾਹਨਾਂ ਦੀ ਪ੍ਰਚੂਨ ਵਿਕਰੀ ਵਿੱਚ ਵਾਧਾ ਦੇਖਿਆ ਗਿਆ। ਇਸ ਸਮੇਂ ਦੌਰਾਨ, ਯਾਤਰੀ ਵਾਹਨਾਂ ਦੀ ਪ੍ਰਚੂਨ ਵਿਕਰੀ ਸਾਲ-ਦਰ-ਸਾਲ 35 ਪ੍ਰਤੀਸ਼ਤ ਵਧ ਕੇ 217,744 ਯੂਨਿਟ ਹੋ ਗਈ, ਜੋ ਪਿਛਲੇ ਸਾਲ ਇਸੇ ਸਮੇਂ ਦੌਰਾਨ 161,443 ਯੂਨਿਟ ਸੀ। ਇਹ ਜਾਣਕਾਰੀ ਫੈਡਰੇਸ਼ਨ ਆਫ ਆਟੋਮੋਬਾਈਲ ਡੀਲਰਜ਼ ਐਸੋਸੀਏਸ਼ਨ (ਐਫਏਡੀਏ) ਦੁਆਰਾ ਪ੍ਰਦਾਨ ਕੀਤੀ ਗਈ ਹੈ। ਫਾਡਾ ਦੇ ਅਨੁਸਾਰ, ਸਤੰਬਰ ਦੇ ਪਹਿਲੇ 21 ਦਿਨਾਂ ਵਿੱਚ ਵਿਕਰੀ ਹੌਲੀ ਰਹੀ ਅਤੇ 22 ਸਤੰਬਰ ਨੂੰ ਨਵੇਂ ਵਸਤੂਆਂ ਅਤੇ ਸੇਵਾਵਾਂ ਟੈਕਸ (ਜੀਐਸਟੀ) ਦਰਾਂ ਲਾਗੂ ਹੋਣ ਤੋਂ ਬਾਅਦ ਇਸ ਵਿੱਚ ਤੇਜ਼ੀ ਆਈ। ਆਟੋ ਡੀਲਰਾਂ ਦੀ ਐਸੋਸੀਏਸ਼ਨ ਦੇ ਅਨੁਸਾਰ, ਇਹਨਾਂ ਉੱਚ ਵਿਕਰੀਆਂ ਦੇ ਕਾਰਨ, ਸਤੰਬਰ ਵਿੱਚ ਯਾਤਰੀ ਵਾਹਨਾਂ ਦੀ ਪ੍ਰਚੂਨ ਵਿਕਰੀ ਸਾਲ-ਦਰ-ਸਾਲ ਛੇ ਪ੍ਰਤੀਸ਼ਤ ਵਧ ਕੇ 282,945 ਯੂਨਿਟਾਂ ਤੋਂ 299,369 ਯੂਨਿਟ ਹੋ ਗਈ। 22 ਸਤੰਬਰ ਤੋਂ ਬਾਅਦ ਨਵੀਆਂ ਜੀਐਸਟੀ ਦਰਾਂ ਲਾਗੂ ਹੋਣ ਤੋਂ ਬਾਅਦ ਕੀਮਤਾਂ ਵਿੱਚ ਕਮੀ ਦੀ ਉਮੀਦ ਕਰ ਰਹੇ ਗਾਹਕਾਂ ਨੇ ਮਹੀਨੇ ਦੇ ਪਹਿਲੇ ਅੱਧ ਵਿੱਚ ਖਰੀਦਦਾਰੀ ਰੋਕ ਦਿੱਤੀ। 6141 ਦੇ ਉਪ ਪ੍ਰਧਾਨ ਸਾਈ ਗਿਰੀਧਰ ਨੇ ਇੱਕ ਬਿਆਨ ਵਿੱਚ ਕਿਹਾ, ÷ਸਤੰਬਰ 2025 ਭਾਰਤੀ ਆਟੋਮੋਟਿਵ ਪ੍ਰਚੂਨ ਉਦਯੋਗ ਲਈ ਇੱਕ ਬਹੁਤ ਹੀ ਵਿਲੱਖਣ ਮਹੀਨਾ ਸੀ। ਪਹਿਲੇ ਤਿੰਨ ਹਫ਼ਤੇ ਵੱਡੇ ਪੱਧਰ 'ਤੇ ਘੱਟ ਰਹੇ ਕਿਉਂਕਿ ਗਾਹਕ GST 2.0 ਸੁਧਾਰਾਂ ਦੀ ਉਮੀਦ ਵਿੱਚ ਪਿੱਛੇ ਰਹਿ ਗਏ ਸਨ। ਹਾਲਾਂਕਿ, ਆਖਰੀ ਹਫ਼ਤੇ ਸਥਿਤੀ ਨਾਟਕੀ ਢੰਗ ਨਾਲ ਬਦਲ ਗਈ ਕਿਉਂਕਿ ਨਵਰਾਤਰੀ ਤਿਉਹਾਰ ਘੱਟ GST ਦਰਾਂ ਨੂੰ ਲਾਗੂ ਕਰਨ, ਗਾਹਕਾਂ ਦੀ ਭਾਵਨਾ ਵਿੱਚ ਸੁਧਾਰ ਅਤੇ ਜ਼ਿਆਦਾਤਰ ਵਾਹਨ ਸ਼੍ਰੇਣੀਆਂ ਵਿੱਚ ਵਿਕਰੀ ਨੂੰ ਵਧਾਉਣ ਦੇ ਨਾਲ ਮੇਲ ਖਾਂਦਾ ਸੀ।÷ ਉਨ੍ਹਾਂ ਅੱਗੇ ਕਿਹਾ ਕਿ ਨਤੀਜੇ ਵਜੋਂ, ਮਹੀਨਾ ਸਾਲ-ਦਰ-ਸਾਲ ਕੁੱਲ 5 ਪ੍ਰਤੀਸ਼ਤ ਵਿਕਾਸ ਦੇ ਨਾਲ ਖਤਮ ਹੋਇਆ, ਤਿੰਨ-ਪਹੀਆ ਵਾਹਨਾਂ ਅਤੇ ਨਿਰਮਾਣ ਉਪਕਰਣਾਂ ਨੂੰ ਛੱਡ ਕੇ ਸਾਰੇ ਹਿੱਸਿਆਂ ਵਿੱਚ ਸਕਾਰਾਤਮਕ ਗਤੀ ਦੇਖੀ ਗਈ। 6141 ਦੇ ਅਨੁਸਾਰ, ਸਤੰਬਰ ਦੇ ਆਖਰੀ ਦਿਨ ਪੈਦਾ ਹੋਈ ਗਤੀ ਦੀਵਾਲੀ ਤੱਕ ਜਾਰੀ ਰਹੇਗੀ, 42 ਦਿਨਾਂ ਦੇ ਤਿਉਹਾਰ ਦੀ ਮਿਆਦ ਦੇ ਸਕਾਰਾਤਮਕ ਨੋਟ 'ਤੇ ਖਤਮ ਹੋਣ ਦੀ ਉਮੀਦ ਹੈ। ਅੰਕੜਿਆਂ ਅਨੁਸਾਰ, ਪਿਛਲੇ ਮਹੀਨੇ ਦੋਪਹੀਆ ਵਾਹਨਾਂ ਦੀ ਪ੍ਰਚੂਨ ਵਿਕਰੀ 1,287,735 ਯੂਨਿਟ ਰਹੀ, ਜੋ ਕਿ ਸਤੰਬਰ 2024 ਵਿੱਚ 1,208,996 ਯੂਨਿਟਾਂ ਤੋਂ ਸੱਤ ਪ੍ਰਤੀਸ਼ਤ ਵੱਧ ਹੈ। ਨਵਰਾਤਰੀ ਸਮੇਂ ਦੌਰਾਨ ਵਿਕਰੀ 36 ਪ੍ਰਤੀਸ਼ਤ ਵਧ ਕੇ 8,35,364 ਯੂਨਿਟ ਹੋ ਗਈ, ਜੋ ਪਿਛਲੇ ਸਾਲ ਇਸੇ ਸਮੇਂ ਵਿੱਚ 6,14,460 ਯੂਨਿਟ ਸੀ। ਸਤੰਬਰ 2025 ਵਿੱਚ ਤਿੰਨ ਪਹੀਆ ਵਾਹਨਾਂ ਦੀ ਪ੍ਰਚੂਨ ਵਿਕਰੀ 98,866 ਯੂਨਿਟ ਸੀ, ਜੋ ਕਿ ਸਤੰਬਰ 2024 ਵਿੱਚ 1,06,534 ਯੂਨਿਟਾਂ ਦੇ ਮੁਕਾਬਲੇ ਸੱਤ ਪ੍ਰਤੀਸ਼ਤ ਘੱਟ ਹੈ। ਨਵਰਾਤਰੀ ਦੌਰਾਨ ਪ੍ਰਚੂਨ ਵਿਕਰੀ 46,204 ਯੂਨਿਟ ਸੀ, ਜੋ ਕਿ ਪਿਛਲੇ ਸਾਲ ਇਸੇ ਸਮੇਂ ਵਿੱਚ 37,097 ਯੂਨਿਟਾਂ ਦੇ ਮੁਕਾਬਲੇ 25 ਪ੍ਰਤੀਸ਼ਤ ਵੱਧ ਹੈ।



ਪਿਛਲੇ ਮਹੀਨੇ ਵਪਾਰਕ ਵਾਹਨਾਂ ਦੀ ਵਿਕਰੀ ਤਿੰਨ ਪ੍ਰਤੀਸ਼ਤ ਵਧ ਕੇ 72,124 ਯੂਨਿਟ ਹੋ ਗਈ, ਜੋ ਕਿ ਪਿਛਲੇ ਸਾਲ ਇਸੇ ਮਹੀਨੇ ਵਿੱਚ 70,254 ਯੂਨਿਟ ਸੀ। ਨਵਰਾਤਰੀ ਦੌਰਾਨ ਇਸ ਸੈਗਮੈਂਟ ਵਿੱਚ ਵਿਕਰੀ ਸਾਲ-ਦਰ-ਸਾਲ 15 ਪ੍ਰਤੀਸ਼ਤ ਵਧ ਕੇ 33,856 ਯੂਨਿਟ ਹੋ ਗਈ। ਟਰੈਕਟਰ ਪ੍ਰਚੂਨ ਵਿਕਰੀ ਸਤੰਬਰ ਵਿੱਚ ਸਾਲ-ਦਰ-ਸਾਲ ਚਾਰ ਪ੍ਰਤੀਸ਼ਤ ਵਧ ਕੇ 64,785 ਯੂਨਿਟ ਹੋ ਗਈ। ਨਵਰਾਤਰੀ ਦੌਰਾਨ ਪ੍ਰਚੂਨ ਵਿਕਰੀ 19 ਪ੍ਰਤੀਸ਼ਤ ਵਧ ਕੇ 21,604 ਯੂਨਿਟ ਹੋ ਗਈ, ਜੋ ਪਿਛਲੇ ਸਾਲ ਇਸੇ ਸਮੇਂ ਵਿੱਚ 18,203 ਯੂਨਿਟ ਸੀ। ਪਿਛਲੇ ਮਹੀਨੇ ਸਾਰੇ ਸੈਗਮੈਂਟਾਂ ਵਿੱਚ ਕੁੱਲ ਵਿਕਰੀ 18,27,337 ਯੂਨਿਟ ਰਹੀ, ਜੋ ਸਤੰਬਰ 2024 ਵਿੱਚ 17,36,760 ਯੂਨਿਟਾਂ ਤੋਂ ਪੰਜ ਪ੍ਰਤੀਸ਼ਤ ਵੱਧ ਹੈ।

# ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਵਸ ਸਬੰਧੀ ਕਢੀ ਯਾਤਰਾ ਬਰਨਾਲਾ ਵਿਖੇ ਪਹੁੰਚੇਗੀ : ਡੀ.ਸੀ.



ਬਰਨਾਲਾ, 9 ਅਕਤੂਬਰ (ਬਘੇਲ ਸਿੰਘ ਧਾਲੀਵਾਲ) : ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਦਿਵਸ ਨੂੰ ਮਨਾਉਣ ਲਈ ਕੱਢੀ ਜਾ ਰਹੀ ਯਾਤਰਾ ਜ਼ਿਲ੍ਹਾ ਬਰਨਾਲਾ ਵਿਖੇ ਗੁਰੂਦੁਵਾਰਾ ਸੋਹੀਆਣਾ ਸਾਹਿਬ ’ਤੇ ਰੁਕੇਗੀ। ਜ਼ਿਲ੍ਹਾ ਬਠਿੰਡਾ ਤੋਂ ਆ ਰਹੀ ਇਸ ਯਾਤਰਾ ਨੂੰ ਜ਼ਿਲ੍ਹਾ ਪ੍ਰਸ਼ਾਸਨ ਬਰਨਾਲਾ ਅਤੇ ਸ਼ਰਧਾਲੂਆਂ ਵੱਲੋਂ ਗੁਰੂਦੁਵਾਰਾ ਸੋਹੀਆਣਾ ਸਾਹਿਬ ਵਿਖੇ ਸਵਾਗਤ ਕੀਤਾ ਜਾਵੇਗਾ। ਇਸ ਤੋਂ ਇਲਾਵਾ ਗੁਰੂ ਸਾਹਿਬਾਨ ਦੀ ਕੁਰਬਾਨੀ ਨੂੰ ਦਰਸਾਉਂਦਾ ਲਾਈਟ ਐਂਡ ਸਾਊਂਡ ਸ਼ੋਅ ਵੀ ਕਰਵਾਇਆ ਜਾਵੇਗਾ। ਡਿਪਟੀ ਕਮਿਸ਼ਨਰ ਬਰਨਾਲਾ ਟੀ ਬੈਨਿਥ ਨੇ ਇਹ ਜਾਣਕਾਰੀ ਗੁਰੂ ਸਾਹਿਬਾਨ ਦੇ 350ਵੇਂ ਸ਼ਹੀਦੀ ਦਿਹਾੜੇ ਸਬੰਧੀ ਜ਼ਿਲ੍ਹਾ ਬਰਨਾਲਾ ’ਚ ਕਰਵਾਏ ਜਾਣ ਵਾਲੇ ਸਮਾਗਮਾਂ ਦੀ ਬੈਠਕ ਦੀ ਪ੍ਰਧਾਨਗੀਆਂ ਕਰਦਿਆਂ ਦਿੱਤੀ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਬਰਨਾਲਾ ’ਚ ਯਾਤਰਾ ਦਾ ਭਰਵਾਂ ਸਵਾਗਤ ਗੁਰੂਦਵਾਰਾ ਸੋਹੀਆਣਾ ਸਾਹਿਬ ਵਿਖੇ ਕੀਤਾ ਜਾਵੇਗਾ ਜਿਥੇ ਸੰਗਤਾਂ ਲਈ ਲੰਗਰ ਆਦਿ ਦਾ ਵੀ ਪ੍ਰਬੰਧ ਹੋਵੇਗਾ। ਗੁਰੂਦਵਾਰਾ ਸੋਹੀਆਣਾ ਸਾਹਿਬ ਤੋਂ ਯਾਤਰਾ ਹੰਡਿਆਇਆ ਵਿਖੇ ਪੁੱਜੇਗੀ। ਹੰਡਿਆਇਆ ਤੋਂ ਕਚਹਿਰੀ ਚੌਂਕ, ਗੁਰੂਦਵਾਰਾ ਨਾਨਕਸਰ ਸਾਹਿਬ, ਆਈ ਟੀ ਆਈ ਚੌਂਕ ਤੋਂ ਬਡਬਰ ਟੋਲ ਪਲਾਜ਼ਾ ਵਿਖੇ ਪੁੱਜੇਗੀ। ਉਨ੍ਹਾਂ ਹਦਾਇਤ ਕੀਤੀ ਕਿ ਯਾਤਰਾ ਦੇ ਰੂਟ ਦੀ ਚੰਗੀ ਤਰ੍ਹਾਂ ਸਾਫ਼ ਸਫ਼ਾਈ ਕੀਤੀ ਜਾਵੇ, ਸੜਕਾਂ ਦੀ ਮੁਰੰਮਤ ਕੀਤੀ ਜਾਵੇ ਅਤੇ ਇਸ ਗੱਲ ਨੂੰ ਯਕੀਨੀਂ ਬਣਾਇਆ ਜਾਵੇ ਕਿ ਸ਼ਰਧਾਲੂਆਂ ਨੂੰ ਕਿਸੇ ਕਿਸਮ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ। ਡਿਪਟੀ ਕਮਿਸ਼ਨਰ ਨੇ ਪੁਲਿਸ ਵਿਭਾਗ ਨੂੰ ਹਦਾਇਤ ਕੀਤੀ ਕਿ ਯਾਤਰਾ ਦੌਰਾਨ ਟਰੈਫਿਕ ਤੇ ਸੁਰੱਖਿਆ ਦੇ ਪੁਖਤਾ ਪ੍ਰਬੰਧ ਕੀਤੇ ਜਾਣ। ਨਾਲ ਹੀ ਟਰੈਫਿਕ ਸਬੰਧੀ ਡਾਇਵਰਸ਼ਨ ਅਤੇ ਬੇਰਿਕੈਡਿੰਗ ਦਾ ਵੀ ਵਿਸ਼ੇਸ਼ ਖਿਆਲ ਰੱਖਿਆ ਜਾਵੇ।ਉਨ੍ਹਾਂ ਦੱਸਿਆ ਕਿ ਗੁਰੂ ਸਾਹਿਬਾਨ ਸਬੰਧੀ ਲਾਈਟ ਐਂਡ ਸਾਊਂਡ ਸ਼ੋਅ ਵੀ ਜ਼ਿਲ੍ਹੇ ਵਿੱਚ ਕਰਵਾਇਆ ਜਾਵੇਗਾ ਜਿਸ ਦਾ ਸਮਾਂ ਅਤੇ ਸਥਾਨ ਮੁਕਰਰ ਹੋਣ ’ਤੇ ਆਮ ਜਨਤਾ ਨੂੰ ਸੂਚਿਤ ਕਰ ਦਿੱਤਾ ਜਾਵੇਗਾ । ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਇਸ ਯਾਤਰਾ ਦਾ ਹਿੱਸਾ ਬਣਨ ਅਤੇ ਲਾਈਟ ਐਂਡ ਸਾਊਂਡ ਸ਼ੋਅ ਵਿੱਚ ਆਪਣੇ ਪਰਿਵਾਰਾਂ ਸਮੇਤ ਪੁੱਜਣ। ਬੈਠਕ ’ਚ ਵਧੀਕ ਡਿਪਟੀ ਕਮਿਸ਼ਨਰ ਮੈਡਮ ਅਨੁਪ੍ਰਿਤਾ ਜੌਹਲ, ਜ਼ਿਲ੍ਹਾ ਵਿਕਾਸ ਅਤੇ ਪੰਚਾਇਤ ਅਫ਼ਸਰ ਸਵਿੰਦਰ ਸਿੰਘ, ਕਾਰਜਕਾਰੀ ਇੰਜੀਨਿਅਰ ਲੋਕ ਨਿਰਮਾਣ ਵਿਭਾਗ ਹਰਸ਼ ਗੋਇਲ, ਜ਼ਿਲ੍ਹਾ ਮੰਡੀ ਅਫ਼ਸਰ ਬੀਰਇੰਦਰ ਸਿੰਘ, ਕਾਰਜਕਾਰੀ ਇੰਜੀਨਿਅਰ ਕੁਲਦੀਪ ਸਿੰਘ ਅਤੇ ਹੋਰ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

# ਵਿਸ਼ਵ ਦ੍ਰਿਸ਼ਟੀ ਦਿਵਸ ਮੌਕੇ ਲਗਾਇਆ ਅੱਖਾਂ ਦਾ ਜਾਂਚ ਤੇ ਜਾਗਰੂਕਤਾ ਕੈਂਪ



ਤਪਾ ਮੰਡੀ, 9 ਅਕਤੂਬਰ (ਭੂਸ਼ਨ ਘੜੈਲਾ) : ਸਿਵਲ ਸਰਜਨ ਡਾ. ਬਲਜੀਤ ਸਿੰਘ ਦੇ ਦਿਸ਼ਾ ਨਿਰਦੇਸ਼ਾਂ ’ਤੇ ਕਾਰਜਕਾਰੀ ਸੀਨੀਅਰ ਮੈਡੀਕਲ ਅਫ਼ਸਰ ਡਾ. ਕੰਵਲਜੀਤ ਸਿੰਘ ਬਾਜਵਾ ਦੀ ਅਗਵਾਈ ਅਧੀਨ ਸਿਹਤ ਬਲਾਕ ਤਪਾ ਅਧੀਨ ਵੱਖ ਵੱਖ ਸਿਹਤ ਕੇਂਦਰਾਂ ‘ਤੇ ਵਿਸ਼ਵ ਦ੍ਰਿਸ਼ਟੀ ਦਿਵਸ ਮਨਾਇਆ ਗਿਆ। ਇਸ ਮੌਕੇ ਆਮ ਲੋਕਾਂ ਨੂੰ ਅੱਖਾਂ ਦੀ ਸਾਂਭ -ਸੰਭਾਲ ਪ੍ਰਤੀ ਜਾਗਰੂਕ ਵੀ ਕੀਤਾ ਗਿਆ। ਇਸ ਤੋਂ ਇਲਾਵਾ ਅੱਖਾਂ ਦੇ ਮਾਹਿਰ ਡਾ. ਗੁਰਸਿਮਰਨ ਸਿੰਘ ਵੱਲੋਂ ਸ਼ਿਵਾਲਿਕ ਪਬਲਿਕ ਸਕੂਲ ਤਪਾ ਵਿਖੇ ਅੱਖਾਂ ਦਾ ਚੈਕਅੱਪ ਕੈਂਪ ਵੀ ਲਗਾਇਆ ਗਿਆ। ਇਸ ਮੌਕੇ ਉਨ੍ਹਾਂ ਕਿਹਾ ਕਿ ਮੋਬਾਇਲ, ਕੰਪਿਊਟਰ ਆਦਿ ਨੂੰ ਜ਼ਿਆਦਾ ਦੇਰ ਤੱਕ ਨਾ ਦੇਖਿਆ ਜਾਵੇ ਅਤੇ ਥੋੜ੍ਹੇ ਥੋੜ੍ਹੇ ਸਮੇਂ ਬਾਅਦ ਬ੍ਰੇਕ ਲੈ ਲਈ ਜਾਵੇ। ਹਨੇਰੇ ਜਾਂ ਘੱਟ ਰੌਸ਼ਨੀ ਵਿੱਚ ਮੋਬਾਈਲ ਫ਼ੋਨ ਜਾਂ ਟੀ ਵੀ ਨੂੰ ਦੇਖਣ ਤੋਂ ਗੁਰੇਜ਼ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਉਚਿੱਤ ਰੌਸ਼ਨੀ ਵਿੱਚ ਅਤੇ ਸਹੀ ਤਰੀਕੇ ਨਾਲ ਬੈਠ ਕੇ ਪੜ੍ਹਿਆ ਜਾਵੇ। ਪੜ੍ਹਦੇ ਜਾਂ ਖੇਡਦੇ ਸਮੇਂ ਨੁਕੀਲੀਆਂ ਵਸਤਾਂ ਤੋਂ ਬਚਾਅ ਰੱਖਿਆ ਜਾਵੇ। ਇਸ ਮੌਕੇ ਬਲਾਕ ਐਜੂਕੇਟਰ ਜਸਪਾਲ ਸਿੰਘ ਜਟਾਣਾ ਨੇ ਕਿਹਾ ਕਿ ਵਿਸ਼ਵ ਦ੍ਰਿਸ਼ਟੀ ਦਿਵਸ ਹਰ ਸਾਲ ਅਕਤੂਬਰ ਮਹੀਨੇ ਦੇ ਦੂਜੇ ਵੀਰਵਾਰ ਨੂੰ ਮਨਾਇਆ ਜਾਂਦਾ ਹੈ ਤੇ ਇਸ ਵਾਰ ਇਸ ਦਾ ਥੀਮ ‘ਆਪਣੀਆਂ ਅੱਖਾਂ ਨੂੰ ਪਿਆਰ ਕਰੋ’ ਹੈ। ਉਨ੍ਹਾਂ ਅੱਖਾਂ ਨੂੰ ਤੰਦਰੁਸਤ ਰੱਖਣ ਲਈ ਕਿਹਾ ਕਿ ਆਪਣੀ ਰੋਜ਼ਾਨਾ ਦੀ ਖ਼ੁਰਾਕ ਵਿੱਚ ਸੰਤੁਲਿਤ ਖ਼ੁਰਾਕ ਜਿਵੇਂ ਹਰੀਆਂ ਪੱਤੇਦਾਰ ਸਬਜ਼ੀਆਂ, ਫਲ ਅਤੇ ਸਲਾਦ ਨੂੰ ਜ਼ਰੂਰ ਸ਼ਾਮਿਲ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਜੇਕਰ ਅੱਖਾਂ ਦੀ ਰੌਸ਼ਨੀ ਘੱਟ ਹੋਣ ਜਾਂ ਕਿਸੇ ਕਿਸਮ ਦੀ ਹੋਰ ਤਕਲੀਫ਼ ਸਾਹਮਣੇ ਆਉਂਦੀ ਹੈ, ਤਾਂ ਬਿਨਾ ਦੇਰੀ ਤੋਂ ਤੁਰੰਤ ਸਿਹਤ ਕੇਂਦਰ ’ਤੇ ਸੰਪਰਕ ਕੀਤਾ ਜਾਵੇ। ਉਨ੍ਹਾਂ ਇਹ ਵੀ ਕਿਹਾ ਕਿ ਬਿਨਾ ਡਾਕਟਰੀ ਸਲਾਹ ਤੋਂ ਕੋਈ ਵੀ ਦਵਾਈ ਨਾ ਵਰਤੀ ਜਾਵੇ।

# ਸ਼ਹਿਰ ਵਿੱਚ ਨਵੇਂ ਟਰਾਂਸਫਾਰਮਰ ਲੱਗਣ ਕਾਰਨ ਬਿਜਲੀ ਕੱਟਾਂ ਤੋਂ ਮਿਲੇਗਾ ਛੁਟਕਾਰਾ : ਢਿਲਵਾਂ

ਤਪਾ ਮੰਡੀ 9 ਅਕਤੂਬਰ(ਭੂਸ਼ਨ ਘੜੈਲਾ) : ਪੰਜਾਬ ਸਰਕਾਰ 5 ਹਜਾਰ ਕਰੋੜ ਰੁਪਏ ਦੀ ਲਾਗਤ ਨਾਲ ਬਿਜਲੀ ਸੁਧਾਰ ਕਰਨ ਲਈ ਖਰਚ ਕਰ ਰਹੀ ਹੈ ਇਹ ਪ੍ਰਗਟਾਵਾ ਮਾਰਕੀਟ ਭਦੌੜ ਦੇ ਚੇਅਰਮੈਨ ਅੰਮ੍ਰਿਤ ਸਿੰਘ ਢਿਲਵਾਂ ਨੇ ਖੱਤਰੀਆਂ ਵਾਲੀ ਪਹੀ ‘ਚ 100 ਕੇ.ਵੀ ਕਪੈਸਟੀ ਦਾ ਉਦਘਾਟਨ ਕਰਨ ਸਮੇਂ ਕੀਤਾ। ਪਹਿਲਾਂ ਇਸ ਦਾ ਉਦਘਾਟਨ ਵਿਧਾਇਕ ਲਾਭ ਸਿੰਘ ਉਗੋਕੇ ਨੇ ਕਰਨਾ ਸੀ ਪਰ ਜਰੂਰੀ ਕੰਮਾਂ ਕਾਰਨ ਬਾਹਰ ਗਏ ਹੋਣ ਕਾਰਨ ਪਹੁੰਚ ਨਹੀਂ ਸਕੇ। ਉਨ੍ਹਾਂ ਦੱਸਿਆ ਕਿ 93 ਕਰੋੜ ਰੁਪਏ ਬਿਜਲੀ ਸੁਧਾਰਾਂ ਲਈ ਜਿਲਾ ਬਰਨਾਲਾ ਵਿੱਚ ਖਰਚੇ ਜਾ ਰਹੇ ਹਨ ਜਿਸ ਵਿੱਚ 43.6 ਕਰੋੜ ਰੁਪਏ 11 ਕੇ.ਵੀ ਫੀਡਰ ਲਗਾਏ ਜਾਣਗੇ ਅਤੇ ਪੁਰਾਣੇ ਪ੍ਰਬੰਧ ਦੇ ਸੁਧਾਰ ਲਈ 49.4 ਕਰੋੜ ਰੁਪਏ ਖਰਚੇ ਜਾ ਰਹੇ ਹਨ ਉਨ੍ਹਾਂ ਕਿਹਾ ਕਿ ਤਪਾ-ਭਦੌੜ ਦੇ ਖੇਤਰ ਵਿੱਚ 11 ਕੇ.ਵੀ ਗਰਿੱਡ ਲਗਾਏ ਜਾਣਗੇ। ਚੇਅਰਮੈਨ ਢਿਲਵਾਂ ਨੇ ਕਿਹਾ ਕਿ ਹੁਣ ਸ਼ਹਿਰ ਨਿਵਾਸੀਆਂ ਨੂੰ ਬਿਜਲੀ ਦੇ ਕੱਟਾਂ ਤੋਂ ਛੁਟਕਾਰਾ ਮਿਲੇਗਾ। ਉਨ੍ਹਾਂ ਕਿਹਾ ਕਿ ਪਹਿਲਿਆਂ ਸਰਕਾਰਾਂ ਸਮੇਂ ਸੂਬੇ ਵਿੱਚ ਹਨ੍ਹੇਰਾ ਛਾਇਆ ਰਹਿੰਦਾ ਸੀ,ਜਦੋਂ ਤੋਂ ਭਗਵੰਤ ਮਾਨ ਸਰਕਾਰ ਆਈ ਹੈ,ਉਦੋਂ ਤੋਂ ਸ਼ਹਿਰੀ ਅਤੇ ਖੇਤੀ ਸੈਕਟਰ ‘ਚ ਬਿਜਲੀ ਨਿਰਵਿਘਨ ਚੱਲ ਰਹੀ ਹੈ ਅਤੇ ਆਉਂਦੇ ਸਾਰ ਹੀ ਮੁੱਖ ਮੰਤਰੀ ਭਗਵੰਤ ਮਾਨ ਨੇ ਚੋਣਾਂ ਸਮੇਂ ਲੋਕਾਂ ਨਾਲ ਕੀਤਾ ਵਾਅਦਾ 300 ਯੂਨਿਟ ਬਿਜਲੀ ਮੁਫਤ ਕਰਕੇ 90 ਪ੍ਰਤੀਸਤ ਲੋਕਾਂ ਦੇ ਬਿਜਲੀ ਬਿੱਲ ਜੀਰੋ ਆ ਰਹੇ ਹਨ,ਜੋ ਸਰਕਾਰ ਦੀ ਸਭ ਤੋਂ ਵੱਡੀ ਪ੍ਰਾਪਤੀ ਹੈ।

ਇਸ ਮੌਕੇ ਹਾਜਰ ਪਾਵਰਕਾਮ ਸਬ-ਡਵੀਜਨ ਵਨ ਦੇ ਐਸ.ਡੀ.ਓ ਰਾਮ ਸਿੰਘ ਨੇ ਦੱਸਿਆ ਕਿ ਤਪਾ ਸ਼ਹਿਰ ਵਿੱਚ ਪੰਜ ਨਵੇਂ ਟਰਾਂਸ਼ਫਾਰਮਰ ਲਗਾਏ ਜਾ ਚੁੱਕੇ ਹਨ ਅਤੇ 2 ਹੋਰ ਲਗਾਏ ਜਾਣਗੇ। ਇਸ ਮੌਕੇ ਸਹਾਇਕ ਐਸ.ਡੀ.ਓ ਸੁਖਵਿੰਦਰ ਸਿੰਘ, ਟਰੱਕ ਯੂਨੀਅਨ ਦੇ ਪ੍ਰਧਾਨ ਜਸਵਿੰਦਰ ਸਿੰਘ ਚੱਠਾ, ਡਾ.ਬਾਲ ਚੰਦ ਬਾਂਸਲ, ਹੈਰੀ ਧਾਲੀਵਾਲ ਪੀ.ਏ ਵਿਧਾਇਕ, ਰਿਕਾ ਅਰੋੜਾ, ਗਗਨਦੀਪ ਸਿੰਘ, ਬਲਜੀਤ ਸਿੰਘ ਬਾਸੀ ਤੋਂ ਇਲਾਵਾ ਪਰਮਿੰਦਰ ਸਿੰਘ ਜੇ.ਈ, ਪ੍ਰਦੀਪ ਗੌਤਮ ਜੇ.ਈ, ਰਾਜਿੰਦਰ ਸਿੰਘ ਐਸ.ਡੀ.ਸੀ, ਤਰਲੋਚਨ ਸਿੰਘ ਸੀ.ਸੀ, ਸੁਖਪਾਲ ਸਿੰਘ ਲਾਈਨਮੈਨ, ਅਜੈਬ ਸਿੰਘ ਲਾਈਨਮੈਨ, ਜੁਗਰਾਜ ਸਿੰਘ ਲਾਈਨਮੈਨ, ਕੇਵਲ ਸਿੰਘ ਪਿੱਥੋਂ, ਅਮਨਦੀਪ ਸਿੰਘ, ਗੋਰਾ ਸਿੰਘ, ਮੱਖਣ ਸਿੰਘ, ਸੁਖਦੇਵ ਸਿੰਘ, ਸੰਜੀਵ ਸ਼ਰਮਾ, ਕੇਵਲ ਸਿੰਘ, ਗੁਰਮੀਤ ਸਿੰਘ ਲਾਈਇਨਮੈਨ ਆਦਿ ਹਾਜਰ ਸਨ।

# ਵਪਾਰ ਮੰਡਲ ਬਰਨਾਲਾ ਦੀ ਟ੍ਰੈਫ਼ਿਕ ਇੰਚਾਰਜ ਇੰਸਪੈਕਟਰ ਸ਼ੇਰਵਿੰਦਰ ਸਿੰਘ ਨਾਲ ਮੀਟਿੰਗ



ਬਰਨਾਲਾ, 9 ਅਕਤੂਬਰ (ਸੁਖਵਿੰਦਰ ਸਿੰਘ ਭੰਡਾਰੀ) : ਵਪਾਰ ਮੰਡਲ ਬਰਨਾਲਾ ਵੱਲੋਂ ਇੱਕ ਵਫ਼ਦ ਨੇ ਬਰਨਾਲਾ ਟਰੈਫਿਕ ਪੁਲਿਸ ਦੇ ਇੰਚਾਰਜ਼ ਇੰਸਪੈਕਟਰ ਸ਼ੇਰਵਿੰਦਰ ਸਿੰਘ ਨਾਲ ਮੀਟਿੰਗ ਕੀਤੀ ਗਈ। ਵਪਾਰ ਮੰਡਲ ਬਰਨਾਲਾ ਦੇ ਪ੍ਰਧਾਨ ਨਾਇਬ ਸਿੰਘ ਕਾਲਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਮੀਟਿੰਗ ਦੌਰਾਨ ਟਰੈਫਿਕ ਪੁਲਿਸ ਤੋਂ ਮੰਗ ਕੀਤੀ ਗਈ ਕਿ ਤਿਉਹਾਰਾਂ ਦੇ ਦਿਨਾਂ ਚ ਸ਼ਹਿਰ ਦੀ ਟਰੈਫਿਕ ਸੁਚਾਰੂ ਢੰਗ ਨਾਲ ਚੱਲਣ ਲਈ ਵਿਸ਼ੇਸ਼ ਉਪਰਾਲਾ ਕੀਤਾ ਜਾਣਾ ਚਾਹੀਦਾ ਹੈ, ਕਿਉਂਕਿ ਤਿਓਹਾਰਾਂ ਦੇ ਦਿਨਾਂ ’ਚ ਹਰ ਕੋਈ ਬਾਜ਼ਾਰਾਂ ਚ ਖ਼ਰੀਦਦਾਰੀ ਕਰਨ ਆਉਂਦਾ ਹੈ।ਸ਼ਹਿਰ ’ਚ ਹੈਵੀ ਗੱਡੀਆਂ ਵੀ ਦਾਖ਼ਲ ਹੋ ਜਾਂਦੀਆਂ ਹਨ, ਜਿਸ ਕਾਰਨ ਜਗਹਾ-ਜਗਹਾ ਟਰੈਫਿਕ ਜਾਮ ਹੋ ਜਾਂਦਾ ਹੈ। ਟਰੈਫਿਕ ਇੰਚਾਰਜ ਇੰਸਪੈਕਟਰ ਸ਼ੇਰਵਿੰਦਰ ਸਿੰਘ ਨੇ ਵਪਾਰ ਮੰਡਲ ਬਰਨਾਲਾ ਦੇ ਵਫ਼ਦ ਨੂੰ ਭਰੋਸਾ ਦਿਵਾਇਆ ਕਿ ਟਰੈਫਿਕ ਪੁਲਿਸ ਵੱਲੋਂ ਟਰੈਫਿਕ ਕੰਟਰੋਲ ਕਰਨ ਲਈ ਯਤਨ ਹੋਰ ਵੀ ਵਧੇਰੇ ਤਨਦੇਹੀ ਨਾਲ ਕੀਤੇ ਜਾਣਗੇ। ਉਨ੍ਹਾਂ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਉਹ ਬਾਜ਼ਾਰਾਂ ’ਚ ਹੈਵੀ ਗੱਡੀਆਂ ਲੈ ਕੇ ਨਾ ਆਉਣ। ਉਨ੍ਹਾਂ ਕਿਹਾ ਕਿ ਤਿਉਹਾਰਾਂ ਕਰਕੇ ਟਰੈਫਿਕ ਪੁਲਿਸ ਪੂਰੀ ਮੁਸਤੈਦੀ ਨਾਲ ਕੰਮ ਕਰ ਰਹੀ ਹੈ। ਜੇਕਰ ਫਿਰ ਵੀ ਕਿਸੇ ਕਿਸਮ ਦੀ ਕੋਈ ਸਮੱਸਿਆ ਆਉਂਦੀ ਹੈ ਤਾਂ ਸਾਡੇ ਨਾਲ ਰਾਬਤਾ ਕਾਇਮ ਕੀਤਾ ਜਾਵੇ, ਟਰੈਫਿਕ ਪੁਲਿਸ ਤੁਰੰਤ ਪਹੁੰਚ ਕੇ ਤੁਹਾਡੀ ਸਮੱਸਿਆ ਦੂਰ ਕਰੇਗੀ। ਉਨ੍ਹਾਂ ਲੋਕਾਂ ਨੂੰ ਕਿਹਾ ਕਿ ਉਹ ਟਰੈਫਿਕ ਪੁਲਿਸ ਦਾ ਸਾਥ ਦੇਣ। ਵਪਾਰ ਮੰਡਲ ਬਰਨਾਲਾ ਨੇ ਟਰੈਫਿਕ ਪੁਲਿਸ ਨੂੰ ਹਰ ਤਰ੍ਹਾਂ ਦਾ ਸਹਿਯੋਗ ਦੇਣ ਦਾ ਭਰੋਸਾ ਦਿੱਤਾ। ਇਸ ਮੌਕੇ ਟਰੈਫਿਕ ਪੁਲਿਸ ਦੇ ਏ ਐਸ ਆਈ ਦੀਵਾਨ ਸਿੰਘ, ਵਪਾਰੀ ਆਗੂ ਧੀਰਜ ਦੱਧਾਹੂਰ, ਸੁਖਵਿੰਦਰ ਸਿੰਘ ਭੰਡਾਰੀ, ਰਾਜੀਵ ਲੋਚਨ ਮਿੱਠਾ, ਯਾਦਵਿੰਦਰ ਨੀਟੂ, ਬਲਦੇਵ ਕ੍ਰਿਸ਼ਨ ਹੈਪੀ, ਸੁਰਿੰਦਰ ਪਾਲ ਸਿੰਗਲਾ, ਸਤੀਸ਼ ਕੁਮਾਰ ਤਪੇ ਵਾਲੇ, ਅਭੀ ਗੋਇਲ, ਰਾਜੀਵ ਗੋਇਲ, ਅਚਾਰੀਆ ਸਿਰੀ ਨਿਵਾਸ, ਰਾਮ ਲਾਲ ਬਦਰਾ, ਡਾ. ਸਤੀਸ਼ ਕੁਮਾਰ ਆਦਿ ਹਾਜ਼ਰ ਸਨ।

# ਪੰਜਾਬੀ ਯੂਨੀਵਰਸਿਟੀ ਖੇਤਰੀ ਯੁਵਕ ਮੇਲਾ 11 ਤੋਂ

## ਚਾਰ ਰੋਜ਼ਾ ਮੇਲੇ ਲਈ ਸੱਜ ਗਿਆ ਐਸ.ਡੀ. ਕਾਲਜ ਦਾ ਵਿਹੜਾ




ਬਰਨਾਲਾ, 9 ਅਕਤੂਬਰ (ਬਘੇਲ ਸਿੰਘ ਧਾਲੀਵਾਲ) : ਪੰਜਾਬੀ ਯੂਨੀਵਰਸਿਟੀ ਪਟਿਆਲਾ (ਬਰਨਾਲਾ-ਮਲੇਰਕੋਟਲਾ ਜ਼ੋਨ) ਦਾ ਚਾਰ ਰੋਜ਼ਾ ਖੇਤਰੀ ਯੁਵਕ ਅਤੇ ਲੋਕ ਮੇਲਾ 11 ਅਕਤੂਬਰ ਤੋਂ ਸ਼ੁਰੂ ਹੋਵੇਗਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਕਾਲਜ ਦੇ ਪੀਆਰਓ ਪ੍ਰੋ. ਸ਼ੋਇਬ ਜ਼ਫ਼ਰ ਨੇ ਦੱਸਿਆ ਕਿ ਇਸ ਚਾਰ ਰੋਜ਼ਾ ਯੁਵਕ ਮੇਲੇ ਦੌਰਾਨ ਜ਼ੋਨ ਦੇ 38 ਕਾਲਜਾਂ ਦੇ ਵਿਦਿਆਰਥੀ ਭਾਗ ਲੈਣਗੇ। ਇਸ ਦੌਰਾਨ ਭੰਗੜਾ, ਝੂਮਰ, ਗਿੱਧਾ, ਲੁੱਡੀ, ਸੰਗੀਤ, ਥੀਏਟਰ ਆਈਟਮਾਂ ਨਾਟਕ, ਸਕਿੱਟ, ਮਿਮਿਕਰੀ, ਭੰਡ, ਲਘੂ ਫ਼ਿਲਮ, ਸਾਹਿਤਕ ਮੁਕਾਬਲੇ, ਲੋਕ ਕਲਾਵਾਂ, ਫਾਈਨ ਆਰਟ ਦੀਆਂ ਕਲਾਵਾਂ ਸਮੇਤ ਕੁੱਲ 60 ਤਰ੍ਹਾਂ ਦੇ ਮੁਕਾਬਲਿਆਂ ਵਿੱਚ ਵਿਦਿਆਰਥੀ ਭਾਗ ਲੈਣਗੇ। ਉਹਨਾਂ ਦੱਸਿਆ ਕਿ ਐਸ.ਡੀ ਕਾਲਜ ਪ੍ਰਬੰਧਕ ਕਮੇਟੀ ਦੀ ਅਗਵਾਈ ਵਿੱਚ ਇਸ ਖੇਤਰੀ ਯੁਵਕ ਮੇਲੇ ਦੀਆਂ ਤਿਆਰੀਆਂ ਨੂੰ ਅੰਤਿਮ ਛੋਹਾਂ ਦਿੱਤੀਆਂ ਜਾ ਰਹੀਆਂ ਹਨ। ਇਸ ਮੇਲੇ ਦੌਰਾਨ ਚਾਰ ਵੱਖ-ਵੱਖ ਸਟੇਜਾਂ ਉਪਰ ਵੱਖ-ਵੱਖ ਮੁਕਾਬਲੇ ਹੋਣਗੇ। ਸੂਬੇ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ, ਮੈਂਬਰ ਪਾਰਲੀਮੈਂਟ ਗੁਰਮੀਤ ਸਿੰਘ ਮੀਤ ਹੇਅਰ, ਵਿਧਾਇਕ ਕੁਲਦੀਪ ਸਿੰਘ ਕਾਲਾ ਢਿੱਲੋਂ, ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਉਪ ਕੁਲਪਤੀ ਡਾ. ਜਗਦੀਪ ਸਿੰਘ, ਡੀਨ ਕਾਲਜਿਜ਼ ਡਾ. ਬਲਰਾਜ ਸੈਣੀ, ਡੀਨ ਅਕਾਦਮਿਕ ਡਾ. ਜਸਵਿੰਦਰ ਬਰਾੜ- ਸਾਬਕਾ ਸੈਸ਼ਨ ਜੱਜ ਸਤੀਸ਼ ਕੁਮਾਰ ਅੱਗਰਵਾਲ, ਡਿਪਟੀ ਕਮਿਸ਼ਨਰ ਟੀ.ਬੈਨਿਥ, ਐਸਐਸਪੀ ਮੁਹੰਮਦ ਸਰਫ਼ਰਾਜ਼ ਆਲਮ, ਐਸਡੀਐਮ ਮਿਸ ਸੋਨਮ, ਐਸਡੀਐਮ ਗਗਨਦੀਪ ਸਿੰਘ, ਐਸਡੀਐਮ ਡਾ. ਅਜੀਤਪਾਲ ਸਿੰਘ, ਪੰਜਾਬ ਯੂਨੀਵਰਸਿਟੀ ਤੋਂ ਪ੍ਰੋ.ਸਤਵਿੰਦਰਪਾਲ ਕੌਰ, ਡਿਪਟੀ ਡਾਇਰੈਕਟਰ ਪੀਆਰ ਨਵਦੀਪ ਗਿੱਲ, ਪਿੰਸੀਪਲ ਜੱਜ ਗਿਰੀਸ਼ ਕੁਮਾਰ ਬਾਂਸਲ, ਵਧੀਕ ਜ਼ਿਲ੍ਹਾ ਤੇ ਸੈਸ਼ਨ ਜੱਜ ਕਿਰਸ਼ਨ ਕੁਮਾਰ ਸਿੰਗਲਾ, , ਆਈਟੀਓ ਅਮਰਜੀਤ ਖਿੱਪਲ, ਈਟੋਨ ਪਲਾਜ਼ਾ ਦੇ ਐਮਡੀ ਲਖਵਿੰਦਰ ਸਿੰਘ ਲੱਖੀ ਜ਼ੈਲਦਾਰ, ਸਮਾਜ ਸੇਵੀ ਲੱਖਪਤ ਰਾਏ, ਡਾ. ਪ੍ਰਤਾਪ ਸਿੰਘ, ਸਾਬਕਾ ਆਈਜੀ ਜਗਦੀਸ਼ ਕੁਮਾਰ ਮਿੱਤਲ, ਪ੍ਰੋ. ਅਸ਼ੋਕ ਕੁਮਾਰ, ਪ੍ਰੋ. ਨਿਰਮਲ ਗੁਪਤਾ ਵਿਸ਼ੇਸ਼ ਤੌਰ ’ਤੇ ਸ਼ਿਰਕਤ ਕਰਨਗੇ। ਇਸਤੋਂ ਇਲਾਵਾ ਪ੍ਰਸਿੱਧ ਪੰਜਾਬੀ ਗਾਇਬ ਗੁਲਾਬ ਸਿੱਧੂ, ਗਾਇਬ ਮਾਸ਼ਾ ਅਲੀ, ਗਾਇਬ ਅਹਿਨ ਮਿਰਜ਼ਿਆ, ਫ਼ਿਲਮੀ ਅਦਾਕਾਰਾ ਰੁਪਿੰਦਰ ਰੂਪੀ, ਭੁਪਿੰਦਰ ਬਰਨਾਲਾ, ਲੋਕ ਗਾਇਕ ਕੁਲਦੀਪ ਸਿੰਘ, ਕਲਾਕਾਰ ਸੁੱਖੀ ਖਿਆਲਾ, ਜਸਪਾਲ ਢਿੱਲੋਂ, ਦੀਪ ਗੁਰਦੀਪ, ਨੀਲ ਬੈਦਵਾਨ, ਅਮਰੀਕ ਦੁੱਗ, ਏ ਸ਼ੈਂਬਰ ਵੀ ਵਿਦਿਆਰਥੀਆਂ ਦੇ ਰੂਬਰੂ ਹੋਣਗੇ।

# ਕਰਵਾਚੌਥ ਦੇ ਤਿਉਹਾਰ ਨੂੰ ਲੈ ਕੇ ਬਾਜ਼ਾਰ ਹੋਏ ਗੁਲਜ਼ਾਰ



ਤਪਾ ਮੰਡੀ, 9 ਅਕਤੂਬਰ (ਭੂਸ਼ਨ ਘੜੈਲਾ) : ਕਰਵਾਚੌਥ ਮਨਾਉਣ ਲਈ ਭਾਰਤੀ ਔਰਤਾਂ ਵਿੱਚ ਬਹੁਤ ਉਤਸ਼ਾਹ ਹੈ। ਇਸ ਸਾਲ ਇਹ ਤਿਉਹਾਰ 10 ਅਕਤੂਬਰ ਨੂੰ ਮਨਾਇਆ ਜਾਣਾ ਹੈ । ਮਹਿਲਾਵਾਂ ਕਰਵਾਚੌਥ ਦੇ ਵਰਤ ਤੋਂ ਪਹਿਲਾਂ ਹੀ ਖਰੀਦਦਾਰੀ ਕਰ ਰਹੀਆਂ ਹਨ। ਇਹ ਵਰਤ ਕੱਤਕ ਕ੍ਰਿਸ਼ਨ ਪੱਖ ਤਿਥੀ ਨੂੰ ਆਉਂਦਾ ਹੈ। ਸਵਰਨਕਾਰ ਦਰਸ਼ਨ ਸਿੰਘ ਖੁਰਮੀ ਦਾ ਕਹਿਣਾ ਹੈ ਕਿ ਇਸ ਵਾਰ ਸੋਨਾ-ਚਾਂਦੀ ਦੇ ਭਾਅ ਉਚੇ ਹੋਣ ਕਾਰਨ ਮਹਿਲਾਵਾਂ ਆਰਟੀਫੀਸ਼ੀਅਲ ਗਹਿਣੀਆਂ ਨੂੰ ਤਰਜ਼ੀਹ ਦੇ ਰਹੀਆਂ ਹਨ। ਖਰੀਦ ਕਰ ਰਹੀਆਂ ਮਹਿਲਾਵਾਂ ਦਾ ਕਹਿਣਾ ਹੈ ਕਿ ਕਰਵਾਚੌਥ ਦਾ ਤਿਉਹਾਰ ਉਨ੍ਹਾਂ ਦੇ ਲਈ ਵਿਸ਼ੇਸ਼ ਖੁਸ਼ੀ ਦਾ ਤਿਉਹਾਰ ਹੁੰਦਾ ਹੈ, ਇਸ ਦਿਨ ਸੁਹਾਗਿਣ ਮਹਿਲਾਵਾਂ ਅਪਣੇ ਪਤੀ ਦੀ ਲੰਬੀ ਉਮਰ ਲਈ ਦਿਨ ਭਰ ਪ੍ਰਾਥਨਾ ਕਰਦੀਆਂ ਹਨ। ਇਸ ਵਰਤ ਦੇ ਲਈ ਮਹਿਲਾਵਾਂ ਜੋਰ ਸ਼ੋਰ ਨਾਲ ਤਿਆਰੀਆਂ ਕਰ ਰਹੀਆਂ ਹਨ,ਤਿਉਹਾਰਾਂ ਨੂੰ ਲੈਕੇ ਬਾਜ਼ਾਰ ਵਿੱਚ ਪੂਰੀ ਰੌਣਕ ਹੈ। ਮਹਿਲਾਵਾਂ ਚੂੜ੍ਹੀਆਂ, ਕੱਪੜੇ, ਕਾਸਮੈਟਿਕ ਦਾ ਸਮਾਨ ਆਦਿ ਦੀ ਖਰੀਦਦਾਰੀ ਕਰ ਰਹੀਆਂ ਹਨ। ਇਸ ਸਾਲ ਮਹਿੰਗਾਈ ’ਤੇ ਵੀ ਅਸਰ ਦਿਖਾਈ ਦਿੱਤਾ। ਮਿਠਾਈ ਵਿਕਰੇਤਾ ਬੀਕਾਨੇਰ ਮਿਸ਼ਠਾਨ ਭੰਡਾਰ ਦੇ ਮਾਲਕ ਰਾਮੂ ਪ੍ਰੋਹਿਤ ਦਾ ਕਹਿਣਾ ਹੈ ਕਿ ਇਸ ਸਮੇਂ ਘਿਉ, ਖੰਡ, ਦੁੱਧ ਦੇ ਭਾਵਾਂ ਵਿੱਚ ਬਹੁਤਵਾਧਾ ਹੋਣ ਕਾਰਨ ਮਿਠਾਈ ਦੇ ਭਾਅ ਵੀ ਵੱਧ ਗਏ ਹਨ।

# ਵਾਈ.ਐਸ. ਜੈਨਨੇਕਸਟ ’ਚ ਪ੍ਰੀ-ਨਰਸਰੀ 2025-26 ਦੀ ਸ਼ੁਰੂਆਤ



ਬਰਨਾਲਾ, 9 ਅਕਤੂਬਰ (ਬਘੇਲ ਸਿੰਘ ਧਾਲੀਵਾਲ) : ਵਾਈਐਸ ਜੈਨਨੇਕਸਟ ‘ਚ ਦੋ ਦਿਨਾਂ ਦਾ ਖੁਸ਼ੀਆਂ ਭਰਿਆ ਸਮਾਰੋਹ ਮਨਾਇਆ ਗਿਆ, ਜਿਸ ‘ਚ ਪਲੇਵੇ ਦੇ ਨਿੱਕੇ ਵਿਦਿਆਰਥੀਆਂ ਨੇ ਗੀਤਾਂ, ਕਵਿਤਾਵਾਂ ਤੇ ਰੰਗਬਿਰੰਗੀਆਂ ਪੇਸ਼ਕਾਰੀਆਂ ਰਾਹੀਂ ਆਪਣੀ ਸਿੱਖਿਆ ਦਾ ਪ੍ਰਦਰਸ਼ਨ ਕੀਤਾ। ਉਨ੍ਹਾਂ ਦਾ ਆਤਮਵਿਸ਼ਵਾਸ ਤੇ ਖੁਸ਼ੀ ਹੀ ਖੇਡ-ਖੇਡ ਵਿਚ ਸਿੱਖਣ ਦੀ ਅਸਲ ਪਰਛਾਈ ਸੀ। ਹਰ ਬੱਚੇ ਨੂੰ ਰਿਪੋਰਟ ਕਾਰਡ ਤੇ ਇਕ ਪਿਆਰੀ ਜਿਹੀ ਯਾਦਗਾਰ ਦਿੱਤੀ ਗਈ, ਜੋ ਉਨ੍ਹਾਂ ਦੀ ਤਰੱਕੀ ਤੇ ਅਗਲੇ ਪੜਾਅ ਲਈ ਤਿਆਰੀ ਦੀ ਨਿਸ਼ਾਨੀ ਸੀ। ਮਾਪਿਆਂ ਤੇ ਅਧਿਆਪਕਾਂ ਦੇ ਮਾਣ ਨਾਲ ਭਰੇ ਚਿਹਰਿਆਂ ਨੇ ਸਮਾਰੋਹ ਨੂੰ ਹੋਰ ਵੀ ਵਿਸ਼ੇਸ਼ ਬਣਾ ਦਿੱਤਾ। ਇਸ ਖੁਸ਼ੀਭਰੇ ਮੌਕੇ ਨਾਲਵਾਈਐਸ ਜੈਨਨੇਕਸਟ ਨੇ ਸੈਸ਼ਨ 2025-26 ਲਈ ਪ੍ਰੀ-ਨਰਸਰੀ ਦੀ ਸ਼ੁਰੂਆਤ ਕੀਤੀ, ਨਿੱਕੇ ਬੱਚਿਆਂ ਨੂੰ ਖੋਜ, ਵਿਸ਼ਵਾਸ ਤੇ ਖੁਸ਼ੀ ਦੀ ਨਵੀਂ ਦੁਨੀਆ ਵੱਲ ਲੈ ਜਾਂਦੇ ਹੋਏ।

# ਸਟੇਟ ਐਵਾਰਡੀ ਭੋਲਾ ਸਿੰਘ ਵਿਰਕ ਪ੍ਰੋਗਰੈਸਿਵ ਸੀਨੀਅਰ ਸਿਟੀਜ਼ਨ ਸੁਸਾਇਟੀ ਦੇ ਸਰਪ੍ਰਸਤ ਨਿਯੁਕਤ



ਬਰਨਾਲਾ, 9 ਅਕਤੂਬਰ (ਸੁਖਵਿੰਦਰ ਸਿੰਘ ਭੰਡਾਰੀ) : ਪ੍ਰੋਗਰੈਸਿਵ ਸੀਨੀਅਰ ਸਿਟੀਜ਼ਨ ਸੋਸਾਇਟੀ ਰਜਿ. ਬਰਨਾਲਾ ਨੇ ਸਟੇਟ ਐਵਾਰਡੀ ਭੋਲਾ ਸਿੰਘ ਵਿਰਕ, ਪ੍ਰਧਾਨ ਗੁਰੂ ਗੋਬਿੰਦ ਸਿੰਘ ਕਾਲਜ ਸੰਘੇੜਾ ਨੂੰ ਸਰਬਸੰਮਤੀ ਨਾਲ ਸੋਸਾਇਟੀ ਦਾ ਸਰਪ੍ਰਸਤ ਨਿਯੁਕਤ ਕੀਤਾ ਹੈ। ਸਮੂਹ ਮੈਂਬਰਾਂ ਨੇ ਭੋਲਾ ਸਿੰਘ ਵਿਰਕ ਦੇ ਪ੍ਰੋਗਰੈਸਿਵ ਸੀਨੀਅਰ ਸਿਟੀਜ਼ਨ ਸੁਸਾਇਟੀ ਰਜਿ. ਬਰਨਾਲਾ ਦਾ ਸਰਪ੍ਰਸਤ ਬਣਨ ’ਤੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਵਧਾਈ ਦਿੱਤੀ ਹੈ। ਇਸ ਮੌਕੇ ਬੋਲਦਿਆਂ ਭੋਲਾ ਸਿੰਘ ਵਿਰਕ ਨੇ ਕਿਹਾ ਕਿ ਪ੍ਰੋਗਰੈਸਿਵ ਸੀਨੀਅਰ ਸਿਟੀਜ਼ਨ ਸੋਸਾਇਟੀ ਰਜਿ ਬਰਨਾਲਾ ਦੇ ਸਮਾਜ ਅਤੇ ਲੋਕ ਭਲਾਈ ਦੇ ਕੰਮਾਂ ਨੂੰ ਵੇਖਦਿਆਂ ਮੈਂ ਸੁਸਾਇਟੀ ਨੂੰ ਹਰ ਤਰ੍ਹਾਂ ਦਾ ਸਹਿਯੋਗ ਦੇਣ ਦਾ ਫ਼ੈਸਲਾ ਕੀਤਾ ਹੈ। ਪ੍ਰੋਗਰੈਸਿਵ ਸੀਨੀਅਰ ਸਿਟੀਜਨ ਸੋਸਾਇਟੀ ਦੇ ਪ੍ਰਧਾਨ ਸੁਖਵਿੰਦਰ ਸਿੰਘ ਭੰਡਾਰੀ, ਜਨਰਲ ਸਕੱਤਰ ਪ੍ਰਿੰਸੀਪਲ ਰਾਕੇਸ਼ ਗਰਗ, ਕੋਲੋਨਾਈਜਰ ਅਤੇ ਪੈਟਰਨ ਪਿਆਰਾ ਲਾਲ ਰਾਏਸਰ ਵਾਲੇ, ਕੇਵਲ ਕ੍ਰਿਸ਼ਨ ਗਰਗ, ਰਾਕੇਸ਼ ਜਿੰਦਲ, ਰਾਜੇਸ਼ ਭੂਟਾਨੀ, ਬਬੀਤਾ ਜਿੰਦਲ, ਨੀਰਜ ਬਾਲਾ ਦਾਨੀਆ , ਮਹਿੰਦਰ ਪਾਲ ਗਰਗ, ਆਸ਼ਵਨੀ ਸ਼ਰਮਾ, ਰਾਜਿੰਦਰ ਕੁਮਾਰ, ਹਰਮਨਜੀਤ ਸਿੰਘ ਰੁਪਾਲ, ਗੁਰਮੀਤ ਸਿੰਘ ਮੀਮਸਾ, ਸਰੂਪ ਚੰਦ ਵਰਮਾ, ਅਵਤਾਰ ਸਿੰਘ ਲੀਲਾ, ਜਸਵਿੰਦਰ ਜਟਾਣਾ, ਮੁਕੇਸ਼ ਗਰਗ ਆਦਿ ਨੇ ਭੋਲਾ ਸਿੰਘ ਵਿਰਕ ਦੇ ਪ੍ਰੋਗਰੈਸਿਵ ਸੀਨੀਅਰ ਸਿਟੀਜਨ ਸੋਸਾਇਟੀ ਦਾ ਸਰਪ੍ਰਸਤ ਬਣਨ ਤੇ ਉਹਨਾਂ ਦਾ ਤਹਿ ਦਿਲੋਂ ਸਵਾਗਤ ਕੀਤਾ ਹੈ ਅਤੇ ਆਸ ਕੀਤੀ ਹੈ ਕਿ ਇਨ੍ਹਾਂ ਦੀ ਸਰਪ੍ਰਸਤੀ ’ਚ ਸੋਸਾਇਟੀ ਸਫ਼ਲਤਾ ਦੀਆਂ ਬੁਲੰਦੀਆਂ ਛੂਹੇਗੀ।

# ਗੋਬਿੰਦ ਸਕੂਲ ਭਦੌੜ ਦੇ ਛੇ ਬੱਚਿਆਂ ਦੀ ਕੌਮੀ ਪੱਧਰੀ ਕਬੱਡੀ ਟੀਮ ’ਚ ਚੋਣ

ਭਦੌੜ, 9 ਅਕਤੂਬਰ (ਸੁਖਵਿੰਦਰ ਪਲਾਹਾ) : ਬੀਤੇ ਦਿਨੀਂ ਸੀ ਆਈ ਏ ਐਸ ਸੀ ਈ ਨੈਸ਼ਨਲ ਕਬੱਡੀ ਚੈਂਪੀਅਨਸ਼ਿਪ 2025 ਹਰਿਦੁਆਰ ਵਿਖੇ ਕਰਵਾਈ ਗਈ ਇਹ ਚੈਂਪੀਅਨਸ਼ਿਪ ਤਿੰਨ ਅਕਤੂਬਰ ਤੋਂ ਛੇ ਅਕਤੂਬਰ ਨੂੰ ਹਰੀਹਰ ਆਨੰਦ ਸੀਨੀਅਰ ਸੈਕੰਡਰੀ ਸਕੂਲ ਹਰਿਦੁਆਰ ਵਿਖੇ ਕਰਵਾਈ ਗਈ । ਇਸ ਕੰਪੀਟੀਸ਼ਨ ਵਿੱਚ ਸਮੁੱਚੇ ਭਾਰਤ ਵਿੱਚੋਂ ਸਮੂਹ ਰਾਜਾਂ ਦੀਆਂ ਕਬੱਡੀ ਟੀਮਾਂ ਨੇ ਭਾਗ ਲਿਆ। ਗੋਬਿੰਦ ਇੰਟਰਨੈਸ਼ਨਲ ਪਬਲਿਕ ਸਕੂਲ ਭਦੌੜ ਦੇ ਕਬੱਡੀ ਕੋਚ ਬਖ਼ਸ਼ੀਸ਼ ਸਿੰਘ ਨੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਚੈਂਪੀਅਨਸ਼ਿਪ ਵਿੱਚ ਸਭ ਤੋਂ ਵੱਡੀ ਮਾਣ ਵਾਲੀ ਗੱਲ ਇਹ ਰਹੀ ਕਿ ਗੋਬਿੰਦ ਇੰਟਰਨੈਸ਼ਨਲ ਪਬਲਿਕ ਸਕੂਲ ਭਦੌੜ ਦੇ ਛੇ ਵਿਦਿਆਰਥੀ ਨੈਸ਼ਨਲ ਪੱਧਰ ਦੀਆਂ ਤਿੰਨੋ ਟੀਮਾਂ 14 ਸਾਲ 17 ਸਾਲ 19 ਸਾਲ ਵਿੱਚ ਚੁਣੇ ਗਏ ਹਨ। ਇਸੇ ਤਰਾਂ ਹੀ ਕ੍ਰਮਵਾਰ 14 ਸਾਲਾ ਨੈਸ਼ਨਲ ਟੀਮ ਦੇ ਵਿੱਚ ਵਿਸ਼ਾਲ ਜੋਸ਼ੀ, ਗੁਰਉਪਸੇਤ ਸਿੰਘ 17 ਸਾਲਾ ਨੈਸ਼ਨਲ ਪੱਧਰ ਟੀਮ ਵਿੱਚ ਅਨਮੋਲਪ੍ਰੀਤ ਸਿੰਘ, ਹਰਮਨਪ੍ਰੀਤ ਸਿੰਘ 19 ਸਾਲਾ ਨੈਸ਼ਨਲ ਪੱਧਰ ਟੀਮ ਵਿੱਚ ਤਜਿੰਦਰਪਾਲ ਸਿੰਘ ਲਾਡੀ, ਗੁਰਨੂਰ ਸਿੰਘ ਢਿੱਲੋਂ ਦੀ ਚੋਣ ਹੋਈ ਹੈ। ਕਬੱਡੀ ਕੋਚ ਬਖ਼ਸ਼ੀਸ਼ ਸਿੰਘ ਨੇ ਕਿਹਾ ਕਿ ਇੱਕੋ ਸਕੂਲ ਦੇ ਛੇ ਵਿਦਿਆਰਥੀਆਂ ਦੀ ਭਾਰਤ ਦੀਆਂ ਤਿੰਨੋਂ ਟੀਮਾਂ ਵਿੱਚ ਚੁਣੇ ਜਾਣ ਤੇ ਸਕੂਲ ਅਤੇ ਭਦੌੜ ਦੇ ਲਈ ਬਹੁਤ ਹੀ ਵੱਡੀ ਮਾਣ ਵਾਲੀ ਗੱਲ ਹੈ, ਕਿਉਂਕਿ ਅੱਜ ਤੱਕ ਇੱਕ ਸਕੂਲ ਦੇ ਛੇ ਬੱਚੇ ਕਿਸੇ ਵੀ ਨੈਸ਼ਨਲ ਪੱਧਰ ਟੀਮ ਵਿੱਚ ਨਹੀਂ ਚੁਣੇ ਗਏ। ਇਸ ਮੌਕੇ ਸਕੂਲ ਦੇ ਸਰਪ੍ਰਸਤ ਡਾ:ਦਰਸ਼ਨ ਸਿੰਘ ਗਿੱਲ, ਐਮ ਡੀ ਹਰਪ੍ਰੀਤ ਸਿੰਘ ਗਿੱਲ ਤੇ ਰਿਚਾ ਪਨੇਸਰ ਗਿੱਲ ਨੇ ਚੁਣੇ ਹੋਏ ਵਿਦਿਆਰਥੀਆਂ ਨੂੰ ਅਤੇ ਉਹਨਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ ਅਤੇ ਉਹਨਾਂ ਦੇ ਉਜਵਲ ਭਵਿੱਖ ਦੀ ਕਾਮਨਾ ਕੀਤੀ।

# ਮਾਤਾ ਗੁਜਰੀ ਪਬਲਿਕ ਸਕੂਲ ਭਦੌੜ ਦੀਆਂ ਸਤਰੰਜ ਟੀਮਾਂ ਰਹੀਆਂ ਅਵੱਲ



ਭਦੌੜ 9 ਅਕਤੂਬਰ (ਸੁਖਵਿੰਦਰ ਪਲਾਹਾ) : ਮਾਤਾ ਗੁਜਰੀ ਪਬਲਿਕ ਹਾਈ ਸਕੂਲ ਭਦੌੜ ਦੀਆਂ ਚੈੱਸ ਅਤੇ ਖੋ-ਖੋ ਦੀਆਂ ਟੀਮਾਂ ਨੇ ਹਰ ਸਾਲ ਦੀ ਤਰ੍ਹਾਂ ਕਲੱਸਟਰ ਦੇ ਟੂਰਨਾਮੈਂਟ ਵਿੱਚੋਂ ਪਹਿਲਾ ਸਥਾਨ ਹਾਸਿਲ ਕਰਕੇ ਆਪਣੀ ਚੜ੍ਹਤ ਨੂੰ ਬਰਕਰਾਰ ਰੱਖਿਆ ਹੈ। ਕਲੱਸਟਰ ਇੰਚਾਰਜ ਮੈਡਮ ਅਮਨਦੀਪ ਕੌਰ ਦੀ ਦੇਖ ਰੇਖ ਹੇਠ ਹੋਈਆਂ ਕਲੱਸਟਰ ਪੱਧਰ ਦੀਆਂ ਖੇਡਾਂ ਵਿੱਚ ਅੰਡਰ 11 ਸਾਲ ਲੜਕੇ ਅਤੇ ਲੜਕੀਆਂ ਦੀਆਂ ਚੈੱਸ ਅਤੇ ਖੋ-ਖੋ ਟੀਮਾਂ ਨੇ ਪਹਿਲੀਆਂ ਪੁਜੀਸ਼ਨਾਂ ਹਾਸਿਲ ਕੀਤੀਆਂ ਹਨ। । ਇਸ ਮਾਣਮੱਤੀ ਪ੍ਰਾਪਤੀ ਤੇ ਪ੍ਰਿੰਸੀਪਲ ਸੁਖਵੀਰ ਕੌਰ ਧਾਲੀਵਾਲ ਨੇ ਦੱਸਿਆ ਕਿ ਕੋਚ ਪਰਗਟ ਸਿੰਘ ਢਿੱਲਵਾਂ ਅਤੇ ਪ੍ਰਤਾਪ ਸਿੰਘ ਵੱਲੋਂ ਤਿਆਰ ਕੀਤੀਆਂ ਹੋਈਆਂ ਟੀਮਾਂ ਨੇ ਸਖ਼ਤ ਮੁਕਾਬਲਿਆਂ ਵਿੱਚੋਂ ਨਿਕਲ ਕੇ ਫਸਟ ਪੁਜੀਸ਼ਨਾਂ ਹਾਸਿਲ ਕੀਤੀਆਂ ਹਨ। ਉਨ੍ਹਾਂ ਦੱਸਿਆ ਕਿ ਸਾਡੀਆਂ ਇਹ ਪ੍ਰਾਇਮਰੀ ਵਰਗ ਦੀਆਂ ਟੀਮਾਂ ਬਲਾਕ ਪੱਧਰ ਲਈ ਚੁਣੀਆਂ ਜਾ ਚੁੱਕੀਆਂ ਹਨ । ਇਸ ਸ਼ਾਨਦਾਰ ਪ੍ਰਾਪਤੀ ਤੇ ਐੱਮ.ਡੀ. ਐਡਵੋਕੇਟ ਇਕਬਾਲ ਸਿੰਘ ਗਿੱਲ ਅਤੇ ਪ੍ਰਧਾਨ ਕੁਲਦੀਪ ਸਿੰਘ ਧਾਲੀਵਾਲ ਨੇ ਸਮੂਹ ਖਿਡਾਰੀਆਂ ਅਤੇ ਕੋਚ ਸਾਹਿਬਾਨਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਸਾਨੂੰ ਇਨ੍ਹਾਂ ਬੱਚਿਆਂ ਉੱਪਰ ਬਹੁਤ ਮਾਣ ਹੈ ਜਿਨ੍ਹਾਂ ਨੇ ਪੜ੍ਹਾਈ ਦੇ ਨਾਲ ਨਾਲ ਖੇਡਾਂ ਦੇ ਖੇਤਰ ਵਿੱਚ ਵੀ ਆਪਣੀ ਮਿਹਨਤ ਅਤੇ ਜਜ਼ਬੇ ਨੂੰ ਬਰਕਰਾਰ ਰੱਖ ਕੇ ਆਪਣੇ ਮਾਪਿਆਂ ਅਤੇ ਸਕੂਲ ਦਾ ਨਾਮ ਰੌਸ਼ਨ ਕੀਤਾ ਹੈ। ਇਸ ਸਮੇਂ ਸਕੱਤਰ ਹਰਮਨਪ੍ਰੀਤ ਸਿੰਘ ਸਿੱਧੂ, ਸੰਦੀਪ ਕੁਮਾਰ ਦਈਏ , ਦਲਜੀਤ ਸਿੰਘ ਚੂੰਘਾਂ, ਜਗਸੀਰ ਸਿੰਘ, ਪ੍ਰਭਜੋਤ ਕੌਰ, ਹਰਪ੍ਰੀਤ ਕੌਰ ਸਮੇਤ ਸਮੁੱਚਾ ਸਕੂਲ ਸਟਾਫ਼ ਹਾਜ਼ਿਰ ਸੀ।

# ਕਿਸਾਨ ਘਰ ਬੈਠੇ ਮੋਬਾਈਲ ਫ਼ੋਨ ਰਾਹੀਂ ਆਸਾਨੀ ਨਾਲ ਬੁੱਕ ਕਰ ਸਕਦੇ ਨੇ ਪਰਾਲ਼ੀ ਸੰਭਾਲ ਸਬੰਧੀ ਮਸ਼ੀਨਾਂ : ਡੀ.ਸੀ.



ਬਰਨਾਲਾ, 9 ਅਕਤੂਬਰ (ਬਘੇਲ ਸਿੰਘ ਧਾਲੀਵਾਲ) : ਕਿਸਾਨ ਵੀਰ ਘਰ ਬੈਠੇ ਹੀ ਮੋਬਾਈਲ ਫੋਨ ਰਾਹੀਂ ਆਸਾਨੀ ਪਰਾਲੀ ਸੰਭਾਲ ਸਬੰਧੀ ਮਸ਼ੀਨਾਂ ਬੁੱਕ ਕਰ ਸਕਦੇ ਹਨ। ਪੰਜਾਬ ਸਰਕਾਰ ਵੱਲੋਂ ਚਲਾਏ ਜਾ ਰਹੇ ਉੱਨਤ ਕਿਸਾਨ ਮੋਬਾਈਲ ਐਪ ’ਤੇ ਕਿਸਾਨਾਂ ਨੂੰ ਫ਼ਸਲੀ ਰਹਿੰਦ-ਖੂੰਹਦ ਦੀ ਸੰਭਾਲ ਸਬੰਧੀ ਮਸ਼ੀਨਰੀ ਦੀ ਉਪਲੱਭਦਾਤਾ ਅਤੇ ਖੇਤੀਬਾੜੀ ਦੇ ਕਾਰਗਾਰ ਨੁਸਖਿਆਂ ਬਾਰੇ ਜਾਣਕਾਰੀ ਮਿਲਦੀ ਹੈ। ਡਿਪਟੀ ਕਮਿਸ਼ਨਰ ਬਰਨਾਲਾ ਟੀ ਬੈਨਿਥ ਨੇ ਕਿਸਾਨਾਂ ਨੂੰ ਇਹ ਜਾਣਕਾਰੀ ਦਿੰਦਿਆਂ ਦੱਸਿਆ ਕਿ ਕਿਸਾਨ ਵੀਰ ਉੱਨਤ ਕਿਸਾਨ ਗੂਗਲ ਪਲੇ ਸਟੋਰ ਤੋਂ ਡਾਊਨਲੋਡ ਕਰ ਸਕਦੇ ਹਨ। ਪੰਜਾਬ ਸਰਕਾਰ ਦੀ ਇਸ ਡਿਜੀਟਲ ਪਹਿਲਕਦਮੀ ਬਾਰੇ ਰਾਹੀਂ ਕਿਸਾਨ ਵੀਰ ਘਰ ਬੈਠੇ ਹੀ ਆਪਣੇ ਮੋਬਾਈਲ ਫੋਨਾਂ ਰਾਹੀਂ ਸੀ.ਆਰ.ਐਮ. ਮਸੀਨਾਂ ਨੂੰ ਆਸਾਨੀ ਨਾਲ ਬੁੱਕ ਕਰਨ ਦੀ ਸਹੂਲਤ ਲੈ ਸਕਦੇ ਹਨ। ਉਨਾਂ ਕਿਹਾ ਕਿ ਹਰੇਕ ਮਸ਼ੀਨ ਨੂੰ ਕਾਸ਼ਤਯੋਗ ਜ਼ਮੀਨੀ ਦੇ ਖੇਤਰ ਮੁਤਾਬਕ ਜੀਓ-ਟੈਗ ਕੀਤਾ ਜਾਂਦਾ ਹੈ, ਜਿਸ ਨਾਲ ਫਸਲੀ ਰਹਿੰਦ-ਖੂੰਹਦ ਪ੍ਰਬੰਧਨ ਗਤੀਵਿਧੀਆਂ ਦੀ ਨਿਗਰਾਨੀ ਅਤੇ ਦਸਤਾਵੇਜ਼ੀਕਰਨ ਦੀ ਸਹੂਲਤ ਮਿਲਦੀ ਹੈ ਉਨ੍ਹਾਂ ਦੱਸਿਆ ਕਿ ਇਸ ਐੱਪ ਵਿੱਚ ਪਿੰਡ ਪੱਧਰੀ ਫੈਸਿਲੀਟੇਟਰ (ਵੀ.ਐਲ.ਐਫਜ਼) ਅਤੇ ਕਲੱਸਟਰ ਅਫਸਰ (ਸੀ.ਓਜ਼) ਸ਼ਾਮਲ ਹਨ ਜੋ ਕਿਸਾਨਾਂ ਨੂੰ ਜ਼ਮੀਨੀ ਪੱਧਰ ’ਤੇ ਸਹਾਇਤਾ ਪ੍ਰਦਾਨ ਕਰਨ ਤੋਂ ਇਲਾਵਾ ਗਤੀਵਿਧੀਆਂ ਦੀ ਨਿਗਰਾਨੀ ਕਰ ਰਹੇ ਹਨ। ਇਹ ਪਲੇਟਫਾਰਮ ਸੀ.ਆਰ.ਐਮ. ਮਸ਼ੀਨਾਂ ਦੇ ਪ੍ਰਾਈਵੇਟ ਮਾਲਕਾਂ ਨੂੰ ਆਪਣੇ ਖੇਤੀ ਸੰਦਾਂ ਨੂੰ ਰਜਿਸਟਰ ਕਰਨ ਦੀ ਸਹੂਲਤ ਵੀ ਪ੍ਰਦਾਨ ਕਰਦਾ ਹੈ, ਤਾਂ ਜੋ ਮਸ਼ੀਨਾਂ ਦੀ ਉਪਲੱਬਧਤਾ ਯਕੀਨੀਂ ਬਣਾਈ ਜਾ ਸਕੇ। ਉਨ੍ਹਾਂ ਨਿਰਦੇਸ਼ ਦਿੱਤੇ ਕਿ ਭਾਈਚਾਰਕ ਸਹਾਇਤਾ ਲਈ, ਵੀ.ਐਲ.ਐਫਜ਼ ਕਿਸਾਨਾਂ ਲਈ ਆਪ ਵੀ ਮਸ਼ੀਨਾਂ ਬੁੱਕ ਕਰ ਸਕਦੇ ਹਨ ਤਾਂ ਜੋ ਕੋਈ ਵੀ ਕਿਸਾਨ ਇਸ ਸਹੂਲਤ ਤੋਂ ਵਾਂਝਾ ਨਾ ਰਹੇ। ਉਨ੍ਹਾਂ ਦੱਸਿਆ ਕਿ ਇਸ ਐੱਪ ਵਿੱਚ ਰੀਅਲ-ਟਾਈਮ ਡੈਸ਼ ਬੋਰਡ ਹੈ ਜੋ ਮਸ਼ੀਨ ਦੀ ਵਰਤੋਂ ਅਤੇ ਫੀਲਡ ਅਫਸਰਾਂ ਦੀਆਂ ਗਤੀਵਿਧੀਆਂ ਦੀ ਸਟੀਕ ਨਿਗਰਾਨੀ ਨੂੰ ਸਮਰੱਥ ਬਣਾਉਂਦਾ ਹੈ। ਇਹ ਜਵਾਬਦੇਹੀ, ਸਮੱਸਿਆਵਾਂ ਦੇ ਤੁਰੰਤ ਹੱਲ ਅਤੇ ਅਨੁਕੂਲ ਸਰੋਤ ਯਕੀਨੀ ਬਣਾਉਂਦਾ ਹੈ ਅਤੇ ਵਾਢੀ ਦੇ ਮਹੱਤਵਪੂਰਨ ਸਮੇਂ ਦੌਰਾਨ ਕਿਸਾਨ ਵੀਰਾਂ ਲਈ ਲਾਹੇਵੰਦ ਬਣਦਾ ਹੈ। ਉਨਾਂ ਕਿਹਾ ਕਿ ਐੱਪ ਰਾਹੀਂ ਨੇੜਲੇ ਕਸਟਮ ਹਾਇਰਿੰਗ ਸੈਂਟਰਾਂ ਅਤੇ ਨਿੱਜੀ ਮਸ਼ੀਨ ਮਾਲਕਾਂ ਤੋਂ ਆਸਾਨ ਬੁਕਿੰਗ ਐਪ ਰਾਹੀਂ ਕੀਤੀ ਜਾ ਸਕਦੀ ਹੈ। ਪਰਾਲੀ ਦੀ ਸੰਭਾਲ ਦਾ ਵਿਗਿਆਨਕ ਵਿਕਲਪ ਪ੍ਰਦਾਨ ਕਰਦੀ ਹੈ ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਵਿੱਚ ਪਰਾਲੀ ਪ੍ਰਬੰਧਾਂ ਨੂੰ ਲੈ ਕਿਸਾਨਾਂ ਨਾਲ ਕੰਮ ਕਰ ਰਹੇ ਸਰਕਾਰੀ ਅਫਸਰਾਂ ਅਤੇ ਕਰਮਚਾਰੀਆਂ ਵੱਲੋਂ ਇਸ ਐਪ ਬਾਰੇ ਜਾਗਰੂਕ ਕੀਤਾ ਜਾ ਰਿਹਾ ਹੈ। ਕਿਸਾਨਾਂ ਨੂੰ ਪਰਾਲੀ ਪ੍ਰਬੰਧਨ ਲਈ ਵਰਤੀ ਜਾਣ ਵਾਲੀ ਮਸ਼ੀਨਰੀ ਦੀ ਵੀ ਜਾਣਕਾਰੀ ਦਿੱਤੀ ਜਾ ਰਹੀ ਹੈ।

# ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਤਹਿਤ ਹੁਣ ਤੱਕ 34494 ਲੋਕਾਂ ਨੇ ਕਰਵਾਈ ਰਜਿਸਟ੍ਰੇਸ਼ਨ : ਡੀ.ਸੀ.




ਬਰਨਾਲਾ, 9 ਅਕਤੂਬਰ (ਬਘੇਲ ਸਿੰਘ ਧਾਲੀਵਾਲ) : ਪੰਜਾਬ ਸਰਕਾਰ ਵੱਲੋਂ ਆਮ ਲੋਕਾਂ ਨੂੰ ਮਿਆਰੀ ਇਲਾਜ ਮੁਹਈਆ ਕਰਵਾਉਣ ਲਈ ਸ਼ੁਰੂ ਕੀਤੀ ਗਈ ਮੁੱਖ ਮੰਤਰੀ ਸਿਹਤ ਯੋਜਨਾ ਤਹਿਤ 10 ਲੱਖ ਰੁਪਏ ਦੇ ਨਕਦ ਰਹਿਤ ਇਲਾਜ ਲਈ ਰਜਿਸਟਰੇਸ਼ਨ ਕੀਤੀ ਰਹੀ ਹੈ। ਹੁਣ ਸਰਕਾਰੀ ਦੇ ਨਾਲ-ਨਾਲ ਪ੍ਰਾਈਵੇਟ ਹਸਪਤਾਲਾਂ ਵਿੱਚ ਵੀ 10 ਲੱਖ ਰੁਪਏ ਤੱਕ ਦਾ ਕੈਸ਼ਲੈਸ ਇਲਾਜ ਕਰਵਾਇਆ ਜਾ ਸਕੇਗਾ। ਇਹ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਬਰਨਾਲਾ ਟੀ ਬੈਨਿਥ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ਅਨੁਸਾਰ ਵਿਆਪਕ ਸਿਹਤ ਸੰਭਾਲ ਕਵਰੇਜ ਵੱਲ ਇੱਕ ਮਹੱਤਵਪੂਰਨ ਕਦਮ ਚੁੱਕਦਿਆਂ ਸਿਹਤ ਜਿਸ ਤਹਿਤ 10 ਲੱਖ ਰੁਪਏ ਦਾ ਨਕਦੀ ਰਹਿਤ ਇਲਾਜ ਮਿਲੇਗਾ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਰਜਿਸਟਰੇਸ਼ਨ ਸਬੰਧੀ ਲਗਾਏ ਜਾ ਰਹੇ ਕੈਂਪਾਂ ’ਚ ਹੁਣ ਤੱਕ 34494 ਲੋਕ ਆਪਣਾ ਰਜਿਸਟਰੇਸ਼ਨ ਕਰਵਾ ਚੁੱਕੇ ਹਨ। ਇਨ੍ਹਾਂ ’ਚ 11666 ਪਰਿਵਾਰ, 17959 ਪੁਰਸ਼ ਅਤੇ 16535 ਮਹਿਲਾਵਾਂ ਸ਼ਾਮਲ ਹਨ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਲੋੜੀਂਦੇ ਦਸਤਾਵੇਜ਼ਾਂ ਸਮੇਤ ਇਨ੍ਹਾਂ ਕੈਂਪਾਂ ’ਚ ਪੁੱਜ ਕੇ ਆਪਣਾ ਰਜਿਸਟਰੇਸ਼ਨ ਕਰਵਾਉਣ। ਉਨ੍ਹਾਂ ਦੱਸਿਆ ਕਿ ਲੋਕਾਂ ਨੂੰ ਬਿਨਾਂ ਕਿਸੇ ਆਮਦਨ ਸ਼ਰਤ ਦੇ 10 ਲੱਖ ਰੁਪਏ ਦਾ ਵਿਆਪਕ ਸਿਹਤ ਬੀਮਾ ਕਵਰ ਪ੍ਰਦਾਨ ਕਰਦਾ ਹੈ। ਇਹ ਯੋਜਨਾ ਸਿਹਤ ਸੰਭਾਲ ਲਈ ਆਮ ਲੋਕਾਂ ‘ਤੇ ਪੈਣ ਵਾਲੇ ਇਲਾਜ ਸੇਵਾਵਾਂ ਦੇ ਬੋਝ ਨੂੰ ਘਟਾਉਣ ਲਈ ਤਿਆਰ ਕੀਤੀ ਗਈ ਹੈ। ਇਸ ਯੋਜਨਾ ਤਹਿਤ ਲਾਭਪਾਤਰੀ ਸੂਬੇ ਭਰ ਦੇ ਸਾਰੇ ਸਰਕਾਰੀ ਹਸਪਤਾਲਾਂ ਅਤੇ ਸੂਚੀਬੱਧ ਨਿੱਜੀ ਹਸਪਤਾਲਾਂ ਵਿੱਚ ਨਕਦੀ ਰਹਿਤ ਇਲਾਜ ਪ੍ਰਾਪਤ ਕਰ ਸਕਦੇ ਹਨ। ਰਜਿਸਟਰੇਸ਼ਨ ਕਰਵਾਉਣ ਲਈ ਸਿਰਫ਼ ਵੋਟਰ ਆਈ.ਡੀ. ਕਾਰਡ ਅਤੇ ਆਧਾਰ ਕਾਰਡ ਲੋੜੀਂਦਾ ਹੈ ਅਤੇ ਇਸ ਯੋਜਨਾ ਦਾ ਲਾਭ ਲੈਣ ਲਈ ਆਮਦਨ ਦੀ ਵੀ ਕੋਈ ਸ਼ਰਤ ਨਹੀਂ ਹੈ। ਉਨ੍ਹਾਂ ਦੱਸਿਆ ਕਿ ਇਸ ਯੋਜਨਾ ਹੇਠਾਂ ਡਾਕਟਰੀ ਇਲਾਜਾਂ ਦੀ ਵਿਸ਼ਾਲ ਸੂਚੀ ਸ਼ਾਮਲ ਹੈ, ਜਿਸ ਤਹਿਤ ਹਰ ਤਰ੍ਹਾਂ ਦੀਆਂ ਵੱਡੀਆਂ ਅਤੇ ਛੋਟੀਆਂ ਬਿਮਾਰੀਆਂ ਦੇ ਨਾਲ-ਨਾਲ ਦੁਰਘਟਨਾਤਮਕ ਸਰਜਰੀਆਂ ਨੂੰ ਵੀ ਕਵਰ ਕੀਤਾ ਜਾਂਦਾ ਹੈ।

# ਵੱਖ-ਵੱਖ ਜਥੇਬੰਦੀਆਂ ਦੇ ਆਗੂਆਂ ਨੇ ਕਲਕੱਤਾ ਦੇ ਪਰਿਵਾਰ ਨੂੰ ਇਨਸਾਫ਼ ਦਿਵਾਉਣ ਦਾ ਕੀਤਾ ਅਹਿਦ



ਸ਼ਹਿਣਾ, ਭਦੌੜ, 9 ਅਕਤੂਬਰ (ਸੁਖਵਿੰਦਰ ਪਲਾਹਾ) : 4 ਅਕਤੂਬਰ ਨੂੰ ਸ਼ਹਿਣਾ ਦੀ ਸਾਬਕਾ ਸਰਪੰਚ ਮਲਕੀਤ ਕੌਰ ਕਲਕੱਤਾ ਦੇ ਸਪੁੱਤਰ ਸੁਖਵਿੰਦਰ ਸਿੰਘ ਕਲਕੱਤਾ ਸਾਬਕਾ ਪੰਚਾਇਤ ਮੈਂਬਰ ਦਾ ਮੇਨ ਬੱਸ ਸਟੈਂਡ ਸ਼ਹਿਣਾ ’ਤੇ ਗੋਲੀਆਂ ਮਾਰਕੇ ਕਤਲ ਕਰ ਦਿੱਤਾ ਸੀ, ਸੁਖਵਿੰਦਰ ਸਿੰਘ ਕਲਕੱਤਾ ਦੇ ਪਰਿਵਾਰ ਨੂੰ ਇਨਸਾਫ ਦਿਵਾਉਣ ਲਈ ਮੇਨ ਬੱਸ ਸਟੈਂਡ ਸ਼ਹਿਣਾ ’ਤੇ ਲਗਾਤਾਰ ਸੰਘਰਸ਼ ਜਾਰੀ ਹੈ ਅਤੇ ਬਣਾਈ ਗਈ 21 ਮੈਂਬਰੀ ਐਕਸ਼ਨ ਕਮੇਟੀ ਨੇ ਐਲਾਨ ਕੀਤਾ ਹੈ ਕਿ ਜਿੰਨਾ ਸਮਾਂ ਸੁਖਵਿੰਦਰ ਕਲਕੱਤਾ ਦੇ ਪਰਿਵਾਰ ਨੂੰ ਇਨਸਾਫ ਨਹੀਂ ਮਿਲਦਾ, ਉਨ੍ਹਾਂ ਸਮਾਂ ਸੁਖਵਿੰਦਰ ਕਲਕੱਤਾ ਦਾ ਦਾਹ ਸਸਕਾਰ ਨਹੀਂ ਕੀਤਾ ਜਾਵੇਗਾ । ਬੱਸ ਸਟੈਂਡ ਸ਼ਹਿਣਾ ਤੇ ਚੱਲ ਰਹੇ ਧਰਨੇ ਨੂੰ ਸੰਬੋਧਨ ਕਰਦਿਆਂ ਐਡਵੋਕੇਟ ਰਾਜਦੇਵ ਸਿੰਘ ਖ਼ਾਲਸਾ ਸਾਬਕਾ ਮੈਂਬਰ ਪਾਰਲੀਮੈਂਟ, ਮਨਜੀਤ ਸਿੰਘ ਧਨੇਰ ਸੂਬਾ ਪ੍ਰਧਾਨ, ਅਮਿਤੋਜ ਮਾਨ, ਸਰਪੰਚ ਤਰਨਜੀਤ ਸਿੰਘ ਦੁੱਗਲ, ਬੱਬੂ ਪੰਧੇਰ ਜ਼ਿਲ੍ਹਾ ਪ੍ਰਧਾਨ ਭਾਰਤੀ ਕਿਸਾਨ ਯੂਨੀਅਨ ਚੜੂਨੀ, ਰੂਪ ਸਿੰਘ ਢਿੱਲਵਾਂ ਕਾਦੀਆਂ, ਕੁਲਵੰਤ ਸਿੰਘ ਮਾਨ ਜ਼ਿਲ੍ਹਾ ਪ੍ਰਧਾਨ, ਭੋਲਾ ਸਿੰਘ ਛੰਨਾ ਗੁਲਾਬ ਸਿੰਘ ਵਾਲਾ, ਰਾਮ ਸਿੰਘ ਸ਼ਹਿਣਾ, ਅਮਰਜੀਤ ਸਿੰਘ ਜੀਤਾ ਕ੍ਰਾਂਤੀ ਕਲੱਬ,ਰੋਮਨ ਬਰਾੜ ਸਾਂਝਾ ਮੋਰਚਾ ਜੀਰਾ, ਇੰਦਰਜੀਤ ਸਿੰਘ ਘਣੀਆਂ ਸਿੱਧੂਪੁਰ, ਸੂਬੇਦਾਰ ਰਾਜ ਸਿੰਘ ਬਰਨਾਲਾ, ਪਰਮਜੀਤ ਸਿੰਘ ਤਲਵਾੜ,ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਭਾਈ ਜਗਤਾਰ ਸਿੰਘ ਹਵਾਰਾ ਦੇ ਪਿਤਾ ਗੁਰਚਰਨ ਸਿੰਘ,ਜੱਗੀ ਬਾਬਾ, ਜਸਮੇਲ ਸਿੰਘ ਬੜੀ ਬਲਾਕ ਪ੍ਰਧਾਨ,ਸੁਖਵਿੰਦਰ ਸਿੰਘ ਢਿੱਲਵਾਂ, ਸੁਖਬੀਰ ਸਿੰਘ ਆਗੂ ਵਾਰਿਸ ਪੰਜਾਬ, ਸ਼ਿੰਗਾਰਾ ਸਿੰਘ ਛੀਨੀਵਾਲ, ਸਰਪੰਚ ਗੁਰਸੇਵਕ ਸਿੰਘ ਨੈਣੇਵਾਲੀਆ, ਰਾਜਵਿੰਦਰ ਸਿੰਘ ਮੱਲੀਆਂ, ਬਲਦੇਵ ਸਿੰਘ ਸੰਦੋਹਾ ਪ੍ਰਧਾਨ ਬਠਿੰਡਾ, ਧਰਮਾਂ ਸਿੰਘ ਵਿਧਾਤਾ, ਕਾਮਰੇਡ ਖੁਸ਼ੀਆਂ ਸਿੰਘ ਜ਼ਿਲ੍ਹਾ ਸਕੱਤਰ ਨਰੇਗਾ,ਭਾਨ ਸਿੰਘ ਜੱਸੀ ਪੇਧਨੀ, ਵਿਸ਼ਵਜੀਤ ਸਿੰਘ ਫਾਜ਼ਿਲਕਾ, ਸ਼ਿਗਾਰਾ ਸਿੰਘ ਰਾਜੀਆ ਸੰਯੁਕਤ ਕਿਸਾਨ ਮੋਰਚਾ, ਕੁਲਦੀਪ ਸਿੰਘ ਸੈਕਟਰੀ ਬੁਰਜ, ਜਗਸੀਰ ਸਿੰਘ ਖਾਲਸਾ, ਕਾਲਾ ਦਿਉਲ, ਸ਼ਹਿਬਾਜ਼ ਸਿੰਘ ਮੌੜ ਸੂਬਾ ਪ੍ਰਧਾਨ, ਗੁਰਮੀਤ ਸਿੰਘ ਦਬੜੀਖਾਨਾ,ਸੋਨੀ ਹਿੰਮਤਪੁਰਾ, ਗੁਰਜੀਤ ਸਿੰਘ ਖਾਲਸਾ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ, ਨਿਰਮਲ ਸਿੰਘ ਖਾਲਸਾ, ਦਵਿੰਦਰ ਕੌਰ, ਮਲਕੀਤ ਕੌਰ ਸਹੋਤਾ, ਸੁਖਵਿੰਦਰ ਸਿੰਘ ਧਾਲੀਵਾਲ ਸੂਬਾ ਸੈਕਟਰੀ ਕਿਸਾਨ ਸੈੱਲ ਕਾਂਗਰਸ ਹਲਕਾ ਭਦੌੜ ਆਦਿ ਆਗੂਆਂ ਨੇ ਧਰਨੇ ਨੂੰ ਸੰਬੋਧਨ ਕਰਦਿਆਂ ਐਲਾਨ ਕੀਤਾ ਕਿ ਪ੍ਰਸ਼ਾਸਨ ਨਾਲ ਹੋਈਆਂ ਤਿੰਨ ਮੀਟਿੰਗਾਂ ਮੁਕੰਮਲ ਤੌਰ ਬੇਸਿੱਟਾ ਰਹੀਆਂ, ਜੱਥੇਬੰਦੀਆਂ ਨੇ ਮੀਟਿੰਗਾਂ ਬੇਸਿੱਟਾ ਰਹਿਣ ਉਪਰੰਤ ਮੰਚ ਤੋਂ ਐਲਾਨ ਕੀਤਾ ਕਿ ਜਿੰਨਾ ਸਮਾਂ ਪਰਿਵਾਰ ਨੂੰ ਇਨਸਾਫ ਨਹੀਂ ਮਿਲਦਾ ਉਨ੍ਹਾਂ ਦੇਰ ਇਹ ਧਰਨਾ ਇਸੇ ਤਰ੍ਹਾਂ ਹੀ ਜਾਰੀ ਰਹੇਗਾ।

# ਰਚਨਾਤਮਕ ਸੋਚ ਨੂੰ ਮਿਲੀ ਨਵੀਂ ਉਡਾਣ : ਵਾਈ.ਐਸ. ਕਾਲਜ ਵਿੱਚ ਹੋਇਆ ਕੈਨਵਾ ਸੈਸ਼ਨ



ਬਰਨਾਲਾ, 9 ਅਕਤੂਬਰ (ਸੁਖਵਿੰਦਰ ਸਿੰਘ ਭੰਡਾਰੀ) : ਉੱਚ ਸਿੱਖਿਆ ਸੰਸਥਾਨ ਵਜੋਂ ਮਾਨਤਾ ਪ੍ਰਾਪਤ ਵਾਈਐਸ ਕਾਲਜ ਨੇ ਪੱਤਰਕਾਰਤਾ ਦੇ ਵਿਦਿਆਰਥੀਆਂ ਲਈ ਵਿਸ਼ੇਸ਼ ਤੌਰ ’ਤੇ ਕੈਨਵਾ ’ਤੇ ਇੱਕ ਹੁਨਰ ਵਿਕਾਸ ਸੈਸ਼ਨ ਦਾ ਆਯੋਜਨ ਕੀਤਾ। ਇਸ ਸੈਸ਼ਨ 9 ਅਕਤੂਬਰ ਨੂੰ ਸੰਚਾਲਨ ਦੇਬਜਾਨੀ ਚੱਕਰਵਰਤੀ ਦੁਆਰਾ ਕੀਤਾ ਗਿਆ, ਜੋ ਇੱਕ ਬਹੁਤ ਹੀ ਪ੍ਰਤਿਭਾਸ਼ਾਲੀ ਅਤੇ ਤਜਰਬੇਕਾਰ ਸਿੱਖਿਅਕ ਹੈ, ਜਿਸਨੇ ਯੂਜੀਸੀ ਨੈੱਟ ਪ੍ਰੀਖਿਆ ਪਾਸ ਕੀਤੀ ਹੈ ਅਤੇ ਅੱਠ ਸਾਲਾਂ ਤੋਂ ਵੱਧ ਦਾ ਅਧਿਆਪਨ ਦਾ ਤਜਰਬਾ ਹੈ। ਆਪਣੀ ਪ੍ਰਤਿਭਾ ਅਤੇ ਸਮਰਪਣ ਲਈ ਜਾਣੀ ਜਾਂਦੀ, ਚੱਕਰਵਰਤੀ ਨੇ ਵਿਦਿਆਰਥੀਆਂ ਨੂੰ ਕੈਨਵਾ ਵਿੱਚ ਮੁੱਢਲੀਆਂ ਗੱਲਾਂ ਤੋਂ ਲੈ ਕੇ ਉੱਨਤ ਰਚਨਾਤਮਕ ਸਾਧਨਾਂ ਤੱਕ ਕਦਮ-ਦਰ-ਕਦਮ ਮਾਰਗਦਰਸ਼ਨ ਕੀਤਾ। ਸ਼ੁਰੂ ਕਰਨ ਤੋਂ ਪਹਿਲਾਂ, ਵਿਦਿਆਰਥੀਆਂ ਨੇ ਕੈਨਵਾ ਦੇ ਆਪਣੇ ਮੌਜੂਦਾ ਗਿਆਨ ਦਾ ਮੁਲਾਂਕਣ ਕਰਨ ਲਈ ਇੱਕ ਪ੍ਰੀ-ਟੈਸਟ ਲਈ ਹਾਜ਼ਰ ਹੋਏ। ਇਸ ਇੰਟਰਐਕਟਿਵ ਸੈਸ਼ਨ ਵਿੱਚ 50 ਤੋਂ ਵੱਧ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਹਿੱਸਾ ਲਿਆ। ਉਨ੍ਹਾਂ ਨੇ ਸਿੱਖਿਆ ਕਿ ਪੇਸ਼ੇਵਰ ਪੇਸ਼ਕਾਰੀਆਂ (ਪੀਪੀਟੀ) ਕਿਵੇਂ ਬਣਾਉਣੀਆਂ ਹਨ, ਰੰਗਾਂ ਦੇ ਵਿਪਰੀਤਤਾਵਾਂ ਦੀ ਪੜਚੋਲ ਕਿਵੇਂ ਕਰਨੀ ਹੈ, ਪਿਛੋਕੜ ਬਦਲਣੇ ਹਨ, ਅਤੇ ਕੈਨਵਾ ਦੇ ਵਿਸ਼ਾਲ ਸੰਦਾਂ ਦੀ ਵਰਤੋਂ ਕਰਕੇ ਦ੍ਰਿਸ਼ਟੀਗਤ ਤੌਰ ’ਤੇ ਦਿਲਚਸਪ ਪ੍ਰੋਜੈਕਟ ਡਿਜ਼ਾਈਨ ਕਰਨੇ ਹਨ। ਵਿਦਿਆਰਥੀ ਇਹ ਜਾਣ ਕੇ ਹੈਰਾਨ ਰਹਿ ਗਏ ਕਿ ਰਚਨਾਤਮਕਤਾ ਅਤੇ ਕਲਪਨਾ ਨਾਲ ਕੈਨਵਾ ’ਤੇ ਕਿੰਨਾ ਕੁਝ ਬਣਾਇਆ ਜਾ ਸਕਦਾ ਹੈ। ਵਿਭਾਗ ਦੀ ਮੁਖੀ ਜਸਦੀਪ ਕੌਰ ਨੇ ਵਿਦਿਆਰਥੀਆਂ ਦੀ ਸਰਗਰਮ ਸ਼ਮੂਲੀਅਤ ਲਈ ਪ੍ਰਸ਼ੰਸਾ ਕੀਤੀ ਅਤੇ ਉਨ੍ਹਾਂ ਨੂੰ ਆਪਣੇ ਡਿਜੀਟਲ ਹੁਨਰਾਂ ਨੂੰ ਵਧਾਉਣ ਲਈ ਉਤਸ਼ਾਹਿਤ ਕੀਤਾ। ਪ੍ਰਿੰਸੀਪਲ ਡਾ. ਗੁਰਪਾਲ ਸਿੰਘ ਰਾਣਾ ਨੇ ਵੀ ਭਾਗੀਦਾਰਾਂ ਨੂੰ ਪ੍ਰੇਰਿਤ ਕੀਤਾ, ਇਹ ਕਹਿੰਦੇ ਹੋਏ ਕਿ ਜ਼ਿੰਦਗੀ ਵਿੱਚ ਹੁਨਰ ਮਾਇਨੇ ਰੱਖਦੇ ਹਨ, ਅਤੇ ਵਾਈਐਸ ਕਾਲਜ ਵਰਗੀ ਸੰਸਥਾ ਵਿੱਚ ਉਹਨਾਂ ਨੂੰ ਮੁਫ਼ਤ ਵਿੱਚ ਪ੍ਰਾਪਤ ਕਰਨ ਦੇ ਯੋਗ ਹੋਣਾ ਵਿਦਿਆਰਥੀਆਂ ਲਈ ਇੱਕ ਵਧੀਆ ਮੌਕਾ ਹੈ। ਸੈਸ਼ਨ ਵਿਦਿਆਰਥੀਆਂ ਦੇ ਸਕਾਰਾਤਮਕ ਫੀਡਬੈਕ ਨਾਲ ਸਮਾਪਤ ਹੋਇਆ, ਜਿਨ੍ਹਾਂ ਨੇ ਪ੍ਰਗਟ ਕੀਤਾ ਕਿ ਉਨ੍ਹਾਂ ਨੇ ਡਿਜੀਟਲ ਡਿਜ਼ਾਈਨ ਬਾਰੇ ਕੀਮਤੀ ਗਿਆਨ ਅਤੇ ਵਿਹਾਰਕ ਸਮਝ ਪ੍ਰਾਪਤ ਕੀਤੀ ਜੋ ਅੱਜ ਦੇ ਮੀਡੀਆ ਪੇਸ਼ੇਵਰਾਂ ਲਈ ਇੱਕ ਜ਼ਰੂਰੀ ਹੁਨਰ ਹੈ।

# ਡੀ.ਐਮ. ਸਕੂਲ ਕਰਾੜਵਾਲਾ ਦੇ ਨੰਨ੍ਹੇ-ਮੁੰਨੇ ਖਿਡਾਰੀਆਂ ਨੇ ਖੇਡਾਂ ਦੇ ਖੇਤਰ ਵਿੱਚ ਪੁੱਟਿਆ ਪਹਿਲਾ ਸੁਨਹਿਰੀ ਕਦਮ



ਬਠਿੰਡਾ , 9 ਅਕਤੂਬਰ (ਚ.ਨ.ਸ.)ਪੰਜਾਬ ਸਰਕਾਰ ਵੱਲੋਂ ਪ੍ਰਾਇਮਰੀ ਪੱਧਰ ਦੀਆਂ ਸਕੂਲ ਖੇਡਾਂ ਸੈਂਟਰ ਰਾਮਪੁਰਾ ਪਿੰਡ ਦਾ ਆਗਾਜ਼ ਮੰਡੀ ਕਲਾਂ ਦੇ ਖੇਡ ਮੈਦਾਨ ਵਿੱਚ ਹੋਇਆ, ਜਿਸ ਵਿੱਚ ਡੀ. ਐਮ ਸਕੂਲ ਕਰਾੜਵਾਲਾ ਦੇ ਨੰਨ੍ਹੇ-ਮੁੰਨੇ ਖਿਡਾਰੀਆਂ ਨੇ ਖੇਡਾਂ ਦੇ ਭਵਿੱਖ ਵਿੱਚ ਆਪਣੀ ਸ਼ੁਰੂਆਤ ਸੋਨੇ ਦੇ ਤਮਗੇ ਨੂੰ ਜਿੱਤ ਕੇ ਕੀਤੀ। ਇਸ ਮੌਕੇ 'ਤੇ ਸੰਸਥਾ ਦੇ ਚੇਅਰਮੈਨ ਇੰਜ. ਅਵਤਾਰ ਸਿੰਘ ਢਿੱਲੋਂ ਨੇ ਪ੍ਰਿੰਟ ਮੀਡੀਆ ਨੂੰ ਪ੍ਰੈੱਸ ਨੋਟ ਜਾਰੀ ਕਰਦੇ ਹੋਏ ਦੱਸਿਆ ਕਿ ਸਕੂਲ ਦੀਆਂ ਕੁੱਲ ਪੰਜ ਟੀਮਾਂ ਫੁੱਟਬਾਲ ਅੰਡਰ-11 (ਲੜਕੇ-ਲੜਕੀਆਂ), ਹੈਂਡਬਾਲ ਅੰਡਰ-11 (ਲੜਕੇ-ਲੜਕੀਆਂ) ਅਤੇ ਰੱਸਾ ਕੱਸੀ ਅੰਡਰ-11 (ਲੜਕੇ) ਦੀਆਂ ਟੀਮਾਂ ਨੇ ਖੇਡਾਂ ਵਿੱਚ ਭਾਗ ਲਿਆ ਅਤੇ ਇਹਨਾਂ ਖੇਡਾਂ ਵਿੱਚ ਸਾਰੇ ਹੀ ਖਿਡਾਰੀਆਂ ਨੇ ਆਪਣੇ ਭਵਿੱਖ ਦੀ ਸੁਨਹਿਰੀ ਸ਼ੁਰੂਆਤ ਕਰਦਿਆਂ ਖੇਡਾਂ ਦੀ ਨਰਸਰੀ ਵਜੋਂ ਜਾਣੀ ਜਾਂਦੀ ਸੰਸਥਾ ਦਾ ਨਾਮ ਵੀ ਸੁਨਹਿਰੀ ਅੱਖਰਾਂ ਵਿਚ ਦਰਜ ਕਰਵਾਇਆ। ਇਸ ਮੌਕੇ ਤੇ ਇੰਜ.ਢਿੱਲੋਂ ਨੇ ਸਾਰੇ ਵਿਦਿਆਰਥੀਆਂ ਨੂੰ ਅੱਗੇ ਵਧਣ ਲਈ ਪ੍ਰੇਰਿਆ ਅਤੇ ਨਾਲ ਹੀ ਸਕੂਲ ਦੇ ਪ੍ਰਿੰਸੀਪਲ, ਸੰਬੰਧਿਤ ਸਟਾਫ ਅਤੇ ਵਿਦਿਆਰਥੀਆਂ ਦੇ ਮਾਤਾ ਪਿਤਾ ਨੂੰ ਵੀ ਵਧਾਈ ਦਿੱਤੀ।

# ਸ਼ਹਿਰ ਦੇ ਹਰ ਵਾਰਡਾਂ ਵਿੱਚ ਲਗਾਏ ਜਾ ਰਹੇ ਹਨ ਡਾਕਟਰੀ ਕੈਂਪ : ਜਤਿੰਦਰ ਜੈਨ



ਸੁਨਾਮ ਊਧਮ ਸਿੰਘ ਵਾਲਾ, 9 ਅਕਤੂਬਰ (ਮੋਹਣ ਸ਼ਰਮਾ/ਰਾਊਵਰਿੰਦਰ ਮਠਾੜੂ):ਵਿਸ਼ੇਸ਼ ਸਿਹਤ ਜਾਂਚ ਮੁਹਿੰਮ ਤਹਿਤ ਅੱਜ ਵਾਰਡ ਨੰ 13 ਲਈ ਮੰਦਿਰ ਸ਼੍ਰੀ ਬ੍ਰਹਮਸਿਰਾ ਅਤੇ ਵਾਰਡ ਨੂੰ 3 ਲਈ ਪੀਰ ਬਾਬਾ ਸੰਗਲਾਂ ਵਾਲਾ ਵਿਖੇ ਲਗਾਏ ਜਾ ਰਹੇ ਹਨ ਮੈਡੀਕਲ ਕੈਂਪ।ਵਿਸ਼ੇਸ਼ ਸਿਹਤ ਜਾਂਚ ਮੁਹਿੰਮ, ਜਿਸ ਤਹਿਤ ਵੱਖ ਵੱਖ ਬਿਮਾਰੀਆਂ ਦੀ ਰੋਕਥਾਮ, ਬਚਾਅ ਅਤੇ ਇਲਾਜ ਲਈ ਜਿੱਥੇ ਕੈਬਨਿਟ ਮੰਤਰੀ ਸ਼੍ਰੀ ਅਮਨ ਅਰੋੜਾ ਦੇ ਦਿਸ਼ਾ ਨਿਰਦੇਸ਼ਾਂ ਮੁਤਾਬਕ ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਘਰ ਘਰ ਸਰਵੇਖਣ ਕੀਤਾ ਜਾ ਰਿਹਾ ਹੈ, ਉੱਥੇ 25 ਸਤੰਬਰ ਤੋਂ ਸ਼ਹਿਰ ਵਿੱਚ ਵੱਖ ਵੱਖ ਥਾਂ ਮੈਡੀਕਲ ਕੈਂਪ ਵੀ ਜੰਗੀ ਪੱਧਰ ਉੱਤੇ ਜਾਰੀ ਹਨ।ਜਤਿੰਦਰ ਜੈਨ ਦੀ ਨਿਗਰਾਨੀ ਹੇਠ ਚਲ ਰਹੀ ਇਹ ਸਿਹਤ ਜਾਂਚ ਮੁਹਿੰਮ ਵਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਅੱਜ ਦੇ ਕੈਂਪ ਵਾਰਡ ਨੂੰ 13 ਵਿਚ ਬਲਾਕ ਪ੍ਰਧਾਨ ਸੰਦੀਪ ਜਿੰਦਲ ਅਤੇ ਟਰੇਡ ਵਿੰਗ ਦੇ ਕੋਆਡੀਨੇਟਰ ਰਾਮ ਕੁਮਾਰ ਅਤੇ ਵਾਰਡ ਨੂੰ 3 ਲਈ ਚਮਕੌਰ ਹਾਂਡਾ ਦੀ ਅਗਵਾਈ ਹੇਠ ਲਗਾਏ ਜਾ ਰਹੇ ਹਨ। ਉਨ੍ਹਾਂ ਜਾਣਕਾਰੀ ਦਿੰਦਿਆਂ ਕਿਹਾ ਕਿ ਸੁਨਾਮ ਹਲਕੇ ਅੰਦਰ ਹੁਣ ਤੱਕ 22 ਕੈਂਪ ਲਗਾਏ ਜਾ ਚੁੱਕੇ ਹਨ।

# ਖੁੱਡੀਆਂ ਨੇ ਅਧਿਕਾਰੀਆਂ ਨਾਲ ਵਿਕਾਸ ਦੇ ਕੰਮਾਂ ਸਬੰਧੀ ਕੀਤੀ ਰਿਵਿਊ ਮੀਟਿੰਗ



ਮਲੋਟ /ਲੰਬੀ, 9 ਅਕਤੂਬਰ:(ਅਮਨਦੀਪ ਸਿੰਘ ਮਹਿਰਾ):: ਕੈਬਨਿਟ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਵੱਲੋਂ ਅੱਜ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਅਤੇ ਸਮੂਹ ਸਰਪੰਚਾਂ ਨਾਲ ਚੱਲ ਰਹੇ ਵਿਕਾਸ ਕਾਰਜਾਂ ਦਾ ਜਾਇਜਾ ਲੈਣ ਸਬੰਧੀ ਮੀਟਿੰਗ ਕੀਤੀ। ਇਸ ਦੌਰਾਨ ਉਨ੍ਹਾਂ ਸਮੂਹ ਅਧਿਕਾਰੀਆਂ ਨੂੰ ਆਦੇਸ਼ ਦਿੱਤੇ ਕਿ ਵਿਕਾਸ ਕਾਰਜਾਂ ਨੂੰ ਮਿੱਥੇ ਸਮੇਂ ਵਿੱਚ ਮੁਕੰਮਲ ਕੀਤਾ ਜਾਵੇ।ਇਸ ਮੌਕੇ ਕੈਬਨਿਟ ਮੰਤਰੀ ਖੁੱਡੀਆਂ ਨੇ ਕਿਹਾ ਕਿ ਭਗਵੰਤ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਸ਼ਹਿਰਾਂ ਦੇ ਨਾਲ-ਨਾਲ ਪਿੰਡਾਂ ਦੇ ਵਿਕਾਸ ਲਈ ਵੀ ਵਚਨਬੱਧ ਹੈ ਅਤੇ ਪਿੰਡਾਂ ਵਿੱਚ ਵੀ ਸ਼ਹਿਰਾਂ ਵਰਗੀਆਂ ਸਹੂਲਤਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ।ਇਸ ਮੌਕੇ ਉਨ੍ਹਾਂ ਸਮੂਹ ਅਧਿਕਾਰੀਆਂ ਅਤੇ ਸਰਪੰਚਾਂ ਨੂੰ ਕਿਹਾ ਕਿ ਪੈਂਡਿੰਗ ਪਏ ਵਿਕਾਸ ਦੇ ਕੰਮਾਂ ਵਿੱਚ ਤੇਜੀ ਲਿਆਉਣ ਦੇ ਨਾਲ ਉਨ੍ਹਾਂ ਨੂੰ ਤੁਰੰਤ ਪ੍ਰਭਾਵ ਨਾਲ ਪੂਰਾ ਕੀਤਾ ਜਾਵੇ ਤਾਂ ਜੋ ਲੋਕਾਂ ਨੂੰ ਕਿਸੇ ਕਿਸਮ ਦੀ ਪ੍ਰੇਸ਼ਾਨੀ ਦੀ ਸਾਹਮਣਾ ਨਾ ਕਰਨਾ ਪਵੇ।ਇਸ ਮੌਕੇ ਬੀ.ਡੀ.ਪੀ.ਓ. ਰਾਕੇਸ਼ ਬਿਸ਼ਨੋਈ, ਐਕਸੀਐਨ ਜੋਧਵੀਰ ਸਿੰਘ, ਐਸ.ਐਚ.ਓ ਥਾਣਾ ਲੰਬੀ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਅਤੇ ਸਬੰਧਤ ਪਿੰਡਾਂ ਸਰਪੰਚ, ਪੰਚ ਅਤੇ ਪਿੰਡ ਵਾਸੀ ਹਾਜ਼ਰ ਸਨ।

# ਬਿਜਲੀ ਦੇ ਕੱਟਾਂ ਤੋਂ ਮੁਕਤੀ ਲਈ 'ਰੋਸ਼ਨ ਪੰਜਾਬ' ਦੀ ਮਹਿਮ ਸ਼ੁਰੂ






ਲਹਿਰਾਗਾਗਾ, 9 ਅਕਤੂਬਰ (ਰਾਮੇਸ਼ਵਰ ਸ਼ਰਮਾ/ਖੁਸ਼ਵਿੰਦਰ ਸ਼ਰਮਾ):ਰੋਸ਼ਨ ਪੰਜਾਬ ਮੁਹਿੰਮ ਦੇ ਤਹਿਤ ਅੱਜ ਸਾਡੇ ਆਮ ਆਦਮੀ ਪਾਰਟੀ ਦੇ ਕਨਵੀਨਰ ਸ੍ਰੀ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਪੰਜਾਬ ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਰਹਿਨੁਮਾਈ ਹੇਠ ਸ੍ਰੀ ਬਰਿੰਦਰ ਗੋਇਲ ਕੈਬਨਟ ਮੰਤਰੀ ਪੰਜਾਬ ਦੇ ਯਤਨਾ ਸਦਕਾ ਉਹਨਾਂ ਦੇ ਸਪੁੱਤਰ ਗੌਰਵ ਗੋਇਲ ਜੀ ਵੱਲੋਂ ਲਹਿਰਾਗਾਗਾ ਵਿਖੇ ਬਿਜਲੀ ਸੰਕਟ ਤੋਂ ਨਿਜਾਤ ਦੁਆਉਣ ਲਈ ਲਹਿਰਾ ਹਲਕਾ ਵਿਖੇ ਵਿਕਾਸ ਕੰਮਾਂ ਵਿੱਚ ਵਿਸ਼ੇਸ਼ ਯੋਗਦਾਨ ਪਾਇਆ ਗਿਆ,ਜਿਸ ਦੌਰਾਨ ਅੱਜ ਕਚਹਿਰੀਆਂ ਦੇ ਕੋਲ ਬਿਜਲੀ ਬੋਰਡ ਵੱਲੋਂ ਰੱਖੇ ਸਮਾਗਮ ਵਿੱਚ ਗੌਰਵ ਗੋਇਲ ਜੀ ਵੱਲੋਂ ਹਾਜਰੀ ਲਗਾਈ ਗਈ, ਜਿਸ ਵਿੱਚ ਉਹਨਾਂ ਨੇ ਕਿਹਾ ਕਿ ਇਸ ਮਹਿਮ ਤਹਿਤ ਲਹਿਰਾਗਾਗਾ ਇਲਾਕੇ ਵਿੱਚ ਬਿਜਲੀ ਦੀ ਵੱਧਦੀ ਮੰਗ ਨੂੰ ਪੂਰਾ ਕਰਨ ਲਈ ਨਵੇਂ ਟਰਾਂਸਫਰਮਰ ਲਗਾਏ ਜਾਣਗੇ ਅਤੇ ਪੁਰਾਣੇ ਟਰਾਂਸਫਰਮਰਾ ਨੂੰ ਬਦਲ ਕੇ ਵੱਡੇ ਟਰਾਂਸਫਰਮਰ ਰੱਖ ਦਿੱਤੇ ਜਾਣਗੇ, ਜਿਸ ਦੇ ਤਕਰੀਬਨ 33 ਲੱਖ ਰੁਪਏ ਲਾਗਤ ਆਵੇਗੀ ਨਵੀਆਂ ਬਿਜਲੀ ਦੀਆਂ ਤਾਰਾਂ ਪਾਈਆਂ ਜਾਣਗੀਆਂ ਪਾਵਰਕੱਟਾਂ ਤੋਂ ਮੁਕਤੀ ਮਿਲ ਜਾਵੇਗੀ। ਇਸ ਮੌਕੇ ਬਿਜਲੀ ਬੋਰਡ ਦੇ ਐਕਸ਼ਨ ਮਨੀਸ਼ ਕੁਮਾਰ ਜਿੰਦਲ ,ਸ਼ਹਿਰੀ ਐਸਡੀ ਓ ਮਹਿੰਦਰ ਸਿੰਘ, ਦਿਹਾਤੀ ਐਸਡੀਓ ਨਰਾਇਣ ਦੱਤ ਬਿਜਲੀ ਮਹਿਕਮੇ ਦੇ ਸਮੂਹ ਮੁਲਾਜ਼ਮ ਸਾਹਿਬਾਨ ਹਾਜ਼ਰ ਸਨ।

# ਡੇਂਗੂ ਦਾ ਪ੍ਰਕੋਪ ਹੋਣ ਲੱਗਾ ਤੇਜ਼, ਹੁਣ ਤੱਕ ਮਿਲ ਚੁੱਕੇ ਨੇ 72 ਮਰੀਜ਼

## ਬਰਸਾਤ ਮਗਰੋਂ ਥਾਂ-ਥਾਂ 'ਤੇ ਜਮ੍ਹਾਂ ਹੋਏ ਪਾਣੀ ਨੇ ਵਧਾਈ ਸਿਹਤ ਵਿਭਾਗ ਦੀ ਚਿੰਤਾ

ਬਠਿੰਡਾ, 9 ਅਕਤੂਬਰ (ਦੀਪਕ ਸ਼ਰਮਾ):ਜ਼ਿਲ੍ਹੇ ਵਿੱਚ ਡੇਂਗੂ ਦੇ ਮੱਛਰ ਦਾ ਡੰਗ ਤੇਜ਼ ਹੋ ਗਿਆ ਹੈ। ਇਸ ਕਾਰਨ ਡੇਂਗੂ ਦੇ ਮਰੀਜ਼ਾਂ ਵਿੱਚ ਤੇਜ਼ੀ ਨਾਲ ਵਾਧਾ ਹੋਣ ਲੱਗਾ ਹੈ। ਪਿਛਲੇ ਸੱਤ ਦਿਨਾਂ ਵਿੱਚ 20 ਤੋਂ ਵੱਧ ਡੇਂਗੂ ਦੇ ਮਰੀਜ਼ ਮਿਲੇ ਹਨ। ਇਸ ਨਾਲ ਇਨ੍ਹਾਂ ਦੀ ਗਿਣਤੀ 72 ਹੋ ਗਈ ਹੈ, ਜਦੋਂ ਕਿ ਤਿੰਨ ਦਿਨ ਪਹਿਲਾਂ ਇਹ ਗਿਣਤੀ 62 ਸੀ। ਪਿਛਲੇ ਤਿੰਨ ਦਿਨਾਂ ਵਿੱਚ 10 ਮਰੀਜ਼ ਵਧ ਚੁੱਕੇ ਹਨ।ਤੇਜ਼ੀ ਨਾਲ ਵਧ ਰਹੇ ਡੇਂਗੂ ਪੀੜਤਾਂ ਨੂੰ ਦੇਖ ਕੇ ਸਿਹਤ ਪ੍ਰਸ਼ਾਸਨ ਹਰਕਤ ਵਿੱਚ ਆ ਗਿਆ ਹੈ। ਸੀਐਮਓ ਵੱਲੋਂ ਜਨ ਜਾਗਰੂਕਤਾ ਅਤੇ ਬਚਾਅ ਕਾਰਜਾਂ ਨੂੰ ਤੇਜ਼ ਕਰਨ ਦਾ ਨਿਰਦੇਸ਼ ਦਿੱਤਾ ਗਿਆ ਹੈ। ਬਾਰਿਸ਼ ਵਿੱਚ ਮੱਛਰਾਂ ਤੋਂ ਪੈਦਾ ਹੋਣ ਵਾਲੀਆਂ ਬਿਮਾਰੀਆਂ ਦੀ ਸੰਭਾਵਨਾ ਜ਼ਿਆਦਾ ਹੁੰਦੀ ਹੈ। ਇਸ ਵਿੱਚ ਖਾਸ ਕਰਕੇ ਏਡੀਜ਼ ਮੱਛਰ ਸਰਗਰਮ ਹੋ ਜਾਂਦੇ ਹਨ। ਇਸ ਕਾਰਨ ਲੋਕ ਬਹੁਤ ਜਲਦੀ ਡੇਂਗੂ ਦੀ ਲਪੇਟ ਵਿੱਚ ਆ ਰਹੇ ਹਨ। ਸਿਹਤ ਪ੍ਰਸ਼ਾਸਨ ਨੇ ਪੀੜਤਾਂ ਵਿੱਚ ਵਾਧਾ ਦੇਖ ਕੇ ਬਿਮਾਰੀ ਨੂੰ ਕੰਟਰੋਲ ਕਰਨ ਦੀ ਪਹਿਲ ਤੇਜ਼ ਕਰ ਦਿੱਤੀ ਹੈ। ਡੇਂਗੂ ਦਾ ਲਾਰਵਾ ਖਤਮ ਕਰਨ ਸਬੰਧੀ ਕਾਰਵਾਈਆਂ ਦੇ ਨਾਲ ਹੀ ਲੋਕਾਂ ਨੂੰ ਜਾਗਰੂਕ ਕਰਨ ਅਤੇ ਬਚਾਅ ਕਾਰਜਾਂ ਨੂੰ ਤੇਜ਼ ਕਰਨ ਦਾ ਨਿਰਦੇਸ਼ ਦਿੱਤਾ ਹੈ। ਜ਼ਿਲ੍ਹਾ ਹਸਪਤਾਲ ਤੋਂ ਲੈ ਕੇ ਸੀਐਚਸੀ ਅਤੇ ਪੀਐਚਸੀ ਤੇ ਤਾਇਨਾਤ ਡਾਕਟਰਾਂ ਨੂੰ ਓਪੀਡੀ ਵਿੱਚ ਮਰੀਜ਼ਾਂ ਨੂੰ ਸਲਾਹ ਦੇਣ ਦੇ ਨਾਲ ਹੀ ਡੇਂਗੂ ਹੋਣ ਦਾ ਕਾਰਨ ਅਤੇ ਬਚਾਅ ਦੀ ਜਾਣਕਾਰੀ ਦੇਣ ਦਾ ਨਿਰਦੇਸ਼ ਦਿੱਤਾ ਗਿਆ ਹੈ।ਸਿਹਤ ਪ੍ਰਸ਼ਾਸਨ ਦੇ ਨਿਰਦੇਸ਼ਾਂ ਤੇ ਜ਼ਿਲ੍ਹਾ ਹਸਪਤਾਲ ਵਿੱਚ 8 ਬੈੱਡ ਅਤੇ ਸੀਐਚਸੀ ਤੇ ਚਾਰ-ਚਾਰ ਬੈੱਡ ਦਾ ਡੇਂਗੂ ਵਾਰਡ ਸ਼ੁਰੂ ਕਰ ਦਿੱਤਾ ਗਿਆ ਹੈ। ਡੇਂਗੂ ਪੀੜਤਾਂ ਦੀ ਦੇਖਭਾਲ ਲਈ ਵਾਧੂ ਪੈਰਾਮੈਡੀਕਲ ਕਰਮਚਾਰੀਆਂ ਦੀ ਡਿਊਟੀ ਵੀ ਲਗਾਈ ਗਈ ਹੈ।**ਬਾਰਿਸ਼ ਦੇ ਖੜ੍ਹੇ ਪਾਣੀ ਨੇ ਵਧਾਈ ਚਿੰਤਾ** ਪਿਛਲੇ ਦੋ ਦਿਨਾਂ ਤੋਂ ਹੋ ਰਹੀ ਬਰਸਾਤ ਤੋਂ ਬਾਅਦ ਗਲੀਆਂ ਅਤੇ ਸੜਕਾਂ ਤੇ ਥਾਂ-ਥਾਂ ਜਮ੍ਹਾਂ ਹੋਏ ਮੀਂਹ ਦੇ ਪਾਣੀ ਨੇ ਸਿਹਤ ਵਿਭਾਗ ਦੀ ਚਿੰਤਾ ਵਧਾ ਦਿੱਤੀ ਹੈ, ਕਿਉਂਕਿ ਬਰਸਾਤ ਦੇ ਪਾਣੀ ਵਿੱਚ ਡੇਂਗੂ ਲਾਰਵਾ ਪੈਦਾ ਹੋਣ ਦਾ ਖਦਸ਼ਾ ਸਿਹਤ ਵਿਭਾਗ ਨੂੰ ਸਤਾ ਰਿਹਾ ਹੈ। ਹਾਲਾਂਕਿ, ਸਿਹਤ ਵਿਭਾਗ ਦੀ ਐਂਟੀ ਲਾਰਵਾ ਸਰਵੇਖਣ ਟੀਮ ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਵਿੱਚ ਘਰ-ਘਰ ਜਾ ਕੇ ਸਰਵੇਖਣ ਕਰ ਰਹੀ ਹੈ ਅਤੇ ਡੇਂਗੂ ਲਾਰਵਾ ਦੀ ਜਾਂਚ ਕਰ ਰਹੀ ਹੈ। ਇਸ ਦੇ ਨਾਲ ਹੀ ਖੜ੍ਹੇ ਪਾਣੀ ਵਿੱਚ ਦਵਾਈ ਅਤੇ ਤੇਲ ਦਾ ਛਿੜਕਾਅ ਵੀ ਕਰਵਾਇਆ ਜਾ ਰਿਹਾ ਹੈ। ਇਸ ਦੇ ਨਾਲ ਹੀ ਨਗਰ ਨਿਗਮ ਦੀ ਸੈਨੀਟੇਸ਼ਨ ਬ੍ਰਾਂਚ ਦੀ ਮਦਦ ਨਾਲ ਵਾਰਡਾਂ ਵਿੱਚ ਫੌਗਿੰਗ ਵੀ ਕਰਵਾਈ ਜਾ ਰਹੀ ਹੈ।ਪਰ, ਪਿਛਲੇ ਕੁਝ ਦਿਨਾਂ ਤੋਂ ਡੇਂਗੂ ਦੇ ਮਰੀਜ਼ਾਂ ਦੀ ਗਿਣਤੀ ਅਚਾਨਕ ਵਧਣ ਲੱਗੀ ਹੈ। ਸਿਹਤ ਵਿਭਾਗ ਦੇ ਰਿਕਾਰਡ ਅਨੁਸਾਰ 1 ਜਨਵਰੀ ਤੋਂ ਲੈ ਕੇ 5 ਸਤੰਬਰ ਤੱਕ ਜ਼ਿਲ੍ਹੇ ਭਰ ਵਿੱਚ ਸਿਰਫ਼ 12 ਡੇਂਗੂ ਪਾਜ਼ੇਟਿਵ ਮਰੀਜ਼ ਸਨ, ਪਰ ਪਿਛਲੇ ਇੱਕ ਮਹੀਨੇ ਵਿੱਚ ਇਨ੍ਹਾਂ ਦੀ ਗਿਣਤੀ ਵਧ ਕੇ 72 ਹੋ ਗਈ ਹੈ, ਯਾਨੀ ਕਿ 30 ਦਿਨਾਂ ਵਿੱਚ 60 ਡੇਂਗੂ ਦੇ ਮਰੀਜ਼ ਮਿਲੇ ਹਨ। ਇਹ ਸਾਰੇ ਮਰੀਜ਼ ਜ਼ਿਲ੍ਹੇ ਭਰ ਵਿੱਚੋਂ ਮਿਲ ਰਹੇ ਹਨ। ਸਭ ਤੋਂ ਵੱਡੀ ਰਾਹਤ ਵਾਲੀ ਗੱਲ ਇਹ ਹੈ ਕਿ ਇਸ ਸਾਲ ਡੇਂਗੂ ਨਾਲ ਅਜੇ ਤੱਕ ਕੋਈ ਮੌਤ ਨਹੀਂ ਹੋਈ ਹੈ, ਪਰ ਚਿੰਤਾ ਦੀ ਗੱਲ ਇਹ ਹੈ ਕਿ ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਵਿੱਚੋਂ ਹਰ ਰੋਜ਼ ਡੇਂਗੂ ਦਾ ਲਾਰਵਾ ਮਿਲ ਰਿਹਾ ਹੈ। ਸਿਹਤ ਵਿਭਾਗ ਅਨੁਸਾਰ ਕੇਵਲ ਬਠਿੰਡਾ ਸ਼ਹਿਰੀ ਖੇਤਰ ਤੋਂ 350 ਥਾਵਾਂ ਤੋਂ ਡੇਂਗੂ ਦਾ ਲਾਰਵਾ ਮਿਲ ਚੁੱਕਾ ਹੈ।ਬਰਸਾਤ ਦੇ ਮੌਸਮ ਨੂੰ ਦੇਖਦੇ ਹੋਏ ਸਿਹਤ ਵਿਭਾਗ ਨੇ ਜ਼ਿਲ੍ਹੇ ਦੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਆਪਣੇ ਘਰ ਜਾਂ ਆਸ-ਪਾਸ ਸਾਫ਼ ਪਾਣੀ ਜਮ੍ਹਾਂ ਨਾ ਹੋਣ ਦੇਣ, ਕਿਉਂਕਿ ਡੇਂਗੂ ਦਾ ਲਾਰਵਾ ਚਮਚ ਜਿੰਨੇ ਪਾਣੀ ਵਿੱਚ ਵੀ ਪੈਦਾ ਹੋ ਸਕਦਾ ਹੈ।ਡੀਐਚਓ ਡਾ. ਊਸ਼ਾ ਗੋਇਲ ਨੇ ਦੱਸਿਆ ਕਿ ਸਰਵੇਖਣ ਦੌਰਾਨ ਕਈ ਥਾਵਾਂ ਤੇ ਲਾਰਵਾ ਪਾਇਆ ਗਿਆ, ਜਿਸ ਨੂੰ ਮੌਕੇ ਤੇ ਹੀ ਨਸ਼ਟ ਕਰ ਦਿੱਤਾ ਗਿਆ ਅਤੇ ਜਿਨ੍ਹਾਂ ਥਾਵਾਂ ਤੇ ਪਾਣੀ ਖੜ੍ਹਾ ਸੀ, ਉੱਥੇ ਛਿੜਕਾਅ ਅਤੇ ਫੌਗਿੰਗ ਕੀਤੀ ਜਾ ਰਹੀ ਹੈ। ਪਰ, ਬਰਸਾਤ ਦੇ ਮੌਸਮ ਨੂੰ ਦੇਖਦੇ ਹੋਏ ਖੜ੍ਹੇ ਪਾਣੀ ਕਾਰਨ ਡੇਂਗੂ ਮੱਛਰ ਦੇ ਪੈਦਾ ਹੋਣ ਦਾ ਖ਼ਤਰਾ ਵਧ ਜਾਂਦਾ ਹੈ।

# ਵਿਧਾਇਕ ਸਿੱਧੂ ਵੱਲੋਂ ਘਰ-ਘਰ ਊਰਜਾਮੁਹਿੰਮ ਤਹਿਤ ਨਵੇਂ ਟਰਾਂਸਫਾਰਮਰਾਂ ਦਾ ਉਦਘਾਟਨ



ਰਾਮਪੁਰਾ ਫੂਲ,9 ਅਕਤੂਬਰ (ਮਨਪ੍ਰੀਤ ਮਿੰਟੂ): ਪੰਜਾਬ ਸਰਕਾਰ ਦੀ ਘਰ-ਘਰ ਊਰਜਾ ਮੁਹਿੰਮ ਨੂੰ ਅੱਗੇ ਵਧਾਉਂਦੇ ਹੋਏ, ਹਲਕਾ ਰਾਮਪੁਰਾ ਫੂਲ ਦੇ ਵਿਧਾਇਕ, ਬਲਕਾਰ ਸਿੱਧੂ ਨੇ ਅੱਜ ਕਰੋੜਾਂ ਰੁਪਏ ਦੀ ਲਾਗਤ ਵਾਲੇ ਦੋ ਨਵੇਂ ਬਿਜਲੀ ਟਰਾਂਸਫਾਰਮਰਾਂ ਦਾ ਉਦਘਾਟਨ ਕੀਤਾ। ਇਹ ਟਰਾਂਸਫਾਰਮਰ ਖੇਤਰ ਵਿੱਚ ਬਿਜਲੀ ਸਪਲਾਈ ਪ੍ਰਣਾਲੀ ਨੂੰ ਮਜ਼ਬੂਤ ਕਰਨ ਲਈ ਸਥਾਪਿਤ ਕੀਤੇ ਗਏ ਹਨ।ਵਿਧਾਇਕ ਸਿੱਧੂ ਨੇ ਦੱਸਿਆ ਕਿ ਇਹ ਟਰਾਂਸਫਾਰਮਰ ਨਾਲ ਆਸ-ਪਾਸ ਦੇ ਇਲਾਕਿਆਂ ਵਿੱਚ ਬਿਜਲੀ ਦੀ ਲਗਾਤਾਰ ਅਤੇ ਗੁਣਵੱਤਾ ਵਾਲੀ ਸਪਲਾਈ ਯਕੀਨੀ ਬਣੇਗੀ। ਉਨ੍ਹਾਂ ਕਿਹਾ ਕਿ ਪਿਛਲੇ ਸਮੇਂ ਵਿੱਚ ਬਿਜਲੀ ਦੇ ਲੋਡ ਵਧਣ ਕਾਰਨ ਪਿੰਡਾਂ ਅਤੇ ਸ਼ਹਿਰਾਂ ਵਿੱਚ ਵਾਰ-ਵਾਰ ਕੱਟ ਲੱਗਣ ਜਾਂ ਘੱਟ ਵੋਲਟੇਜ ਦੀ ਸਮੱਸਿਆ ਆਉਂਦੀ ਸੀ, ਪਰ ਇਨ੍ਹਾਂ ਨਵੇਂ ਟਰਾਂਸਫਾਰਮਰਾਂ ਦੀ ਸਥਾਪਨਾ ਨਾਲ ਇਹ ਸਮੱਸਿਆ ਕਾਫੀ ਹੱਦ ਤੱਕ ਦੂਰ ਹੋ ਜਾਵੇਗੀ।ਇਸ ਮੌਕੇ 'ਤੇ ਬੋਲਦਿਆਂ ਵਿਧਾਇਕ ਸਿੱਧੂ ਨੇ ਕਿਹਾ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੇ ਹਰ ਨਾਗਰਿਕ ਨੂੰ ਬਿਨਾਂ ਕਿਸੇ ਕਟੌਤੀ ਦੇ 24 ਘੰਟੇ ਬਿਜਲੀ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ। ਘਰ-ਘਰ ਊਰਜਾ ਮੁਹਿੰਮ ਇਸੇ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਕਦਮ ਹੈ, ਜਿਸਦਾ ਉਦੇਸ਼ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨਾ ਹੈ ਤਾਂ ਜੋ ਕਿਸਾਨਾਂ, ਵਪਾਰੀਆਂ ਅਤੇ ਆਮ ਲੋਕਾਂ ਨੂੰ ਬਿਜਲੀ ਦੀ ਕੋਈ ਕਿੱਲਤ ਨਾ ਆਵੇ।ਉਦਘਾਟਨ ਸਮਾਰੋਹ ਦੌਰਾਨ ਪਾਵਰਕੌਮ ਦੇ ਅਧਿਕਾਰੀਆ ਨੇ ਵਿਧਾਇਕ ਸਿੱਧੂ ਦਾ ਧੰਨਵਾਦ ਕੀਤਾ ਕਿ ਉਨ੍ਹਾਂ ਦੀ ਪਹਿਲਕਦਮੀ ਸਦਕਾ ਇਸ ਖੇਤਰ ਵਿੱਚ ਬਿਜਲੀ ਦੇ ਬੁਨਿਆਦੀ ਢਾਂਚੇ ਵਿੱਚ ਵੱਡਾ ਸੁਧਾਰ ਹੋਇਆ ਹੈ।ਇਸ ਮੌਕੇ ਪਾਵਰਕਾਮ ਦੇ ਅਧਿਕਾਰੀਆਂ ਸਮੇਤ ਨਗਰ ਕੌਂਸਲ ਰਾਮਪੁਰਾ ਦੇ ਪ੍ਰਧਾਨ ਕਿਰਨਦੀਪ ਕੌਰ ਬਰਾੜ, ਸੀਨੀਅਰ ਆਗੂ ਰੌਬੀ ਬਰਾੜ, ਟਰੱਕ ਯੂਨੀਅਨ ਰਾਮਪੁਰਾ ਫੂਲ ਦੇ ਪ੍ਰਧਾਨ ਸ਼ੇਰ ਬਹਾਦਰ ਸਿੰਘ ਧਾਲੀਵਾਲ, ਸੀਨੀਅਰ ਆਗੂ ਬਲਵਿੰਦਰ ਸਿੰਘ ਲੱਖਾ (ਸਰਪੰਚ) , ਨਗਰ ਕੌਂਸਲ ਰਾਮਪੁਰਾ ਦੇ ਵਾਈਸ ਪ੍ਰਧਾਨ ਰਵਿੰਦਰ ਨਿੱਕਾ, ਕੌਂਸਲਰ ਦਰਸ਼ਨਾ ਦੇਵੀ, ਕੌਂਸਲਰ ਕਰਨੈਲ ਮਾਨ, ਕੌਂਸਲਰ, ਜਸਪਾਲ ਜੱਸੂ, ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਨਿਰਮਲ ਸਿੰਘ ਜੇਈ, ਬਲਾਕ ਪ੍ਰਧਾਨ ਗੁਰਭਜਨ ਢਿੱਲੋਂ ,ਨਰੇਸ਼ ਮੇਸ਼ੀ, ਸਮੇਤ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀ ਹਾਜ਼ਰ ਸਨ

# ਚਿੱਟੇ ਦਾ ਟੀਕਾ ਲਗਾਉਣ ਨਾਲ ਨੌਜਵਾਨ ਦੀ ਮੌਤ



ਬਠਿੰਡਾ, 9 ਅਕਤੂਬਰ (ਦੀਪਕ ਸ਼ਰਮਾ):ਜ਼ਿਲ੍ਹੇ ਵਿੱਚ ਚਿੱਟੇ ਨਾਲ ਹੋਣ ਵਾਲੀਆਂ ਮੌਤਾਂ ਦਾ ਸਿਲਸਿਲਾ ਰੁਕਣ ਦਾ ਨਾਂ ਨਹੀਂ ਲੈ ਰਿਹਾ। ਬੀਤੀ ਬੁੱਧਵਾਰ ਦੇਰ ਸ਼ਾਮ ਨੂੰ ਵੀ ਚਿੱਟੇ ਦੇ ਟੀਕੇ ਨੇ ਇੱਕ ਹੋਰ ਨੌਜਵਾਨ ਦੀ ਜਾਨ ਲੈ ਲਈ।ਜਾਣਕਾਰੀ ਅਨੁਸਾਰ ਸਥਾਨਕ ਆਈ.ਟੀ.ਆਈ. ਪੁਲ, ਇੰਡਸਟਰੀਅਲ ਏਰੀਆ ਦੇ ਪਿੱਛੇ ਪਟਿਆਲਾ ਰੇਲਵੇ ਲਾਈਨ ਦੀਆਂ ਝਾੜੀਆਂ ਵਿੱਚੋਂ ਨੌਜਵਾਨ ਦੀ ਲਾਸ਼ ਬਰਾਮਦ ਹੋਈ, ਜਿਸ ਦੇ ਸਰੀਰ ਤੇ ਚਿੱਟੇ ਦਾ ਟੀਕਾ ਲੱਗਾ ਹੋਇਆ ਸੀ। ਸੂਚਨਾ ਮਿਲਣ ਤੇ ਸਹਾਰਾ ਜਨ ਸੇਵਾ ਦੀ ਲਾਈਫ ਸੇਵਿੰਗ ਬ੍ਰਿਗੇਡ ਹੈਲਪਲਾਈਨ ਟੀਮ ਦੇ ਮੈਂਬਰ ਸੰਦੀਪ ਗਿੱਲ ਐਂਬੂਲੈਂਸ ਲੈ ਕੇ ਘਟਨਾ ਵਾਲੀ ਥਾਂ ਤੇ ਪਹੁੰਚੇ ਅਤੇ ਦੇਖਿਆ ਕਿ ਝਾੜੀਆਂ ਵਿੱਚ ਇੱਕ ਨੌਜਵਾਨ ਦੀ ਲਾਸ਼ ਪਈ ਸੀ। ਨੌਜਵਾਨ ਨੇ ਪ੍ਰਾਈਵੇਟ ਪਾਰਟ ਤੇ ਟੀਕਾ ਲਗਾ ਰੱਖਿਆ ਸੀ, ਜੋ ਕਿ ਉਸਦੀ ਮੌਤ ਦਾ ਕਾਰਨ ਬਣਿਆ। ਮ੍ਰਿਤਕ ਕੋਲੋਂ ਟੀਕੇ ਤੋਂ ਇਲਾਵਾ ਹੋਰ ਕੁਝ ਨਹੀਂ ਮਿਲਿਆ। ਸਹਾਰਾ ਟੀਮ ਨੇ ਮਾਮਲੇ ਦੀ ਜਾਣਕਾਰੀ ਥਾਣਾ ਜੀ.ਆਰ.ਪੀ. ਨੂੰ ਦਿੱਤੀ। ਥਾਣਾ ਜੀ.ਆਰ.ਪੀ. ਦੇ ਐੱਸ.ਐੱਚ.ਓ. ਪੁਲਿਸ ਪਾਰਟੀ ਸਮੇਤ ਘਟਨਾ ਸਥਾਨ 'ਤੇ ਪਹੁੰਚੇ ਅਤੇ ਘਟਨਾ ਦੀ ਜਾਂਚ ਕੀਤੀ। ਸਹਾਰਾ ਨੈੱਟਵਰਕ ਨੇ ਕੋਸ਼ਿਸ਼ ਕਰਕੇ ਮ੍ਰਿਤਕ ਨੌਜਵਾਨ ਦੀ ਸ਼ਨਾਖਤ ਮਨਪ੍ਰੀਤ ਸ਼ਰਮਾ ਪੁੱਤਰ ਬਾਲਕ੍ਰਿਸ਼ਨ ਸ਼ਰਮਾ (ਉਮਰ 30) ਵਾਸੀ ਮਤੀਦਾਸ ਨਗਰ, ਬਠਿੰਡਾ ਵਜੋਂ ਕਰਵਾਈ। ਦੱਸਿਆ ਜਾ ਰਿਹਾ ਹੈ ਕਿ ਮ੍ਰਿਤਕ ਨੌਜਵਾਨ ਦੇ ਮਾਤਾ-ਪਿਤਾ ਦੀ ਪਹਿਲਾਂ ਹੀ ਮੌਤ ਹੋ ਚੁੱਕੀ ਹੈ ਅਤੇ ਮ੍ਰਿਤਕ ਦੀਆਂ ਦੋ ਭੈਣਾਂ ਹਨ। ਮ੍ਰਿਤਕ 2 ਸਾਲਾਂ ਤੋਂ ਇਕੱਲਾ ਹੀ ਰਹਿ ਰਿਹਾ ਸੀ। ਸਹਾਰਾ ਟੀਮ ਨੇ ਮ੍ਰਿਤਕ ਨੌਜਵਾਨ ਦੀ ਲਾਸ਼ ਨੂੰ ਪੋਸਟਮਾਰਟਮ ਲਈ ਸਿਵਲ ਹਸਪਤਾਲ ਦੀ ਮੋਰਚਰੀ ਵਿੱਚ ਪਹੁੰਚਾਇਆ।

# ਕੰਪਿਊਟਰ ਅਧਿਆਪਕਾਂ ਵੱਲੋਂ 19 ਨੂੰ ਤਰਨਤਾਰਨ ਵਿਖੇ ਕੀਤੀ ਜਾਵੇਗੀ ਵਾਅਦਾ ਨਿਭਾਓ ਮਹਾਂ ਰੈਲੀ

## ਮੰਗਾਂ ਨਾ ਮੰਨਣ ਤੇ 26 ਅਕਤੂਬਰ ਤੋਂ ਪੱਕਾ ਧਰਨਾ ਲਗਾਉਣ ਦੀ ਦਿੱਤੀ ਚੇਤਾਵਨੀ



ਸੰਗਰੂਰ, 9 ਅਕਤੂਬਰ (ਹਰਕੰਵਲ ਸਿੰਘ ਹੈਪੀ): 'ਆਪ' ਸਰਕਾਰ ਦੇ ਸੱਤਾ ਵਿੱਚ ਆਉਂਦਿਆਂ ਹੀ ਪੰਜਾਬ ਦੇ ਸਿੱਖਿਆ ਮੰਤਰੀ ਸ. ਹਰਜੋਤ ਸਿੰਘ ਬੈਂਸ ਵੱਲੋਂ ਸਾਲ 2022 ਦੀ ਦੀਵਾਲੀ ਮੌਕੇ ਪੰਜਾਬ ਦੇ ਕੰਪਿਊਟਰ ਅਧਿਆਪਕਾਂ ਨੂੰ 6ਵਾਂ ਪੇਅ ਕਮਿਸ਼ਨ ਅਤੇ ਸੀ ਐਸ ਆਰ ਰੂਲਜ਼ ਲਾਗੂ ਕਰਨ ਦਾ 15 ਸਤੰਬਰ 2022 ਐਲਾਨਿਆ ਗਿਆ ਸੀ, ਇਹ ਸਰਕਾਰੀ ਵਾਅਦਾ ਸਾਲ 2025 ਦੀ ਦਿਵਾਲੀ ਤੱਕ ਵੀ ਅਧੂਰਾ ਹੈ ਜਿਸਨੂੰ ਯਾਦ ਦਿਵਾਉਣ ਲਈ ਪੰਜਾਬ ਦੇ ਸਮੂਹ ਕੰਪਿਊਟਰ ਅਧਿਆਪਕ ਤਰਨਤਾਰਨ ਵਿਖੇ ਜਿਮਨੀ ਚੋਣਾਂ ਦੌਰਾਨ ਵਾਅਦਾ ਨਿਭਾਓ ਮਹਾਂ ਰੈਲੀ ਕਰ ਦਿਵਾਲੀ ਮੌਕੇ ਕਾਲੀਆਂ ਝੰਡੀਆਂ ਦੇ ਨਾਲ ਰੋਸ਼ ਪ੍ਰਦਰਸ਼ਨ ਕਰਦੇ ਹੋਏ ਮਨਾਉਣਗੇ ਅਤੇ ਸਰਕਾਰ ਵੱਲੋਂ ਕੀਤੇ ਵਾਅਦੇ ਨੂੰ ਪੂਰਾ ਕਰਵਾਉਣ ਲਈ ਸੜਕਾਂ ਤੇ ਉਤਰਨਗੇ।ਇਸ ਮੌਕੇ ਜਾਣਕਾਰੀ ਦਿੰਦੇ ਹੋਏ ਕੰਪਿਊਟਰ ਅਧਿਆਪਕ ਸੰਘਰਸ਼ ਕਮੇਟੀ ਪੰਜਾਬ ਦੇ ਸੂਬਾ ਆਗੂ ਜੋਨੀ ਸਿੰਗਲਾ, ਰਣਜੀਤ ਸਿੰਘ,ਨਰਦੀਪ ਸ਼ਰਮਾ, ਕੁਲਵਿੰਦਰ ਸਿੰਘ, ਅੰਜੂ ਜੈਨ, ਹਰਵਿੰਦਰ ਸਿੰਘ, ਤੇਜਿੰਦਰ ਬਾਂਸਲ, ਸੁਮਿਤ ਖੁਰਾਣਾ, ਨੀਰਜ ਯਾਦਵ, ਕੁਲਦੀਪ ਸਿੰਘ, ਸੰਜੀਵ ਕੁਮਾਰ, ਰਾਜੇਸ਼ ਜੈਨ, ਅਵਤਾਰ ਸਿੰਘ ਅਤੇ ਜਸਵਿੰਦਰ ਸਿੰਘ ਨੇ ਕਿਹਾ ਕਿ ਹਾਥੀ ਦੇ ਦੰਦ ਖਾਣ ਵਾਲੇ ਹੋਰ ਅਤੇ ਦਿਖਾਉਣ ਵਾਲੇ ਹੋਰ ਕਹਾਵਤ ਨੂੰ ਸੱਚ ਕਰਦਿਆਂ ਪੰਜਾਬ ਦੇ ਮੁੱਖ ਮੰਤਰੀ ਵਲੋਂ ਵੱਖ ਵੱਖ ਮੀਡੀਆ ਪਲੇਟਫਾਰਮਾਂ ਰਾਹੀ ਪ੍ਰਚਾਰਿਆ ਜਾ ਰਿਹਾ ਹੈ ਕਿ ਅਸੀਂ ਪੰਜਾਬ ਦੇ ਲੋਕਾਂ ਦੇ ਲਈ ਕੇਸ ਲੜੇ ਦੇ ਉਲਟ ਚਲਦਿਆਂ 25 ਫਰਵਰੀ 2025 ਨੂੰ ਕੰਪਿਊਟਰ ਅਧਿਆਪਕਾਂ ਦੇ ਹੱਕ ਵਿੱਚ ਆਏ ਹਾਈ ਕੋਰਟ ਦੇ ਡਬਲ ਬੈਂਚ ਦੇ ਫੈਸਲੇ ਨੂੰ ਲਾਗੂ ਕਰਨ ਦੀ ਬਜਾਏ ਪੰਜਾਬ ਸਰਕਾਰ ਵਲੋਂ ਕੰਪਿਊਟਰ ਅਧਿਆਪਕਾਂ ਦੇ ਖਿਲਾਫ ਸੁਪਰੀਮ ਕੋਰਟ ਵੱਲ ਰੁਖ਼ ਕੀਤਾ ਗਿਆ ਹੈ।ਉੱਕਤ ਆਗੂਆਂ ਨੇ ਦੱਸਿਆ ਕਿ 14 ਅਕਤੂਬਰ 2025 ਨੂੰ ਕੰਪਿਊਟਰ ਅਧਿਆਪਕਾਂ ਦੀ ਵਿੱਤ ਮੰਤਰੀ ਪੰਜਾਬ ਦੀ ਅਗਵਾਈ ਵਿੱਚ ਸਬ ਕਮੇਟੀ ਦੇ ਨਾਲ ਚੰਡੀਗੜ੍ਹ ਵਿਖੇ ਮੀਟਿੰਗ ਹੈ ਤੇ ਜੇਕਰ ਇਸ ਮੀਟਿੰਗ ਵਿੱਚ ਕੰਪਿਊਟਰ ਅਧਿਆਪਕਾਂ ਦੀਆਂ ਮੰਗਾਂ ਨੂੰ ਪੂਰਾ ਕਰਨ ਦਾ ਐਲਾਨ ਨਹੀਂ ਕੀਤਾ ਜਾਂਦਾ ਤਾਂ 19 ਅਕਤੂਬਰ ਨੂੰ ਤਰਨਤਾਰਨ ਵਿਖੇ ਪਰਿਵਾਰਾਂ ਸਮੇਤ ਇੱਕ ਬਹੁਤ ਵੱਡੇ ਇਕੱਠ ਦੇ ਨਾਲ ਸਰਕਾਰ ਦੀ ਵਾਅਦਾ ਖਿਲਾਫੀ ਨੂੰ ਪੰਜਾਬ ਦੇ ਲੋਕਾਂ ਦੀ ਕਚਹਿਰੀ ਵਿੱਚ ਰੱਖਿਆ ਜਾਵੇਗਾ ਤੇ ਪੰਜਾਬ ਸਰਕਾਰ ਦਾ ਪੁਰਜ਼ੋਰ ਵਿਰੋਧ ਕੀਤਾ ਜਾਵੇਗਾ। ਉਹਨਾਂ ਦੱਸਿਆ ਕਿ ਵਿੱਤ ਵਿਭਾਗ ਅਤੇ ਸਿੱਖਿਆ ਵਿਭਾਗ ਦੇ ਅਧਿਕਾਰੀਆ ਨਾਲ ਅਣਗਿਣਤ ਮੀਟਿੰਗਾਂ ਹੋ ਚੁੱਕੀਆਂ ਹਨ ਜਿਸ ਦਾ ਹੁਣ ਤੱਕ ਕੋਈ ਵੀ ਸਿੱਟਾ ਨਹੀਂ ਨਿਕਲਿਆ ਹੈ।ਆਗੂਆਂ ਨੇ ਸਰਕਾਰ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਤਰਨ ਤਾਰਨ ਜਿਮਨੀ ਚੋਣਾ ਤੋਂ ਪਹਿਲਾਂ ਕੰਪਿਊਟਰ ਅਧਿਆਪਕਾਂ ਨੂੰ 6ਵਾਂ ਪੇਅ ਕਮਿਸ਼ਨ ਅਤੇ ਪੰਜਾਬ ਸਿਵਲ ਸਰਵਿਸਜ ਨਿਯਮ ਪੂਰੀ ਤਰਾਂ ਲਾਗੂ ਨਹੀਂ ਕੀਤਾ ਗਿਆ ਅਤੇ ਡੈਥ ਕੇਸਾਂ ਸਬੰਧੀ ਕੋਈ ਯੋਗ ਪਾਲਿਸੀ ਨਹੀਂ ਬਣਾਈ ਗਈ ਤਾਂ ਉਹ ਜਿਮਨੀ ਚੋਣ ਦੌਰਾਨ ਆਮ ਆਦਮੀ ਪਾਰਟੀ ਦੇ ਉਮੀਦਵਾਰ ਦੇ ਘਰ ਅੱਗੇ 26 ਅਕਤੂਬਰ ਤੋਂ ਪੱਕੇ ਧਰਨੇ ਤੇ ਬੈਠਣ ਲਈ ਮਜ਼ਬੂਰ ਹੋਣਗੇ ਤੇ ਆਪ ਸਰਕਾਰ ਵੱਲੋਂ ਕੰਪਿਊਟਰ ਅਧਿਆਪਕਾਂ ਨਾਲ ਕੀਤੀ ਜਾ ਰਹੀ ਧੱਕੇਸਾਹੀ ਵਿਰੁੱਧ ਲੋਕਾਂ ਨੂੰ ਜਾਗਰੂਕ ਕਰਨਗੇ।

# ਭਗਵਾਨ ਵਾਲਮੀਕਿ ਦਾ ਪ੍ਰਗਟ ਦਿਵਸ ਧੂਮ-ਧਾਮ ਨਾਲ ਮਨਾਇਆ

ਅਰਨੋ, 9 ਅਕਤੂਬਰ (ਕਰਮਵੀਰ ਸਿੰਘ): ਕਾਵਲ ਰਾਮ ਨੇ ਪੱਤਰਕਾਰਾਂ ਨਾਲ ਗੱਲ ਕਰਦਿਆਂ ਕਿਹਾ ਕਿ ਮਹਾਰਿਸ਼ੀ ਭਗਵਾਨ ਵਾਲਮੀਕਿ ਜੀ ਦੇ ਪ੍ਰਗਟ ਉਤਸਵ ਦੀ ਸਭ ਨੂੰ ਲੱਖ-ਲੱਖ ਵਧਾਈ ਦਿੱਤੀ ਤੇ ਉਨ੍ਹਾਂ ਅੱਗੇ ਕਿਹਾ ਕਿ ਮਹਾਨ ਗ੍ਰੰਥ ਰਾਮਾਇਣ ਦੇ ਰੂਪ 'ਚ ਭਗਵਾਨ ਵਾਲਮੀਕਿ ਜੀ ਨੇ ਸਮਾਜ ਲਈ ਸੱਚਾਈ ਦੇ ਮਾਰਗ 'ਤੇ ਚੱਲਣ ਅਤੇ ਕਰਤੱਵ ਪਾਲਣਾ ਦੀ ਮਹਾਨ ਪ੍ਰੇਰਨਾ ਦੀ ਸਿਰਜਣਾ ਕੀਤੀ। ਸਾਡੇ ਪਿੰਡ ਸ਼ੇਰਗੜ੍ਹ ਵਿੱਚ ਹਰ ਸਾਲ ਦੀ ਤਰ੍ਹਾਂ ਵਾਲਮੀਕਿ ਜੀ ਦਾ ਪ੍ਰਗਟ ਦਿਵਸ ਮਨਾਇਆ ਗਿਆ ਜਿਸ ਵਿੱਚ ਅਟੁੱਟ ਲੰਗਰ ਵਰਤਾਇਆ ਗਿਆ। ਪਿੰਡ ਸ਼ੇਰਗੜ ਵਿੱਚ ਵਾਲਮੀਕਿ ਕਮੇਟੀ ਤੇ ਸਾਰੇ ਪਿੰਡ ਦੇ ਸਯੋਗ ਨਾਲ ਲੰਗਰ ਲਗਾਇਆ ਗਿਆ ਸੰਗਤਾਂ ਨੇ ਮੱਥਾ ਟੇਕਿਆ ਤੇ ਲੰਗਰ ਛੱਕਿਆ, ਇਸ ਦੌਰਾਨ ਪਿੰਡ ਦੇ ਸਰਪੰਚ ਮਾਲਕ ਰਾਮ ਮੌਜੂਦ ਸੀ ਪਿੰਡ ਦੀ ਸਮਾਜ ਸੇਵੀ ਕਮੇਟੀ ਦੇ ਸਹਿਯੋਗ ਨਾਲ ਸ੍ਰੀ ਵਾਲਮੀਕਿ ਜੀ ਦੇ ਨਿਸ਼ਾਨ ਸਾਹਿਬ ਤੇ ਚੋਂਡਾ ਚੜਾਇਆ ਗਿਆ, ਇਸ ਸਮੇਂ ਸਾਰੇ ਸਮਾਜ ਨੇ ਵੱਧ ਚੜ੍ਹ ਕੇ ਹਿੱਸਾ ਪਾਇਆ,ਇਸ ਦੌਰਾਨ ਪ੍ਰਸ਼ਾਦ ਸੰਗਤਾਂ ਵਿੱਚ ਵਰਤਾਇਆ ਗਿਆ ਅਤੇ ਸਵੇਰੇ ਤੋਂ ਸ਼ਾਮ ਤੱਕ ਦਾਲ-ਰੋਟੀ, ਚਾਵਲ ਅਤੇ ਕੜਾ ਦਾ ਲੰਗਰ ਵਰਤਾਇਆ ਗਿਆ।

# 12 ਤੋਂ 14 ਅਕਤੂਬਰ ਤੱਕ ਪਿਲਾਈਆਂ ਜਾਣਗੀਆਂ ਪੋਲੀਓ ਰੋਕੂ ਬੂੰਦਾਂ



ਬਠਿੰਡਾ, 9 ਅਕਤੂਬਰ( ਦੀਪਕ ਸ਼ਰਮਾ): ਪੰਜਾਬ ਸਰਕਾਰ ਅਤੇ ਸਿਵਲ ਸਰਜਨ ਬਠਿੰਡਾ ਡਾ ਤਪਿੰਦਰਜੋਤ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਡਾ. ਮੀਨਾਕਸ਼ੀ ਸਿੰਗਲਾ ਜਿਲ੍ਹਾ ਟੀਕਾਕਰਣ ਅਫ਼ਸਰ ਦੀ ਦੇਖ ਰੇਖ ਵਿੱਚ ਜ਼ਿਲ੍ਹਾ ਬਠਿੰਡਾ ਵਿੱਚ ਮਿਤੀ 12 ਤੋਂ 14 ਅਕਤੂਬਰ ਤੱਕ ਸਪੈਸ਼ਲ ਨੈਸ਼ਨਲ ਪਲਸ ਪੋਲੀਓ ਰਾਊਂਡ ਚਲਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡਾ. ਤਪਿੰਦਰਜੋਤ ਨੇ ਦੱਸਿਆ ਕਿ ਇਸ ਮੁਹਿੰਮ ਸਬੰਧੀ ਜਿਥੇ ਲੋੜੀਂਦੇ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ, ਨਾਲ ਹੀ ਪਲਸ ਪੋਲੀਓ ਰਾਊਂਡ ਸਬੰਧੀ ਸੁਚੇਤ ਕੀਤਾ ਜਾ ਰਿਹਾ ਹੈ। ਉਹਨਾਂ ਇਸ ਮੌਕੇ ਲੋਕਾਂ ਨੂੰ ਇਸ ਰਾਊਂਡ ਦੇ ਪਹਿਲੇ ਦਿਨ 12 ਅਕਤੂਬਰ ਨੂੰ 0 ਤੋਂ 5 ਸਾਲ ਤੱਕ ਦੇ ਸਾਰੇ ਬੱਚਿਆਂ ਨੂੰ ਨੇੜੇ ਦੇ ਬੂਥ ਤੋਂ ਪੋਲੀਓ ਬੂੰਦਾਂ ਜ਼ਰੂਰ ਪਿਲਾਉਣ ਦੀ ਅਪੀਲ ਕੀਤੀ, ਜਿਸ ਦੇ ਸਬੰਧ ਵਿਚ ਅੱਜ ਮਿਤੀ 09 ਅਕਤੂਬਰ 2025 ਨੂੰ ਜੀ.ਐਨ.ਐਮ ਟ੍ਰੇਨਿੰਗ ਸਕੂਲ ਦੇ ਸਹਿਯੋਗ ਨਾਲ ਜਾਗਰੂਕਤਾ ਰੈਲੀ ਕੱਢੀ ਗਈ। ਇਸ ਰੈਲੀ ਦੁਆਰਾ ਵੱਖ-ਵੱਖ ਮੁਹੱਲਿਆਂ ਵਿਚ ਪਲਸ ਪੋਲੀਓ ਸਬੰਧੀ ਪ੍ਰਚਾਰ ਕੀਤਾ ਗਿਆ। ਇਸ ਮੌਕੇ ਸਹਾਇਕ ਸਿਵਲ ਸਰਜਨ ਡਾ. ਅਨੁਪਮਾ ਸ਼ਰਮਾ,ਬੀ.ਈ.ਈ ਗਗਨਦੀਪ ਸਿੰਘ ਭੁੱਲਰ ਹਾਜ਼ਰ ਸਨ।ਜ਼ਿਲ੍ਹਾ ਟੀਕਾਕਰਨ ਅਫ਼ਸਰ, ਡਾ. ਮੀਨਾਕਸ਼ੀ ਸਿੰਗਲਾ ਨੇ ਦੱਸਿਆ ਕਿ ਇਸ ਕਾਰਜ ਲਈ ਸਾਨੂੰ ਰਲ ਮਿਲ ਕੇ ਪੋਲੀਓ ਦੀ ਬਿਮਾਰੀ ਨੂੰ ਦੇਸ਼ ਵਿੱਚੋਂ ਖਤਮ ਕੀਤਾ ਗਿਆ ਹੈ। ਇਸ ਖਾਤਮੇ ਨੂੰ ਬਰਕਰਾਰ ਰੱਖਣ ਦੀ ਜ਼ਰੂਰਤ ਹੈ। ਉਨ੍ਹਾਂ ਦੱਸਿਆ ਕਿ ਪਲਸ ਪੋਲੀਓ ਮੁਹਿੰਮ ਨੂੰ ਸਫ਼ਲਤਾਪੂਰਵਕ ਨੇਪਰੇ ਚਾੜ੍ਹਨ ਲਈ ਲੋੜੀਂਦੀਆਂ ਸਿਹਤ ਟੀਮਾਂ ਦਾ ਪ੍ਰਬੰਧ ਕਰ ਲਿਆ ਗਿਆ ਹੈ ਅਤੇ ਇਸ ਸਬੰਧੀ ਸਿਹਤ ਸਟਾਫ਼ ਨੂੰ ਟ੍ਰੇਨਿੰਗਾਂ ਦਿੱਤੀਆਂ ਜਾ ਰਹੀਆਂ ਹਨ। ਇਸ ਮੌਕੇ ਉਹਨਾਂ ਸਮੂਹ ਵਿਭਾਗਾਂ ਦੇ ਅਧਿਕਾਰੀਆਂ/ਕਰਮਚਾਰੀਆਂ ਨੂੰ ਅਪੀਲ ਵੀ ਕੀਤੀ ਕਿ ਉਹ ਸਿਹਤ ਵਿਭਾਗ ਨੂੰ ਇਸ ਨੋਬਲ ਕਾਰਜ ਵਿੱਚ ਸਹਿਯੋਗ ਦੇਣ ਤਾਂ ਜੋ ਇਸ ਮੁਹਿੰਮ ਨੂੰ ਸਫਲਤਾ ਨਾਲ ਨੇਪਰੇ ਚਾੜ੍ਹਿਆ ਜਾ ਸਕੇ। ਇਸ ਤੋਂ ਇਲਾਵਾ ਇਸ ਮੌਕੇ ਮਾਸ ਮੀਡੀਆ ਅਫ਼ਸਰ ਕੁਲਵੰਤ ਸਿੰਘ ਅਤੇ ਡਿਪਟੀ ਮਾਸ ਮੀਡੀਆ ਅਫ਼ਸਰ ਰੋਹਿਤ ਜਿੰਦਲ ਅਤੇ ਕੇਵਲ ਸਿੰਘ ਨੇ ਸਮੂਹ ਮੀਡੀਆ ਅਤੇ ਸਵੈ ਸੇਵੀ ਸੰਸਥਾਵਾਂ ਨੂੰ ਅਪੀਲ ਕੀਤੀ ਕਿ ਉਹ ਵੱਧ ਤੋਂ ਵੱਧ ਲੋਕਾਂ ਤੱਕ ਇਹ ਸੰਦੇਸ਼ ਪਹੁੰਚਾਉਣ ਤਾਂ ਜੋ ਕੋਈ ਵੀ 0 ਸਾਲ ਤੋਂ 5 ਸਾਲ ਤੱਕ ਦਾ ਬੱਚਾ ਪੋਲੀਓ ਦੀਆਂ ਬੂੰਦਾਂ ਤੋਂ ਵਾਂਝਾ ਨਾ ਰਹਿ ਜਾਵੇ। ਨਰਿੰਦਰ ਕੁਮਾਰ ਜਿਲ੍ਹਾ ਬੀ.ਸੀ.ਸੀ ਨੇ ਦੱਸਿਆ ਕਿ ਉਹ ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਪੋਲੀਓ ਬੂੰਦਾਂ ਪਿਲਾਉਣ ਸਮੇਂ ਸਹਿਯੋਗ ਦੇਣ ਅਤੇ ਆਪਣੇ 5 ਸਾਲ ਤੱਕ ਦੇ ਹਰੇਕ ਬੱਚੇ ਨੂੰ ਪੋਲੀਓ ਬੂੰਦਾਂ ਜਰੂਰ ਪਿਲਾਉਣ, ਭਾਵੇਂ ਬੱਚਾ ਬਿਮਾਰ ਹੋਵੇ, ਪਹਿਲਾ ਬੂੰਦਾਂ ਪੀ ਚੁੱਕਾ ਹੋਵੇ ਜਾਂ ਨਵਜੰਮਿਆ ਹੋਵੇ।

# ਬੀ.ਬੀ.ਐੱਸ. ਇੰਡੋ ਕੈਨੇਡੀਅਨ ਸਕੂਲ ਵੱਲੋਂ ਮਾਪੇ-ਅਧਿਆਪਕ ਮਿਲਣੀ



ਭਗਤਾ ਭਾਈ ਕਾ, 9 ਅਕਤੂਬਰ (ਸਵਰਨ ਸਿੰਘ ਭਗਤਾ): ਬੀ.ਬੀ.ਐੱਸ ਇੰਡੋ ਕੈਨੇਡੀਅਨ ਸਕੂਲ ਮਲੂਕਾ ਇਲਾਕੇ ਦੀ ਪ੍ਰਸਿੱਧ ਵਿੱਦਿਅਕ ਸੰਸਥਾ, ਜਿਸ ਦੀ ਅਗਵਾਈ ਐਡਵੋਕੇਟ ਬਾਵਾ ਜਸਪ੍ਰੀਤ ਸਿੰਘ ਦੀ ਨਿਗਰਾਨੀ ਹੇਠ ਮਾਪੇ-ਅਧਿਆਪਕ ਮਿਲਣੀ ਦਾ ਸ਼ਾਨਦਾਰ ਆਯੋਜਨ ਕੀਤਾ ਗਿਆ। ਇਸ ਦੌਰਾਨ ਛਿਮਾਹੀ ਪ੍ਰੀਖਿਆ ਦੇ ਨਤੀਜੇ ਬਹੁਤ ਹੀ ਸਫਲਤਾਪੂਰਵਕ ਘੋਸ਼ਿਤ ਕੀਤੇ ਗਏ। ਮਾਪਿਆਂ ਨੇ ਆਪਣੇ ਬੱਚਿਆਂ ਦੀ ਪ੍ਰਗਤੀ ਬਾਰੇ ਅਧਿਆਪਕਾਂ ਨਾਲ ਵਿਸਥਾਰ ਨਾਲ ਗੱਲਬਾਤ ਕੀਤੀ ਅਤੇ ਸਕੂਲ ਦੇ ਸਿੱਖਿਆਕ ਉਪਰਾਲਿਆਂ ਦੀ ਖੁੱਲ੍ਹ ਕੇ ਪ੍ਰਸ਼ੰਸਾ ਕੀਤੀ । ਸਕੂਲ ਵਿੱਚ ਕਲਾਸ ਐਪ ਡੈਮੋ ਪ੍ਰਸਤੁਤ ਕੀਤਾ ਗਿਆ, ਜਿਸ ਰਾਹੀਂ ਮਾਪਿਆਂ ਨੂੰ ਦੱਸਿਆ ਗਿਆ ਕਿ ਉਹ ਹੁਣ ਘਰ ਬੈਠੇ ਹੀ ਬੱਚਿਆਂ ਦੀ ਪ੍ਰਗਤੀ, ਹਾਜ਼ਰੀ ਅਤੇ ਹੋਮਵਰਕ ਆਦਿ ਦੀ ਜਾਣਕਾਰੀ ਪ੍ਰਾਪਤ ਕਰ ਸਕਣਗੇ। ਇਹ ਨਵਾਂ ਤਕਨੀਕੀ ਉਪਰਾਲਾ ਸਕੂਲ ਵੱਲੋਂ ਸਿੱਖਿਆ ਵਿੱਚ ਆਧੁਨਿਕਤਾ ਵਧਾਉਣ ਵੱਲ ਇੱਕ ਮਹੱਤਵਪੂਰਨ ਕਦਮ ਹੈ। ਇਸ ਮੌਕੇ ਸਕੂਲ ਵੱਲੋਂ ਪੁਰਾਣੇ ਕੱਪੜੇ ਅਤੇ ਜੁੱਤੇ ਦਾਨ ਮੁਹਿੰਮ ਵੀ ਚਲਾਈ ਗਈ, ਜਿਸ ਵਿੱਚ ਵਿਦਿਆਰਥੀਆਂ ਨੇ ਵੱਡੇ ਉਤਸ਼ਾਹ ਨਾਲ ਭਾਗ ਲਿਆ। ਇਕੱਠੇ ਕੀਤੇ ਸਮਾਨ ਨੂੰ ਲੋੜਵੰਦਾਂ ਤੱਕ ਪਹੁੰਚਾਇਆ ਜਾਵੇਗਾ। ਇਹ ਉਪਰਾਲਾ ਬੱਚਿਆਂ ਵਿੱਚ ਸੇਵਾ ਭਾਵਨਾ ਅਤੇ ਸਮਾਜਿਕ ਜਿੰਮੇਵਾਰੀ ਦੀ ਭਾਵਨਾ ਜਗਾਉਣ ਵੱਲ ਇੱਕ ਸੁੰਦਰ ਪ੍ਰਯਾਸ ਰਿਹਾ। ਪ੍ਰਿੰਸੀਪਲ ਡਾ. ਧਵਨ ਕੁਮਾਰ ਨੇ ਮਾਪਿਆਂ ਨਾਲ ਮਿਲ ਕੇ ਉਨ੍ਹਾਂ ਦੇ ਸੁਝਾਅ ਸੁਣੇ ਅਤੇ ਸਕੂਲ ਦੀ ਰੇਟਿੰਗ ਵੀ ਕਰਵਾਈ, ਜਿਸ ਵਿੱਚ ਸਕੂਲ ਨੂੰ ਸ਼ਾਨਦਾਰ ਪ੍ਰਤਿਕ੍ਰਿਆ ਪ੍ਰਾਪਤ ਹੋਈ। ਬਹੁਤੇ ਮਾਪਿਆਂ ਨੇ ਸਕੂਲ ਦੇ ਅਨੁਸ਼ਾਸਨ, ਸਿੱਖਣ ਦੇ ਤਰੀਕੇ ਅਤੇ ਸਟਾਫ਼ ਦੀ ਮਿਹਨਤ ਦੀ ਖੁੱਲ੍ਹ ਕੇ ਤਾਰੀਫ਼ ਕੀਤੀ। ਅੰਤ ਵਿੱਚ ਡਾਇਰੈਕਟਰ ਸ਼ੈਲਜਾ ਮੋਗਾ, ਪ੍ਰਿੰਸੀਪਲ ਡਾ. ਧਵਨ ਕੁਮਾਰ ਅਤੇ ਵਾਇਸ ਪ੍ਰਿੰਸੀਪਲ ਵਿਕਰਮਜੀਤ ਸਿੰਘ ਵੱਲੋਂ ਸਟਾਫ਼ ਨਾਲ ਵਿਸ਼ੇਸ਼ ਮੀਟਿੰਗ ਕੀਤੀ ਗਈ, ਜਿਸ ਵਿੱਚ ਸਿੱਖਿਆ ਦੀ ਗੁਣਵੱਤਾ ਵਧਾਉਣ ਅਤੇ ਬੱਚਿਆਂ ਦੇ ਸਰਵਾਂਗੀਣ ਵਿਕਾਸ ਲਈ ਨਵੇਂ ਉਪਰਾਲਿਆਂ 'ਤੇ ਚਰਚਾ ਕੀਤੀ ਗਈ। ਇਹ ਮਾਪੇ-ਅਧਿਆਪਕ ਮਿਲਣੀ ਸਕੂਲ, ਮਾਪਿਆਂ ਅਤੇ ਬੱਚਿਆਂ ਵਿਚਕਾਰ ਸਾਂਝ ਨੂੰ ਹੋਰ ਮਜ਼ਬੂਤ ਬਣਾਉਣ ਦਾ ਪ੍ਰਤੀਕ ਸਾਬਤ ਹੋਈ। ਬੀ.ਬੀ.ਐੱਸ ਇੰਡੋ ਕੈਨੇਡੀਅਨ ਸਕੂਲ ਮਲੂਕਾ ਨੇ ਇੱਕ ਵਾਰ ਫਿਰ ਆਪਣੀ ਸਿੱਖਿਅਕ ਅਤੇ ਸਮਾਜਿਕ ਉਤਕ੍ਰਿਸ਼ਟਤਾ ਦਾ ਪਰਚਮ ਲਹਿਰਾਇਆ।

# ਭਾਜਪਾ ਦੀ ਸਰਕਾਰ ਬਣਨ 'ਤੇ ਪੰਜਾਬ ਹਰ ਖੇਤਰ ਵਿੱਚ ਕਰੇਗਾ ਤਰੱਕੀ : ਦਿਆਲ ਸੋਢੀ।



ਮੌੜ ਮੰਡੀ, 9 ਅਕਤੂਬਰ (ਭੋਲਾ ਸਿੰਘ ਮਾਨ): ਵਿਧਾਨ ਸਭਾ ਹਲਕਾ ਮੌੜ ਦੇ ਪਿੰਡ ਕੋਟਲੀ ਖੁਰਦ ਵਿਖੇ ਵੱਖ - ਵੱਖ ਪਾਰਟੀਆਂ ਨੂੰ ਛੱਡ ਕੇ ਆਏ ਪਰਿਵਾਰਾਂ ਨੂੰ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਿਲ ਕਰਵਾਉਣ ਸਮੇਂ ਸੂਬੇ ਦੇ ਜਨਰਲ ਸਕੱਤਰ ਅਤੇ ਵਿਧਾਨ ਸਭਾ ਹਲਕਾ ਮੌੜ ਦੇ ਇੰਚਾਰਜ ਦਿਆਲ ਸੋਢੀ ਨੇ ਕਿਹਾ ਕਿ ਪੰਜਾਬ ਦੇ ਲੋਕਾਂ ਨੂੰ ਸਮਝ ਆ ਗਈ ਹੈ ਕਿ ਭਾਜਪਾ ਦੀ ਸਰਕਾਰ ਬਣਨ 'ਤੇ ਪੰਜਾਬ ਹਰ ਖੇਤਰ ਵਿੱਚ ਤਰੱਕੀ ਕਰੇਗਾ, ਜਿਸ ਕਰਕੇ ਪੰਜਾਬ ਦੇ ਹਰ ਵਰਗ ਨਾਲ ਸਬੰਧਿਤ ਲੋਕ ਭਾਰਤੀ ਜਨਤਾ ਪਾਰਟੀ ਵਿੱਚ ਸ਼ਮੂਲੀਅਤ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਪੰਜਾਬ ਦੇ ਲੋਕਾਂ ਨੇ ਬੜੀਆਂ ਆਸਾਂ ਅਤੇ ਚਾਵਾਂ ਨਾਲ ਬਣਾਈ ਸੀ, ਪਰ ਇਹ ਸਰਕਾਰ ਹਰ ਮੁਹਾਜ਼ 'ਤੇ ਫੇਲ੍ਹ ਸਾਬਤ ਹੋਈ ਹੈ । ਜਿਸ ਕਰਕੇ ਪੰਜਾਬ ਦੇ ਲੋਕ ਆਪਣੇ ਆਪ ਨੂੰ ਠੱਗਿਆ ਹੋਇਆ ਮਹਿਸੂਸ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਦੇਸ਼ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਵੱਲੋਂ ਗਰੀਬ ਲੋਕਾਂ ਲਈ ਸ਼ੁਰੂ ਕੀਤੀਆਂ ਗਈਆਂ ਕਈ ਲੋਕ ਭਲਾਈ ਸਕੀਮਾਂ ਦਾ ਲਾਭ ਲੋਕਾਂ ਤੱਕ ਨਾ ਪਹੁੰਚਣਾ ਕੇਵਲ ਪੰਜਾਬ ਸਰਕਾਰ ਦੀ ਨਲਾਇਕੀ ਹੀ ਹੈ , ਕਿਉਂਕਿ ਸੂਬੇ ਦੀ ਸਰਕਾਰ ਆਪਣਾ ਬਣਦਾ ਹਿੱਸਾ ਉਹਨਾਂ ਸਕੀਮਾਂ ਦੀਆਂ ਗ੍ਰਾਂਟਾਂ ਵਿੱਚ ਨਹੀਂ ਪਾਉਂਦੀ ਜਿਵੇਂ ਸਿਹਤ ਬੀਮਾ ਆਯੁਸ਼ਮਾਨ ਯੋਜਨਾ, ਬੱਚਿਆਂ ਦਾ ਵਜੀਫਾ ਅਤੇ ਪ੍ਰਧਾਨ ਮੰਤਰੀ ਅਵਾਸ ਯੋਜਨਾ ਆਦਿ।ਇਸ ਮੌਕੇ ਤੇ ਯੂਥ ਆਗੂ ਗੁਰਦਾਤ ਸਿੰਘ ਅਤੇ ਮੌੜ ਮਜ਼ਦੂਰ ਯੂਨੀਅਨ ਦੇ ਆਗੂ ਕੁਲਵੰਤ ਸਿੰਘ ਕੋਟਲੀ ਦੀ ਅਗਵਾਈ ਵਿੱਚ ਲੱਗਭਗ 25 ਦੇ ਕਰੀਬ ਪਰਿਵਾਰਾਂ ਨੇ ਭਾਰਤੀ ਜਨਤਾ ਪਾਰਟੀ ਵਿੱਚ ਸ਼ਮੂਲੀਅਤ ਕੀਤੀ। ਪਾਰਟੀ ਵਿੱਚ ਸ਼ਾਮਿਲ ਹੋਣ ਵਾਲੇ ਲੋਕਾਂ ਨੂੰ ਦਿਆਲ ਸੋਢੀ ਵੱਲੋਂ ਵਿਸ਼ਵਾਸ ਦਿਵਾਇਆ ਗਿਆ ਕਿ ਉਨ੍ਹਾਂ ਨੂੰ ਪਾਰਟੀ ਵਿਚ ਪੂਰਾ ਮਾਣ ਸਤਿਕਾਰ ਦਿੱਤਾ ਜਾਵੇਗਾ ਅਤੇ ਪਾਰਟੀ ਵਿੱਚ ਸ਼ਾਮਿਲ ਹੋਣ ਵਾਲੇ ਲੋਕਾਂ ਵੱਲੋਂ ਵੀ ਇਹ ਯਕੀਨ ਦਿਵਾਇਆ ਗਿਆ ਕਿ ਆਉਣ ਵਾਲੀਆਂ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਉਹ ਪੂਰੀ ਮਿਹਨਤ ਕਰਕੇ ਇਸ ਮੌੜ ਵਿਧਾਨ ਸਭਾ ਹਲਕੇ ਤੋਂ ਪਾਰਟੀ ਦੀ ਜਿੱਤ ਨੂੰ ਯਕੀਨੀ ਬਣਾਉਣਗੇ। ਇਸ ਮੌਕੇ ਪਾਰਟੀ ਦੇ ਮੌੜ ਦਿਹਾਤੀ ਦੇ ਸਰਕਲ ਪ੍ਰਧਾਨ ਸਤਨਾਮ ਸਿੰਘ ਨੇ ਨਵੇਂ ਸ਼ਾਮਲ ਹੋਏ ਲੋਕਾਂ ਦਾ ਸਵਾਗਤ ਕੀਤਾ ਅਤੇ ਕਿਹਾ ਕਿ ਜ਼ਿਲ੍ਹਾ ਬਠਿੰਡਾ ਦਿਹਾਤੀ ਦੇ ਪ੍ਰਧਾਨ ਗੁਰਪ੍ਰੀਤ ਸਿੰਘ ਮਲੂਕਾ ਅਤੇ ਮੌੜ ਹਲਕੇ ਦੇ ਇੰਚਾਰਜ ਦਿਆਲ ਸੋਢੀ ਦੀ ਅਗਵਾਈ ਵਿੱਚ ਪਾਰਟੀ ਦੇ ਸੰਗਠਨ ਨੂੰ ਹੋਰ ਮਜ਼ਬੂਤ ਕੀਤਾ ਜਾਵੇਗਾ। ਇਸ ਮੌਕੇ ਤੇ ਸਰਕਲ ਦੇ ਜਰਨਲ ਸਕੱਤਰ ਸੁਖਵਿੰਦਰ ਸਿੰਘ, ਸਰਕਲ ਦੇ ਮੀਤ ਪ੍ਰਧਾਨ ਬੂਟਾ ਸਿੰਘ ਅਤੇ ਕੁਲਦੀਪ ਸਿੰਘ, ਯੁਵਾ ਮੋਰਚਾ ਦੇ ਸੂਬਾ ਆਗੂ ਚੰਦਰ ਮੋਹਨ ਤੋਂ ਇਲਾਵਾ ਮੱਖਣ ਸਿੰਘ, ਸਾਬਕਾ ਸਰਪੰਚ ਬਾਬੂ ਸਿੰਘ ਹਾਜ਼ਰ ਸਨ।

# ਭਗਵਾਨ ਵਾਲਮੀਕਿ ਜੀ ਦਾ ਜਨਮ ਦਿਹਾੜਾ ਧੂਮਧਾਮ ਨਾਲ ਮਨਾਇਆ



ਕੌਹਰੀਆ,9 ਅਕਤੂਬਰ ( ਅਵਤਾਰ ਸਿੰਘ ਜਟਾਣਾ ): ਭਗਵਾਨ ਬਾਲਮੀਕ ਕਮੇਟੀ ਪਿੰਡ ਸੰਗਤੀਵਾਲਾ ਵੱਲੋਂ ਭਗਵਾਨ ਬਾਲਮੀਕਿ ਜੀ ਦਾ ਪ੍ਰਕਾਸ਼ ਦਿਹਾੜਾ ਧੂਮ-ਧਾਮ ਨਾਲ ਧਰਮਸ਼ਾਲਾ ਵਿਖੇ ਮਨਾਇਆ ਗਿਆ,ਜਿਸ ਦੌਰਾਨ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ ਅਤੇ ਭੋਗ ਉਪਰੰਤ ਬਾਬਾ ਰਿਸ਼ੀਪਾਲ ਜੀ ਸੰਗਰੂਰ ਵਾਲਿਆ ਵੱਲੋਂ ਅੰਮ੍ਰਿਤਮਈ ਗੁਰਬਾਣੀ ਦਾ ਕੀਰਤਨ ਕਰਦਿਆਂ ਭਗਵਾਨ ਵਾਲਮੀਕ ਜੀ ਦੀ ਜੀਵਨੀ ਅਤੇ ਸਿਖਿਆਵਾਂ ਬਾਰੇ ਵਿਚਾਰ ਸਾਂਝੇ ਕੀਤੇ ਗਏ। ਇਸ ਉਪਰੰਤ ਸਰਪੰਚ ਡਾ.ਅਜੈਬ ਸਿੰਘ ਤੇ ਪ੍ਰਧਾਨ ਗੁਰਜੰਟ ਸਿੰਘ ਲਿਬੜਾ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਭਗਵਾਨ ਵਾਲਮੀਕਿ ਤ੍ਰਿਕਾਲਦਰਸ਼ੀ ਸਨ। ਉਨ੍ਹਾਂ ਨੇ ਸਾਨੂੰ ਸਮਾਜ ਵਿਚ ਵਧ ਰਹੀਆਂ ਬੁਰਾਈਆਂ ਤੋਂ ਦੂਰ ਰਹਿ ਕੇ ਸੀਮਾਵਾਂ ਵਿਚ ਰਹਿਣਾ ਸਿਖਾਇਆ ਹੈ। ਉਹ ਕੇਵਲ ਵਾਲਮੀਕਿ ਸਮਾਜ ਲਈ ਹੀ ਨਹੀਂ ਸਗੋਂ ਸਮੁੱਚੇ ਮਾਨਵਤਾ ਦੇ ਸਤਿਕਾਰਯੋਗ ਹਨ, ਉਨ੍ਹਾਂ ਦੀਆਂ ਸਿੱਖਿਆਵਾਂ ਸਮੁੱਚੀ ਮਾਨਵਤਾ ਲਈ ਹਨ ਅਤੇ ਉਨ੍ਹਾਂ ਦੇ ਗਿਆਨ ਦੀ ਰੌਸ਼ਨੀ ਪੂਰੀ ਦੁਨੀਆ ਵਿੱਚ ਫੈਲੀ ਹੋਈ ਹੈ। ਇਸ ਮੌਕੇ ਵਾਲਮੀਕਿ ਕਮੇਟੀ ਵੱਲੋਂ ਸਰਪੰਚ ਡਾ. ਅਜੈਬ ਸਿੰਘ ਨੂੰ ਸਨਮਾਨਿਤ ਕੀਤਾ ਗਿਆ ਨਾਲ ਹੀ ਬਾਬਾ ਵਾਲਮੀਕਿ ਕਮੇਟੀ ਦੇ ਮੈਂਬਰਾਂ ਨੂੰ ਵੀ ਸਨਮਾਨਿਤ ਕੀਤਾ ਗਿਆ। ਇਸ ਮੌਕੇ ਜਸਵਿੰਦਰ ਸਿੰਘ ਜੱਸੀ ਵੱਲੋਂ ਪਹੁੰਚੀਆਂ ਸੰਗਤਾਂ ਦਾ ਧੰਨਵਾਦ ਕੀਤਾ ਗਿਆ ਇਸ ਮੌਕੇ ਕਮੇਟੀ ਮੈਂਬਰ ਕਰਮਜੀਤ ਸਿੰਘ, ਗਗਨਦੀਪ ਸਿੰਘ, ਕੁਲਦੀਪ ਸਿੰਘ,ਹਿਮਤ ਸਿੰਘ,ਗੁਰਜੰਟ ਸਿੰਘ,ਗੁਰਪ੍ਰੀਤ ਸਿੰਘ,ਦੇਵ ਸਿੰਘ,ਗੁਰਜੰਟ ਸਿੰਘ ਪੰਚ, ਦਰਸ਼ਨ ਸਿੰਘ ਪੰਚ,ਕੁਲਦੀਪ ਸਿੰਘ,ਸੁਖਬੀਰ ਸਿੰਘ ਸਿੱਧੂ ਬਿੱਟੂ ਸਿੰਘ ਤੂੰ ਇਲਾਵਾ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।



# ਪਟਿਆਲਾ-ਆਸ/ਪਾਸ



## ਡੀ.ਸੀ. ਵੱਲੋਂ ਬਖਸ਼ੀਵਾਲਾ ਮੰਡੀ ਦਾ ਅਚਨਚੇਤ ਦੌਰਾ

### ➢ਹੁਣ ਤਕ ਖ਼ਰੀਦ ਕੀਤੇ ਝੋਨੇ ਦੀ ਕਿਸਾਨਾਂ ਨੂੰ 387.44 ਕਰੋੜ ਦੀ ਅਦਾਇਗੀ



ਪਟਿਆਲਾ, 9 ਅਕਤੂਬਰ (ਰੁਪਾਣਾ) : ਪਟਿਆਲਾ ਜ਼ਿਲ੍ਹੇ ਦੀਆਂ ਮੰਡੀਆਂ ਵਿੱਚ ਵੇਚਣ ਲਈ ਪੁੱਜ ਰਹੇ ਝੋਨੇ ਦੀ ਨਾਲੋ-ਨਾਲ ਖਰੀਦ, ਕਿਸਾਨਾਂ ਨੂੰ ਅਦਾਇਗੀ ਤੇ ਲਿਫਟਿੰਗ ਵੀ ਨਾਲੋ-ਨਾਲ ਹੋ ਰਹੀ ਹੈ। ਇਹ ਪ੍ਰਗਟਾਵਾ ਅੱਜ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਪਿੰਡ ਬਖ਼ਸ਼ੀਵਾਲਾ ਦੀ ਮੰਡੀ ਦਾ ਅਚਨਚੇਤ ਦੌਰਾ ਕਰਕੇ ਸਮੁੱਚੇ ਖਰੀਦ ਪ੍ਰਬੰਧਾਂ ਦਾ ਜਾਇਜ਼ਾ ਲੈਣ ਮੌਕੇ ਕੀਤਾ। ਇਸ ਮੌਕੇ ਐਸ.ਡੀ.ਐਮ ਹਰਜੋਤ ਕੌਰ ਮਾਵੀ ਵੀ ਉਨ੍ਹਾਂ ਦੇ ਨਾਲ ਮੌਜੂਦ ਸਨ। ਡਿਪਟੀ ਕਮਿਸ਼ਨਰ ਨੇ ਇਸ ਦੌਰਾਨ ਕਿਸਾਨਾਂ ਤੇ ਆੜਤੀਆਂ ਨਾਲ ਗੱਲਬਾਤ ਕੀਤੀ ਅਤੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਕੀਤੇ ਗਏ ਯਤਨਾਂ ਸਦਕਾ ਪਟਿਆਲਾ ਜ਼ਿਲ੍ਹੇ ਦੀਆਂ ਮੰਡੀਆਂ ਵਿੱਚ ਝੋਨੇ ਦੀ ਖਰੀਦ ਤੇ ਲਿਫਟਿੰਗ ਦੀ ਕੋਈ ਸਮੱਸਿਆ ਨਹੀਂ ਹੈ। ਉਨ੍ਹਾਂ ਕਿਹਾ ਕਿ ਕਿਸਾਨ ਸਾਡੇ ਅੰਨਦਾਤਾ ਹਨ ਇਸ ਲਈ ਕਿਸੇ ਵੀ ਕਿਸਾਨ ਨੂੰ ਮੰਡੀਆਂ ਵਿੱਚ ਕੋਈ ਮੁਸ਼ਕਿਲ ਨਹੀਂ ਆਉਣ ਦਿੱਤੀ ਜਾ ਰਹੀ। ਡਿਪਟੀ ਕਮਿਸ਼ਨਰ ਨੇ ਇਸ ਮੌਕੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਆਪਣੀ ਜਿਣਸ ਦੀ ਤੁਰੰਤ ਖਰੀਦ ਲਈ ਸੁੱਕਾ ਝੋਨਾ ਹੀ ਮੰਡੀਆਂ 'ਚ ਲਿਆਉਣ ਅਤੇ ਪਰਾਲੀ ਨੂੰ ਅੱਗ ਨਾ ਲਗਾਉਣ ਕਿਉਂਕਿ ਪ੍ਰਸ਼ਾਸਨ ਨੇ ਪਰਾਲੀ ਦੀ ਇਨਸੀਟੂ ਤੇ ਐਕਸਸੀਟੂ ਸੰਭਾਲ ਲਈ ਪੂਰੇ ਪ੍ਰਬੰਧ ਕੀਤੇ ਹਨ। ਡਾ. ਪ੍ਰੀਤੀ ਯਾਦਵ ਨੇ ਦੱਸਿਆ ਕਿ ਜ਼ਿਲ੍ਹੇ ਦੀਆਂ ਮੰਡੀਆਂ ਵਿੱਚ ਖਰੀਦ ਕੀਤੇ ਝੋਨੇ ਦੀ ਕਿਸਾਨਾਂ ਨੂੰ ਹੁਣ ਤੱਕ 387.44 ਕਰੋੜ ਰੁਪਏ ਦੀ ਅਦਾਇਗੀ ਕੀਤੀ ਜਾ ਚੁੱਕੀ ਹੈ ਅਤੇ ਇਹ ਅਦਾਇਗੀ ਵੀ ਖਰੀਦ ਦੇ 48 ਘੰਟਿਆਂ ਦੇ ਅੰਦਰ-ਅੰਦਰ ਯਕੀਨੀ ਬਣਾਈ ਗਈ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਅੰਦਰ ਝੋਨੇ ਦੀ 1 ਲੱਖ 79 ਹਜ਼ਾਰ 265 ਮੀਟ੍ਰਿਕ ਟਨ ਆਮਦ ਹੋਈ ਹੈ, ਜਿਸ ਵਿੱਚੋਂ 1 ਲੱਖ 68 ਹਜ਼ਾਰ 704 ਮੀਟ੍ਰਿਕ ਟਨ ਦੀ ਖਰੀਦ ਕੀਤੀ ਗਈ ਹੈ। ਇਸ ਮੌਕੇ ਮਾਰਕੀਟ ਕਮੇਟੀ ਦੇ ਸਕੱਤਰ ਅਸ਼ਵਨੀ ਮਹਿਤਾ ਤੇ ਮੰਡੀ ਸੁਪਰਵਾਈਜ਼ਰ ਵਿਜੇ ਪਾਲ ਸਮੇਤ ਆੜਤੀਆ, ਕਿਸਾਨ ਤੇ ਹੋਰ ਪਤਵੰਤੇ ਵੀ ਮੌਜੂਦ ਸਨ।

## ਸੜਕ ਹਾਦਸੇ 'ਚ ਮੋਟਰਸਾਈਕਲ ਸਵਾਰ ਦੀ ਮੌਤ

ਸਮਾਣਾ, 9 ਅਕਤੂਬਰ (ਵਿਜੇ ਕੁਮਾਰ) : ਸਮਾਣਾ-ਪਾਤੜਾ ਸੜਕ 'ਤੇ ਪਿੰਡ ਸ਼ਾਹਪੁਰ ਨਜ਼ਦੀਕ ਇੱਕ ਅਣਪਛਾਤੇ ਵਾਹਨ ਦੀ ਟੱਕਰ ਨਾਲ ਮੋਟਰਸਾਈਕਲ ਸਵਾਰ ਦੀ ਮੌਤ ਹੋ ਗਈ, ਜਦਕਿ ਚਾਲਕ ਗੰਭੀਰ ਜ਼ਖ਼ਮੀ ਹੋ ਗਿਆ। ਜ਼ਖ਼ਮੀ ਨੂੰ ਇਲਾਜ ਲਈ ਸਿਵਲ ਹਸਪਤਾਲ ਸਮਾਣਾ ਲਿਆਂਦਾ ਗਿਆ।ਮ੍ਰਿਤਕ ਦੇ ਪੋਸਟਮਾਰਟਮ ਲਈ ਸਿਵਲ ਹਸਪਤਾਲ ਪਹੁੰਚੇ ਮਾਮਲੇ ਦੇ ਜਾਂਚ ਅਧਿਕਾਰੀ ਅਤੇ ਮਵੀਕਲਾਂ ਪੁਲਿਸ ਚੌਕੀ ਇੰਚਾਰਜ ਹਰਦੀਪ ਸਿੰਘ ਵਿਰਕ ਨੇ ਦੱਸਿਆ ਕਿ ਮ੍ਰਿਤਕ ਗੁਰਵੰਤ ਸਿੰਘ ਪੁੱਤਰ ਬੱਗਾ ਸਿੰਘ ਵਾਸੀ ਅਜੀਤ ਨਗਰ, ਸ਼ੁਤਰਾਣਾ ਦੇ ਸਾਥੀ ਕੁਲਦੀਪ ਕੁਮਾਰ ਵਾਸੀ ਪਿੰਡ ਗੁਲਾਹੜ ਵੱਲੋਂ ਦਰਜ ਕਰਵਾਈ ਸ਼ਿਕਾਇਤ ਅਨੁਸਾਰ 7 ਅਕਤੂਬਰ ਦੇਰ ਸ਼ਾਮ ਉਹ ਆਪਣੇ ਸਾਥੀ ਗੁਰਵੰਤ ਸਿੰਘ ਨਾਲ ਕੰਮ ਨਿਪਟਾ ਕੇ ਮੋਟਰਸਾਈਕਲ 'ਤੇ ਸਵਾਰ ਹੋ ਕੇ ਪਟਿਆਲਾ ਤੋਂ ਵਾਪਸ ਆਪਣੇ ਪਿੰਡ ਜਾ ਰਹੇ ਸਨ ਕਿ ਬੱਸ ਅੱਡਾ ਸ਼ਾਹਪੁਰ ਨਜ਼ਦੀਕ ਇੱਕ ਅਣਪਛਾਤੇ ਚਾਲਕ ਨੇ ਆਪਣੀ ਤੇਜ਼ ਰਫ਼ਤਾਰ ਕਾਰ ਲਾਪਰਵਾਹੀ ਨਾਲ ਉਨ੍ਹਾਂ ਦੇ ਮੋਟਰਸਾਈਕਲ ਵਿੱਚ ਮਾਰ ਦਿੱਤੀ। ਇਸ ਹਾਦਸੇ ਵਿੱਚ ਉਹ ਦੋਵੇਂ ਗੰਭੀਰ ਜ਼ਖ਼ਮੀ ਹੋ ਗਏ। ਹਸਪਤਾਲ ਲਿਜਾਣ 'ਤੇ ਡਾਕਟਰਾਂ ਨੇ ਗੁਰਵੰਤ ਸਿੰਘ ਨੂੰ ਮ੍ਰਿਤਕ ਐਲਾਨ ਦਿੱਤਾ। ਅਧਿਕਾਰੀ ਅਨੁਸਾਰ ਪੁਲਿਸ ਨੇ ਕਾਰ ਨੰਬਰ ਦੀ ਪਛਾਣ ਕਰਕੇ ਉਸਦੇ ਅਣਪਛਾਤੇ ਚਾਲਕ ਖ਼ਿਲਾਫ਼ ਮਾਮਲਾ ਦਰਜ ਕਰਕੇ ਉਸਦੀ ਭਾਲ ਸ਼ੁਰੂ ਕਰ ਦਿੱਤੀ ਹੈ, ਜਦਕਿ ਮ੍ਰਿਤਕ ਦੀ ਦੇਹ ਨੂੰ ਪੋਸਟਮਾਰਟਮ ਮਗਰੋਂ ਵਾਰਸਾਂ ਦੇ ਹਵਾਲੇ ਕਰ ਦਿੱਤਾ ਗਿਆ ਹੈ।




### ਐਸ.ਐਸ.ਪੀ. ਵਰੁਣ ਸ਼ਰਮਾ ਵੱਲੋਂ ਕਿਸਾਨ ਭਰਾਵਾਂ ਨੂੰ ਅਪੀਲ

## ਦੂਸ਼ਿਤ ਹੁੰਦੇ ਜਾ ਰਹੇ ਵਾਤਾਵਰਨ ਨੂੰ ਬਚਾਉਣ ਲਈ ਨਾੜ ਨੂੰ ਅੱਗ ਨਾ ਲਗਾਉਣ



ਪਟਿਆਲਾ, 9 ਅਕਤੂਬਰ (ਚ.ਨ.ਸ.) : ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਪੁਲਿਸ ਵੱਲੋਂ ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ, ਪਾਵਰ ਹਾਊਸ ਯੂਥ ਕਲੱਬ , ਯੁਵਕ ਸੇਵਾਵਾਂ ਕਲੱਬ ਦੀਪ ਨਗਰ ਦੇ ਸਹਿਯੋਗ ਉਚ ਅਧਿਕਾਰੀਆਂ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪਿੰਡਾਂ ਦੇ ਵਿੱਚ ਜਾਂ ਕੇ ਕਿਸਾਨ ਭਰਾਵਾਂ ਨੂੰ ਜੀਰੀ ਦਾ ਨਾੜ ਸਾੜਨ ਸਬੰਧੀ ਕੀਤੇ ਜਾ ਰਹੇ ਜਾਗਰੂਕਤਾ ਪ੍ਰੋਗਰਾਮਾਂ ਨੂੰ ਹੋਰ ਵੱਧ ਤੋਂ ਵੱਧ ਜਾਗਰੂਕਤਾ ਪ੍ਰੋਗਰਾਮ ਕਰਨ ਸਬੰਧੀ ਐਸ.ਐਸ.ਪੀ. ਪਟਿਆਲਾ ਵਰੁਣ ਸ਼ਰਮਾ ਰਵਾਨਾ ਕੀਤਾ। ਇਸ ਮੌਕੇ ਇੰਸਪੈਕਟਰ ਅਵਤਾਰ ਸਿੰਘ ਰੀਡਰ ਐਸ.ਐਸ.ਪੀ. ਪਟਿਆਲਾ, ਸੁਖਜਿੰਦਰ ਸਿੰਘ ਬਾਜਵਾ ਇੰਚਾਰਜ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ, ਸਟੇਟ ਐਵਾਰਡੀ ਪਰਮਿੰਦਰ ਭਲਵਾਨ ਮੈਂਬਰ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਅਤੇ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ, ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ,ਓ ਏ ਐਸ ਆਈ ਸੁਖਦੇਵ ਸਿੰਘ, ਉਪਕਾਰ ਸਿੰਘ,ਰੁਦਰਪ੍ਰਤਾਪ ਸਿੰਘ, ਗੁਰਜੀਤ ਸਿੰਘ ਲੱਕੀ ਹਰਦਾਸਪੁਰ, ਹਰਮਨਜੀਤ ਸਿੰਘ ਰੰਧਾਵਾ, ਭਿੰਦਰ ਜਲਵੇੜਾ ਐਸ ਪੀ ਪਰਾਸ਼ਰ ਵੀ ਹਾਜ਼ਰ ਸਨ । ਇਸ ਮੌਕੇ ਐਸ ਐਸ ਪੀ ਪਟਿਆਲਾ ਵਰੁਣ ਸ਼ਰਮਾ ਨੇ ਕਿਹਾ ਕਿ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਪੁਲਿਸ ਵੱਲੋਂ ਸਮਾਜ ਸੇਵੀ ਸੰਸਥਾਵਾਂ ਦੇ ਸਹਿਯੋਗ ਨਾਲ ਪਿੰਡ-ਪਿੰਡ ਜਾ ਕੇ ਕਿਸਾਨ ਭਰਾਵਾਂ ਨੂੰ ਜੀਰੀ ਦਾ ਨਾੜ ਨਾ ਸਾੜਨ ਸਬੰਧੀ ਜਾਗਰੂਕ ਕੀਤਾ ਜਾ ਰਿਹਾ ਹੈ,ਤਾ ਵਾਤਾਵਰਣ ਨੂੰ ਦੂਸ਼ਿਤ ਹੋਣ ਤੋਂ ਬਚਾਇਆ ਜਾ ਸਕੇ। ਉਹਨਾਂ ਕਿਸਾਨ ਭਰਾਵਾਂ ਨੂੰ ਅਪੀਲ ਕੀਤੀ ਕਿ ਦਿਨ ਪ੍ਰਤੀ ਦਿਨ ਦੂਸ਼ਿਤ ਹੁੰਦੇ ਜਾ ਰਹੇ ਵਾਤਾਵਰਣ ਨੂੰ ਬਚਾਉਣ ਲਈ ਜੀਰੀ ਦੇ ਨਾੜ ਨੂੰ ਅੱਗ ਨਾ ਲਾਉਣ ।

## ਭਾਸ਼ਾ ਵਿਭਾਗ ਵੱਲੋਂ ਪੰਜਾਬੀ ਭਾਸ਼ਾ ਦੇ ਸ਼ਬਦ-ਜੋੜਾਂ ਬਾਰੇ ਗੋਸ਼ਟੀ

### ➢'ਪ੍ਰਮਾਣਿਕ ਸ਼ਬਦ-ਜੋੜ: ਇੱਕ ਸੰਵਾਦ' ਵਿਸ਼ੇ ਤਹਿਤ ਵਿਦਵਾਨਾਂ ਨੇ ਕੀਤੀਆਂ ਨਿੱਠ ਕੇ ਵਿਚਾਰਾਂ



ਪਟਿਆਲਾ, 9 ਅਕਤੂਬਰ (ਰੁਪਾਣਾ) : ਭਾਸ਼ਾ ਵਿਭਾਗ ਪੰਜਾਬ ਵੱਲੋਂ ਡਾਇਰੈਕਟਰ ਸ. ਜਸਵੰਤ ਸਿੰਘ ਜ਼ਫ਼ਰ ਦੀ ਅਗਵਾਈ ਵਿੱਚ ਅੱਜ ਇੱਥੇ ਭਾਸ਼ਾ ਭਵਨ ਵਿਖੇ ਪੰਜਾਬੀ ਭਾਸ਼ਾ ਦੇ ਸ਼ਬਦ-ਜੋੜਾਂ ਬਾਰੇ 'ਪ੍ਰਮਾਣਿਕ ਸ਼ਬਦ-ਜੋੜ: ਇੱਕ ਸੰਵਾਦ' ਵਿਸ਼ੇ ਤਹਿਤ ਇੱਕ ਰੋਜ਼ਾ ਗੋਸ਼ਟੀ ਕਰਵਾਈ ਗਈ, ਜਿਸ ਦੌਰਾਨ ਪੰਜਾਬੀ ਦੇ ਨਾਮਵਰ ਵਿਦਵਾਨਾਂ ਨੇ ਸ਼ਬਦ-ਜੋੜਾਂ ਨਾਲ ਸਬੰਧਤ ਵੱਖ-ਵੱਖ ਪਹਿਲੂਆਂ 'ਤੇ ਚਰਚਾ ਕੀਤੀ। ਗੋਸ਼ਟੀ ਦੇ ਪਹਿਲੇ ਸੈਸ਼ਨ ਦੀ ਪ੍ਰਧਾਨਗੀ ਡਾ. ਸੁਖਵਿੰਦਰ ਸਿੰਘ ਸੰਘਾ ਨੇ ਅਤੇ ਦੂਸਰੇ ਸੈਸ਼ਨ ਦੀ ਪ੍ਰਧਾਨਗੀ ਡਾ. ਜੋਗਾ ਸਿੰਘ ਨੇ ਕੀਤੀ। ਗੋਸ਼ਟੀ ਦੌਰਾਨ ਸ਼ਬਦ-ਜੋੜਾਂ ਬਾਰੇ ਚਾਰ ਪੱਖ ਉੱਭਰਕੇ ਸਾਹਮਣੇ ਆਏ, ਜਿਨ੍ਹਾਂ ਵਿੱਚ ਪੰਜਾਬੀ ਭਾਸ਼ਾ ਦੇ ਸ਼ਬਦ-ਜੋੜਾਂ 'ਚ ਇਕਸਾਰਤਾ ਲਿਆਉਣ, ਜਿੱਥੇ ਪੈਰ ਬਿੰਦੀ ਅਰਥਾਂ 'ਚ ਫਰਕ ਨਹੀਂ ਪਾਉਂਦੀ ਉੱਥੇ ਵਰਤੋਂ ਤੋਂ ਗੁਰੇਜ਼ ਕੀਤਾ ਜਾਵੇ, ਜੋ ਸ਼ਬਦ ਪੰਜਾਬੀ ਕੋਲ ਹਨ ਉਨ੍ਹਾਂ ਦੀ ਥਾਂ ਹੋਰਨਾਂ ਭਾਸ਼ਾਵਾਂ ਦੇ ਸ਼ਬਦ ਵਰਤਣ ਤੋਂ ਸੰਕੋਚ ਕਰਨ ਅਤੇ ਡਾ. ਹਰਕੀਰਤ ਸਿੰਘ ਵਾਲੇ ਕੋਸ਼ ਨੂੰ ਲੋੜੀਂਦੀਆਂ ਸੋਧਾਂ ਕਰਕੇ ਮੰਨ ਲੈਣਾ ਚਾਹੀਦਾ ਹੈ।ਡਾਇਰੈਕਟਰ ਸ. ਜਸਵੰਤ ਸਿੰਘ ਜ਼ਫ਼ਰ ਨੇ ਸਵਾਗਤੀ ਭਾਸ਼ਣ ਦੌਰਾਨ ਕਿਹਾ ਕਿ ਭਾਸ਼ਾ ਇੱਕ ਗਤੀਸ਼ੀਲ ਵਰਤਾਰਾ ਹੈ ਅਤੇ ਇਸ ਵਿੱਚ ਤਬਦੀਲੀਆਂ ਹੋਣੀਆਂ ਸੁਭਾਵਿਕ ਹਨ। ਇਨ੍ਹਾਂ ਤਬਦੀਲੀਆਂ 'ਤੇ ਵਿਦਵਾਨਾਂ ਦੌਰਾਨ ਸਹਿਮਤੀ ਅਸਹਿਮਤੀ ਹੋਣੀ ਸੁਭਾਵਿਕ ਹੈ ਪਰ ਬਦਲਾਅ ਬਾਰੇ ਵਿਚਾਰ ਚਰਚਾ ਹੁੰਦੀ ਰਹਿਣੀ ਚਾਹੀਦੀ ਹੈ। ਖੋਜ ਅਫ਼ਸਰ ਸਤਪਾਲ ਸਿੰਘ ਚਹਿਲ ਨੇ ਗੋਸ਼ਟੀ ਦੀ ਰੂਪ-ਰੇਖਾ ਤੇ ਲੋੜ ਬਾਰੇ ਜਾਣਕਾਰੀ ਦਿੱਤੀ। ਗੋਸ਼ਟੀ ਦੀ ਸ਼ੁਰੂਆਤ ਕਰਦਿਆਂ ਸ. ਜਗਤਾਰ ਸਿੰਘ ਸੋਖੀ ਨੇ 'ਪੰਜਾਬੀ ਸ਼ਬਦ-ਜੋੜਾਂ ਦੇ ਚੋਣਵੇਂ ਨਿਯਮਾਂ' ਸਬੰਧੀ ਦੋ ਅਹਿਮ ਮੁੱਦੇ ਉਠਾਏ। ਪਹਿਲਾ ਡਿਜੀਟਲ ਸਾਧਨਾਂ ਦੀ ਆਮਦ ਸਦਕਾ ਅਸੀਂ ਬਹੁਤ ਕਾਹਲੀ 'ਚ ਲਿਖਦੇ ਹਾਂ, ਜਿਸ ਕਰਕੇ ਬਹੁਤ ਸਾਰੇ ਅੱਖਰ ਲਿਖਣ ਦੀ ਘੌਲ਼ ਕਰ ਜਾਂਦੇ ਹਾਂ ਤੇ ਸ਼ਬਦਾਂ 'ਚ ਵਿਗਾੜ ਪੈਦਾ ਹੋ ਜਾਂਦਾ ਹੈ। ਡਾ. ਆਸ਼ਾ ਕਿਰਨ ਨੇ 'ਪੰਜਾਬੀ ਭਾਸ਼ਾ ਵਿੱਚ ਦੂਜੀਆਂ ਭਾਸ਼ਾਵਾਂ ਤੋਂ ਆਈ ਸ਼ਬਦਾਵਲੀ ਦੇ ਸ਼ਬਦ-ਜੋੜ' ਵਿਸ਼ੇ 'ਤੇ ਬੋਲਦਿਆਂ ਕਿਹਾ ਕਿ ਭਾਸ਼ਾ ਸੁਚੇਤ ਰੂਪ 'ਚ ਲਿਆ ਜਾਣ ਵਾਲਾ ਵਰਤਾਰਾ ਹੈ ਅਤੇ ਇਸ ਦੇ ਲਹਿਜ਼ੇ ਵਿੱਚ ਵਖਰੇਵਾਂ ਹੋਣਾ ਸੁਭਾਵਿਕ ਹੈ।ਸ. ਸੁਲੱਖਣ ਸਰਹੱਦੀ ਨੇ 'ਫ਼ਾਰਸੀ ਵੱਲੋਂ ਆਈਆਂ ਪੈਰੀਂ ਬਿੰਦੀਆਂ ਨੂੰ ਅਨਵਿਗਆਨਕ ਤੇ ਫ਼ਜ਼ੂਲ' ਕਰਾਰ ਦਿੰਦਿਆਂ ਕਿਹਾ ਕਿ ਇਸ ਸਬੰਧੀ ਕਿਸੇ ਵੀ ਅਕਾਦਮਿਕ ਸੰਸਥਾ ਵੱਲੋਂ ਕਰਵਾਏ ਗਏ । ਡਾ. ਪਰਮਜੀਤ ਸਿੰਘ ਢੀਂਗਰਾ ਨੇ 'ਪੰਜਾਬੀ ਸ਼ਬਦ-ਜੋੜ ਮਸਲੇ, ਚੁਣੌਤੀਆਂ ਤੇ ਇਨ੍ਹਾਂ ਦੇ ਹੱਲ' ਵਿਸ਼ੇ ਦੇ ਬੋਲਦਿਆਂ ਕਿਹਾ ਕਿ ਭਾਸ਼ਾ ਵਿੱਚ ਨਿਰੰਤਰ ਤਬਦੀਲੀਆਂ ਹੁੰਦੀਆਂ ਰਹਿੰਦੀਆਂ ਹਨ। ਇਸ ਸੈਸ਼ਨ ਦਾ ਮੰਚ ਸੰਚਾਲਨ ਖੋਜ ਅਫ਼ਸਰ ਡਾ. ਮਨਜਿੰਦਰ ਸਿੰਘ ਨੇ ਕੀਤਾ। ਗੋਸ਼ਟੀ ਦੇ ਦੂਸਰੇ ਸੈਸ਼ਨ ਦੌਰਾਨ ਡਾ. ਸੁਖਵਿੰਦਰ ਸਿੰਘ ਨੇ ਆਪਣੇ ਪਰਚੇ 'ਪੰਜਾਬੀ ਸ਼ਬਦ-ਜੋੜਾਂ ਦੀ ਸਥਿਤੀ, ਸਰਵੇਖਣ ਤੇ ਮੁਲਾਂਕਣ' ਰਾਹੀਂ ਅਜੋਕੇ ਸੰਚਾਰ ਸਾਧਨਾਂ 'ਚ ਪੰਜਾਬੀ ਸ਼ਬਦ-ਜੋੜਾਂ ਦੀ ਵਰਤੋਂ ਸਬੰਧੀ ਵਿਚਾਰ ਪੇਸ਼ ਕੀਤੇ। ਪੰਜਾਬੀ ਮੀਡੀਆ 'ਚ ਗਲਤ ਸ਼ਬਦ-ਜੋੜ ਪਰੋਸਣ ਸਬੰਧੀ ਉਨ੍ਹਾਂ ਕਿਹਾ ਕਿ ਸਾਡੇ ਮੀਡੀਏ 'ਚ ਮਾਹਿਰ ਲੋਕਾਂ ਦੀ ਘਾਟ ਕਾਰਨ ਸ਼ਬਦ-ਜੋੜਾਂ ਨਾਲ ਖਿਲਵਾੜ ਕੀਤਾ ਜਾ ਰਿਹਾ ਹੈ। ਇਸ ਦੇ ਨਾਲ ਹੀ ਉਨ੍ਹਾਂ ਵੱਖ-ਵੱਖ ਸੋਸ਼ਲ ਸਾਈਟਸ 'ਤੇ ਪਰੋਸੀ ਜਾ ਰਹੀ ਗੈਰ-ਮਿਆਰੀ ਸਮੱਗਰੀ 'ਤੇ ਵੀ ਚਿੰਤਾ ਦਾ ਪ੍ਰਗਟਾਵਾ ਕੀਤਾ। 'ਸਕੂਲ ਪੱਧਰ 'ਤੇ ਸ਼ਬਦ-ਜੋੜਾਂ ਸਬੰਧੀ ਸਮੱਸਿਆਵਾਂ' ਬਾਰੇ ਬੋਲਦਿਆਂ ਰਬਿੰਦਰ ਸਿੰਘ ਰੱਬੀ ਨੇ ਕਿਹਾ ਕਿ ਸਾਡੇ ਵਿਦਿਆਰਥੀਆਂ ਨੂੰ ਸ਼ੁੱਧ ਪੰਜਾਬੀ ਸ਼ਬਦ-ਜੋੜ ਪੜ੍ਹਨ ਨੂੰ ਨਾ ਮਿਲਣ ਕਾਰਨ ਭਾਸ਼ਾ ਵਿੱਚ ਉਨ੍ਹਾਂ ਦੀ ਨੀਂਹ ਕਮਜ਼ੋਰ ਹੋ ਰਹੀ ਹੈ ਕਿਉਂਕਿ ਬਹੁਤ ਸਾਰੇ ਅਜੋਕੇ ਅਧਿਆਪਕ ਵੀ ਸਹੀ ਅਗਵਾਈ ਨਾ ਮਿਲਣ ਕਰਕੇ ਸ਼ਬਦ-ਜੋੜਾਂ ਸਬੰਧੀ ਸਪੱਸ਼ਟ ਨਹੀਂ ਹਨ। ਉਨ੍ਹਾਂ ਕਿਹਾ ਕਿ ਵਡੇਰੀ ਉਮਰ 'ਚ ਜਾ ਕੇ ਕਿਸੇ ਦੀ ਵੀ ਭਾਸ਼ਾ ਨੂੰ ਸ਼ੁੱਧ ਕਰਨਾ ਬਹੁਤ ਔਖਾ ਹੋ ਜਾਂਦਾ ਹੈ।

## 1010 ਨਸ਼ੀਲੀਆਂ ਗੋਲ਼ੀਆਂ ਸਮੇਤ ਇੱਕ ਸਕੂਟਰੀ ਸਵਾਰ ਕਾਬੂ

ਸਮਾਣਾ, 9 ਅਕਤੂਬਰ (ਵਿਜੇ ਕੁਮਾਰ) : ਸੀ.ਆਈ.ਏ. ਸਟਾਫ ਸਮਾਣਾ ਨੇ ਇੱਕ ਸਕੂਟਰੀ ਸਵਾਰ ਵਿਅਕਤੀ ਨੂੰ 1010 ਨਸ਼ੀਲੀਆਂ ਗੋਲੀਆਂ ਸਮੇਤ ਕਾਬੂ ਕਰਕੇ ਉਸਦੇ ਖਿਲਾਫ਼ ਐਨ.ਡੀ.ਪੀ.ਐਸ. ਐਕਟ ਦੀਆਂ ਧਾਰਾਵਾਂ ਤਹਿਤ ਸਿਟੀ ਪੁਲਿਸ ਥਾਣਾ ਵਿੱਚ ਮਾਮਲਾ ਦਰਜ ਕੀਤਾ ਹੈ। ਮੁਲਜ਼ਮ ਦੀ ਪਛਾਣ ਚਰਨਜੀਤ ਸਿੰਘ ਪੁੱਤਰ ਪਾਲ ਸਿੰਘ ਨਿਵਾਸੀ ਤ੍ਰਿਪੜੀ, ਪਟਿਆਲਾ ਵਜੋਂ ਹੋਈ ਹੈ। ਸੀ.ਆਈ.ਏ. ਸਟਾਫ ਇੰਚਾਰਜ ਇੰਸਪੈਕਟਰ ਅੰਕੁਰਦੀਪ ਸਿੰਘ ਨੇ ਦੱਸਿਆ ਕਿ ਏ.ਐਸ.ਆਈ. ਕੁਲਦੀਪ ਸਿੰਘ ਧਨੋਆ ਪੁਲਿਸ ਪਾਰਟੀ ਸਮੇਤ ਅਗਰਸੇਨ ਚੌਕ ਸਮਾਣਾ ਵਿਖੇ ਮੌਜੂਦ ਸਨ ਕਿ ਸਕੂਟਰੀ 'ਤੇ ਸਵਾਰ ਇੱਕ ਨੌਜਵਾਨ ਨੂੰ ਸ਼ੱਕ ਦੇ ਆਧਾਰ 'ਤੇ ਰੋਕਿਆ ਗਿਆ। ਤਲਾਸ਼ੀ ਲੈਣ 'ਤੇ ਉਸ ਕੋਲੋਂ 1010 ਨਸ਼ੀਲੀਆਂ ਗੋਲੀਆਂ ਬਰਾਮਦ ਹੋਣ 'ਤੇ ਉਸਨੂੰ ਹਿਰਾਸਤ ਵਿੱਚ ਲੈ ਲਿਆ ਗਿਆ। ਅਧਿਕਾਰੀ ਅਨੁਸਾਰ ਮੁਲਜ਼ਮ ਨੂੰ ਪੁੱਛਗਿੱਛ ਲਈ ਮਾਨਯੋਗ ਅਦਾਲਤ ਵਿੱਚ ਪੇਸ਼ ਕਰਕੇ ਪੁਲਿਸ ਰਿਮਾਂਡ 'ਤੇ ਲਿਆ ਜਾਵੇਗਾ।

## ਨਸ਼ੇ ਦਾ ਸੇਵਨ ਕਰਨ 'ਤੇ ਮਾਮਲਾ ਦਰਜ

ਪਟਿਆਲਾ, 9 ਅਕਤੂਬਰ (ਵਿਨੋਦ ਸ਼ਰਮਾ) : ਥਾਣਾ ਲਾਹੌਰੀ ਗੇਟ ਪਟਿਆਲਾ ਪੁਲਿਸ ਨੇ ਕਥਿਤ ਦੋਸ਼ੀ ਰਜਨੀਸ਼ ਕੁਮਾਰ ਵਾਸੀ ਗਾਂਧੀ ਨਗਰ ਲਾਹੌਰੀ ਗੇਟ ਪਟਿਆਲਾ ਵਿਰੁੱਧ ਧਾਰਾ 27, 61, 85 ਦੇ ਤਹਿਤ ਮਾਮਲਾ ਦਰਜ ਕੀਤਾ ਹੈ। ਐਸ.ਆਈ. ਚੈਨਸੁੱਖ ਸਿੰਘ ਸਮੇਤ ਪੁਲਿਸ ਪਾਰਟੀ ਪੁਰਾਣਾ ਬੱਸ ਸਟੈਂਡ ਪਟਿਆਲਾ ਮੌਜੂਦ ਸੀ, ਜੋ ਪੁੱਡਾ ਗਰਾਊਡ ਪਾਸ ਉਕਤ ਦੋਸ਼ੀ ਸ਼ੱਕੀ ਹਾਲਤ ਵਿੱਚ ਖੜ੍ਹਾ ਸੀ, ਜਿਸਨੇ ਪੁਲਿਸ ਪਾਰਟੀ ਨੂੰ ਦੇਖ ਕੇ ਕੋਈ ਗੋਲੀ ਨੁਮਾ ਚੀਜ ਆਪਣੀ ਜੇਬ ਵਿੱਚੋਂ ਕੱਢ ਕੇ ਮੂੰਹ ਵਿੱਚ ਪਾ ਲਈ, ਜੋ ਪੁਛਗਿੱਛ ਕਰਨ ਪਰ ਦੋਸ਼ੀ ਨੇ ਦੱਸਿਆ ਕਿ ਉਹ ਨਸ਼ੇ ਕਰਨ ਦਾ ਆਦੀ ਹੈ।

## ਜੱਜ ਪ੍ਰਿਯੰਸ਼ੀ ਬਾਂਸਲ ਦਾ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਵੱਲੋਂ ਸਨਮਾਨ



ਪਾਤੜਾਂ, 9 ਅਕਤੂਬਰ (ਹਰਮਿੰਦਰ ਕਰਤਾਰਪੁਰ): ਹਿਮਾਚਲ ਪ੍ਰਦੇਸ਼ ਜੁਡੀਸ਼ਿਅਲ ਸਰਵਿਸ ਦੀ ਪ੍ਰੀਖਿਆ ਨੂੰ ਪਾਸ ਕਰਕੇ ਜੱਜ ਬਣੀ ਪਾਤੜਾਂ ਸ਼ਹਿਰ ਦੀ ਬੇਟੀ ਪ੍ਰਿਯੰਸ਼ੀ ਬਾਂਸਲ ਦਾ ਹਲਕਾ ਸ਼ੁਤਰਾਣਾ ਦੇ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਵੱਲੋਂ ਉਨ੍ਹਾਂ ਦੇ ਘਰ ਪਹੁੰਚ ਕੇ ਸਨਮਾਨ ਕੀਤਾ ਗਿਆ। ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਵੱਲੋਂ ਜੱਜ ਪ੍ਰਿਯੰਸ਼ੀ ਦੇ ਘਰ ਵਿੱਚ ਉਨ੍ਹਾਂ ਦਾ ਸਨਮਾਨ ਕਰਨ ਤੋਂ ਬਾਅਦ ਮੀਡੀਆ ਨਾਲ ਜਾਣਕਾਰੀ ਸਾਂਝੀ ਕਰਦਿਆਂ ਕਰਕੇ ਸਾਡੇ ਸ਼ਹਿਰ ਪਾਤੜਾਂ ਦੀ ਬੇਟੀ ਨੇ ਹਿਮਾਚਲ ਪ੍ਰਦੇਸ਼ ਜੁਡੀਸ਼ੀਅਲ ਸਰਵਿਸ ਦੀ ਪ੍ਰੀਖਿਆ ਪਾਸ ਕਰਕੇ ਇਤਿਹਾਸ ਰਚ ਦਿੱਤਾ ਹੈ। ਉਨ੍ਹਾਂ ਨਵ ਨਿਯੁਕਤ ਜੱਜ ਪ੍ਰਿਯੰਸ਼ੀ ਦੀ ਮਾਤਾ ਸਰੋਜ ਬਾਂਸਲ ਅਤੇ ਪਿਤਾ ਸਰਜੀਵਨ ਕੁਮਾਰ ਬਾਂਸਲ ਅਤੇ ਉਨ੍ਹਾਂ ਦੇ ਨਿੱਜੀ ਰਿਸ਼ਤੇਦਾਰ ਸੀਨੀਅਰ ਕਾਂਗਰਸੀ ਆਗੂ ਪਵਨ ਕੁਮਾਰ ਪਟਵਾਰੀ ਨੂੰ ਵਧਾਈ ਦਿੱਤੀ। ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਵਲੋਂ ਡੀਏਵੀ ਸਕੂਲ ਸਮਾਣਾ ਤੇ ਬੁੱਢਾ ਦਲ ਪਬਲਿਕ ਸਕੂਲ ਸਮਾਣਾ ਦੇ ਅਧਿਆਪਕਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਉਨ੍ਹਾਂ ਵੱਲੋਂ ਦਿੱਤੀ ਗਈ ਸਿੱਖਿਆ ਮੁਤਾਬਕ ਹੀ ਪ੍ਰਿਯੰਸ਼ੀ ਬਾਂਸਲ ਨੇ ਇਤਿਹਾਸ ਰਚਿਆ ਹੈ ਇਸ ਲਈ ਉਹ ਵੀ ਵਧਾਈ ਦੇ ਪਾਤਰ ਹਨ। ਇਸ ਮੌਕੇ ਉਨ੍ਹਾਂ ਸੀਨੀਅਰ 'ਆਪ' ਆਗੂ ਕੁਲਦੀਪ ਸਿੰਘ ਥਿੰਦ, ਪ੍ਰੇਮ ਕੁਮਾਰ ਗੁਪਤਾ, ਕੌਂਸਲਰ ਕੁਲਦੀਪ ਸਿੰਘ ਬਿੱਟੂ ਬਦੇਸ਼ਾ, ਰਣਜੀਤ ਸਿੰਘ ਵਿਰਕ ਪ੍ਰਧਾਨ ਟਰੱਕ ਯੂਨੀਅਨ ਪਾਤੜਾਂ, ਸੰਦੀਪ ਬਾਂਸਲ ਗੋਗੀ, ਸੁਖਪਾਲ ਸਿੰਘ ਵਿਰਕ,ਪ੍ਰਧਾਨ ਪ੍ਰੀਤ ਗਿੱਲ ਬਲਾਕ ਪ੍ਰਧਾਨ ਪਾਤੜਾਂ, ਡਾਕਟਰ ਡੀਡੀ ਸਿੰਗਲਾ, ਰਵਿੰਦਰ ਸਿੰਘ ਭਿੰਡਰਕੁਆਰਡੀਨੇਟਰ ਵਪਾਰ ਵਿੰਗ ਪਾਤੜਾਂ, ਮਦਨ ਲਾਲ ਗੋਇਲ ਪ੍ਰਧਾਨ 'ਆਪ' ਸਿਟੀ ਪਾਤੜਾਂ ਆਦਿ ਪ੍ਰਮੁੱਖ ਤੌਰ 'ਤੇ ਹਜ਼ਾਰ ਸਨ।

## ਨਾਜਾਇਜ਼ ਸ਼ਰਾਬ ਸਮੇਤ ਕਾਬੂ

ਸਮਾਣਾ, 9 ਅਕਤੂਬਰ (ਵਿਜੇ ਕੁਮਾਰ) : ਸਦਰ ਪੁਲਿਸ ਨੇ ਇੱਕ ਵਿਅਕਤੀ ਨੂੰ ਨਾਜਾਇਜ਼ ਸ਼ਰਾਬ ਦੀਆਂ 25 ਬੋਤਲਾਂ ਸਮੇਤ ਕਾਬੂ ਕਰਕੇ ਉਸ ਖਿਲਾਫ ਐਕਸਾਈਜ਼ ਐਕਟ ਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਹੈ। ਮੁਲਜ਼ਮ ਦੀ ਪਛਾਣ ਪਿੰਡ ਤੁੱਲੇਵਾਲ ਦੇ ਰਹਿਣ ਵਾਲੇ ਵਿਜੇ ਸਿੰਘ ਪੁੱਤਰ ਜਗਤਾਰ ਸਿੰਘ ਵਜੋਂ ਹੋਈ ਹੈ। ਸਦਰ ਪੁਲਿਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ, ਏ.ਐੱਸ.ਆਈ. ਗੁਰਦੇਵ ਸਿੰਘ ਪੁਲਿਸ ਪਾਰਟੀ ਸਮੇਤ ਗਸ਼ਤ ਦੌਰਾਨ ਟੀ-ਪੁਆਇੰਟ ਪਿੰਡ ਗਾਜੀਸਲਾਰ ਵਿਖੇ ਮੌਜੂਦ ਸਨ, ਜਦੋਂ ਉਨ੍ਹਾਂ ਨੇ ਆ ਰਹੇ ਇੱਕ ਵਿਅਕਤੀ ਨੂੰ ਸ਼ੱਕ ਦੇ ਆਧਾਰ 'ਤੇ ਰੋਕਿਆ। ਤਲਾਸ਼ੀ ਲੈਣ 'ਤੇ ਉਸ ਕੋਲੋਂ ਨਾਜਾਇਜ਼ ਸ਼ਰਾਬ ਦੀਆਂ 25 ਬੋਤਲਾਂ ਬਰਾਮਦ ਹੋਈਆਂ, ਜਿਸ ਤੋਂ ਬਾਅਦ ਉਸਨੂੰ ਹਿਰਾਸਤ ਵਿੱਚ ਲੈ ਲਿਆ ਗਿਆ। ਅਧਿਕਾਰੀ ਅਨੁਸਾਰ, ਮੁਲਜ਼ਮ ਨੂੰ ਮਾਣਯੋਗ ਅਦਾਲਤ ਵਿੱਚ ਪੇਸ਼ ਕਰਕੇ ਮਿਲੇ ਹੁਕਮਾਂ ਅਨੁਸਾਰ ਨਿਆਂਇਕ ਹਿਰਾਸਤ ਵਿੱਚ ਜੇਲ੍ਹ ਭੇਜ ਦਿੱਤਾ ਗਿਆ ਹੈ।

## 'ਨਟਾਸ' ਨੇ 25ਵਾਂ ਸਿਲਵਰ ਜੁਬਲੀ ਸਥਾਪਨਾ ਦਿਵਸ ਬਾਰਾਂਦਰੀ ਬਾਗ ਵਿਖੇ ਮਨਾਇਆ



ਪਟਿਆਲਾ, 9 ਅਕਤੂਬਰ (ਚ.ਨ.ਸ.) : ਨੈਸ਼ਨਲ ਥੀਏਟਰ ਆਰਟਸ ਸੁਸਾਇਟੀ (ਨਟਾਸ) ਅਤੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਨੇ ਪਾਵਰ-ਗਰਿਡ ਕਾਰਪੋਰੇਸ਼ਨ ਲਿਮਿਟਿਡ ਇੰਡੀਆਂ 400-220 ਕੇ.ਵੀ. ਉਪ ਕੇਂਦਰ ਪਟਿਆਲਾ ਦੇ ਸਹਿਯੋਗ ਨਾਲ ਆਪਣਾ ਸਿਲਵਰ ਜੁਬਲੀ 25ਵਾਂ ਸਥਾਪਨਾ ਦਿਵਸ ਬਾਰਾਂਦਰੀ ਬਾਗ ਵਿਖੇ ਭਰਵੀਂ ਹਾਜ਼ਰੀ ਚ ਮਨਾਇਆ। ਪੇਸ਼ ਸਥਾਪਨਾ ਦਿਵਸ ਨਾਟਕ ਮੇਲਾ, ਗਾਰਡਨ ਥੀਏਟਰ ਲਹਿਰ ਦਾ 278ਵਾਂ ਮਾਸਿਕ ਸਮਾਗਮ ਸੀ. ਜਿਸ ਵਿੱਚ ਰਾਜ ਦੀਆਂ ਪ੍ਰਸਿੱਧ ਸਮਾਜਿਕ ਸ਼ਖ਼ਸੀਅਤਾਂ ਕਲਾ ਸਰਪ੍ਰਸਤ ਸ: ਇੰਦਰ ਮੋਹਨ ਸਿੰਘ ਬਜਾਜ ਐਮ.ਡੀ. ਬਜਾਜ ਸੰਨਜ਼, ਅਪ੍ਰਵਾਸੀ ਲੇਖਕ, ਕਾਲਮਨਵੀਸ ਸ਼੍ਰੀ ਅਮਰਜੀਤ ਬਵੇਜਾ, ਸ: ਪਰਮਜੀਤ ਸਿੰਘ ਡੀ.ਜੀ.ਐਮ. ਪਾਵਰ ਗਰਿਡ ਕਾਰਪੋਰੇਸ਼ਨ ਲਿਮਿਟਿਡ (ਇੰਡੀਆ) ਪਟਿਆਲਾ ਸੇਵਾ ਮੁਕਤ ਐਸ.ਬੀ.ਓ.ਪੀ. ਮੈਨੇਜਰ ਸ: ਧਰਮਪਾਲ ਸਿੰਘ ਚੌਹਾਨ ਡਾਇਰੈਕਟਰ ਰਾਇਲ ਆਰਕ ਧਰਮਪੁਰ ਸੋਲਨ (ਹਿ.ਪ੍ਰ.) ਅਤੇ ਸ. ਜਸਬੀਰ ਸਿੰਘ ਓਬਰਾਏ ਪ੍ਰਧਾਨਗੀ ਮੰਡਲ ਚ ਸ਼ਾਮਲ ਹੋਏ. ਇਹਨਾਂ ਹਸਤੀਆਂ ਨੇ ਸ਼ਲੋਕਾਂ ਦੇ ਉਚਾਰਣ ਦੌਰਾਨ ਭਗਵਾਨ ਨਟਰਾਜ ਨੂੰ ਪੁਸ਼ਪਾਂਜਲੀ ਅਤੇ ਪ੍ਰਸ਼ਾਦ ਭੇਟ ਕਰਕੇ ਸਮਾਗਮ ਦਾ ਉਦਘਾਟਨ ਕੀਤਾ ਅਤੇ ਸਮਾਗਮ ਨੂੰ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਦਿਵਸ ਨੂੰ ਸਮਰਪਿਤ ਕੀਤਾ। ਇਸ ਮੌਕੇ ਸ. ਇੰਦਰਮੋਹਨ ਸਿੰਘ ਬਜਾਜ ਨੇ ਕਿਹਾ ਕਿ ਮੈਡਮ ਸੁਨੀਤਾ-ਪ੍ਰਾਨ ਸੱਭਰਵਾਲ ਦੀ 6 ਦਹਾਕਿਆਂ ਦੀ ਰੰਗਮੰਚ ਅਤੇ ਸਮਾਜ ਵੱਲ ਦੇਸ਼-ਵਿਦੇਸ਼ਾਂ ਵਿਚ ਕੀਤੀਆਂ ਅਨਥਕ ਸੇਵਾਵਾਂ ਅਤੇ ਸਭਰਵਾਲ ਵੱਲੋਂ ਪਦਮਸ਼੍ਰੀ ਅਵਾਰਡ ਦੀ ਪ੍ਰਾਪਤੀ ਨੇ ਪਟਿਆਲਾ ਦਾ ਨਾਮ ਵਿਸ਼ਵ ਵਿਚ ਰੋਸ਼ਨ ਕਰ ਦਿੱਤਾ ਹੈ। ਕਲਾਕਾਰਾਂ 'ਚ ਗਾਇਕ ਕੰਪੋਜ਼ਰ, ਅਦਾਕਾਰ ਗਿਲਦੀਪ (ਟਿੰਮੀ), ਪਰਮਜੀਤ ਕੌਰ, ਸਿਮਰਨ ਸਰਨਾ, ਸਿਮਰਨ ਫਾਈਨ ਆਰਟਸ, ਤਨੀਸ਼ਾ ਲਾਅ ਕਾਲਿਜ, ਸੁਭਾਸ਼ ਭਗਤ, ਹਰਪਾਲ ਮਾਨ, ਅੰਮ੍ਰਿਤਪਾਲ ਸਿੰਘ, ਸੰਜੀਵ ਕੁਮਾਰ, ਸ਼ਵਦ, ਬਾਣੀਜੋਤ ਕੌਰ ਅਤੇ ਬਲਜੀਤ ਚੰਦ, ਟੈਕਨੀਕਲ ਅਤੇ ਪ੍ਰਬੰਧਕੀ ਟੀਮ ਦੇ ਮੈਂਬਰਾਨ ਆਦਿ ਸ਼ਾਮਲ ਸਨ।

## ਡੀ.ਸੀ. ਵੱਲੋਂ ਜਨ ਸੁਵਿਧਾ ਕੈਂਪ ਦਾ ਜਾਇਜ਼ਾ



ਪਟਿਆਲਾ, 9 ਅਕਤੂਬਰ (ਚ.ਨ.ਸ.): ਪਟਿਆਲਾ ਦੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ 'ਆਪ ਦੀ ਸਰਕਾਰ ਆਪ ਦੇ ਦੁਆਰ' ਤਹਿਤ ਪਿੰਡ ਬਖ਼ਸ਼ੀਵਾਲਾ ਵਿਖੇ ਲਗਾਏ ਗਏ ਵਿਸ਼ੇਸ਼ ਕੈਂਪ ਦਾ ਜਾਇਜ਼ਾ ਲਿਆ। ਉਨ੍ਹਾਂ ਨੇ ਮੌਕੇ 'ਤੇ ਮੌਜੂਦ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਲੋਕਾਂ ਦੀਆਂ ਮੁਸ਼ਕਿਲਾਂ ਦਾ ਹੱਲ ਕਰਨ ਅਤੇ ਸਰਕਾਰੀ ਸੇਵਾਵਾਂ ਪ੍ਰਦਾਨ ਕਰਨ 'ਚ ਕੋਈ ਢਿੱਲ ਮੱਠ ਨਾ ਵਰਤੀ ਜਾਵੇ। ਡਾ. ਪ੍ਰੀਤੀ ਯਾਦਵ ਨੇ ਇਸ ਮੌਕੇ ਪੇਂਡੂ ਵਿਕਾਸ ਤੇ ਪੰਚਾਇਤ, ਕਿਰਤ ਵਿਭਾਗ, ਸਿਹਤ ਵਿਭਾਗ, ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ, ਸਮਾਜਿਕ ਸੁਰੱਖਿਆ, ਵਣ ਵਿਭਾਗ, ਸਹਿਕਾਰਤਾ ਸਮੇਤ ਹੋਰ ਕਈ ਵਿਭਾਗਾਂ ਦੀਆਂ ਸਟਾਲਾਂ ਦਾ ਦੌਰਾ ਕਰਕੇ ਪ੍ਰਦਾਨ ਕੀਤੀਆਂ ਜਾ ਰਹੀਆਂ ਸੇਵਾਵਾਂ ਦਾ ਜਾਇਜ਼ਾ ਲਿਆ ਅਤੇ ਤਸੱਲੀ ਪ੍ਰਗਟਾਈ। ਉਨ੍ਹਾਂ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਕੈਂਪਾਂ ਵਿੱਚ ਆਉਣ ਵਾਲੇ ਨਾਗਰਿਕਾਂ ਦੀ ਪੂਰੀ ਗੰਭੀਰਤਾ ਨਾਲ ਸਮੱਸਿਆ ਸੁਣਕੇ ਨਿਪਟਾਰਾ ਕਰਨਾ ਯਕੀਨੀ ਬਣਾਇਆ ਜਾਵੇ। ਡਿਪਟੀ ਕਮਿਸ਼ਨਰ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਚੱਲ ਰਹੇ ਨਿਵੇਕਲੇ ਉਪਰਾਲੇ 'ਆਪ ਦੀ ਸਰਕਾਰ ਆਪ ਦੇ ਦੁਆਰ' ਤਹਿਤ ਲਗਾਏ ਜਾ ਰਹੇ ਜਨ ਸੁਵਿਧਾ ਕੈਂਪਾਂ ਦਾ ਲਾਭ ਲੈਣ। ਕੈਂਪ ਦੌਰਾਨ 45 ਸੇਵਾਵਾਂ ਤੋਂ ਇਲਾਵਾ ਸਾਂਝ ਕੇਂਦਰ ਅਤੇ ਵੱਖ ਵੱਖ ਵਿਭਾਗਾਂ ਵੱਲੋਂ ਦਿੱਤੀਆਂ ਜਾਂਦੀਆਂ ਸੇਵਾਵਾਂ ਵੀ ਲੋਕਾਂ ਨੂੰ ਇਕੋ ਛੱਤ ਥੱਲੇ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ। ਇਸ ਮੌਕੇ ਐਸ.ਡੀ.ਐਮ. ਹਰਜੋਤ ਕੌਰ ਮਾਵੀ, ਜ਼ਿਲ੍ਹਾ ਪ੍ਰੀਸ਼ਦ ਦੇ ਡਿਪਟੀ ਸੀਈਓ ਅਮਨਦੀਪ ਕੌਰ, ਬੀ.ਡੀ.ਪੀ.ਓ. ਪਟਿਆਲਾ ਦਿਹਾਤੀ ਮਨਦੀਪ ਸਿੰਘ ਸਮੇਤ ਹੋਰ ਵਿਭਾਗਾਂ ਦੇ ਅਧਿਕਾਰੀ ਤੇ ਕਰਮਚਾਰੀ ਮੌਜੂਦ ਸਨ।

## ਜੂਨੀਅਰ ਸਹਾਇਕ ਤੋਂ ਸੀਨੀਅਰ ਸਹਾਇਕ ਬਣਨ ਉਪਰੰਤ ਯੂਨੀਵਰਸਿਟੀ ਪ੍ਰਸ਼ਾਸਨ ਦਾ ਧੰਨਵਾਦ

### ➢ਗ਼ੈਰ ਅਧਿਆਪਨ ਕਰਮਚਾਰੀਆਂ ਦੇ ਕੰਮਾਂ ਲਈ ਵਚਨਬੱਧ ਰਹਾਂਗੇ: ਬਾਗੜੀਆਂ



ਪਟਿਆਲਾ, 9 ਅਕਤੂਬਰ (ਚ.ਨ.ਸ.) : ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਬੀਤੇ ਦਿਨੀਂ ਗੈਰ ਅਧਿਆਪਨ ਕਰਮਚਾਰੀ ਸੰਘ ਦੇ ਮੁਲਾਜ਼ਮ ਆਗੂ ਰਾਜਿੰਦਰ ਸਿੰਘ ਬਾਗੜੀਆਂ ਵੱਲੋਂ ਗੈਰ ਅਧਿਆਪਨ ਕਰਮਚਾਰੀਆਂ ਦੇ ਕੰਮਕਾਜ ਨੂੰ ਹੱਲ ਕਰਾਉਣ ਲਈ ਵਿਸ਼ੇਸ਼ ਉਪਰਾਲਾ ਕੀਤਾ ਜਾ ਰਿਹਾ ਹੈ, ਜਿਸ ਤਹਿਤ ਵਾਇਸ ਚਾਂਸਲਰ ਡਾਕਟਰ ਜਗਦੀਪ ਸਿੰਘ ਨੇ ਜੂਨੀਅਰ ਸਹਾਇਕਾਂ ਤੋਂ ਸੀਨੀਅਰ ਸਹਾਇਕ ਪਦ ਉਨਤ ਹੋਣ ਸਬੰਧੀ 14 ਕਰਮਚਾਰੀਆਂ ਦੀ ਫਾਇਲ ਪਾਸ ਕਰ ਦਿੱਤੀ ਗਈ। ਪਿਛਲੇ ਕੁੱਝ ਸਮੇਂ ਤੋਂ ਗੈਰ ਅਧਿਆਪਨ ਕਰਮਚਾਰੀਆਂ ਦੀਆਂ ਤਰੱਕੀਆਂ ਨੂੰ ਜਾਣ ਬੁੱਝ ਕੇ ਅਣਗੌਲਿਆ ਕੀਤਾ ਜਾ ਰਿਹਾ ਸੀ। ਜਾਣਕਾਰੀ ਦਿੰਦਿਆਂ ਮੁਲਾਜ਼ਮ ਆਗੂ ਰਾਜਿੰਦਰ ਸਿੰਘ ਬਾਗੜੀਆਂ ਅਤੇ ਅਮਰਜੀਤ ਕੌਰ ਨੇ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਗੈਰ ਅਧਿਆਪਨ ਕਰਮਚਾਰੀਆਂ ਦੀਆਂ ਰਹਿੰਦੀਆਂ ਤਰੱਕੀਆਂ, ਬਕਾਇਆ ਰਾਸ਼ੀ, ਮਾਣ ਸਨਮਾਨ ਸਬੰਧੀ ਆਵਾਜ਼ ਬੁਲੰਦ ਕੀਤੀ ਜਾਵੇਗੀ। ਪਿਛਲੇ ਲੰਮੇ ਸਮੇਂ ਤੋਂ ਚੋਣਾਂ ਨਾ ਹੋਣ ਦੇ ਬਾਵਜੂਦ ਵੀ ਬਾਗੜੀਆਂ ਟੀਮ ਵੱਲੋਂ ਮੁਲਾਜ਼ਮਾਂ ਦੇ ਕਰਵਾਏ ਜਾ ਰਹੇ ਕੰਮਾਂ ਕਾਰਨ ਚਰਚਾ ਦਾ ਵਿਸ਼ਾ ਬਣੇ ਹੋਏ ਹਨ।ਸੀਨੀਅਰ ਸਹਾਇਕ ਬਣਨ ਵਾਲੇ ਮੁਲਾਜ਼ਮਾਂ ਵੱਲੋਂ ਬਾਗੜੀਆਂ ਦੀ ਅਗਵਾਈ ਹੇਠ ਯੂਨੀਵਰਸਿਟੀ ਪ੍ਰਸ਼ਾਸਨ ਰਜਿਸਟਰਾਰ ਅਤੇ ਡੀਨ ਅਕਾਦਮਿਕ ਦਾ ਵਿਸ਼ੇਸ਼ ਧੰਨਵਾਦ ਕੀਤਾ। ਅੱਜ ਦੀ ਇਕੱਤਰਤਾ ਦੌਰਾਨ ਰਾਜਿੰਦਰ ਸਿੰਘ ਬਾਗੜੀਆਂ, ਪ੍ਰਕਾਸ਼ ਸਿੰਘ ਧਾਲੀਵਾਲ, ਅਮਰਜੀਤ ਕੌਰ, ਮੋਹੰਮਦ ਜ਼ਹੀਰ, ਧਨਰਾਜ ਸਿੰਘ, ਬਰਿੰਦਰ ਸਿੰਘ, ਰਜਨੀ ਬਾਲਾ, ਸਿਵ ਸਿੰਘ, ਰਾਜਿੰਦਰ ਸਿੰਘ, ਮਨਪ੍ਰੀਤ ਕੌਰ ਆਦਿ ਮੌਜੂਦ ਸਨ।

## ਬਾਂਦਰਾਂ ਨੂੰ ਛੋਲੇ-ਗੁੜ ਅਤੇ ਗਊਆਂ ਨੂੰ ਹਰਾ-ਚਾਰਾ ਪਾਇਆ



ਸਮਾਣਾ, 9 ਅਕਤੂਬਰ (ਵਿਜੇ ਕੁਮਾਰ) : ਭਾਰਤ ਵਿਕਾਸ ਪ੍ਰੀਸ਼ਦ ਸਮਾਣਾ ਵੱਲੋਂ ਪ੍ਰਧਾਨ ਰਜਿੰਦਰ ਗੁਪਤਾ ਅਤੇ ਪ੍ਰਾਜੈਕਟ ਚੇਅਰਮੈਨ ਬ੍ਰਿਸ਼ਭਾਨ ਕਾਂਸਲ ਅਤੇ ਸੀਤਾ ਰਾਮ ਗੁਪਤਾ ਦੀ ਅਗਵਾਈ ਹੇਠ ਪਿੰਡ ਗੁਰਦਿਆਲਪੁਰਾ ਬੀੜ ਵਿੱਚ ਇੱਕ ਵਿਸ਼ੇਸ਼ ਪਸ਼ੂ-ਕਲਿਆਣ ਮੁਹਿੰਮ ਤਹਿਤ ਬਾਂਦਰਾਂ ਅਤੇ ਗਊਆਂ ਨੂੰ ਛੋਲੇ-ਗੁੜ, ਕੇਲੇ ਅਤੇ ਹਰਾ ਚਾਰਾ ਪਾਇਆ ਗਿਆ। ਸੰਸਥਾ ਦੇ ਪ੍ਰਧਾਨ ਰਜਿੰਦਰ ਗੁਪਤਾ ਨੇ ਦੱਸਿਆ ਕਿ ਇਹ ਮੁਹਿੰਮ ਪਿੰਡ ਨਨਹੇੜਾ ਦੇ ਮਹੰਤ ਖੁਸ਼ਹਾਲ ਪੁਰੀ ਜੀ ਦੀ ਸਰਪ੍ਰਸਤੀ ਹੇਠ ਚਲਾਈ ਗਈ। ਉਨ੍ਹਾਂ ਕਿਹਾ ਕਿ ਗਊਆਂ ਨੂੰ ਗੁੜ ਦੀ ਸੇਵਾ ਅਤੇ ਬਾਂਦਰਾਂ ਲਈ ਛੋਲੇ ਤੇ ਕੇਲਿਆਂ ਦੀ ਉਪਲੱਬਧਤਾ ਪਸ਼ੂ-ਕਲਿਆਣ ਦੇ ਉਦੇਸ਼ ਨੂੰ ਧਿਆਨ ਵਿੱਚ ਰੱਖਦੇ ਹੋਏ ਕੀਤੀ ਗਈ। ਇਸ ਸਮੁੱਚੀ ਮੁਹਿੰਮ ਦਾ ਖਰਚਾ ਪ੍ਰਾਜੈਕਟ ਚੇਅਰਮੈਨ ਬ੍ਰਿਸ਼ਭਾਨ ਕਾਂਸਲ ਵੱਲੋਂ ਸਪਾਂਸਰ ਕੀਤਾ ਗਿਆ। ਇਸ ਮੌਕੇ ਫਾਰੈਸਟ ਇੰਚਾਰਜ ਬਲਵਿੰਦਰ ਸਿੰਘ, ਫਾਰੈਸਟ ਗਾਰਡ ਸ੍ਰੀਮਤੀ ਸ਼ਸ਼ੀਬਾਲਾ ਬਾਂਸਲ, ਦੇਵ ਰਾਜ, ਕੁੱਕੀ, ਪ੍ਰਵੀਨ ਕੁਮਾਰ (ਸੈਕਟਰੀ ਮਨਰੇਗਾ) ਵੀ ਹਾਜ਼ਰ ਰਹੇ। ਇਸ ਮੌਕੇ ਪਰਮਿੰਦਰ ਅਰੋੜਾ, ਅਜੈ ਗੋਇਲ, ਆਨੰਦ ਗਰਗ, ਗਊ ਸੇਵਕ ਭੀਮ ਸੈਨ, ਸਰਪੰਚ ਮਨਦੀਪ ਸਿੰਘ ਮਨੀ (ਮਰਦਾਹੇੜੀ) , ਨੰਬਰਦਾਰ ਗੁਰਮੀਤ ਸਿੰਘ ਅਤੇ ਗੁਲਜਾਰ ਸਿੰਘ ਨੇ ਵੀ ਮੌਜੂਦ ਸਨ।

## ਦੇਵ ਮਾਨ ਵੱਲੋਂ 9 ਕਰੋੜ 18 ਲੱਖ ਦੀ ਲਾਗਤ ਨਾਲ ਹੋਣ ਵਾਲੇ ਬਿਜਲੀ ਵਿਭਾਗ ਦੇ ਕੰਮਾਂ ਦੀ ਸ਼ੁਰੂਆਤ



ਨਾਭਾ, 9 ਅਕਤੂਬਰ (ਬਲਜਿੰਦਰ ਮਾਨ) : ਪੰਜਾਬ ਸਰਕਾਰ ਦਾ ਵੱਡਾ ਉਪਰਾਲਾ, ਸੂਬੇ ਭਰ ਵਿੱਚ ਬਿਜਲੀ ਦੇ ਕੱਟਾਂ ਤੋਂ ਮਿਲੇਗੀ ਰਾਹਤ। ਨਾਭਾ ਦੇ 66 ਕੇਵੀ ਗਰਿਡ ਵਿੱਚ 9 ਕਰੋੜ 18 ਲੱਖ ਦੀ ਲਾਗਤ ਨਾਲ ਹਲਕਾ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਵੱਲੋਂ ਬਰੇਕਰਾਂ ਦਾ ਉਦਘਾਟਨ ਕੀਤਾ ਗਿਆ , ਦੇਵਮਾਨ ਨੇ ਕਿਹਾ ਕਿ ਅਜੇ ਤੱਕ ਕਿਸੇ ਸਰਕਾਰ ਵੱਲੋਂ ਬਿਜਲੀ ਨੇ ਕੱਟਾਂ ਬਾਰੇ ਨਹੀਂ ਸੋਚਿਆ ਸੀ ਪਰ ਮਾਨ ਸਰਕਾਰ ਵੱਲੋਂ ਪਹਿਲ ਕਰਨੀ ਕਰਦੇ ਹੋਏ ਸੂਬੇ ਭਰ ਵਿੱਚ ਲੋਕਾਂ ਨੂੰ ਬਿਜਲੀ ਦੇ ਕੱਟਾਂ ਤੋਂ ਰਾਹਤ ਮਿਲੇਗੀ, ਕਿਉਂਕਿ ਜਦੋਂ ਵੀ ਹਨੇਰੀ ਝੱਖੜ ਆ ਜਾਂਦੇ ਸੀ ਤਾਂ ਲੋਕ ਪਰੇਸ਼ਾਨ ਹੁੰਦੇ ਸੀ ਅਤੇ ਉਹਨਾਂ ਨੂੰ ਹਨੇਰੇ ਵਿੱਚ ਬੈਠਣਾ ਪੈਂਦਾ ਸੀ ਪਰ ਹੁਣ ਮਾਨ ਸਰਕਾਰ ਵੱਲੋਂ ਲੋਕਾਂ ਨੂੰ ਵੱਡੀ ਸੌਗਾਤ ਦਿੱਤੀ ਹੈ। ਉਨ੍ਹਾਂ ਦੱਸਿਆ ਕਿ ਅੱਜ ਗੋਬਿੰਦਗੜ੍ਹ ਛੰਨਾਂ ਬਰੇਕਰ ਜਿਸ ਦੀ ਲਾਗਤ 40 ਲੱਖ ਅਤੇ ਮਾਡਰਨ ਸਿਟੀ ਬਰੇਕਰ, ਜਿਸ ਦੀ ਲਾਗਤ ਤਕਰੀਬਨ 27 ਲੱਖ ਹੈ ਜਿੰਨਾਂ ਦਾ ਅੱਜ ਉਦਘਾਟਨ ਕੀਤਾ ਗਿਆ ਹੈ। ਇਸ ਮੌਕੇ 'ਤੇ ਬਿਜਲੀ ਬੋਰਡ ਦੇ ਐਕਸੀਅਨ ਰਣਜੀਤ ਸਿੰਘ ਨੇ ਦੱਸਿਆ ਕਿ ਅੱਜ ਤੋਂ ਨਾਭੇ ਹਲਕੇ ਵਿੱਚ ਬਿਜਲੀ ਦੇ ਕੱਟਾਂ ਤੋਂ ਰਾਹਤ ਮਿਲੇਗੀ, ਕਿਉਂਕਿ ਬਿਜਲੀ ਦੇ ਨਵੇਂ ਉਪਕਰਨ ਲਗਾਏ ਜਾ ਰਹੇ ਹਨ ਅਤੇ ਜਦੋਂ ਵੀ ਹਨੇਰੀ ਝੱਖੜ ਆਉਂਦਾ ਸੀ ਤਾਂ ਲਾਈਟ ਚਲੀ ਜਾਂਦੀ ਸੀ ਅਤੇ ਹੁਣ ਹੋਰ ਗਰਿਡ ਤੋਂ ਬਿਜਲੀ ਲੈ ਕੇ ਅੱਗੇ ਸਪਲਾਈ ਦਿੱਤੀ ਜਾਵੇਗੀ ਅਤੇ ਲੋਕਾਂ ਨੂੰ ਵੱਡੀ ਰਾਹਤ ਪੰਜਾਬ ਸਰਕਾਰ ਵੱਲੋਂ ਦਿੱਤੀ ਗਈ ਹੈ। ਇਸ ਮੌਕੇ ਉਨ੍ਹਾਂ ਦੇ ਨਾਲ , ਇੰਜ. ਸੁਰਜੀਤ ਸਿੰਘ ਐਸ ਡੀ ਓ ਦਿਹਾਤੀ , ਇੰਜ. ਬਲਕਾਰ ਸਿੰਘ ਸਹਾਇਕ ਇੰਜੀਨੀਅਰ ਢੀਂਗੀ , ਇੰਜ ਪ੍ਰਿਤਪਾਲ ਸਿੰਘ ਐਸ ਡੀ ਓ ਘਮਰੌਦਾ , ਨਵਜੀਤ ਸਿੰਘ ਐਸ ਡੀ ਓ ਅਮਰਗੜ , ਇੰਜ ਗੁਰਜੀਤ ਸਿੰਘ ,ਇੰਜ ਅਮਨਦੀਪ ਸਿੰਘ , ਇੰਜ ਰਘਵੀਰ ਪੁਰੀ , ਤੇਜਿੰਦਰ ਸਿੰਘ ਖਹਿਰਾ ਡਾਇਰੈਕਟਰ , ਜਸਵੀਰ ਸਿੰਘ ਵਜੀਦਪੁਰ , ਭੁਪਿੰਦਰ ਸਿੰਘ ਕੱਲਰ ਮਾਜਰੀ, ਰਣਜੀਤ ਸਿੰਘ ਜੱਜ ਸਰਪੰਚ, ਸਰਵਰਿੰਦਰ ਸਿੰਘ ਪਹਾੜਪੁਰ, ਕੁਲਵੰਤ ਸਿੰਘ ਅਟਵਾਲ ਸਰਪੰਚ ਅਤੇ ਵੱਡੀ ਗਿਣਤੀ ਵਿੱਚ ਹੋਰ ਅਹੁਦੇਦਾਰਾਂ ਸਨ ।

## ਬਲਾਕ ਪੱਧਰੀ ਖੇਡਾਂ ਦਾ ਆਗਾਜ਼, ਸੈਂਕੜੇ ਵਿਦਿਆਰਥੀਆਂ ਨੇ ਲਿਆ ਭਾਗ



ਪਟਿਆਲਾ, 9 ਅਕਤੂਬਰ (ਰੁਪਾਣਾ) : ਜ਼ਿਲ੍ਹਾ ਸਿੱਖਿਆ ਅਫਸਰ (ਐਲੀ. ਸਿੱ.) ਪਟਿਆਲਾ ਸ਼ਾਲੂ ਮਹਿਰਾ ਅਤੇ ਉਪ ਜ਼ਿਲ੍ਹਾ ਸਿੱਖਿਆ ਅਫਸਰ (ਐਲੀ. ਸਿੱ.) ਪਟਿਆਲਾ ਮਨਵਿੰਦਰ ਕੌਰ ਭੁੱਲਰ ਦੇ ਦਿਸ਼ਾ ਨਿਰਦੇਸ਼ਾਂ ਹੇਠ ਬਲਾਕ ਪਟਿਆਲਾ -2 ਦੇ ਬੀਪੀਈਓ ਪ੍ਰਿਥੀ ਸਿੰਘ ਦੀ ਅਗਵਾਈ ਹੇਠ ਬਲਾਕ ਪਟਿਆਲਾ-2 ਦੀਆਂ ਖੇਡਾਂ ਦਾ ਆਗਾਜ ਕੀਤਾ ਗਿਆ, ਜਿਸ ਦੌਰਾਨ ਬਲਾਕ ਅਧੀਨ ਪੈਂਦੇ ਅੱਠ ਸੈਂਟਰਾਂ ਦੇ ਲਗਭਗ 59 ਸਕੂਲਾਂ ਦੇ ਸੈਂਕੜੇ ਵਿਦਿਆਰਥੀਆਂ ਨੇ ਵੱਖ-ਵੱਖ ਖੇਡਾਂ ਵਿੱਚ ਭਾਗ ਲੈ ਕੇ ਸ਼ਾਨਦਾਰ ਪ੍ਰਦਰਸ਼ਨ ਕੀਤਾ। ਇਹਨਾਂ ਖੇਡਾਂ ਦੇ ਨੋਡਲ ਅਫਸਰ ਕਲਸਟਰ ਮੈਣ ਦੇ ਸੀਐਚਟੀ ਪੂਰਨ ਸਿੰਘ ਸਨ। ਪਹਿਲੇ ਦਿਨ ਵੱਖ-ਵੱਖ ਅੱਠ ਖੇਡਾਂ ਦੇ ਮੁਕਾਬਲੇ ਵੱਖ-ਵੱਖ ਥਾਵਾਂ 'ਤੇ ਕਰਵਾਏ ਗਏ। ਇਹਨਾਂ ਮੁਕਾਬਲਿਆਂ ਦੇ ਨਤੀਜਿਆਂ ਬਾਰੇ ਜਾਣਕਾਰੀ ਦਿੰਦਿਆਂ ਬਲਾਕ ਨੋਡਲ ਅਫਸਰ ਅਤੇ ਸੈਂਟਰ ਮੈਣ ਦੇ ਸੀਐਚਟੀ ਪੂਰਨ ਸਿੰਘ ਨੇ ਦੱਸਿਆ ਕਿ ਲੜਕਿਆਂ ਅਤੇ ਲੜਕੀਆਂ ਦੇ ਹੋਏ ਹਾਕੀ ਮੈਚ ਦੌਰਾਨ ਦੌਰਾਨ ਮੈਣ ਸੈਂਟਰ ਨੇ ਪਹਿਲਾ ਅਤੇ ਵਿਕਟੋਰੀਆ ਸੈਂਟਰ ਨੇ ਦੂਜਾ ਸਥਾਨ ਹਾਸਿਲ ਕੀਤਾ। ਕੁਸ਼ਤੀ ਮੁਕਾਬਲਿਆਂ ਵਿੱਚ 25 ਕਿੱਲੋਗ੍ਰਾਮ ਭਾਰ ਵਰਗ ਵਿੱਚ ਸੈਂਟਰ ਮਲਟੀਪਰਪਜ਼ ਨੇ ਪਹਿਲਾ ਸਥਾਨ, ਸੈਂਟਰ ਮੈਣ ਨੇ ਦੂਜਾ ਸਥਾਨ, 28 ਕਿੱਲੋਗ੍ਰਾਮ ਭਾਰ ਵਰਗ ਵਿੱਚ ਸੈਂਟਰ ਘਾਸ ਮੰਡੀ ਨੇ ਪਹਿਲਾ ਸਥਾਨ, ਸੈਂਟਰ ਵਿਕਟੋਰੀਆ ਨੇ ਦੂਜਾ ਸਥਾਨ, 30 ਕਿੱਲੋਗ੍ਰਾਮ ਭਾਰ ਵਰਗ ਵਿੱਚ ਸੈਂਟਰ ਝੰਡੀ ਨੇ ਪਹਿਲਾ ਸਥਾਨ, ਸੈਂਟਰ ਘਾਸ ਮੰਡੀ ਨੇ ਦੂਜਾ ਸਥਾਨ, 32 ਕਿੱਲੋਗ੍ਰਾਮ ਭਾਰ ਵਰਗ ਵਿੱਚ ਸੈਂਟਰ ਮੈਣ ਨੇ ਪਹਿਲਾ ਸਥਾਨ ਅਤੇ ਸੈਂਟਰ ਝੰਡੀ ਨੇ ਦੂਜਾ ਸਥਾਨ ਹਾਸਲ ਕੀਤਾ। ਇਸ ਤੋਂ ਇਲਾਵਾ ਲੜਕੀਆਂ ਦੇ ਕਰਾਟੇ ਖੇਡ ਵਿੱਚ ਹੋਏ ਮੁਕਾਬਲਿਆਂ ਦੌਰਾਨ 20 ਕਿੱਲੋਗ੍ਰਾਮ ਭਾਰ ਵਰਗ ਵਿੱਚ ਵਿਕਟੋਰੀਆ ਸੈਂਟਰ ਨੇ ਗੋਲਡ ਮੈਡਲ, 23 ਕਿੱਲੋਗ੍ਰਾਮ ਭਾਰ ਵਰਗ ਵਿੱਚ ਵਿਕਟੋਰੀਆ ਸੈਂਟਰ ਨੇ ਗੋਲਡ ਮੈਡਲ ਅਤੇ ਤ੍ਰਿਪੜੀ ਸੈਂਟਰ ਨੇ ਸਿਲਵਰ ਮੈਡਲ, 26 ਕਿੱਲੋਗ੍ਰਾਮ ਭਾਰ ਵਰਗ ਵਿੱਚ ਵਿਕਟੋਰੀਆ ਸੈਂਟਰ ਨੇ ਗੋਲਡ ਮੈਡਲ ਅਤੇ ਮਲਟੀਪਰਪਜ਼ ਸੈਂਟਰ ਨੇ ਸਿਲਵਰ ਮੈਡਲ ਹਾਸਲ ਕੀਤਾ। ਅਖੀਰ ਵਿੱਚ ਜੇਤੂ ਖਿਡਾਰੀਆਂ ਨੂੰ ਮੈਡਲ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਬਲਾਕ ਮੀਡੀਆ ਕੁਆਰਡੀਨੇਟਰ ਸੁਖਜੀਤ ਸਿੰਘ, ਅਮਨਦੀਪ ਕੌਰ ਸੀਐਚਟੀ ਸੈਂਟਰ ਘਾਸ ਮੰਡੀ, ਸਤਵੰਤ ਕੌਰ ਸੀਐਚਟੀ ਸੈਂਟਰ ਝੰਡੀ, ਭੁਪਿੰਦਰ ਸਿੰਘ ਸੀਐਚਟੀ ਸੈਂਟਰ ਮਲਟੀਪਰਪਜ਼, ਆਦਰਸ਼ ਬਾਂਸਲ ਬਲਾਕ ਸਪੋਰਟਸ ਅਫ਼ਸਰ, ਜਸਪਿੰਦਰ ਸਿੰਘ ਮਿਡ-ਡੇ-ਮੀਲ ਮੈਨੇਜਰ, ਕਮਲਦੀਪ ਕੌਰ, ਰੋਹਿਤ ਕੌਸ਼ਲ, ਕੁਲਵੰਤ ਸਿੰਘ, ਸੁਨੀਲ ਕੁਮਾਰ, ਅਮਰਿੰਦਰ ਸਿੰਘ, ਸੁਖਦੇਵ ਸਿੰਘ, ਗੁਰਪਿਆਰ ਸਿੰਘ, ਏਮਨਦੀਪ ਕੌਰ, ਗੁਰਦੀਪ ਕੌਰ, ਸ਼ੈਲੀ ਖੰਨਾ ਤੇ ਅਨਮੋਲ ਸਿੰਘ ਸਮੇਤ ਹੋਰ ਅਧਿਆਪਕ ਹਾਜ਼ਰ ਸਨ।



# ਪਟਿਆਲਾ-ਆਸ/ਪਾਸ



## ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮ ਦਾਸ ਜੀ ਦਾ ਪ੍ਰਕਾਸ਼ ਪੁਰਬ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ



ਸਮਾਣਾ, 9 ਅਕਤੂਬਰ (ਵਿਜੇ ਕੁਮਾਰ) : ਸਥਾਨਕ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਵਿਖੇ ਚੌਥੇ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਦਾ 391ਵਾਂ ਪ੍ਰਕਾਸ਼ ਪੁਰਬ ਸ਼ਰਧਾ-ਭਾਵਨਾ ਨਾਲ ਮਨਾਇਆ ਗਿਆ। ਬੁੱਧਵਾਰ ਸ਼ਾਮ ਨੂੰ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ, ਸੁਖਮਨੀ ਸਾਹਿਬ ਜੀ ਦੇ ਪਾਠ ਉਪਰੰਤ ਕੀਰਤਨ ਦਰਬਾਰ ਸਜਾਇਆ ਗਿਆ, ਜਿਸ ਵਿਚ ਭਾਈ ਜਗਮੋਹਨ ਸਿੰਘ ਜੀ ਪਟਿਆਲੇ ਵਾਲਿਆਂ ਦਾ ਕੀਰਤਨੀ ਜੱਥਾ, ਬਾਬਾ ਭਰਪੂਰ ਸਿੰਘ ਕਥਾ ਵਾਚਕ, ਹੈਡ ਗ੍ਰੰਥੀ ਭਾਈ ਸਰਬਜੀਤ ਸਿੰਘ ਵੱਲੋਂ ਗੁਰੂ ਜੀ ਦੀ ਜੀਵਨੀ ਤੇ ਚਾਨਣਾ ਪਾਇਆ। ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਕੁਲਵਿੰਦਰ ਸਿੰਘ ਨੇ ਗੁਰੂ ਸਾਹਿਬ ਦੇ ਪ੍ਰਕਾਸ਼ ਦਿਹਾੜੇ ਦੀ ਵਧਾਈ ਦਿੰਦਿਆਂ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਗੁਰੂ ਸਹਿਬਾਨਾਂ ਦੀ ਬਾਣੀ ਮਨੁੱਖ ਨੂੰ ਸਚਿਆਰ ਬਣਾਉਂਦੀ ਹੈ। ਸਮਾਗਮ ਦੀ ਸਮਾਪਤੀ ਮੌਕੇ ਹੈੱਡ ਗ੍ਰੰਥੀ ਸਰਬਜੀਤ ਸਿੰਘ ਵੱਲੋਂ ਸਰਬੱਤ ਦੇ ਭਲੇ ਲਈ ਅਰਦਾਸ ਬੇਨਤੀ ਕੀਤੀ ਗਈ। ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ। ਸਮਾਗਮ ਦੌਰਾਨ ਹੋਰਨਾਂ ਤੋਂ ਇਲਾਵਾ ਹਰਵਿੰਦਰ ਸਿੰਘ ਦਰਦ, ਜੋਗਿੰਦਰ ਸਿੰਘ ਖੁਰਾਣਾ,ਬਲਵਿੰਦਰ ਸਿੰਘ ਪੱਪੂ, ਅਮਨਦੀਪ ਸਿੰਘ, ਰਾਜ ਸਿੰਘ ਜੇ.ਈ, ਗੁਰਮੀਤ ਸਿੰਘ ਚਾਵਲਾ, ਦਵਿੰਦਰ ਸਿੰਘ ਕਾਲਾ ਤੋਂ ਇਲਾਵਾ ਵੱਡੀ ਗਿਣਤੀ ਵਿਚ ਸੰਗਤਾਂ ਨਤਮਸਤਕ ਹੋਈਆਂ।

## ਪਿੰਡ ਆਲੋਵਾਲ ਵਿਖੇ ਧਾਰਮਿਕ ਸਮਾਗਮ 12, 13, 14 ਨੂੰ

ਭਾਦਸੋਂ, 9 ਅਕਤੂਬਰ (ਭਰਪੂਰ ਸਿੰਘ ਮੱਟਰਾਂ) : ਸੰਤ ਬਾਬਾ ਬਲਜਿੰਦਰ ਸਿੰਘ ਰਾੜਾ ਸਾਹਿਬ ਵਾਲੇ, ਜੋ 25 ਅਗਸਤ ਨੂੰ ਅੰਮ੍ਰਿਤ ਵੇਲੇ ਸੱਚਖੰਡ ਜਾ ਬਿਰਾਜੇ ਸਨ। ਉਨ੍ਹਾਂ ਦੇ ਨਮਿੱਤ ਜਨਮ ਅਸਥਾਨ ਸੰਤ ਬਾਬਾ ਈਸ਼ਰ ਸਿੰਘ ਜੀ ਰਾੜਾ ਸਾਹਿਬ ਗੁਰਦੁਆਰਾ ਈਸਰਸਰ ਸਾਹਿਬ ਵਿਖੇ ਗ੍ਰਾਮ ਪੰਚਾਇਤ ਅਤੇ ਨਗਰ ਨਿਵਾਸੀ ਪਿੰਡ ਆਲੋਵਾਲ ਦੀ ਸੰਗਤ ਵੱਲੋਂ 12 ਅਕਤੂਬਰ ਨੂੰ ਸਵੇਰੇ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਬਾਬਾ ਗੁਰਮੁਖ ਸਿੰਘ ਅਤੇ ਭਾਈ ਰਣਧੀਰ ਸਿੰਘ ਢੀਂਡਸਾ ਨੇ ਦੱਸਿਆ ਕਿ 14 ਅਕਤੂਬਰ ਨੂੰ ਸਵੇਰੇ 9 ਵਜੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣਗੇ 9 ਤੋਂ 11 ਵਜੇ ਤੱਕ ਕਥਾ ਕੀਰਤਨ ਸਮਾਗਮ ਹੋਣਗੇ, ਜਿਸ ਵਿੱਚ



ਬਹੁਤ ਸਾਰੇ ਕੀਰਤਨੀ ਜਥੇ ਅਤੇ ਮਹਾਂਪੁਰਸ਼ ਹਾਜ਼ਰੀਆਂ ਭਰਕੇ ਸੰਤ ਬਾਬਾ ਬਲਜਿੰਦਰ ਸਿੰਘ ਰਾੜਾ ਸਾਹਿਬ ਵਾਲਿਆਂ ਨੂੰ ਸਰਧਾ ਤੇ ਸਤਿਕਾਰ ਭੇਟ ਕਰਨਗੇ। ਇਸ ਮੌਕੇ ਰਾੜਾ ਸਾਹਿਬ ਸੰਪਰਦਾ ਦੇ ਮੁਖੀ ਸੰਤ ਬਾਬਾ ਅਮਰ ਸਿੰਘ ਜੀ ਵਿਸ਼ੇਸ਼ ਤੌਰ 'ਤੇ ਪਹੁੰਚ ਕੇ ਸੰਗਤਾਂ ਦੇ ਦਰਸ਼ਨ ਕਰਨਗੇ। ਗੁਰੂ ਕਾ ਲੰਗਰ ਅਤੁੱਟ ਵਰਤੇਗਾ ਇਲਾਕੇ ਦੀਆਂ ਸੰਗਤਾਂ ਨੂੰ ਬੇਨਤੀ ਹੈ ਕਿ ਸਮਾਗਮ ਵਿੱਚ ਪਹੁੰਚ ਕੇ ਆਪਣੀ ਹਾਜ਼ਰੀ ਲਵਾਉਣ ਅਤੇ ਗੁਰੂ ਜਸ ਸੁਣ ਕੇ ਆਪਣਾ ਜੀਵਨ ਸਫ਼ਲ ਬਣਾਉਣ।

## ਪਟਿਆਲਾ ਤਾਈਕਵਾਂਡੋ ਟੀਮ ਬਣੀ ਪੰਜਾਬ ਚੈਂਪੀਅਨ

ਪਟਿਆਲਾ, 9 ਅਕਤੂਬਰ (ਰੁਪਾਣਾ) : 69ਵੀਆਂ ਪੰਜਾਬ ਸਕੂਲ ਗੇਮ ਤਾਈਕਵਾਂਡੋ ਦੇ ਮੁਕਾਬਲੇ ਅੰਡਰ 17, 19 ਵਰਗ ਦੇ ਮੁੰਡੇ ਅਤੇ ਕੁੜੀਆਂ ਦੇ ਮੁਕਾਬਲੇ ਬੀਤੇ ਦਿਨੀਂ ਜਲੰਧਰ ਵਿਖੇ ਕਰਵਾਏ ਗਏ , ਜਿਸ ਵਿੱਚ ਲਗਭਗ 800 ਦੇ ਕਰੀਬ ਖਿਡਾਰੀਆਂ ਨੇ ਪੂਰੇ ਸੂਬੇ ਵਿੱਚੋਂ ਭਾਗ ਲਿਆ । ਇਹਨਾਂ ਮੁਕਾਬਲਿਆਂ ਵਿੱਚ ਪਟਿਆਲਾ ਤਾਈਕਵਾਂਡੋ ਟੀਮ ਨੇ ਪੰਜਾਬ ਓਵਰਆਲ ਪੰਜਾਬ ਚੈਂਪੀਅਨ ਬਣਨ ਦਾ ਮਾਣ ਹਾਸਲ ਕੀਤਾ। ਦੂਜੇ ਸਥਾਨ 'ਤੇ ਜਲੰਧਰ ਅਤੇ ਤੀਸਰੇ ਸਥਾਨ 'ਤੇ ਲੁਧਿਆਣਾ ਟੀਮ ਰਹੀ । ਅੰਡਰ 17 ਕੁੜੀਆਂ ਦੇ ਵਰਗ ਵਿੱਚ ਪਟਿਆਲਾ ਚੈਂਪੀਅਨ ਹੁਸ਼ਿਆਰਪੁਰ ਦੂਸਰੇ ਸਥਾਨ ਅਤੇ ਜਲੰਧਰ ਤੀਸਰੇ ਸਥਾਨ 'ਤੇ ਰਿਹਾ। ਅੰਡਰ 19 ਕੁੜੀਆਂ ਦੇ ਵਰਗ ਵਿੱਚ ਲੁਧਿਆਣਾ ਪਹਿਲੇ ਪਟਿਆਲਾ ਦੂਸਰੇ ਅਤੇ ਫਿਰੋਜ਼ਪੁਰ ਤੀਸਰੇ ਸਥਾਨ 'ਤੇ ਰਿਹਾ। ਅੰਡਰ 17 ਮੁੰਡਿਆਂ ਦੇ ਵਰਗ ਮੁਕਾਬਲੇ ਵਿੱਚ ਜਲੰਧਰ ਪਹਿਲੇ ਪਟਿਆਲਾ ਦੂਸਰੇ ਅਤੇ ਲੁਧਿਆਣਾ ਤੀਸਰੇ ਸਥਾਨ 'ਤੇ ਰਿਹਾ। ਇਸੇ ਤਰ੍ਹਾਂ



ਅੰਡਰ 19 ਮੁੰਡੇ ਵਰਗ ਮੁਕਾਬਲਿਆਂ ਵਿੱਚ ਤਰਨ ਤਾਰਨ ਪਹਿਲੇ ਪਟਿਆਲਾ ਦੂਸਰੇ ਅਤੇ ਪਠਾਨਕੋਟ ਤੀਸਰੇ ਸਥਾਨ 'ਤੇ ਰਿਹਾ। ਇਸ ਮੁਕਾਬਲੇ ਵਿੱਚ ਪਟਿਆਲਾ ਤੋਂ ਕੋਚ ਸਤਵਿੰਦਰ ਸਿੰਘ ਸੁਰਿੰਦਰ ਪਾਲ ਸਿੰਘ ਮੋਹਿਤ ਰਾਕੇਸ਼ ਅਤੇ ਬੁੱਧ ਰਾਮ ਟੀਮ ਸਲੈਕਟਰ ਦੇ ਤੌਰ 'ਤੇ ਅਤੇ ਸਿਮਰਨ ਕੌਰ ਮੈਨੇਜਰ ਅਤੇ ਲਵ ਕੁਮਾਰ ਅਨਮੋਲ ਠਾਕੁਰ ਪਾਰੀਤੋਸ਼ ਕੋਚ ਦੇ ਤੌਰ 'ਤੇ ਟੀਮ ਦੇ ਨਾਲ ਰਹੇ । ਇਸ ਮੌਕੇ 'ਤੇ ਡੀਈਓ ਸੀਨੀਅਰ ਸੈਕੰਡਰੀ ਪਟਿਆਲਾ ਸੰਜੀਵ ਸ਼ਰਮਾ ਜ਼ਿਲ੍ਹਾ ਸਪੋਰਟਸ ਕੋਡੀਨੇਟਰ ਦਲਜੀਤ ਸਿੰਘ ਅਤੇ ਸੈਕਟਰੀ ਚਰਨਜੀਤ ਸਿੰਘ ਨੇ ਪੂਰੀ ਟੀਮ ਅਤੇ ਉਨ੍ਹਾਂ ਦੇ ਇੰਚਾਰਜ ਸਾਹਿਬਾਨਾਂ ਨੂੰ ਵਧਾਈਆਂ ਦਿੱਤੀਆਂ ।

## ਸ਼ਹੀਦੀ ਦਿਹਾੜੇ ਨੂੰ ਸਮਰਪਿਤ ਪ੍ਰੋਗਰਾਮ 'ਬਾਲ ਦਰਬਾਰ' 11-12 ਨੂੰ

ਪਟਿਆਲਾ, 9 ਅਕਤੂਬਰ (ਚ.ਨ.ਸ.) : ਯੂਨੀਵਰਸਲ ਸਿੱਖ ਵੈਲਫੇਅਰ ਸੁਸਾਇਟੀ ਪਟਿਆਲਾ ਵੱਲੋਂ ਧੰਨ-ਧੰਨ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਪ੍ਰੋਗਰਾਮ ਤਹਿਤ 'ਬਾਲ ਦਰਬਾਰ' 11 ਅਕਤੂਬਰ 2025 ਨੂੰ ਗੁਰਦੁਆਰਾ ਸਾਹਿਬ ਸੰਤ ਕਾਲੀ ਕੰਬਲੀ ਵਾਲੇ, ਨਿਊ ਬਿਸ਼ਨ ਨਗਰ ਪਟਿਆਲਾ, ਵਿਖੇ ਸ਼ਾਮ 6.30 ਵਜੇ ਤੋਂ 8 ਵਜੇ ਤੱਕ ਕਰਵਾਇਆ ਜਾ ਰਿਹਾ ਹੈ। ਗੁਰਦੁਆਰਾ ਸ਼ਹੀਦ ਅਕਾਲੀ ਬਾਬਾ ਫੂਲਾ ਸਿੰਘ ਜੀ ਅਰਬਨ ਅਸਟੇਟ-ਫੇਸ -2 ਪਟਿਆਲਾ ਵਿਖੇ 12 ਅਕਤੂਬਰ ਨੂੰ ਸ਼ਾਮੀਂ 7 ਵਜੇ ਤੋਂ 8.30 ਤੱਕ 'ਬਾਲ ਦਰਬਾਰ' ਕਰਵਾਉਣ ਦਾ ਪ੍ਰੋਗਰਾਮ ਉਲੀਕਿਆ ਗਿਆ ਹੈ।ਪ੍ਰੋਗਰਾਮ ਦਾ ਮੁੱਖ ਉਦੇਸ਼ ਹੈ ਕਿ ਸਿੱਖ ਕੌਮ ਦੀ ਆਉਣ ਵਾਲੀ ਪੀੜੀ ਨੂੰ ਪਤਾ ਲੱਗ ਸਕੇ ਕਿ ਗੁਰਦੁਆਰਾ ਸਾਹਿਬ ਵਿੱਚ ਗੁਰਮਤਿ ਸਮਾਗਮ ਕਿਸ ਤਰ੍ਹਾਂ ਹੁੰਦੇ ਹਨ। ਇਸ ਪ੍ਰੋਗਰਾਮ ਤਹਿਤ ਸਾਰਾ ਸਮਾਗਮ ਬੱਚਿਆਂ ਵੱਲੋਂ ਹੀ ਕੀਤਾ ਜਾਵੇਗਾ। ਕੀਰਤਨ, ਲੈਕਚਰ,ਸ਼ਬਦ ਵਿਚਾਰ, ਅਰਦਾਸ ਉਪਰੰਤ ਹੁਕਮਨਾਮਾ ਅਤੇ ਸਮਾਪਤੀ ਸਭ ਕੁਝ ਹੀ ਬੱਚਿਆਂ ਵੱਲੋਂ ਹੀ ਕੀਤਾ ਜਾਵੇਗਾ। ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸਹਿਯੋਗ ਲਈ ਬੇਨਤੀ ਹੈ ਅਤੇ ਇਲਾਕੇ ਦੀਆਂ ਸੰਗਤਾਂ ਨੂੰ ਪ੍ਰੋਗਰਾਮ ਵਿੱਚ ਸ਼ਮੂਲੀਅਤ ਕਰਨ ਲਈ ਹਾਰਦਿਕ ਸੱਦਾ ਦਿੱਤਾ ਜਾਂਦਾ ਹੈ।

## ਸ੍ਰੀ ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ ਪੁਰਬ ਮਨਾਇਆ



ਨਾਭਾ, 9 ਅਕਤੂਬਰ (ਬਲਜਿੰਦਰ ਮਾਨ/ਚੌਧਰੀਮਾਜਰਾ) : ਨਾਭਾ ਦੇ ਨੇੜਲੇ ਪਿੰਡ ਹਸਨਪੁਰ ਵਿਖੇ ਧੰਨ - ਧੰਨ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਦਾ ਪ੍ਰਕਾਸ਼ ਗੁਰਪੁਰਬ ਬੜੀ ਸ਼ਰਧਾ ਸਤਿਕਾਰ ਨਾਲ ਮਨਾਇਆ ਗਿਆ। ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਉਪਰੰਤ ਰਾਗੀ ਭਾਈ ਗੁਰਪ੍ਰੀਤ ਸਿੰਘ ਨੇ ਰਸਭਿੰਨੇ ਕੀਰਤਨ ਦੁਆਰਾ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਿਆ ਅਤੇ ਪ੍ਰਸਿੱਧ ਕਥਾਵਾਚਕ ਗਿਆਨੀ ਰਾਜਿੰਦਰਪਾਲ ਸਿੰਘ ਨਾਭਾ ਨੇ ਸ੍ਰੀ ਗੁਰੂ ਰਾਮਦਾਸ ਮਹਾਰਾਜ ਜੀ ਦੇ ਪਾਵਨ ਜੀਵਨ ਸਬੰਧੀ ਸੰਗਤਾਂ ਨੂੰ ਬੜੇ ਵਿਸਥਾਰ ਸਹਿਤ ਇਤਿਹਾਸ ਤੋਂ ਜਾਣੂੰ ਕਰਵਾਉਂਦਿਆਂ ਦੱਸਿਆ ਕਿ ਗੁਰੂ ਜੀ ਆਪਣੀ ਨਿਮਰਤਾ, ਸੇਵਾ ਭਾਵਨਾ, ਦੂਰਅੰਦੇਸ਼ੀ ਲਈ ਜਾਣੇ ਜਾਂਦੇ ਹਨ ਅਤੇ ਪਵਿੱਤਰ ਸਰੋਵਰ ਦੀ ਸਥਾਪਨਾ ਕਰਕੇ ਸ੍ਰੀ ਅੰਮ੍ਰਿਤਸਰ ਨਗਰ ਵਸਾਇਆ ਜੋ ਅੱਜ ਸਿੱਖ ਧਰਮ ਦਾ ਮੁੱਖ ਕੇਂਦਰੀ ਅਸਥਾਨ ਹੈ। ਇੱਥੇ ਲੱਖਾਂ ਸ਼ਰਧਾਲੂ ਰੋਜ਼ਾਨਾ ਪਾਵਨ ਸਰੋਵਰ ਵਿੱਚ ਇਸ਼ਨਾਨ ਕਰਕੇ ਨਤਮਸਤਕ ਹੁੰਦੇ ਹਨ ਅਤੇ ਗੁਰਬਾਣੀ ਸਰਵਣ ਕਰਕੇ ਰੂਹਾਨੀ ਸ਼ਾਂਤੀ ਪ੍ਰਾਪਤ ਕਰਦੇ ਹਨ। ਜ਼ਿਕਰਯੋਗ ਹੈ ਕਿ ਸ੍ਰੀ ਅਖੰਡ ਪਾਠ ਸਾਹਿਬ ਦੀ ਸੇਵਾ ਸੁਖਵਿੰਦਰ ਸਿੰਘ ਬਿੱਟੂ, ਦਿਲਬਾਗ ਸਿੰਘ, ਸੁਖਮਨਦੀਪ ਸਿੰਘ ਕੈਨੇਡਾ ਵੱਲੋਂ ਕੀਤੀ ਗਈ। ਹੋਰਨਾਂ ਤੋਂ ਇਲਾਵਾ ਹੈੱਡ ਗ੍ਰੰਥੀ ਭਾਈ ਰੇਸ਼ਮ ਸਿੰਘ, ਭਾਈ ਬਲਵੰਤ ਸਿੰਘ, ਭਾਈ ਮਲਕੀਤ ਸਿੰਘ ਨੇ ਸਮਾਗਮ ਵਿੱਚ ਵਿਸ਼ੇਸ਼ ਭੂਮਿਕਾ ਨਿਭਾਈ। ਗੁਰੂ ਦੇ ਲੰਗਰ ਵੀ ਅਤੁੱਟ ਵਰਤਾਏ ਗਏ।

### ਦਾਜ ਲਈ ਤੰਗ ਕਰਨ 'ਤੇ ਮਾਮਲਾ ਦਰਜ

ਪਟਿਆਲਾ, 9 ਅਕਤੂਬਰ (ਵਿਨੋਦ ਸ਼ਰਮਾ) : ਥਾਣਾ ਵੂਮੈਨ ਪਟਿਆਲਾ ਪੁਲਿਸ ਕੋਲ ਨਵਨੀਤ ਕੌਰ ਪੁੱਤਰੀ ਅਜੀਤ ਸਿੰਘ ਵਾਸੀ ਢਿੱਲੋਂ ਕਲੋਨੀ ਸਮਾਣਾ ਨੇ ਕਥਿਤ ਦੋਸ਼ੀਆਂ ਦੀਪ ਸਿੰਘ, ਸੁਖਵੰਤ ਕੌਰ ਅਤੇ ਬਰਿੰਦਰ ਸਿੰਘ ਵਾਸੀ ਪਿੰਡ ਮੰਡਵੀ ਮੂਣਕ ਸੰਗਰੂਰ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ ਕਿ ਉਸ ਦਾ ਵਿਆਹ ਮਿਤੀ 20-11-25 ਨੂੰ ਕਥਿਤ ਦੋਸ਼ੀ ਦੀਪ ਸਿੰਘ ਨਾਲ ਹੋਇਆ ਸੀ, ਜੋ ਵਿਆਹ ਤੋਂ ਬਾਅਦ ਦੋਸ਼ੀਆਨ, ਮੁਦੈਲਾ ਨੂੰ ਹੋਰ ਦਾਜ ਦਹੇਜ ਲਈ ਤੰਗ ਪ੍ਰੇਸ਼ਾਨ ਕਰਨ ਲੱਗ ਪਏ, ਜੋ ਉਸ ਦੇ ਦਾਜ ਦਾ ਸਮਾਨ ਵੀ ਦੋਸ਼ੀਆਂ ਦੇ ਕਬਜ਼ੇ ਵਿੱਚ ਹੈ। ਪੁਲਿਸ ਨੇ ਮਾਮਲਾ ਦਰਜ ਕਰ ਲਿਆ ਹੈ।

## ਸਬ-ਇੰਸਪੈਕਟਰ ਜੈਦੀਪ ਸ਼ਰਮਾ ਚੌਕੀ ਬਹਾਦਰਗੜ੍ਹ ਦੇ ਇੰਚਾਰਜ ਤਾਇਨਾਤ

ਪਟਿਆਲਾ, 9 ਅਕਤੂਬਰ (ਰੁਪਾਣਾ) : ਚੰਗੀਆਂ ਸੇਵਾਵਾਂ ਨੂੰ ਦੇਖਦੇ ਹੋਏ ਸਬ-ਇੰਸਪੈਕਟਰ ਜੈਦੀਪ ਸ਼ਰਮਾ ਨੂੰ ਚੌਕੀ ਬਹਾਦਰਗੜ੍ਹ ਦਾ ਇੰਚਾਰਜ ਤਾਇਨਾਤ ਕੀਤਾ ਗਿਆ ਹੈ। ਇਸ ਮੌਕੇ ਅਹੁਦਾ ਸੰਭਾਲਣ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਉਨ੍ਹਾਂ ਕਿਹਾ ਕਿ ਐੱਸ.ਐੱਸ.ਪੀ. ਪਟਿਆਲਾ ਸ੍ਰੀ ਵਰੁਣ ਸ਼ਰਮਾ ਦੀਆਂ ਹਦਾਇਤਾਂ ਦੀ ਪਾਲਣਾ ਕਰਦਿਆਂ ਨਸ਼ਾ ਵੇਚਣ ਅਤੇ ਖਰੀਦਣ ਵਾਲਿਆਂ 'ਤੇ ਸਖ਼ਤੀ ਨਾਲ ਪੇਸ਼ ਆਇਆ ਜਾਵੇਗਾ। ਉਨ੍ਹਾਂ ਇਲਾਕਾ ਨਿਵਾਸੀਆਂ ਨੂੰ ਅਪੀਲ ਕੀਤੀ ਕਿ



ਇਲਾਕੇ ਦਾ ਕੋਈ ਵੀ ਵਿਅਕਤੀ ਬੇਝਿਜਕ ਆ ਕੇ ਆਪਣੀ ਸਮੱਸਿਆ ਦੱਸ ਸਕਦਾ ਹੈ ਤੇ ਉਸ ਦੀ ਹੱਲ ਹੋਣ ਵਾਲੀ ਸਮੱਸਿਆ ਨੂੰ ਪਹਿਲ ਦੇ ਆਧਾਰ 'ਤੇ ਹੱਲ ਕੀਤਾ ਜਾਵੇਗਾ। ਜ਼ਿਕਰਯੋਗ ਹੈ ਕਿ ਜੈਦੀਪ ਸ਼ਰਮਾ ਚੌਕੀ ਮਾਡਲ ਟਾਊਨ, ਚੌਕੀ ਨਵਾਂ ਗਾਉਂ, ਸੈਂਟਰਲ ਜੇਲ੍ਹ ਚੌਕੀ, ਕਸਤੂਰਬਾ ਚੌਕੀ ਅਤੇ ਥਾਣਿਆਂ ਤੇ ਚੌਕੀਆਂ ਵਿਚ ਸੇਵਾਵਾਂ ਨਿਭਾਅ ਚੁੱਕੇ ਹਨ।

## ਪਿੰਡ ਕੁਲਾਰਾਂ ਵਿਖੇ ਬਾਬਾ ਅਮਰ ਦਾਸ ਦੀ ਮੂਰਤੀ ਸਥਾਪਿਤ

ਸਮਾਣਾ, 9 ਅਕਤੂਬਰ (ਸੁਖਜਿੰਦਰ ਸਿੰਘ ਕੁਲਾਰਾਂ) : ਨੇੜਲੇ ਪਿੰਡ ਕੁਲਾਰਾਂ ਵਿਖੇ ਬਾਬਾ ਅਮਰ ਦਾਸ ਦੀ ਮੂਰਤੀ ਦੀ ਸਥਾਪਨਾ ਕੀਤੀ ਗਈ। ਟਿੱਲੇ ਦੇ ਮੁੱਖ ਸੇਵਾਦਾਰ ਬਾਬਾ ਜੀਵਨ ਦਾਸ ਦੀ ਅਗਵਾਈ ਹੇਠ ਸਥਾਪਿਤ ਕੀਤੀ ਬਾਬਾ ਅਮਰਦਾਸ ਦੀ ਮੂਰਤੀ ਮੌਕੇ ਸਮੂਹ ਪਿੰਡ ਵਾਸੀ ਤੇ ਨੇੜਲੇ ਪਿੰਡ ਦੀ ਸੰਗਤ ਮੌਜੂਦ ਸੀ। ਪੰਡਿਤ



ਜੈਪਾਲ ਸ਼ਰਮਾ ਵੱਲੋਂ ਹਵਨ ਯੱਗ ਕੀਤਾ ਗਿਆ।ਇਸ ਮੌਕੇ ਉਚੇਚੇ ਤੌਰ 'ਤੇ ਪੁੱਜੇ ਹਲਕਾ ਸ਼ਤਰਾਣਾ ਦੇ ਵਿਧਾਇਕ ਕੁਲਵੰਤ ਸਿੰਘ ਬਾਜੀਗਰ, ਬਾਬਾ ਸੁਖਪਾਲ ਦਾਸ ਪਾਲਾ, ਸ਼੍ਰੋਮਣੀ ਅਕਾਲੀ ਦਲ ਹਲਕਾ ਇੰਚਾਰਜ ਕਬੀਰ ਦਾਸ ਕਾਂਗਰਸ ਦੇ ਸੰਭਾਵੀ ਉਮੀਦਵਾਰ ਨਛੱਤਰ ਸਿੰਘ ਅਰਾਈਮਾਜਰਾ ,ਆਈਟੀ ਆਈ ਪੰਜਾਬ ਪ੍ਰਧਾਨ ਸਿਮਾਂਸ਼ੂ ਗੁਪਤਾ ਵਿਸ਼ੇਸ਼ ਤੌਰ 'ਤੇ ਪਹੁੰਚੇ। ਇਸ ਮੌਕੇ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਨੇ ਆਖਿਆ ਇਸ ਪਿੰਡ ਦੇ ਲੋਕ ਸਾਰੇ ਧਰਮਾਂ ਦਾ ਬਹੁਤ ਸਤਿਕਾਰ ਕਰਦੇ ਹਨ ਅਤੇ ਹਰ ਧਰਮ 'ਤੇ ਇਕੱਠੇ ਹੋ ਕੇ ਕੰਮ ਕਰਦੇ ਹਨ। ਉਨ੍ਹਾਂ ਕਿਹਾ ਕਿ ਟੱਲੇ ਦੀ ਚਾਰ ਦਵਾਰੀ ਅੰਦਰ ਜੋ ਲਾਕ ਟਾਈਲ 'ਤੇ ਖਰਚਾ ਆਵੇਗਾ ਉਹ ਆਪਣੇ ਵੱਲੋਂ ਕਰਨਗੇ। ਬਾਬਾ ਜੀਵਨ ਦਾਸ ਵੱਲੋਂ ਆਈ ਸਾਧ ਸੰਗਤ ਦਾ ਧੰਨਵਾਦ ਕੀਤਾ ਗਿਆ।ਇਸ ਮੌਕੇ ਅਤੁੱਟ ਲੰਗਰ ਵਰਤਾਇਆ ਗਿਆ।

## ਘਨੌਰ ਕਾਲਜ 'ਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਨੂੰ ਸਮਰਪਿਤ ਵਿਸ਼ੇਸ਼ ਲੈਕਚਰ

ਘਨੌਰ, 9 ਅਕਤੂਬਰ (ਮਦਨ ਲਾਲ) : ਯੂਨੀਵਰਸਿਟੀ ਕਾਲਜ ਘਨੌਰ ਵਿਖੇ ਇਤਿਹਾਸ ਅਤੇ ਧਰਮ ਅਧਿਐਨ ਵਿਭਾਗ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਦਿਵਸ ਨੂੰ ਸਮਰਪਿਤ ਵਿਸ਼ੇਸ਼ ਲੈਕਚਰ ਆਯੋਜਿਤ ਕੀਤਾ ਗਿਆ। ਇਸ ਲੈਕਚਰ ਵਿੱਚ ਪ੍ਰੋਫੈਸਰ ਪਰਮਵੀਰ ਸਿੰਘ ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ ਡਾ. ਦਿਲਵਰ ਸਿੰਘ ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਪੰਜਾਬ ਸਰਕਾਰ ਨੇ ਉਚੇਚੇ ਤੌਰ ਤੇ ਸ਼ਿਰਕਤ ਕੀਤੀ। ਕਾਲਜ ਦੇ ਪ੍ਰਿੰਸੀਪਲ ਡਾ. ਲਖਵੀਰ ਸਿੰਘ ਗਿੱਲ ਦੁਆਰਾ ਆਏ ਹੋਏ ਮਹਿਮਾਨਾਂ ਦਾ ਰਸਮੀ ਸੁਆਗਤ ਕੀਤਾ ਗਿਆ। ਭਾਸ਼ਣ ਦੌਰਾਨ ਡਾ. ਦਿਲਵਰ ਸਿੰਘ ਨੇ ਵਿਸ਼ਵ ਪੱਧਰ ਉੱਤੇ ਮਨੁੱਖੀ ਅਧਿਕਾਰਾਂ ਦੇ ਹੋ ਰਹੇ ਹਨ, ਨੂੰ ਲੈ ਕੇ ਗੁਰੂ ਤੇਗ ਬਹਾਦਰ ਜੀ ਦੁਆਰਾ



ਮਨੁੱਖੀ ਅਧਿਕਾਰਾਂ ਦੀ ਰੱਖਿਆ ਲਈ ਦਿੱਤੀ ਸ਼ਹਾਦਤ ਤੋਂ ਸੇਧ ਲੈਣ ਦੀ ਗੱਲ ਆਖੀ।ਉਹਨਾਂ ਕਿਹਾ ਕਿ ਸਿੱਖ ਧਰਮ ਦਾ ਫਲਸਫਾ ਮਨੁੱਖੀ ਅਧਿਕਾਰਾਂ ਅਤੇ ਸਾਰੀ ਸ੍ਰਿਸ਼ਟੀ ਨੂੰ ਸੰਭਾਲਣ ਦੀ ਗੱਲ ਕਰਦਾ ਹੈ ਪ੍ਰੋਫੈਸਰ ਪਰਮਵੀਰ ਨੇ ਗੁਰੂ ਤੇਗ ਬਹਾਦਰ ਜੀ ਦੀਆਂ ਯਾਤਰਾਵਾਂ ਦੇ ਵਿਸ਼ੇਸ਼ ਹਵਾਲੇ ਦੇ ਕੇ ਪੁਆਧ ਅਤੇ ਮਾਲਵਾ ਦੇ ਇਲਾਕੇ ਦੀ ਬੇਹਤਰੀ ਲਈ ਗੁਰੂ ਸਾਹਿਬ ਦੁਆਰਾ ਪਾਏ ਗਏ ਯੋਗਦਾਨ ਸਬੰਧੀ ਜਾਣਕਾਰੀ ਵਿਦਿਆਰਥੀਆਂ ਨਾਲ ਸਾਂਝੀ ਕੀਤੀ। ਸਟੇਜ ਸੰਚਾਲਨ ਦੀ ਜਿੰਮੇਵਾਰੀ ਡਾ ਜਤਿੰਦਰ ਸਿੰਘ ਅਤੇ ਰਸਮੀ ਧੰਨਵਾਦ ਦੀ ਜਿੰਮੇਵਾਰੀ ਡਾ ਅਨੂਜੋਤ ਸਿੰਘ ਸੋਨੀ ਦੁਆਰਾ ਨਿਭਾਈ ਗਈ। ਇਸ ਮੌਕੇ 'ਤੇ ਡਾ. ਇੰਦਰਜੀਤ ਕੌਰ, ਡਾ. ਜਸਵਿੰਦਰ ਕੌਰ, ਡਾ. ਪਦਮਨੀ ਤੋਮਰ, ਡਾ. ਦੀਪਤੀ ਬਾਂਸਲ, ਡਾ . ਗੌਰਵ ਡਾ. ਰਵਿੰਦਰ ਰਵੀ ਅਤੇ ਕਵਰਜੀਤ ਸਿੰਘ ਹਾਜ਼ਰ ਸਨ।

## ਸਰਕਾਰੀ ਮਿਡਲ ਸਕੂਲ ਖੇੜੀ ਗੁੱਜਰਾਂ ਨੇ ਸਰਕਲ ਸਟਾਈਲ ਕੱਬਡੀ ਵਿੱਚ ਹਾਸਲ ਕੀਤਾ ਦੂਜਾ ਸਥਾਨ

ਪਟਿਆਲਾ, 9 ਅਕਤੂਬਰ (ਰੁਪਾਣਾ) : ਜ਼ੋਨ ਪਟਿਆਲਾ-2 ਦਾ ਸਰਕਲ ਸਟਾਈਲ ਕੱਬਡੀ ਦਾ ਜ਼ੋਨਲ ਟੂਰਨਾਮੈਂਟ ਡਾ. ਰਜਨੀਸ਼ ਗੁਪਤਾ (ਪ੍ਰਧਾਨ, ਜ਼ੋਨਲ ਟੂਰਨਾਮੈਂਟ ਕਮੇਟੀ ਪਟਿਆਲਾ-2) ਅਤੇ ਬਲਵਿੰਦਰ ਸਿੰਘ ਜੱਸਲ (ਜ਼ੋਨਲ ਸਕੱਤਰ, ਜ਼ੋਨਲ ਟੂਰਨਾਮੈਂਟ ਕਮੇਟੀ ਪਟਿਆਲਾ-2) ਦੀ ਅਗਵਾਈ ਵਿੱਚ ਸਕੂਲ ਆਫ਼ ਐਮੀਨੈਂਸ ਫੀਲਖਾਨਾ ਪਟਿਆਲਾ ਵਿਖੇ ਕਰਵਾਇਆ ਗਿਆ।ਇਸ ਟੂਰਨਾਮੈਂਟ ਦੌਰਾਨ ਬਹੁਤ ਸ਼ਾਨਦਾਰ ਮੁਕਾਬਲੇ ਹੋਏ। ਸਰਕਾਰੀ ਮਿਡਲ ਸਕੂਲ ਖੇੜੀ ਗੁੱਜਰਾਂ (ਪਟਿਆਲਾ) ਦੀ ਅੰਡਰ-14 ਲੜਕੀਆ ਦੀ ਸਰਕਲ ਸਟਾਈਲ ਕੱਬਡੀ ਟੀਮ ਨੇ ਮਮਤਾ ਰਾਣੀ (ਪੀ.ਟੀ.ਆਈ., ਸਰਕਾਰੀ ਮਿਡਲ ਸਕੂਲ ਖੇੜੀ ਗੁੱਜਰਾਂ ਪਟਿਆਲਾ) ਦੀ ਅਗਵਾਈ ਵਿੱਚ ਇਸ ਟੂਰਨਾਮੈਂਟ ਵਿੱਚ ਭਾਗ ਲਿਆ। ਸਕੂਲ ਦੀ ਅੰਡਰ-14 ਲੜਕੀਆ ਦੀ ਸਰਕਲ ਸਟਾਈਲ ਕੱਬਡੀ ਟੀਮ ਵਿੱਚ ਮਮਤਾ ਕੁਮਾਰੀ ਅਵਸਥੀ, ਪਾਇਲ, ਨੰਦਨੀ, ਨਿਸ਼ਾ, ਚੰਚਲ, ਰੁਪਿੰਦਰ ਕੌਰ, ਸ਼ਿਵਾਨੀ, ਬਲਜੋਤ ਕੌਰ, ਪ੍ਰਗਯਾ ਅਤੇ ਮੁਸਕਾਨ ਯਾਦਵ ਸ਼ਾਮਲ ਸਨ। ਸਕੂਲ ਦੀ ਅੰਡਰ-14 ਲੜਕੀਆ ਦੀ ਸਰਕਲ ਸਟਾਈਲ ਕੱਬਡੀ ਟੀਮ ਨੇ ਜ਼ੋਨਲ ਟੂਰਨਾਮੈਂਟ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਦੂਜਾ ਸਥਾਨ ਹਾਸਲ ਕੀਤਾ। ਸ੍ਰੀਮਤੀ ਮਮਤਾ ਰਾਣੀ ਨੇ ਕਿਹਾ ਕਿ ਸਕੂਲ ਦੀ ਸਰਕਲ ਸਟਾਈਲ ਕੱਬਡੀ ਟੀਮ ਨੇ ਪੂਰੇ ਟੂਰਨਾਮੈਂਟ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ। ਸ੍ਰੀਮਤੀ ਰਵਿੰਦਰਪਾਲ ਕੌਰ (ਸਕੂਲ ਇੰਚਾਰਜ) ਨੇ ਮਮਤਾ ਰਾਣੀ



ਅਤੇ ਸਮੂਹ ਸਰਕਲ ਸਟਾਈਲ ਕੱਬਡੀ ਟੀਮ ਨੂੰ ਇਸ ਸਫਲਤਾ ਤੇ ਵਧਾਈ ਦਿਤੀ। ਇਸ ਮੌਕੇ 'ਤੇ ਅਨੀਤਾ ਸ਼ਰਮਾ (ਹਿੰਦੀ ਮਿਸਟ੍ਰੈਸ), ਮਨਪ੍ਰੀਤ ਸਿੰਘ (ਕੰਪਿਊਟਰ ਫੈਕਲਟੀ), ਲੀਨਾ (ਸ.ਸ. ਮਿਸਟ੍ਰੈਸ) ਅਤੇ ਮੀਨੂੰ ਯਾਦਵ (ਸਾਇੰਸ ਮਿਸਟ੍ਰੈਸ) ਮੌਜੂਦ ਸਨ।

## 'ਆਪ' ਐਸ.ਸੀ. ਵਿੰਗ ਨੇ ਕੇਂਦਰ ਦਾ ਪੁਤਲਾ ਫੂਕਿਆ

ਪਟਿਆਲਾ, 9 ਅਕਤੂਬਰ (ਰੁਪਾਣਾ) : ਬੀਤੇ ਦਿਨੀਂ ਚੀਫ ਜਸਟਿਸ ਆਫ ਇੰਡਿਆ ਬੀ.ਆਰ ਗਵਈ 'ਤੇ ਉੱਥੇ ਦੇ ਇਕ ਵਕੀਲ ਵੱਲੋਂ ਜੁੱਤੀ ਸੁੱਟਣ ਦੀ ਘਟਨਾ ਨੂੰ ਮੁੱਖ ਰਖਦੇ ਹੋਏ ਆਮ ਆਦਮੀ ਪਾਰਟੀ ਦੇ ਐਸ. ਸੀ. ਵਿੰਗ ਮਾਲਵਾ ਈਸਟ ਜੋਨ ਦੇ ਸੂਬਾ ਸਕੱਤਰ ਅਮਰੀਕ ਸਿੰਘ ਬੰਗੜ ਦੀ ਅਗਵਾਈ ਹੇਠ ਜ਼ਿਲ੍ਹਾ ਸਕੱਤਰੇਤ ਦੇ ਸਾਹਮਣੇ ਰੋਸ ਵੱਜੋਂ ਭਾਜਪਾ ਦੀ ਕੇਂਦਰੀ ਸਰਕਾਰ ਦਾ ਪੁੱਤਲਾ ਸਾੜ ਕੇ ਕੇਂਦਰ ਸਰਕਾਰ ਖਿਲਾਫ਼ ਨਾਰੇਬਾਜ਼ੀ ਕੀਤੀ ਅਤੇ ਇਸ ਮੌਕੇ ਅਮਰੀਕ ਬੰਗੜ ਨੇ ਦਸਿਆ ਕਿ ਇਹ ਚੀਫ ਜਸਟਿਸ ਆਫ ਇੰਡਿਆ ਬੀ.ਆਰ ਗਵਈ ਦੀ ਤੌਹੀਨ ਨਹੀ ਬਲਕਿ ਭਾਰਤ ਦੇ ਸੰਵਿਧਾਨ ਨਾਲ ਖਿਲਵਾੜ



ਕੀਤੀ ਗਈ ਹੈ । ਉਹਨਾਂ ਨੇ ਅੱਗੇ ਕਿਹਾ ਕਿ ਬੀਤੇ ਸਮੇਂ ਵਿੱਚ ਕਿਸੇ ਵੀ ਸੁਪਰੀਮ ਕੋਰਟ ਦੇ ਚੀਫ ਜਸਟਿਸ ਨਾਲ ਇਸ ਤਰ੍ਹਾਂ ਦੀ ਬੇਅਦਬੀ ਨਹੀਂ ਕੀਤੀ ਗਈ। ਇਸ ਮੌਕੇ ਆਮ ਆਦਮੀ ਪਾਰਟੀ ਦੇ ਸੂਬਾ ਸਕੱਤਰ ਐਸ ਸੀ ਵਿੰਗ ਕਪਿਲ ਟਾਂਕ ਅਤੇ ਜ਼ਿਲ੍ਹਾ ਐਸ.ਸੀ. ਵਿੰਗ ਧਰਮਪਾਲ , ਲਾਭ ਸਿੰਘ, ਹਲਕਾ ਕੁਆਰਡੀਨੇਟਰ ਐਸ. ਸੀ. ਵਿੰਗ ਅਵਤਾਰ ਸਿੰਘ ਸੁਨਿਆਰਹੇੜੀ, ਜਸਪਾਲ ਸਿੰਘ ਜੱਸੀ, ਗੋਬਿੰਦ ਸਿੰਘ, ਗੁਰਪਿਆਰ ਸਿੰਘ, ਮੈਂਬਰ-ਗੱਜਣ ਸਿੰਘ ਜ਼ਿਲ੍ਹਾ ਮੀਡੀਆ ਸਕੱਤਰ, ਸੂਬੇਦਾਰ ਸੁਰਜਨ ਸਿੰਘ ਸਕ੍ਰੌਦੀ, ਪ੍ਰਕਾਸ ਸਿੰਘ,ਤੁਰਪ ਚੰਦ ਖਾਸ, ਗੁਰਦੀਪ ਸਿੰਘ, ਸੂਬੇਦਾਰ ਕੁਲਦੀਪ ਸਿੰਘ, ਗੁਰਤੇਜ ਸਿੰਘ, ਸੱਤਪਾਲ ਸਿੰਘ ਤੋਂ ਇਲਾਵਾ ਵਿੰਗ ਦੇ ਵਰਕਰਾਂ ਨੇ ਸ਼ਮੂਲੀਅਤ ਕੀਤੀ।

## ਵਿਧਾਇਕ ਪਠਾਨਮਾਜਰਾ ਦੀ ਅੰਤ੍ਰਿਮ ਜ਼ਮਾਨਤ ਅਰਜ਼ੀ ਖਾਰਜ

ਪਟਿਆਲਾ, 9 ਅਕਤੂਬਰ (ਵਿਨੋਦ ਸ਼ਰਮਾ) : ਹਲਕਾ ਸਨੌਰ ਦੇ ਵਿਧਾਇਕ ਹਰਮੀਤ ਸਿੰਘ ਪਠਾਨਮਾਜਰਾ ਨੇ ਵਧੀਕ ਸੈਸ਼ਨ ਜੱਜ ਨਵਦੀਪ ਕੌਰ ਗਿੱਲ ਦੀ ਅਦਾਲਤ ਵਿੱਚ ਆਪਣੇ ਸੀਨੀਅਰ ਵਕੀਲਾਂ ਰਾਹੀਂ ਅੰਤ੍ਰਿਮ ਜ਼ਮਾਨਤ ਦੀ ਅਰਜ਼ੀ ਦਾਇਰ ਕੀਤੀ ਸੀ। ਇਸ ਜ਼ਮਾਨਤ ਅਰਜ਼ੀ 'ਤੇ ਵਕੀਲਾਂ ਵੱਲੋਂ ਜ਼ੋਰਦਾਰ ਬਹਿਸ ਕੀਤੀ ਗਈ ਸੀ। ਇਸ ਜ਼ਮਾਨਤ ਅਰਜ਼ੀ 'ਤੇ ਫੈਸਲਾ ਅੱਜ ਲਈ ਰਾਖਵਾਂ ਰੱਖਿਆ ਗਿਆ ਸੀ। ਅੱਜ ਅਦਾਲਤ ਨੇ ਆਪਣਾ ਫੈਸਲਾ ਸੁਣਾਉਂਦੇ ਹੋਏ ਉਕਤ ਵਿਧਾਇਕ ਦੀ ਜ਼ਮਾਨਤ ਅਰਜ਼ੀ ਕਥਿਤ ਬਲਾਤਕਾਰ ਦੇ ਮਾਮਲੇ ਵਿਚੋਂ ਅੱਜ ਫਿਰ ਤੋਂ ਡਿਸਮਿਸ ਕਰ ਦਿੱਤੀ ਹੈ। ਇਸ ਸਬੰਧੀ ਦੂਜੀ ਜ਼ਮਾਨਤ ਦੀ ਅਰਜ਼ੀ ਜੋ ਇਸ ਅਦਾਲਤ ਵਿੱਚ ਫਿਰ ਤੋਂ ਦਾਇਰ ਕੀਤੀ ਗਈ ਸੀ, ਜਿਸ 'ਤੇ ਆਪਣਾ ਫੈਸਲਾ ਸੁਣਾਉਂਦੇ ਹੋਏ ਅਦਾਲਤ ਨੇ ਖਾਰਜ ਕਰ ਦਿੱਤਾ ਹੈ।

### ਆਨਲਾਈਨ ਕੰਪਨੀਆਂ 'ਚ ਪੈਸੇ ਡਬਲ ਕਰਨ ਦਾ ਝਾਂਸਾ ਦੇ ਕੇ ਮਾਰੀ ਠੱਗੀ

ਪਟਿਆਲਾ, 9 ਅਕਤੂਬਰ (ਵਿਨੋਦ ਸ਼ਰਮਾ) : ਥਾਣਾ ਸਿਵਲ ਲਾਇਨ ਪਟਿਆਲਾ ਪੁਲਿਸ ਕੋਲ ਜੋਨੀ ਕੁਮਾਰ ਪੁੱਤਰ ਅਸ਼ੋਕ ਕੁਮਾਰ ਵਾਸੀ ਤਕੀਆ ਰਹਿਮਸਾਹ ਨੇੜੇ ਧਰਮਪੁਰਾ ਬਜਾਰ ਪਟਿਆਲਾ ਨੇ ਕਥਿਤ ਦੋਸ਼ੀਆਂ ਹਰੀਸ਼ ਕੁਮਾਰ ਪੁੱਤਰ ਮਦਨ ਲਾਲ ਵਾਸੀ ਘੇਰ ਸੋਢੀਆ ਪਟਿਆਲਾ, ਵਿਨੋਦ ਸ਼ਰਮਾ, ਕ੍ਰਿਸ਼ਨ ਕੁਮਾਰ, ਅਨਿਲ ਕੁਮਾਰ ਯਾਦਵ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ। ਸ਼ਿਕਾਇਤਕਰਤਾ ਨੇ ਪੁਲਿਸ ਨੂੰ ਦੱਸਿਆ ਕਿ ਕਥਿਤ ਦੋਸ਼ੀਆਂ ਨੇ ਉਸ ਨੂੰ ਆਨਲਾਇਨ ਕੰਪਨੀਆਂ ਵਿੱਚ ਪੈਸੇ ਲਗਾ ਕੇ ਡਬਲ ਕਰਨ ਦਾ ਝਾਂਸਾ ਦੇ ਕੇ 12,79,590 ਰੁਪਏ ਲੈ ਲਏ, ਜੋ ਬਾਅਦ ਵਿੱਚ ਉਸ ਦੇ ਸਿਰਫ 1,56,760 ਰੁਪਏ ਹੀ ਵਾਪਿਸ ਕੀਤੇ ਅਤੇ 11,22,830 ਰੁਪਏ ਵਾਪਿਸ ਨਹੀ ਕੀਤੇ। ਪੁਲਿਸ ਨੇ ਮਾਮਲਾ ਦਰਜ ਕਰ ਲਿਆ ਹੈ।

## ਮਾਡਰਨ ਸਕੂਲ ਦੇ ਅਵਨੂਰ ਸਿੰਘ ਨੇ ਤਾਈਕਵਾਂਡੋ ਚੈਂਪੀਅਨਸ਼ਿਪ 'ਚ ਕਾਂਸੀ ਦਾ ਤਮਗ਼ਾ ਜਿੱਤਿਆ

ਪਟਿਆਲਾ, 9 ਅਕਤੂਬਰ (ਚ.ਨ.ਸ.) : ਮਾਡਰਨ ਸੀਨੀਅਰ ਸੈਕੰਡਰੀ ਸਕੂਲ, ਪਟਿਆਲਾ ਦੇ ਅਵਨੂਰ ਸਿੰਘ ਨੇ 3 ਤੋਂ 6 ਅਕਤੂਬਰ, 2025 ਤੱਕ ਜਲੰਧਰ ਵਿੱਚ ਹੋਈ 69ਵੀਂ ਪੰਜਾਬ ਸਕੂਲ ਖੇਡਾਂ ਸਟੇਟ ਤਾਈਕਵਾਂਡੋ ਚੈਂਪੀਅਨਸ਼ਿਪ ਵਿੱਚ ਅੰਡਰ-17 ਲੜਕਿਆਂ ਦੇ 78+ ਕਿੱਲੋਗ੍ਰਾਮ ਭਾਰ ਵਰਗ ਵਿੱਚ ਕਾਂਸੀ ਦਾ ਤਗਮਾ ਪ੍ਰਾਪਤ ਕਰਕੇ ਸਕੂਲ ਦਾ ਨਾਮ ਰੋਸ਼ਨ ਕੀਤਾ।ਟੂਰਨਾਮੈਂਟ ਵਿੱਚ ਪੰਜਾਬ ਭਰ ਦੇ 12 ਜ਼ਿਲ੍ਹਿਆਂ ਤੋਂ ਭਾਗ ਲਿਆ ਗਿਆ, ਜਿਸ ਵਿੱਚ 700 ਤੋਂ ਵੱਧ ਵਿਦਿਆਰਥੀਆਂ ਨੇ ਵੱਖ-ਵੱਖ ਸ਼੍ਰੇਣੀਆਂ ਵਿੱਚ ਹਿੱਸਾ ਲਿਆ।





**ਸੁਖਜੀਤ ਸਿੰਘ ਭੁੱਲਰ ਵੱਲੋਂ ਮੁੱਖ ਇੰਜੀਨੀਅਰ ਵਿਜੀਲੈਂਸ ਦਾ ਚਾਰਜ ਸੰਭਾਲਣ 'ਤੇ ਫੁੱਲਾਂ ਦਾ ਗੁਲਦਸਤਾ ਭੇਟ ਕਰਦੇ ਹੋਏ ਨਿਗਰਾਨ ਇੰਜੀਨੀਅਰ BML ਸਰਕਲ ਅੰਕਿਤ ਧੀਰ, S.D.O ਲਹਿਲ ਗੁਰਪ੍ਰੀਤ ਸਿੰਘ, S.D.O ਵਿਜੀਲੈਂਸ ਦਸ਼ਰਥ ਅਤੇ ਮੋਹਿਤ ਬਾਂਸਲ, ਜੇ. ਈ. ਵਿਕਰਮਜੀਤ ਸਿੰਘ, ਦਿਲਪ੍ਰੀਤ ਸਿੰਘ ਅਤੇ ਸੰਦੀਪ ਗਰਗ । (ਫੋਟੋ ਤੇ ਵੇਰਵਾ: ਚੜ੍ਹਦੀਕਲਾ ਬਿਊਰੋ)**

### 12 ਬੋਤਲਾਂ ਸ਼ਰਾਬ ਬ੍ਰਾਮਦ

ਨਾਭਾ, 9 ਅਕਤੂਬਰ (ਚੌਧਰੀਮਾਜਰਾ) : ਥਾਣਾ ਸਦਰ ਨਾਭਾ ਪੁਲਿਸ ਨੇ ਕਥਿਤ ਦੋਸ਼ੀ ਜਸਵੀਰ ਸਿੰਘ ਵਾਸੀ ਪਿੰਡ ਰੋਹਟੀ ਛੰਨਾ ਵਿਰੁੱਧ ਮਾਮਲਾ ਦਰਜ ਕੀਤਾ ਹੈ। ਹੌਲਦਾਰ ਪਰਵਿੰਦਰ ਸਿੰਘ ਸਮੇਤ ਪੁਲਿਸ ਪਾਰਟੀ ਗਸ਼ਤ ਵਾ ਤਲਾਸ਼ ਸ਼ੱਕੀ ਤੇ ਭੈੜੇ ਪੁਰਸ਼ਾਂ ਦੇ ਸਬੰਧ ਵਿੱਚ ਪਿੰਡ ਰੋਹਟੀ ਛੰਨਾ ਪਾਸ ਮੌਜੂਦ ਸੀ, ਜੋ ਦੋਸ਼ੀ ਨੂੰ ਸ਼ੱਕ ਦੇ ਅਧਾਰ ਪਰ ਰੋਕ ਕੇ ਚੈਕ ਕਰਨ ਪਰ 12 ਬੋਤਲਾਂ ਸ਼ਰਾਬ ਰਾਣੋ ਪੰਜਾਬ ਦੀਆਂ ਬ੍ਰਾਮਦ ਹੋਈਆਂ।

## ਸ਼ਰਾਬ ਦੇ ਮਾਮਲੇ 'ਚੋਂ ਬਰੀ

ਪਟਿਆਲਾ, 9 ਅਕਤੂਬਰ (ਚ.ਨ.ਸ.) : ਮਾਣਯੋਗ ਅਦਾਲਤ ਸ੍ਰੀ ਹਰਜੋਤ ਸਿੰਘ ਗਿੱਲ ਪੀਸੀਐਸ ਜੁਡੀਸ਼ੀਅਲ ਮੈਜਿਸਟਰੇਟ First class ਪਟਿਆਲਾ ਨੇ FIR 292/ 2020 ਅਧੀਨ ਧਾਰਾ 61/1/14 excise Act PS civil lines patiala 40 ਪੇਟੀਆਂ ਸ਼ਰਾਬ ਦੇਸੀ ਫਾਰ sale ਇਨ ਹਰਿਆਣਾ ਮਾਰਕਾ ਨੂੰ ਪੰਜਾਬ ਵਿੱਚ ਰੱਖਣ ਦੇ ਦੋਸ਼ੀ jasbir Singh ਨੂੰ ਵਕੀਲ ਦਿਲਪ੍ਰੀਤ ਸਿੰਘ ਅਤੇ ਵਕੀਲ ਰਣਜੀਤ ਸਿੰਘ ਖੁਰਮੀ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਉਕਤ jasbir Singh ਨੂੰ ਮਾਨਯੋਗ ਅਦਾਲਤ ਨੇ ਬਾਇੱਜ਼ਤ ਬਰੀ ਕਰ ਦਿੱਤਾ ਗਿਆ ਹੈ।

## ਪੀ.ਯੂ. ਵਿਖੇ ਵਿਸ਼ਵ ਸੈਰ-ਸਪਾਟਾ ਦਿਵਸ ਸਬੰਧੀ ਪ੍ਰੋਗਰਾਮ ਕਰਵਾਇਆ



ਪਟਿਆਲਾ, 9 ਅਕਤੂਬਰ (ਚ.ਨ.ਸ.) : ਪੰਜਾਬੀ ਯੂਨੀਵਰਸਿਟੀ ਦੇ ਸੈਰ-ਸਪਾਟਾ, ਮਹਿਮਾਨ ਨਿਵਾਜ਼ੀ ਅਤੇ ਹੋਟਲ ਪ੍ਰਬੰਧਨ ਵਿਭਾਗ ਵੱਲੋਂ ਵਿਸ਼ਵ ਸੈਰ-ਸਪਾਟਾ ਦਿਵਸ 2025 ਸਬੰਧੀ ਸਮਾਗਮ ਕਰਵਾਇਆ ਗਿਆ। ਵਿਭਾਗ ਮੁਖੀ ਡਾ. ਹਰਦਮਨ ਸਿੰਘ ਭਿੰਡਰ ਨੇ ਦੱਸਿਆ ਕਿ ਇਸ ਮੌਕੇ 'ਟੂਰਿਜ਼ਮ ਐਂਡ ਸਸਟੇਨੇਬਲ ਟ੍ਰਾਂਸਫਾਰਮੇਸ਼ਨ' ਵਿਸ਼ੇ ਉੱਤੇ ਵਿਚਾਰ-ਵਟਾਂਦਰਾ ਹੋਇਆ। ਉਨ੍ਹਾਂ ਦੱਸਿਆ ਕਿ ਬੈਚਲਰ ਆਫ਼ ਟੂਰਿਜ਼ਮ ਐਂਡ ਟ੍ਰੈਵਲ ਮੈਨੇਜਮੈਂਟ ਦੇ ਵਿਦਿਆਰਥੀਆਂ ਨੇ ਸਸਟੇਨੇਬਲ ਟੂਰਿਜ਼ਮ, ਨੈਸ਼ਨਲ ਪਾਰਕਾਂ ਅਤੇ ਜ਼ਿੰਮੇਵਾਰ ਸੈਰ-ਸਪਾਟਾ ਅਮਲਾਂ ਬਾਰੇ ਪਾਵਰ-ਪੁਆਇੰਟ ਪੇਸ਼ਕਾਰੀਆਂ ਅਤੇ ਫਲੈਕਸ ਪੇਸ਼ਕਾਰੀਆਂ ਰਾਹੀਂ ਵੱਖ-ਵੱਖ ਗਤੀਵਿਧੀਆਂ ਵਿੱਚ ਹਿੱਸਾ ਲਿਆ। ਉਨ੍ਹਾਂ ਕਿਹਾ ਕਿ ਯੂਨਾਈਟਡ ਨੇਸ਼ਨ ਵਰਲਡ ਟੂਰਿਜ਼ਮ ਔਰਗੇਨਾਈਜ਼ੇਸ਼ਨ ( ਯੂ. ਐੱਨ. ਡਬਲਿਊ. ਟੀ. ਓ.) ਵੱਲੋਂ ਇਸ ਸਾਲ ਦਾ ਥੀਮ ਸੈਰ-ਸਪਾਟੇ ਦੇ ਸਮਾਜਿਕ, ਸੱਭਿਆਚਾਰਕ ਅਤੇ ਆਰਥਿਕ ਮੁੱਲਾਂ 'ਤੇ ਪੈਣ ਵਾਲੇ ਪ੍ਰਭਾਵ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਚੁਣਿਆ ਗਿਆ ਹੈ। ਉਨ੍ਹਾਂ ਟੂਰਿਜ਼ਮ ਅਤੇ ਮਹਿਮਾਨਨਿਵਾਜ਼ੀ ਇੰਡਸਟਰੀ ਵੱਲੋਂ ਅਪਣਾਏ ਗਏ ਟਿਕਾਊ ਅਮਲਾਂ ਬਾਰੇ ਜਾਣਕਾਰੀ ਸਾਂਝੀ ਕੀਤੀ। ਡਾ. ਪਰਮਿੰਦਰ ਸਿੰਘ ਢਿੱਲੋਂ ਨੇ ਇਸ ਮੌਕੇ ਬੋਲਦਿਆਂ ਜ਼ਿੰਮੇਵਾਰ ਸੈਰ-ਸਪਾਟਾ ਅਮਲਾਂ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ। ਉਨ੍ਹਾਂ ਕਿਹਾ ਕਿ ਇਸ ਵਾਰ ਦਾ ਇਹ ਥੀਮ ਟਿਕਾਊ ਵਿਕਾਸ ਟੀਚਿਆਂ ਨਾਲ਼ ਮੇਲ ਖਾਂਦਾ ਹੈ।ਪ੍ਰੋਗਰਾਮ ਦੇ ਆਯੋਜਨ ਵਿੱਚ ਡਾ. ਅਨੁਰਾਧਾ ਅਤੇ ਸੰਦੀਪ ਕੌਰ ਨੇ ਅਹਿਮ ਭੂਮਿਕਾ ਨਿਭਾਈ। ਅੰਤ ਵਿੱਚ ਡਾ. ਅਮਨਦੀਪ ਸਿੰਘ ਨੇ ਧੰਨਵਾਦ ਕੀਤਾ।

## ਅੱਖਾਂ ਦੀ ਵਧੀਆ ਰੋਸ਼ਨੀ ਲਈ ਸੰਤੁਲਿਤ ਖ਼ੁਰਾਕ ਅਤੇ ਨਿਯਮਤ ਜਾਂਚ ਜ਼ਰੂਰੀ



ਪਟਿਆਲਾ, 9 ਅਕਤੂਬਰ (ਚ.ਨ.ਸ.) : ਅੱਖਾਂ ਦੀ ਸਾਂਭ -ਸੰਭਾਲ ਦੀ ਜਾਗਰੂਕਤਾ ਲਈ ਵਿਸ਼ਵ ਦ੍ਰਿਸ਼ਟੀ ਦਿਵਸ ਸਿਵਲ ਸਰਜਨ ਪਟਿਆਲਾ ਡਾ.ਜਗਪਾਲਇੰਦਰ ਸਿੰਘ ਦੀ ਅਗਵਾਈ ਵਿੱਚ ਜ਼ਿਲ੍ਹਾ ਪਟਿਆਲਾ ਦੀਆਂ ਸਮੂਹ ਸਿਹਤ ਸੰਸਥਾਵਾਂ ਵਿੱਚ ਅਪਣੀਆਂ ਅੱਖਾਂ ਨੂੰ ਪਿਆਰ ਕਰੋ ਥੀਮ ਤਹਿਤ ਮਨਾਇਆ ਗਿਆ। ਇਸ ਮੌਕੇ ਜਾਣਕਾਰੀ ਦਿੰਦਿਆਂ ਸਿਵਲ ਸਰਜਨ ਪਟਿਆਲਾ ਨੇ ਕਿਹਾ ਕਿ ਨੌਜਵਾਨ ਅਤੇ ਬੱਚੇ ਜੇਕਰ ਮੋਬਾਈਲ, ਟੈਬ, ਲੈਪਟਾਪ, ਟੈਲੀਵਿਜਨ ਸਕਰੀਨਾਂ ਨੂੰ ਦੇਖਦੇ ਹੋਏ ਅਪਣਾ ਪੂਰਾ ਦਿਨ ਬਿਤਾਉਂਦੇ ਹਨ ,ਤਾਂ ਡਿਜੀਟਲ ਮੀਡੀਆ ਦੀ ਜਿਆਦਾ ਵਰਤੋਂ ਕਾਰਨ ਅੱਖਾਂ 'ਤੇ ਦਬਾਅ/ਅਸਰ ਇੱਕ ਵੱਡੀ ਸਮੱਸਿਆ ਬਣ ਸਕਦਾ ਹੈ। ਸਕਰੀਨ ਦੀ ਵਰਤੋਂ ਦੌਰਾਨ ਅਪਣੀਆਂ ਅੱਖਾਂ ਨੂੰ ਸੁਰੱਖਿਅਤ ਰੱਖਣ ਲਈ ਹਰ 20 ਮਿੰਟ ਬਾਅਦ ਇੱਕ ਵਾਰ 20 ਸੈਕਿੰਡ ਦਾ ਬ੍ਰੇਕ ਲਿਆ ਜਾਵੇ ਅਤੇ ਇਸ ਦੌਰਾਨ 20 ਫੁੱਟ ਦੀ ਦੂਰੀ 'ਤੇ ਪਈ ਕੋਈ ਵੀ ਚੀਜ ਦੇਖੀ ਜਾਵੇ। ਇਸ ਤਰ੍ਹਾਂ ਅੱਖਾਂ ਤੇ ਅਣਚਾਹੇ ਦਬਾਅ ਅਤੇ ਦਰਦ ਤੋਂ ਅਰਾਮ ਮਿਲਦਾ ਹੈ। ਅੱਖਾਂ ਦੀ ਵਧੀਆਂ ਰੋਸ਼ਨੀ ਲਈ ਸੰਤੁਲਿਤ ਖੁਰਾਕ ਅਤੇ ਵਿਟਾਮਿਨ-ਏ ਜ਼ਰੂਰੀ ਹੋਣ ਦੇ ਨਾਲ ਨਾਲ ਅੱਖਾਂ ਦੀ ਸਾਂਭ ਸੰਭਾਲ ਵੱਲ ਖਾਸ ਧਿਆਨ ਦੇਣਾ ਵੀ ਜ਼ਰੂਰੀ ਹੈ। ਉਨ੍ਹਾਂ ਦੱਸਿਆ ਕਿ ਸਿਹਤ ਵਿਭਾਗ ਵੱਲੋਂ ਸਰਕਾਰੀ ਹਸਪਤਾਲਾਂ ਵਿਚ ਅੱਖਾਂ ਦੇ ਮੋਤੀਆਬਿੰਦ ਦੇ ਆਪਰੇਸ਼ਨ ਕਰਕੇ ਲੈਂਜ਼ ਵੀ ਮੁਫਤ ਪਾਏ ਜਾਂਦੇ ਹਨ ਅਤੇ ਸਕੂਲਾਂ ਵਿੱਚ ਘੱਟ ਨਿਗਾਹ ਵਾਲੇ ਬੱਚਿਆਂ ਨੂੰ ਨਿਗਾਹ ਦੀਆਂ ਐਨਕਾਂ ਵੀ ਦਿੱਤੀਆਂ ਜਾਂਦੀਆਂ ਹਨ। ਅੱਖਾਂ ਨੂੰ ਨੁਕਸਾਨ ਹੋਣ ਤੋਂ ਬਚਾਉਣ ਲਈ ਵੈਲਡਿੰਗ ਲਾਈਟ, ਤੇਜ਼ ਰੋਸ਼ਨੀ ਵੱਲ ਦੇਖਣ ਤੋਂ ਪ੍ਰਹੇਜ ਕਰਨ ਅਤੇ ਦਿਵਾਲੀ ਪਟਾਕੇ ਰਹਿਤ ਮਨਾਉਣ ਲਈ ਅਪੀਲ ਵੀ ਕੀਤੀ। ਵਿਦਿਆਰਥੀਆਂ ਨੂੰ ਟੀ.ਵੀ ਦੇਖਣ ਸਮੇਂ ਅੱਖਾਂ ਤੋਂ ਟੀ.ਵੀ ਦੀ ਦੂਰੀ 3 ਮੀਟਰ ਰੱਖਣ ਅਤੇ ਕਿਤਾਬ ਪੜਨ ਮੌਕੇ ਅੱਖਾਂ ਤੋਂ ਕਿਤਾਬ ਦੀ ਦੂਰੀ ਘੱਟੋ ਘੱਟ 14 ਇੰਚ ਰੱਖਣਾ ਜ਼ਰੂਰੀ ਹੈ। ਇਹ ਲੱਛਣ ਸਾਹਮਣੇ ਆਉਣ 'ਤੇ ਤੁਰੰਤ ਅੱਖਾਂ ਦੇ ਮਾਹਰ ਡਾਕਟਰ ਕੋਲ ਜਾਣ ਦੀ ਸਲਾਹ ਦਿੱਤੀ ਗਈ ।

## ਅਮਨਿੰਦਰ ਸਿੰਘ ਭਾਊ ਦੀ ਯਾਦ 'ਚ ਲਗਾਇਆ ਖ਼ੂਨਦਾਨ ਕੈਂਪ

ਨਾਭਾ, 9 ਅਕਤੂਬਰ (ਗੁਰਚਰਨ ਸਿੰਘ ਚੌਧਰੀ ਮਾਜਰਾ) : ਸਥਾਨਕ ਰੋਟਰੀ ਕਲੱਬ ਵਿਖੇ ਸਵਰਗੀ ਅਮਨਿੰਦਰ ਸਿੰਘ ਭਾਊ ਹਿੰਮਤਪੁਰਾ ਦੀ ਨਿੱਘੀ ਯਾਦ ਨੂੰ ਸਮਰਪਤ ਅਕਾਸ਼ਦੀਪ ਸਿੰਘ ਹਿੰਮਤਪੁਰਾ ਪਰਿਵਾਰ ਵੱਲੋਂ ਸਹਿਯੋਗੀ ਸੱਜਣਾਂ ਦੇ ਸਹਿਯੋਗ ਨਾਲ ਰੋਟਰੀ ਕਲੱਬ ਨਾਭਾ ਵਿਖੇ ਤੀਸਰਾ ਵਿਸ਼ਾਲ ਖ਼ੂਨਦਾਨ ਕੈਂਪ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਮੁੱਖ ਮਹਿਮਾਨ ਦੇ ਤੌਰ ਤੇ ਚੇਅਰਮੈਨ ਇੰਪਰੂਵਮੈਂਟ ਟਰੱਸਟ ਜੱਸੀ ਸੋਹੀਆਂਵਾਲਾ, ਮੱਖਣ ਸਿੰਘ ਲਾਲਕਾ ਹਲਕਾ ਇੰਚਾਰਜ ਨਾਭਾ ਸ਼੍ਰੋਮਣੀ ਅਕਾਲੀ



ਦਲ ਅਤੇ ਜ਼ਿਲ੍ਹਾ ਚੇਅਰਮੈਨ ਐੱਸ.ਸੀ. ਵਿਭਾਗ ਕਾਂਗਰਸ ਕੁਲਵਿੰਦਰ ਸਿੰਘ ਸੁੱਖੇਵਾਲ ਨੇ ਸ਼ਿਰਕਤ ਕਰਦਿਆਂ ਖ਼ੂਨਦਾਨੀਆਂ ਤੇ ਪ੍ਰਬੰਧਕਾਂ ਦੀ ਸ਼ਲਾਘਾ ਕਰਦਿਆਂ ਕਿਹਾ ਖ਼ੂਨਦਾਨ ਮਹਾਂਦਾਨ ਹੈ। ਸਾਡੇ ਵੱਲੋਂ ਦਿੱਤਾ ਖ਼ੂਨ ਕਿਸੇ ਲੋੜਵੰਦ ਵਿਅਕਤੀ ਦੀ ਜਾਨ ਬਚਾ ਸਕਦਾ ਹੈ । ਇਸ ਕੈਂਪ ਵਿੱਚ ਡਾ. ਸੁਖਵਿੰਦਰ ਸਰਕਾਰੀ ਰਾਜਿੰਦਰਾ ਹਸਪਤਾਲ ਦੀ ਟੀਮ ਵੱਲੋਂ ਲੱਗਭੱਗ ਖ਼ੂਨ ਦੇ 150 ਯੂਨਿਟ ਇਕੱਤਰ ਕੀਤੇ। ਇਸ ਮੌਕੇ ਮਨਦੀਪ ਸਿੰਘ, ਰਾਜਵੀਰ ਸਿੰਘ, ਕੁਲਵਿੰਦਰ ਸਿੰਘ, ਭੀਮ ਸ਼ਰਮਾ, ਗੁਰਵਿੰਦਰ ਸਿੰਘ, ਜੱਸੀ, ਜੱਸ ਕੌਲਛੇੜੀ, ਸੁਖਦੀਪ ਮਾਨ ਤੇ ਸਹਿਯੋਗੀ ਮੌਜੂਦ ਸਨ।